1999 300 ਖ਼ਾਲਸਾ ਸਾਜਨਾ ਤੀਜੀ ਸ਼ਤਾਬਦੀ

ਖ਼ਾਲਸਾ ਸਿਰਜਨਾ ਦੇ 300 ਸਾਲਾਂ ਨੂੰ ਸਮਰਪਤ

ਵਿਰੀਅਤ ਸਿੰਘ


ਦਾ

ਇਤਿਹਾਸ

1880 ਈ. ਤੋਂ 2000 ਈ.

ਭਾਗ ਪਹਿਲਾ

ਸੋਹਣ ਸੁਰਿੰਦਰ ਸਿੰਘ ਸੰਘਾ "ਸਕਰੂਲਵੀ"



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com




ਕੈਨੇਡੀਅਨ ਸਿੱਖਾਂ ਦਾ ਇਤਿਹਾਸ

(1880 ਈ. ਤੋਂ 2000 ਈ.)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary
NamdhariElibrary@gmail.com



www.archive.org/details/namdhari

ਖ਼ਾਲਸਾ ਸਿਰਜਨਾ ਦੇ 300 ਸਾਲਾਂ ਨੂੰ ਸਮਰਪਤ

ਕੈਨੇਡੀਅਨ ਸਿੱਖਾਂ ਦਾ ਇਤਿਹਾਸ

1880 ਈ. ਤੋਂ 2000 ਈ.

ਭਾਗ ਪਹਿਲਾ

ਸੋਹਣ ਸੁਰਿੰਦਰ ਸਿੰਘ ਸੰਘਾ "ਸਕਰੂਲਵੀ"

ਪ੍ਰਕਾਸ਼ਕ

ਖ਼ਾਲਸਾ ਦੀਵਾਨ ਸੁਸਾਇਟੀ

ਵੈਨਕੂਵਰ. ਬੀ. ਸੀ.,

ਕੈਨੇਡਾ

(ਸਥਾਪਿਤ 22 ਜੁਲਾਈ, 1906)

Sri Satguru Jagjit Singh Ji eLibrary NamdhariElibrary@gmail.com

Dedicated to Tercentenary Birth Anniversary of Khalsa Panth

History of Canadian Sikhs
(1880 to 2000)
Part — I

By : Sohan Sarinder Singh Sangha 'Sakrulvi'

© Author

First Published 1999

All rights reserved ; no part of this publication may be reproduced, translated, stored in a retrieval system, or transmitted in any form or by any means, electronic, mechanical, photocopying, recording or otherwise, without the prior written permission of the Author.

All responsibilities of the matter Printed in the book i. e. Text, Photographs, Maps, Documents & illustrations is solely of the author the Printer is not responsible.

Published By :
KHALSA DIWAN SOCIETY VANCOUVER—B.C.
CANADA. (Established 22nd July, 1906)

Printed at :
LATEST GRAPHICS
JALANDHAR.

Sri Satguru Jagjit Singh Ji eLibrary NamdhariElibrary@gmail.com

ਭੇਂਟ

ਪੂਜਨੀਕ ਮਾਤਾ ਜੀ	ਚੰਨਣ ਕੌਰ
ਜੀਵਨ ਸਾਥਣ	ਮੁਹਿੰਦਰ ਕੌਰ
ਛੋਟੀ ਭੈਣ	ਜਗਦੀਸ਼ ਕੌਰ

Sri Satguru Jagjit Singh Ji eLibrary NamdhariElibrary@gmail.com



Dedicated to Tercentenary Birth Anniversary of Khalsa Panth

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕੁਝ ਆਪਣੇ ਵਲੋਂ

ਕੈਨੇਡਾ ਪਰਵਾਸੀਆਂ ਦਾ ਦੇਸ਼ ਹੈ। ਹਰ ਪਰਵਾਸੀ ਵਾਂਗ ਕੈਨੇਡਾ ਦਾ ਇਤਿਹਾਸ ਬਣਾਉਣ ਵਿੱਚ ਭਾਰਤੀ ਪੰਜਾਬੀ ਸਿੱਖਾਂ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਸਿੱਖ ਇਤਿਹਾਸ ਬਾਰੇ ਬਹੁਤ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਪਰ ਪੰਜਾਬੀ ਭਾਰਤੀ ਕੈਨੇਡੀਅਨ ਸਿੱਖਾਂ ਦਾ ਸਿਲਸਿਲੇਵਾਰ ਇਤਿਹਾਸ ਘੱਟ ਹੀ ਲਿਖਿਆ ਮਿਲਦਾ ਹੈ। 'ਸਿੱਖ ਇਤਿਹਾਸ ਬਣਾਉਂਦੇ ਹਨ, ਲਿਖਦੇ ਨਹੀਂ', ਕਹਾਵਤ ਕਨੇਡੀਅਨ ਸਿੱਖ ਇਤਿਹਾਸ ਤੇ ਪੂਰੀ ਤਰ੍ਹਾਂ ਢੁੱਕਦੀ ਹੈ।

ਮੈਂ 31 ਮਾਰਚ 1970 ਵਿਚ ਆਮ ਪਰਵਾਸੀ ਵਾਂਗ ਕੈਨੇਡਾ ਆਇਆ। ਉਸ ਦਿਨ ਤੋਂ ਮੇਰੀ ਤੀਬਰ ਇੱਛਾ ਇਹ ਜਾਨਣ ਦੀ ਸੀ, ਕਿ ਭਾਰਤੀ ਪੰਜਾਬੀ ਸਿੱਖ ਕੈਨੇਡਾ ਕਿਉਂ ਆਏ ? ਕਦੋ ਆਏ ? ਕਿਵੇਂ ਆਏ ? ਆ ਕੇ ਰਹਿਣ, ਟਿਕਣ ਤੇ ਟੱਬਰ ਮੰਗਾਉਣ ਲਈ ਕੀ ਸੰਘਰਸ਼ ਕੀਤਾ ? ਭਾਰਤ ਨੂੰ ਆਜ਼ਾਦ ਕਰਾਉਣ ਲਈ ਕੀ ਕੀਤਾ ? ਕੈਨੇਡਾ ਦੀ ਸਮੁੱਚੀ ਉਸਾਰੀ ਤੇ ਉਨਤੀ ਲਈ ਕੀ ਯੋਗਦਾਨ ਪਾਇਆ ? ਇਨ੍ਹਾਂ ਸਵਾਲਾਂ ਦੇ ਜਵਾਬਾਂ ਦੀ ਭਾਲ ਮੈਨੂੰ ਇਤਹਾਸਿਕ ਖੋਜ ਵਲ ਲੈ ਤੁਰੀ। 1972 ਈ० ਵਿਚ ਸਿੱਖ ਸੰਗਤ ਨੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਜਨੱਰਲ ਸੱਕਤਰ ਦੀ ਸੇਵਾ ਮੇਰੇ ਜਿੰਮੇ ਸਰਵਸੰਮਤੀ ਨਾਲ ਲਾਈ। ਇਸ ਸੇਵਾ ਨੇ ਮੇਰੇ ਖੋਜ ਦੇ ਕੰਮ ਲਈ ਸਹਾਇਤਾ ਕੀਤੀ। ਮੈਨੂੰ ਖ਼ਾਲਸਾ ਦੀਵਾਨ ਸੁਸਾਇਟੀ ਦੇ ਇਤਹਾਸ ਨੂੰ ਨੇੜੇ ਤੋਂ ਜਾਨਣ ਦਾ ਮੌਕਾ ਮਿਲਿਆ। ਖ਼ਾਲਸਾ ਦੀਵਾਨ ਸੁਸਾਇਟੀ ਦਾ ਇ਼ਤਿਹਾਸ ਹੀ ਪੰਜਾਬੀ ਭਾਰਤੀ ਕੈਨੇਡੀਅਨ ਸਿੱਖਾਂ ਦਾ ਇਤਿਹਾਸ ਹੈ। ਬਹੁਤ ਸਾਰੇ ਸੰਘਰਸ਼ ਇਸ ਸੁਸਾਇਟੀ ਦੀ ਅਗਵਾਈ ਵਿਚ ਹੀ ਲੜੇ ਗਏ। ਉਹ ਕੈਨੇਡਾ ਦੇ ਇਤਹਾਸ ਦਾ ਹਿੱਸਾ ਬਣ ਗਏ।

ਮੇਰੀ ਇਤਿਹਾਸਕ ਖੋਜ ਦੀ ਲਗਨ ਨੂੰ ਜਾਣਦੇ ਹੋਏ, 1995 ਵਿਚ ਜਰਨੈਲ ਸਿੰਘ ਭੰਡਾਲ, ਸਰਵਣ ਸਿੰਘ ਰੰਧਾਵਾ, ਸੋਹਣ ਸਿੰਘ ਦਿਓ, ਕੁਲਦੀਪ ਸਿੰਘ ਥਾਂਦੀ, ਕਸ਼ਮੀਰ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿਲ, ਬਖਸ਼ੀਸ਼ ਸਿੰਘ ਸਾਂਗਰਾ ਤੇ ਸਤਨਾਮ ਸਿੰਘ ਰੰਧਾਵਾ (ਸਾਰੇ ਸਿੱਖ ਸ਼ਰੋਮਣੀ ਸੇਵਕ ਦਲ ਦੇ ਕਰਤਾ ਧਰਤਾ) ਨੇ ਸਲਾਹ ਦਿੱਤੀ ਕਿ ਇਸ ਇਤਿਹਾਸਕ ਖੋਜ ਨੂੰ ਕਿਤਾਬ ਦੀ ਸ਼ਕਲ ਦਿੱਤੀ ਜਾਏ। ਉਨ੍ਹਾਂ ਦੀ ਸਲਾਹ ਮੰਨ ਕੇ 1880 ਈ० ਤੋਂ ਲੈ ਕੇ 2000 ਈ० ਤਕ ਸਿਲਸਿਲੇ ਵਾਰ ਇਤਿਹਾਸ ਲਿਖਣਾ ਸ਼ੁਰੂ ਕਰ ਦਿੱਤਾ।

ਜਿਨਾਂ ਸਤਿਕਾਰ ਯੋਗ ਪਿਆਰਿਆਂ ਨੇ ਇਸ ਕੰਮ ਵਿਚ ਸਹਿਯੋਗ ਦਿੱਤਾ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ। ਪ੍ਰੋਫੈਸਰ ਜੌਹਨਸਨ ਹਿਊਜ, ਸਾਇਮਨ ਫਰੇਜਰ ਯੂਨੀਵਰਸਟੀ, ਅਰਜਨ ਸਿੰਘ ਚੰਦ ਦੇ ਸਪੁਤਰ ਤੇ ਉਨਾਂ ਦੀ ਨੂੰਹ, ਤਾਰਾ ਸਿੰਘ ਕੋਟ, ਤਾਰਾ ਸਿੰਘ ਬੈਂਸ, ਤਲਵਿੰਤਰ ਸਿੰਘ ਹੁੰਡਲ ਤੇ ਰੇ ਹੁੰਡਲ (ਦੋਵੇਂ ਕਰਤਾਰ ਸਿੰਘ ਹੁੰਡਲ ਦੇ ਭਤੀਜੇ) ਮਲਕੀਤ ਸਿੰਘ ਬੰਗਾ ਤੇ ਉਨ੍ਹਾਂ ਦੀ ਧਰਮ ਪਤਨੀ ਬੀਨਾ ਕੌਰ ਬੰਗਾ, ਬੀਬੀ ਗੁਰਮੀਤ ਕੌਰ ਧਾਮੀ, ਬੀਬੀ ਰਾਬਿੰਦਰ ਕੌਰ ਢਿੱਲੋਂ, ਤਰਲੋਕ ਸਿੰਘ ਗਿੱਦਾ, ਗੁਰਦੇਵ ਸਿੰਘ ਝੂਟੀ, ਕਰਨੈਲ ਸਿੰਘ ਜੌਹਲ, ਆਸਾ ਸਿੰਘ ਜੌਹਲ, ਬੀਬਾ ਕਸ਼ਮੀਰ ਕੌਰ ਜੌਹਲ, ਸਾਬੂ ਸਿੰਘ, ਅਵਤਾਰ ਸਿੰਘ ਗੋਸਲ ਬਲਬੀਰ ਸਿੰਘ ਜੰਵਦਾ, ਚੈਨ ਸਿੰਘ ਬਾਠ, ਗੁਰਦਿਆਲ ਸਿੰਘ ਸਾਂਗਰਾ, ਗੁਰਪੂਰਨ ਸਿੰਘ ਬਰੈਂਡਚ, ਬੀਬੀ ਸੁਰਿੰਦਰ ਕੌਰ ਗਿਲ ਸੁਪਤਨੀ ਪਰਲਾਦ ਸਿੰਘ ਗਿਲ, ਡਾਕਟਰ ਗੁਰਦੇਵ ਸਿੰਘ ਗਿਲ, ਕਿਹਰ ਸਿੰਘ ਸੇਖੋਂ, ਰਾਮ ਸਿੰਘ ਢਿੱਲੋਂ, ਸੁਰੀਜਤ ਸਿੰਘ ਗਿਲ ਸਿੰਘਪੁਰੀ, ਬਿੱਕਰ ਸਿੰਘ ਢਿਲੋਂ, ਗੁਰਦੇਵ ਸਿੰਘ ਜੌਹਲ, ਗੁਰਨਾਮ ਸਿੰਘ ਸੰਘੇੜਾ, ਗੁਰਬਖਸ਼ ਸਿੰਘ ਸੰਘੇੜਾ, ਕੇਸਰ ਸਿੰਘ ਭੱਟੀ, ਮੁਹਿੰਦਰ ਸਿੰਘ ਗਿਲ, ਪੂਰਨ ਸਿੰਘ ਗਿਲ, ਸੁਰਿੰਦਰ ਸਿੰਘ ਸੰਘਾ ਚਾਹਿਲ ਪੁਰ, ਕੁਲਵੰਤ ਸਿੰਘ ਢੇਸੀ, ਦਿਲਜੀਤ ਸਿੰਘ ਸੰਧੂ, ਜੁਗਿੰਦਰ ਸਿੰਘ ਸਿਧੂ, ਚਰਨਜੀਤ ਸਿੰਘ ਰੰਧਾਵਾ, ਹਰਦਿਆਲ ਸਿੰਘ ਜੌਹਲ, ਗੁਰਦਿਆਲ ਸਿੰਘ ਨੀਲ, ਬਖਸ਼ੀਸ਼ ਸਿੰਘ ਜੌਹਲ, ਮੁਖਤਿਆਰ ਸਿੰਘ ਗਿਲ, ਮੋਤਾ ਸਿੰਘ ਝੀਤਾ, ਜਗਦੇਵ ਸਿੰਘ ਅਟਵਾਲ, ਜਗਤ ਸਿੰਘ ਉਪਲ, ਪਰਮਜੀਤ ਸਿੰਘ ਮਾਨ, ਬਲਦੇਵ ਸਿੰਘ ਸੰਧੂ, ਜਗਜੀਤ ਸਿੰਘ ਢਿਲੋਂ ਦਿਲਬਾਗ ਸਿੰਘ ਜੌਹਲ, ਮਨਜੀਤ ਸਿੰਘ ਢਿੱਲੋਂ, ਬੀਬੀ ਹਰਜੀਤ ਕੌਰ ਢਿੱਲੋਂ, ਕਰਮ ਸਿੰਘ ਲਾਇਲਪੁਰੀ, ਬੀਬੀ ਵੀਰਾ ਧਨਵੰਤ, ਸੁਰਜੀਤ ਸਿੰਘ ਗਿਲ-ਸੁਧਾਰ, ਪਰਿਜਮ ਫੋਟੋ ਗਰਾਫਰ, ਸੁੱਚਾ ਸਿੰਘ ਕਲੇਰ, ਇੰਡੋ ਕੈਨੇਡੀਅਨ ਅਖਬਾਰ, ਗਾਰਡੀਅਨ ਅਖਬਾਰ, ਲਿੰਕ ਅਖਬਾਰ, ਸਚ ਦੀ ਆਵਾਜ਼ ਅਖਬਾਰ, ਪੰਜਾਬੀ ਟ੍ਰਿਬਿਉਨ ਅਖਬਾਰ, ਰਾਜਿੰਦਰ ਸਿੰਘ ਭੋਲਾ, ਕੁਲਵੰਤ ਸਿੰਘ ਪਰਮਾਰ, ਗੁਰਚਰਨ ਰਾਮਪੁਰੀ, ਡਾਕਟਰ ਦਰਸ਼ਨ ਗਿਲ, ਬਲਵੀਰ ਸਿੰਘ ਚਿੰਗਆੜਾ, ਮੁਹਿੰਦਰ ਸਿੰਘ ਗਿਲ ਐਬਸਫੋਰਡ ਵਾਲੇ, ਜੁਗਿੰਦਰ ਸਿੰਘ ਜੌਹਲ, ਬਖਸ਼ੀਸ਼ ਸਿੰਘ ਨਾਗਰਾ ਵਿਕਟੋਰੀਆ ਵਾਲੇ, ਦਰਸ਼ਨ ਸਿੰਘ ਮਾਹਿਲ, ਸ਼ਿਵ ਸਿੰਘ ਗੋਲਡਨ, ਚਰਨ ਸਿੰਘ ਸੰਘਾ ਲੰਗੇਰੀ, ਡਾਕਟਰ ਮੇਜਰ ਸਿੰਘ ਰੰਧਾਵਾ, ਬੀਬੀ ਸ਼ਰਨਜੀਤ ਕੌਰ, ਪ੍ਰੋਫੈਸਰ ਰੁਪਿੰਦਰ ਸਿੰਘ ਕੁਲਾਰ ਸੰਸਾਰਪੁਰ (ਕਿਤਾਬ ਛਪਾਉਣ ਵਿੱਚ ਸਹਾਇਤਾ ਕੀਤੀ) ਪ੍ਰੋਫੈਸਰ ਇੰਦਰਜੀਤ ਕੋਰ ਕੁਲਾਰ ਸੰਸਾਰ ਪੁਰ, ਇਨ੍ਹਾਂ ਸਾਰੇ ਪਿਆਰਿਆਂ ਦਾ ਮੈਂ ਦਿਲੋਂ ਧੰਨਵਾਦੀ ਹਾਂ।

ਕਿਤਾਬ ਦੇ ਪਹਿਲੇ ਭਾਗ ਵਿਚ ਸਿੱਖ ਇਤਿਹਾਸ ਦੀ ਮੁੱਢਲੀ ਜਾਣਕਾਰੀ ਹੈ। ਗੁਰੂ ਕਾਲ 1469 ਈ० ਤੋਂ 1708 ਈ० (238 ਸਾਲ) ਮੰਨਿਆਂ ਜਾਂਦਾ ਹੈ। ਪਰ ਜੇ ਸਦੀਆਂ ਦੇ ਹਿਸਾਬ ਨਾਲ ਗਲ ਕੀਤੀ ਜਾਵੇ ਤਾਂ 1497 ਈ० ਵਿਚ 'ੴ ਰੱਬ ਇੱਕ ਹੈ, ਜੋ ਸਰਬਤ ਦਾ ਭਲਾ ਚਾਹੁੰਦਾ ਹੈ, ਦਾ ਪਰਚਾਰ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਤੋਂ ਪਹਿਲੀ ਉਦਾਸੀ ਸ਼ੁਰੂ ਕਰਕੇ ਕੀਤਾ, ਜਿਨ੍ਹਾਂ ਨੇ ਇਸ

Sri Satguru Jagjit Singh Ji eLibrary NamdhariElibrary@gmail.com

ਪ੍ਰਚਾਰ ਨੂੰ ਕਬੂਲਿਆ ਉਹ ਸਿੱਖ ਕਹਿਲਾਏ ਭਾਵ ਸਿੱਖਧਰਮ ਹੋਂਦ ਵਿਚ ਆਇਆ। ਇਕ ਸਦੀ ਬਾਅਦ 1604 ਈ੦ ਵਿਚ ਪੰਜਵੇਂ ਨਾਨਕ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ, ਇਕ ਹੋਰ ਸਦੀ ਬਾਅਦ 1699 ਈ੦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ, ਅਗਲੀ ਸਦੀ ਭਾਵ 1799 ਵਿਚ ਮਹਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਕਿਲ੍ਹੇ ਵਿਚ ਘੋੜਾ ਵਾੜ ਕੇ ਸਿੱਖ ਰਾਜ ਕਾਇਮ ਕੀਤਾ। ਇਕ ਹੋਰ ਸਦੀ ਪਿਛੋਂ 1899 ਵਿਚ ਸਿੱਖ ਕੈਨੇਡਾ ਜਾਣੇ ਸ਼ੁਰੂ ਹੋਏ। (ਇਨ੍ਹਾਂ ਪੰਜਾਬੀ ਭਾਰਤੀ ਕੈਨੇਡੀਅਨ ਸਿੱਖਾਂ ਦਾ ਇਤਿਹਾਸ ਖ਼ਾਲਸਾ ਦੀਵਾਨ ਸੁਸਾਇਟੀ ਦੀ 1999 ਤੇ 2000 ਈ੦ ਦੀ ਕਾਰਜ ਕਰਨੀ ਵੇਲੇ ਖਾਲਸਾ ਸਿਰਜਨਾ ਦੇ 300 ਸਾਲਾ ਨੂੰ ਸਮਰਪਤ ਹੈ)

ਸਾਡਾ ਪੰਜਾਬੀ ਸਿੱਖਾਂ ਦਾ ਮੂਲ ਪੰਜਾਬੀ ਹੋਣ ਦੇ ਨਾਤੇ, ਇਸ ਪੁਸਤਕ ਵਿੱਚ ਪੰਜਾਬੀਆਂ ਦੀ ਜਨਮ-ਭੂਮੀ ਪੰਜਾਬ ਬਾਰੇ ਸੰਖੇਪ ਵੇਰਵਾ ਦੇਣਾ ਅਤਿ ਜ਼ਰੂਰੀ ਹੈ ਕਿ ਉਹ ਕਿਹੜੇ ਕਾਰਨ ਸਨ ਜਿਨ੍ਹਾਂ ਦੇ ਕਰਕੇ ਪੰਜਾਬੀਆਂ ਨੂੰ ਪਰਵਾਸੀ ਹੋਣਾ ਪਿਆ ? ਜਿੰਨਾਂ ਇਤਿਹਾਸ ਕਨੇਡਾ ਦੇ ਸਿੱਖਾਂ ਦਾ ਹੁਣ ਤੱਕ ਲਿਖਿਆ ਗਿਆ ਹੈ ਉਸ ਦੇ ਪਿੱਛੇ ਕੁਝ ਕਾਰਣ ਭਾਵੇਂ ਬਹੁਤੇ ਆਰਥਿਕ ਹਨ, ਪਰ ਕੰਮ ਕਰ ਰਹੇ ਹਨ। 1850 ਈ: ਦੇ ਨੇੜੇ-ਤੇੜੇ ਈਸਾਈ ਮਿਸ਼ਨਰੀਆਂ ਨੇ ਪੰਜਾਬ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਸ਼ੁਰੂ ਵਿੱਚ ਇਨ੍ਹਾਂ ਦਾ ਖਾਸਾ ਭਾਵੇਂ ਧਾਰਮਿਕ ਸੀ, ਪਰ ਚਿਰ-ਸਥਾਈ ਪ੍ਰਭਾਵ ਰਾਜਨੀਤਿਕ ਤੇ ਆਰਥਿਕ ਸਨ। ਜਿਉਂ ਹੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਢਹਿੰਦੀਆਂ ਕਲਾ ਵੱਲ ਨੂੰ ਜਾਣਾ ਸ਼ੁਰੂ ਹੋਇਆ, ਪੰਜਾਬ ਨੂੰ ਵਿਦੇਸ਼ੀਆਂ ਦੁਆਰਾ ਕੱਚੇ ਮਾਲ ਦੀ ਮੰਡੀ ਤੇ ਤੌਰ ਤੇ ਵਰਤਿਆ ਜਾਣ ਲੱਗਾ। ਪੰਜਾਬ ਦੀ ਆਰਥਿਕ ਹਾਲਤ ਦਿਨ-ਬ-ਦਿਨ ਨਿਘਰਦੀ ਗਈ। ਆਰਥਿਕ ਮੰਦਵਾੜਾ ਆਪਣੇ ਪੂਰੇ ਜ਼ੋਰ ਨਾਲ ਲੋਕਾਂ ਵਿੱਚ ਘਰ ਕਰਦਾ ਗਿਆ। ਫਿਰ ਪੰਜਾਬੀ ਲੋਕਾਂ ਨੇ ਰੋਜ਼ੀ ਦੇ ਮਸਲੇ ਨੂੰ ਹੱਲ ਕਰਨ ਲਈ ਵਿਦੇਸ਼ਾਂ (ਕਨੇਡਾ, ਸਿੰਘਾਪੁਰ, ਮਲਾਇਆ) ਵੱਲ ਨੂੰ ਵਹੀਰਾਂ ਘੱਤੀਆਂ। ਕਨੇਡਾ ਪਹੁੰਚ ਕੇ ਪੰਜਾਬੀਆਂ ਨੂੰ ਆਪਣੇ ਮਸਲੇ ਹੱਲ ਕਰਨ ਲਈ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਸਾਰੇ ਕੁਝ ਦਾ ਵਰਨਣ ਇਸ ਪੁਸਤਕ ਦੇ ਚੈਪਟਰ 'ਸਿੱਖ ਕਨੇਡਾ ਕਿਉਂ ਗਏ', 'ਕਦੋਂ ਗਏ' ਵਿਚ ਸ਼ਾਮਿਲ ਹੈ।

1908 ਈ੦ ਤਕ 5 ਹਜ਼ਾਰ ਦੇ ਕਰੀਬ ਪੰਜਾਬੀ ਭਾਰਤੀ ਕੈਨੇਡਾ ਦੇ ਬੀ੦ ਸੀ੦ ਸੂਬੇ ਵਿਚ ਆ ਗਏ। ਮਿਹਨਤੀ ਤੇ ਇਮਾਨਦਾਰ ਤੇ ਸਰੀਰ ਦੇ ਰਿਸ਼ਟਪੁਸ਼ਟ ਹੋਣ ਦੇ ਨਾਤੇ ਗੋਰੇ ਇਹਨਾਂ ਨੂੰ ਕਾਮਿਆਂ ਦੇ ਤੌਰ ਤੇ ਕਬੂਲ ਕਰਨ ਲਗ ਪਏ, ਉਥੋਂ ਦੇ ਗੋਰੇ ਮਜ਼ਦੂਰਾਂ ਨੇ ਈਰਖਾ ਕਰਨੀ ਸ਼ੁਰੂ ਕਰ ਦਿੱਤੀ, ਨਸਲੀ ਵਿਤਕਰਾ ਸ਼ੁਰੂ ਹੋ ਗਿਆ। ਸਰਕਾਰ ਉੱਤੇ ਕਾਬਜ ਅੰਗਰੇਜ਼ ਵੀ ਕੈਨੇਡਾ ਨੂੰ ਸਿਰਫ ਚਿੱਟਿਆਂ ਦਾ ਦੇਸ਼ ਹੀ ਰਖਣਾ ਚਾਹੁੰਦੇ ਸਨ। ਇਸ ਕਰਕੇ ਭਾਰਤੀ ਪੰਜਾਬੀਆਂ ਦਾ ਕੈਨੇਡਾ ਆਉਣਾ ਤਕਰੀਬਨ ਬੰਦ ਹੀ ਕਰ ਦਿੱਤਾ, ਜਿਹੜੇ ਆ ਗਏ ਸਨ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦਾ ਇਰਾਦਾ ਬਣਾ ਲਿਆ। ਭਾਰਤੀ ਪੰਜਾਬੀਆਂ ਵਲੋਂ ਇਥੇ ਟਿੱਕੇ ਰਹਿਣ ਲਈ ਸੰਘਰਸ਼ ਕਰਨਾ ਪਿਆ ਤੇ ਆਪਣੇ ਟੱਬਰ ਮੰਗਾਉਣ ਲਈ ਸਖਤ ਲੜਾਈ ਲੜਨੀ ਪਈ, ਜਿਸ ਦਾ ਵਿਸਥਾਰ ਇਸ ਕਿਤਾਬ ਵਿਚ ਦਰਜ ਹੈ। ਖ਼ਾਲਸਾ ਦੀਵਾਨ ਸੁਸਾਇਟੀ ਨੇ ਇਸ ਸੰਘਰਸ਼ ਦੀ ਅਗਵਾਈ ਕੀਤੀ। ਇਸ ਕਰਕੇ ਉਸ ਦਾ ਵਿਧਾਨ ਅਤੇ 1906 ਈ੦ ਤੋਂ 2000 ਈ੦ ਤਕ ਸਿਲਸਿਲੇਵਾਰ ਰਹਿ ਚੁੱਕੇ ਸੇਵਾਦਾਰਾ ਦੇ ਨਾਂ ਲਿਖੇ ਗਏ ਹਨ। ਪੰਜਾਬੀ ਭਾਰਤੀਆਂ ਨੇ ਪਹਿਲੇ ਸਮਿਆਂ ਵਿਚ ਆਪਣੇ ਪੱਕੇ ਪੈਰ ਜਮਾਉਣ ਲਈ ਤੇ ਹਰ ਪੰਜਾਬੀ ਭਾਰਤੀ ਲਈ ਕੰਮ ਮੁਹੱਈਆ ਕਰਨ ਲਈ ਕਿਸ ਤਰ੍ਹਾਂ ਆਪਣੇ ਕਾਰੋਬਾਰ ਸਥਾਪਿਤ ਕੀਤੇ ਤੇ ਕੈਨੇਡਾ ਦੀ ਉਸਾਰੀ ਕੀਤੀ, ਇਸ ਭਾਗ ਦਾ ਆਖਰੀ ਚੈਪਟਰ ਹੈ। ਇਸ ਤੋਂ ਅਗਲਾ ਹਾਲ ਦੂਜੇ ਭਾਗ ਵਿਚ ਆਏਗਾ।

ਸੋਹਣ ਸੁਰਿੰਦਰ ਸਿੰਘ ਸੰਘਾ
'ਸਕਰੁਲਵੀ'
31 ਮਾਰਚ, 1999

ਨੋਟ—ਅੱਜ ਮੈਨੂੰ ਪੂਰੇ 29 ਸਾਲ ਕੈਨੇਡਾ ਆਏ ਨੂੰ ਹੋ ਗਏ ਹਨ। ਮੇਰੇ ਜ਼ਿਹਨ ਵਿਚ ਉਠੇ ਸਵਾਲਾਂ ਦੇ ਜਵਾਬ, ਮੇਰੀ ਕੀਤੀ ਖੋਜ ਤੇ ਮਿਹਨਤ, ਕੈਨੇਡਾ ਵਿਚ ਰਹਿੰਦੇ ਸਮੁੱਚੇ ਪੰਜਾਬੀ ਭਾਰਤੀ ਕੈਨੇਡੀਅਨਾਂ ਦੀ ਮਿਹਰਬਾਨੀ ਨਾਲ ਫਲ ਲਿਆਈ ਹੈ, ਇਸ ਕਿਤਾਬ ਦੀ ਸ਼ਕਲ ਵਿਚ। ਇਹ ਸਿਰਫ ਪਹਿਲਾ ਭਾਗ ਹੈ। ਜੇ ਮੈਨੂੰ ਵਾਹਿਗੁਰੂ ਨੇ ਸਿਹਤ ਬਖਸ਼ੀ ਤੇ ਖਾਲਸਾ ਦੀਵਾਨ ਸੁਸਾਇਟੀ ਦੀ ਕਾਰਜਕਾਰਨੀ ਆਪਣਾ ਫ਼ਰਜ ਪੂਰਾ ਕਰਦੀ ਰਹੀ ਤਾਂ ਅਗਲੇ ਹਿੱਸੇ ਵੀ ਛੇਤੀ ਛਪਣਗੇ।

ਮੇਰੀ ਪਾਠਕਾਂ ਨੂੰ ਨਿਰਮਤਾ ਸਹਿਤ ਬੇਨਤੀ ਹੈ ਕਿ ਉਹ ਆਪਣੇ ਅਲੋਚਨਾਤਮਕ ਸੁਝਾਵ ਮੇਰੇ ਦਿੱਤੇ ਗਏ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ, ਮੈਂ ਆਪਜੀ ਦਾ ਰਿਣੀ ਹੋਵਾਂਗਾ।

Sri Satguru Jagjit Singh Ji eLibrary NamdhariElibrary@gmail.com

ਵਿਸ਼ਾ ਸੂਚੀ

1. **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨ** 1

ਨਕਸ਼ੇ ਤੇ ਚਾਰਟ

ਜੀਵਨ ਬਿਉਰਾ ਗੁਰੂ ਸਾਹਿਬਾਨ 3
ਉਦਾਸੀਆਂ ਗੁਰੂ ਨਾਨਕ ਦੇਵ ਜੀ 6
ਬੰਸਾਵਲੀ ਗੁਰੂ ਰਾਮਦਾਸ ਜੀ 11
ਗੁਰੂ ਸਾਹਿਬਬਾਨ ਜੀ ਦੀ ਕੁੱਲਪੱਤਰੀ 21
ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੇਰਵਾ 22
ਰਣਜੀਤ ਸਿੰਘ ਦੇ ਜਨਮ ਸਮੇਂ ਮਿਸਲਾਂ-ਨਕਸ਼ਾ 26
ਮਿਸਲਾਂ ਦਾ ਵੇਰਵਾ 27
ਪੰਜਾਬ 1809 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤੇ ਉਸ ਨੂੰ ਖਰਾਜ ਦੇਣ ਵਾਲੇ ਇਲਾਕੇ 28
ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸਮੇਂ ਦਾ ਪੰਜਾਬ 29
ਸਿੱਖ ਰਾਜ 1760-1849 30
ਪੰਜਾਬ 1809 32
ਪੰਜਾਬੀ ਸੂਬਾ 1966 33
ਅਜੋਕਾ ਪੰਜਾਬ ਦੁਨੀਆਂ ਦੇ ਨਕਸ਼ੇ 34
ਅਜੋਕਾ ਪੰਜਾਬ 35
ਪੰਜਾਬ ਦੇ ਹੁਣ ਤੱਕ ਦੇ ਮੁੱਖ ਮੰਤਰੀ 36
ਭਾਰਤ ਦਾ ਪੁਰਾਣਾ ਨਕਸ਼ਾ 39
ਭਾਰਤ ਦਾ ਨਕਸ਼ਾ 40
ਭਾਰਤ ਦੇ ਹੁਣ ਤੱਕ ਦੇ ਪ੍ਰਧਾਨ ਮੰਤਰੀ 41
ਭਾਰਤ ਦੇ ਹੁਣ ਤੱਕ ਦੇ ਰਾਸ਼ਟਰਪਤੀ 42
ਕੈਨੇਡਾ ਦੇ ਗਵਨਰ ਜਨਰਲ 46
ਕੈਨੇਡਾ ਦੇ ਪ੍ਰਧਾਨ ਮੰਤਰੀ 46
ਕੈਨੇਡਾ ਦੀ ਜਨ-ਸੰਖਿਆ (ਜਨਮ ਦੇ ਮੁਲਕਾਂ ਦੇ ਆਧਾਰ 'ਤੇ) 47
ਸੂਬਿਆਂ ਤੇ ਟੈਰੀਟਰੀਆਂ ਦੀ ਜਨ-ਸੰਖਿਆ 48
ਬੀ. ਸੀ. ਦੇ ਪ੍ਰੀਮੀਅਰ 49
ਸਿੱਖਾਂ ਦਾ ਉਥਾਨ 50
ਸਿੱਖਾਂ ਦਾ ਕੈਨੇਡਾ 'ਚ ਪਹਿਲਾ ਆਗਮਾਨ 51

2. **ਪ੍ਰਵਾਸ : ਪਿੱਠ ਭੂਮੀ ਦੇ ਕਾਰਨ** 53

3. **ਕੈਨੇਡਾ 'ਚ ਪੰਜਾਬੀਆਂ ਦਾ ਆਗਮਨ** 58

ਤਸਵੀਰਾਂ ਤੇ ਸਬੂਤ

ਕੁਲੰਬੀਆ ਰਿਵਰ ਮਿੱਲ, ਗੋਲਡਨ 58
ਹੈਦਰ ਮਿੱਲਰ ਦੀ ਕਿਤਾਬ "ਕਿਨ ਬਾਸਕਿਟ ਕੰਟਰੀ" ਦਾ ਸਫਾ 57 59
ਰੇ ਹੁੰਡਲ ਤੇ ਉਸਦਾ ਬਿਆਨ 60-64
ਗੋਲਡਨ ਹਸਪਤਾਲ ਦਾ ਰਿਕਾਰਡ 65-66
ਦਿ ਓਵਰਸੀਜ਼ ਟਾਈਮਜ਼, ਅਗਸਤ 1980 67
ਗੋਲਡਨ ਗਜ਼ਟ, 11 ਜੂਨ 1980 68
ਦਿ ਗੋਲਡਨ ਸਟਾਰ, ਜਿਲਦ 89 ਅੰਕ 24 69
ਗੋਲਡਨ 'ਚ ਸਿੱਖਾਂ ਦੀ ਹੋਂਦ 70
ਟੈਲੀਗ੍ਰਾਮ ਤੇ ਪੁਲਿਸ ਰਿਕਾਰਡ 71
ਸਿੱਖ ਰੈਜਮੈਂਟ ਲੰਡਨ 'ਚ—1897 72
ਡਾਇਮੰਡ ਜੁਬਲੀ ਜਸ਼ਨਾਂ 'ਚ ਸ਼ਾਮਲ ਸਿੱਖ ਫੌਜੀ ਅਫਸਰ 73
ਸਿੱਖ ਫੌਜੀਆਂ ਦੀ ਪਰੇਡ 73
The Illustrated News June, 26, 1897 (883) Royal Prcession and the escort of Indian Cavalry. 74
ਡਾਇਮੰਡ ਜੁਬਲੀ ਜਸ਼ਨਾਂ ਤੋਂ ਬਾਅਦ ਸਿਖ ਰੈਜਮੈਂਟ ਵੈਨਕੁਵਰ ਵਿਚ 75

Sri Satguru Jagjit Singh Ji eLibrary NamdhariElibrary@gmail.com

ਸਿੱਖ ਫੌਜੀ ਵੈਨਕੂਵਰ 'ਚ	75
ਬਖਸ਼ੀਸ਼ ਸਿੰਘ ਤੇ ਪਰਿਵਾਰ	76
ਬਖਸ਼ੀਸ਼ ਸਿੰਘ ਦੇ ਉਤਰਨ ਬਾਰੇ ਸਬੂਤ (ਸਾਨ ਫਰਾਂਸਿਸਕੋ (Chronicle April 6th 1899 Page 10.)	77
ਕਿੰਗ ਐਡਵਰਡ 8ਵੇਂ ਦੀ ਤਾਜ਼ਪੋਸ਼ੀ ਵਿਚ ਸ਼ਾਮਲ ਸਿੰਘ ਫੌਜੀ ਵਿਕਟੋਰੀਆ ਵਿਚ	78
ਵੀਰ ਸਿੰਘ ਮਝੈਲ	79
ਬਾਵਾ ਸਿੰਘ ਸੰਘਾ (ਅਮਰ ਸਿੰਘ ਸੰਘਾ ਦਾ ਭਰਾ) ਸਕਰੂਲੀ	81
ਅਮਰ ਸਿੰਘ ਸੰਘਾ (ਸੋਹਣ ਸੁਰਿੰਦਰ ਦੇ ਬਾਬਾ ਜੀ) ਸਕਰੂਲੀ	81
ਗਦਰ ਡਾਇਰੈਟਕਰੀ 'ਚੋਂ ਸੀ.ਆਈ.ਡੀ. ਦੀ ਰਿਪੋਰਟ ਬਾਵਾ ਸਿੰਘ ਸੰਘਾ ਬਾਰੇ	82
ਬਾਲਮੁਕੰਦ ਸਕਰੂਲੀ	83
ਹਜ਼ਾਰਾ ਸਿੰਘ ਸੰਘਾ ਸਕਰੂਲੀ (ਅਮਰ ਸਿੰਘ ਸੰਘਾ ਦਾ ਭਰਾ)	83
ਵਰਿਆਮ ਸਿੰਘ ਜੌੜਾ ਸਕਰੂਲੀ	84
ਪ੍ਰਤਾਪ ਸਿੰਘ ਜੌਹਲ (ਆਸਾ ਸਿੰਘ ਜੌਹਲ ਦੇ ਪਿਤਾ)	84
ਪ੍ਰਤਾਪ ਸਿੰਘ ਜੌਹਲ ਆਪਣੇ ਪਰਿਵਾਰ ਨਾਲ	85
ਕਰਨੈਲ ਸਿੰਘ ਜੌਹਲ 'ਤੇ ਪਰਿਵਾਰ	85
ਗੁਰਦਿੱਤ ਸਿੰਘ ਦਾ ਸਰਟੀਫਕੇਟ (ਗੁਰਬਚਨ ਸਿੰਘ ਦਾ ਪਿਤਾ)	86
ਗੁਰਬਚਨ ਸਿੰਘ ਦਾ ਸਰਟੀਫਕੇਟ (ਅਮਰੀਕ ਸਿੰਘ ਤੇ ਬਲਵੀਰ ਸਿੰਘ ਦੇ ਪਿਤਾ)	87
ਗੁਰਦਿੱਤ ਸਿੰਘ ਜਵੰਦਾ ਆਪਣੇ ਪੁੱਤਰਾਂ ਨਾਲ	88
ਬੰਤਾ ਸਿੰਘ ਸਾਂਗਰਾ ਤੇ ਉਸ ਦੇ ਪਰਿਵਾਰ ਦੀ ਫੋਟੋ	88
ਦੁੰਮਣ ਸਿੰਘ ਪਾਲਦੀ (ਹਰਬ ਦੁੰਮਣ ਦੇ ਪਿਤਾ)	89
ਭਾਨ ਸਿੰਘ ਪਾਲਦੀ (ਕਰਨੈਲ ਸਿੰਘ ਤੇ ਗੁਰਦਿਆਲ ਸਿੰਘ ਦੇ ਬਾਬਾ ਜੀ)	89
ਅਮਾਨਤ ਅਲੀ ਖਾਨ	90
ਭਾਈ ਦਸੌਂਧਾ ਸਿੰਘ	90
ਆਸਾ ਸਿੰਘ ਖੜੌਦੀ	91
ਰਾਜਾ ਸਿੰਘ ਖੜੌਦੀ	91
ਭਗਤ ਸਿੰਘ ਧਾਲੀਵਾਲ	92
ਭਗਵਾਨ ਸਿੰਘ ਸਹੋਤਾ	92
ਸ਼ਹੀਦ ਮੇਵਾ ਸਿੰਘ ਲੋਪੋਕੇ	93
ਭਾਈ ਭਾਗ ਸਿੰਘ ਤੇ ਉਨ੍ਹਾਂ ਦੇ ਪੁੱਤਰ ਜੋਗਿੰਦਰ ਸਿੰਘ	93
ਧਰਮ ਸਿੰਘ ਗਿੱਲ ਛੋਟਾ ਘੋਲੀਆਂ	94
ਈਸ਼ਰ ਸਿੰਘ ਤਾਬੀਵਾਲਾ	94
ਬਾਬਾ ਸੋਹਣ ਸਿੰਘ ਭੁੱਲਰ	95
ਬਾਬਾ ਬਚਨ ਸਿੰਘ ਢਿੱਲੋਂ	95
ਭਾਈ ਵਰਿਆਮ ਸਿੰਘ ਗ੍ਰੰਥੀ	96
ਭਾਈ ਬਲਵੰਤ ਸਿੰਘ ਖੁਰਦਪੁਰ (ਸ਼ਹੀਦ)	96
ਵੈਨਕਵੂਰ ਸੰਨ, ਸਤੰਬਰ 11, 1907	97
ਕਰਤਾਰ ਸਿੰਘ ਨਵਾਂਚੰਦ	98
ਪੰਜਾਬ ਤੋਂ ਵੈਨਕੂਵਰ ਪੁੱਜਣ ਲਈ ਸਮੁੰਦਰੀ ਰਸਤਾ	98
ਇਕ ਲੰਬਰ ਮਿੱਲ 1900 ਦੇ ਆਸ-ਪਾਸ	100
ਲੰਬਰ ਚੁੱਕਦੇ ਸਿੱਖ ਵਰਕਰ	100
ਜ਼ਮੀਨ ਸਾਫ ਕਰਦੇ ਸਿੱਖ	101
ਨਿਊ ਵੈਸਟਮਿਨਸਟਰ 'ਚ ਸਿੱਖ ਕਿਸਾਨ	101
ਮਸ਼ੀਨ 'ਤੇ ਕੰਮ ਕਰਦੇ ਸਿੱਖ	102
ਲੱਕੜ ਦੇ ਫੱਟਿਆਂ ਨੂੰ ਚਿਣਦੇ ਸਿੱਖ	102
ਫੱਟੇ ਖਿੱਚਦੇ ਸਿੱਖ	103
ਆਰਾ ਮਿੱਲ 'ਚ ਸਿੱਖ	103
ਮੱਛੀ ਉਤਾਰਦਾ ਸਿੱਖ	104
ਮੱਛੀ ਉਤਾਰਦਾ ਇਕ ਹੋਰ ਸਿੱਖ	104
ਲੰਬਰ ਢੋਅ ਰਹੇ ਸਿੱਖ-ਬਾਰਨਟ	105
ਜ਼ਮੀਨ ਸਾਫ ਕਰਦੇ ਸਿੱਖ	106
ਘਰ ਬਣਾ ਰਹੇ ਸਿੱਖ	106
ਕੈਨੇਡਾ 'ਚ ਨਵੇਂ ਉਤਰੇ ਸਿੱਖ ਆਪਣੇ ਸਮਾਨ ਨਾਲ	107
ਟਰੱਕ ਤੋਂ ਟੁੱਟ ਭੱਜ ਲਾਉਂਦੇ ਸਿੱਖ	108
ਹਾਰਬਰ ਬ੍ਰਿਜ ਤੋਂ ਲੰਘਦੇ ਸਿੱਖ	109
ਤਨਖਾਹ ਲੈਣ ਲਈ ਖੜ੍ਹੇ ਸਿੱਖ	109
ਮਾਰਕੀਟ ਹਾਲ 'ਚ ਸੜਕ ਪਾਰ ਕਰਦੇ	110

Sri Satguru Jagjit Singh Ji eLibrary NamdhariElibrary@gmail.com

ਗਰੈਨਵਿੱਲ ਤੇ ਹੇਸਟਿੰਗ 'ਤੇ ਸਿੱਖ 111
ਮਿੱਲ 'ਚ ਕੰਮ ਕਰਦੇ 111
ਸੀ. ਪੀ. ਰੇਲ ਇੰਜਣ ਨਾਲ ਖੜ੍ਹੇ ਸਿੱਖ 112
ਗੁਰਦੁਆਰੇ ਜਾਣ ਲਈ ਤਿਆਰ ਦੋ ਸਿੱਖ 113
ਭਾਗੀ ਲੰਬਰ ਢੋਂਦਿਆਂ 114
ਸਿੱਖ ਮਿੱਲ ਵਰਕਰ 115
ਸਿੱਖ ਮਿਲ ਵਰਕਰ 115
ਸਿੱਖ ਮਿੱਲ ਵਰਕਰ ਫੌਂਟਆਂ ਦੇ ਢੋਰ ਕੋਲ 116
ਸਿੱਖ ਮਿੱਲ 'ਚ ਤਨਖਾਹ ਲੈਣ ਲਈ ਖੜ੍ਹੇ 116
ਨਵੇਂ ਆਏ ਸਿੱਖ ਆਪਣਾ ਸਮਾਨ ਰੇੜ੍ਹੀਆਂ 'ਤੇ ਲੱਦਦੇ ਹੋਏ 117
ਵੈਨਕਵੂਰ ਨੇੜੇ ਜ਼ਮੀਨ ਸਾਫ ਕਰਦੇ ਹੋਏ 117
ਲੱਕੜ ਚਿਣਦੇ ਹੋਏ 118
ਹੇਸਟਿੰਗ ਸਟਰੀਟ 'ਤੇ ਖਾਣਾ ਪਕਾਉਂਦੇ ਹੋਏ 118
ਨੌਰਥ ਪੈਸੇਫਿਕ ਲੰਬਰ ਕੰਪਨੀ, ਬਾਰਨਟ-ਗਰੁੱਪ ਫੋਟੋ 119
ਢਾਡੀ ਜਥਾ 119
ਇਕ ਮ੍ਰਿਤਕ ਸਿੱਖ ਦਾ ਅੰਤਮ ਸਸਕਾਰ 123
ਅੰਤਮ ਸਸਕਾਰ 123
ਸੈਕਿੰਡ ਐਵੇਨਿਊ ਗੁਰਦੁਆਰੇ 'ਚੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਦਾ ਦ੍ਰਿਸ਼ 124
ਰਿਪੋਰਟ ਜੁਲਾਈ 1906-ਅਕਤੂਬਰ 1909 125

4. ਔਕੜਾਂ ਦਾ ਸਾਹਮਣਾ 127

ਤਸਵੀਰਾਂ

ਇਕ ਸਿੱਖ ਏਸ਼ੀਆਈਆਂ ਵਿਰੋਧੀ ਦੰਗਿਆਂ ਮਗਰੋਂ ਹੋਏ ਨੁਕਸਾਨ ਨੂੰ ਵਾਚਦਾ ਹੋਇਆ-ਵੈਨਕੂਵਰ 1907 127

5. ਸੰਘਰਸ਼ ਦੇ ਰਾਹ 'ਤੇ 141

ਤਸਵੀਰਾਂ

ਤਾਰਕ ਨਾਥ ਦਾਸ 142
ਸੰਤ ਤੇਜਾ ਸਿੰਘ 142
ਹਰਨਾਮ ਸਿੰਘ ਕਾਹਰੀ ਸਾਹਰੀ 145
ਹਸਨ ਰਹੀਮ ਉਰਫ ਖੈਰਾਸ਼ ਵਰਮਾ 145

6. ਜਦੋ-ਜਹਿਦ ਦੇ ਹੋਰ ਰੁਖ 147

ਤਸਵੀਰਾਂ

ਬੈਠੇ-ਖੱਬੇ ਤੋਂ ਸੱਜੇ—ਪ੍ਰੋ. ਤੇਜਾ ਸਿੰਘ ਐਮ. ਏ. ਐੱਲ. ਬੀ., ਡਾ. ਸੁੰਦਰ ਸਿੰਘ ਐਮ. ਡੀ. 150
ਖੜ੍ਹੇ-ਖੱਬੇ ਤੋਂ ਸੱਜੇ-ਐੱਲ. ਡਬਲਿਊ. ਹਾਲ, ਰਾਜਾ ਸਿੰਘ ਬਾੜੀਆਂ 150

7. ਜਨਤਕ ਲਹਿਰ 152

ਤਸਵੀਰਾਂ

ਰਾਮ ਸਿੰਘ ਧਲੇਤਾ 155
ਭਾਈ ਬਲਵੰਤ ਸਿੰਘ, ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ, ਪੁੱਤਰੀ ਊਧਣ ਕੌਰ, ਨਰਿੰਜਣ ਕੌਰ ਤੇ ਪੁੱਤਰ ਹਰਦਿਆਲ ਸਿੰਘ 157
ਭਾਈ ਭਾਗ ਸਿੰਘ ਭਿਖੀਵਿੰਡ, ਪਤਨੀ ਬੀਬੀ ਹਰਨਾਮ ਕੌਰ ਅਤੇ ਸਪੁੱਤਰ 157
ਭਾਈ ਜਵਾਲਾ ਸਿੰਘ ਠੱਠੀਆਂ 162
ਭਾਈ ਮਿੱਤ ਸਿੰਘ ਪੰਡੋਰੀ 162
ਲੰਡਨ ਡੈਪੂਟੇਸ਼ਨ ਦੇ ਮੈਂਬਰਾਂ ਦੀ ਤਸਵੀਰ 164
ਦਿ ਹਿੰਦੂ ਕੁਆਚਿਨ ਇਨ ਕੈਨੇਡੀਅਨ ਸੈਨਟ 185
ਹਿੰਦੂ ਹੌਲਡ ਪਬਲਿਕ ਮੀਟਿੰਗ 186
ਮੀਟਿੰਗ ਇਨ ਵਿਕਟੋਰੀਆ 187
ਐਨ ਅਦਰ ਐਕਟ ਆਫ ਗਰੇਸ 188
ਆਤਮਾ ਸਿੰਘ, ਇਕਬਾਲ ਸਿੰਘ, ਬਿਸ਼ਨ ਕੌਰ, ਤੇਜਾ ਸਿੰਘ ਅਤੇ ਜਨਮੇਜਾ ਸਿੰਘ 189
ਕਲਰ ਬਾਰ ਇਨ ਕੈਨੇਡਾ 198
ਵਾਇਸਰਾਇ ਆਨ ਹਿੰਦੂਜ਼ ਇਨ ਕੈਨੇਡਾ 198
27 ਅਕਤੂਬਰ 1913 ਨੂੰ ਵਿਕਟੋਰੀਆ ਵਿਖੇ ਹਸਾਰਤ ਵਿਚ ਲਏ 39 ਸਿਖ 199
ਏ ਸਿੱਖ ਵਾਇਫ ਡੀਟੇਂਡ 200
ਬਤਨ ਸਿੰਘ ਕਾਹਰੀ ਸਾਹਰੀ ਤੇਉਸਦੇ ਨਾਲ ਆਇਆਂ ਦੀ ਤਸਵੀਰ 201
ਖਾਲਸਾ ਹਾਈ ਸਕੂਲ ਜਲੰਧਰ ਨੂੰ ਪੈਸੇ ਭੇਜਣ ਦੀ ਰਿਪੋਰਟ 202-204
ਭਾਈ ਭਗਵਾਨ ਸਿੰਘ ਦੀ ਫੋਟੋ 206
ਸਿੱਖਾਂ ਨੂੰ ਦੇਸ਼ ਨਿਕਾਲਾ 207
ਭਾਈ ਭਗਵਾਨ ਸਿੰਘ ਕੇਸ 208
ਐਨ ਅਦਰ ਫਰਾਸ 209

Sri Satguru Jagjit Singh Ji eLibrary NamdhariElibrary@gmail.com

ਗੀਸੇਂਟ ਅਨਫੇਅਰ ਟਰੀਟਮੇਂਟ 210
ਯੂਨਾਈਟਿਡ ਇੰਡੀਆ ਐਸੋਗੀਏਸ਼ਨ ਦੇ ਡਾਇਕਰੈਕਟਰ 211

8. ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ 215

ਤਸਵੀਰਾਂ

ਹਾਂਗਕਾਂਗ ਦਾ ਗੁਰਦੁਆਰਾ 215
1866 ਵੈਸਟ ਸੈਕਿੰਡ ਐਵੇਨਿਊ 'ਤੇ ਸਥਿਤ ਵੈਨਕੂਵਰ ਦਾ ਗੁਰਦੁਆਰਾ 216
ਸਿੱਖ ਗੁਰਦੁਆਰਾ ਵੈਨਕੂਵਰ ਦੀ ਖੁੱਲ੍ਹਣ ਦੀ ਰਸਮ 216
ਸ਼ਹੀਦ ਕਰਮ ਸਿੰਘ ਦੌਲਤਪੁਰ 248
ਗੁਰਸਿੱਖ ਟੈਂਪਲ, ਐਬਟਸਪੋਰਡ ਗੁਰਦੁਆਰਾ (1911) 249
ਐਬਟਸਫੋਰਡ ਗੁਰਦੁਆਰਾ ਖੁੱਲ੍ਹਣ ਦੀ ਰਸਮ 249
ਗੁਰਸਿੱਖ ਟੈਂਪਲ, ਐਬਟਸਫੋਰਡ ਦੇ ਪੁਰਾਣੇ ਗੁਰਦੁਆਰੇ ਦੇ ਸਾਹਮਣੇ ਖੜ੍ਹੇ ਨੰਦ ਸਿੰਘ ਲੰਗੜੋਆ ਤੇ ਸੁੱਚਾ ਸਿੰਘ 250
ਰਾਮ ਸਿੰਘ ਧੁਲੇਤਾ, ਨਰਿੰਜਣ ਸਿੰਘ ਠੋਲੀ, ਭਾਈ ਭਗਤ ਸਿੰਘ ਚੰਨਣਵਾਲ, ਭਾਈ ਹਰੀ ਸਿੰਘ ਦੌਲਤਪੁਰ 253
ਭਾਈ ਪਿਆਰ ਸਿੰਘ, ਸੰਤ ਤੇਜਾ ਸਿੰਘ 257
ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ 258
ਵਿਕਟੋਰੀਆ ਦੇ ਗੁਰਦੁਆਰੇ ਦੀ ਅਧੂਰੀ ਇਮਾਰਤ ਦੇ ਸਾਹਮਣੇ ਖੜ੍ਹੇ ਹਨ ਡਾ. ਸੁੰਦਰ ਸਿੰਘ ਤੇ ਕਰਤਾਰ ਸਿੰਘ ਹੁੰਡਲ 259
ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਵਿਕਟੋਰੀਆ ਦੇ ਖੁੱਲ੍ਹਣ ਦੀ ਰਸਮ 259
ਗੁਰਦੁਆਰਾ ਸੁਖਸਾਗਰ ਨਿਊਵੈਸਟ ਮਿਨਸਟਰ 15 ਅਗਸਤ 1947 260
ਸਟਾਕਟਨ ਗੁਰਦੁਆਰਾ 263
ਗੁਰਦੁਆਰਾ ਫਰੇਜ਼ਰ ਮਿੱਲਜ਼ ਦੀ ਥਾਂ 264

9. ਖਾਲਸਾ ਦੀਵਾਨ ਸੁਸਾਇਟੀ ਦਾ ਵਿਧਾਨ 266

ਇਤਿਹਾਸਕ ਪਰਿਪੇਖ

10. ਆਪਣੇ ਕਾਰੋਬਾਰਾਂ ਦੀ ਸਥਾਪਤੀ 361

ਤਸਵੀਰਾਂ ਅਤੇ ਡਾਕੂਮੈਂਟ

ਭਾਈ ਸੰਤ ਤੇਜਾ ਸਿੰਘ ਐਮ. ਏ. ਆਪਣੇ ਪਰਿਵਾਰ ਤੇ ਸਿੱਖ ਲੀਡਰਾਂ ਨਾਲ 361
ਤਾਰਕ ਨਾਥ 362
ਮਾਈਨਿੰਗ ਕੰਪਨੀ ਦੇ ਹਿੱਸੇਦਾਰਾਂ ਦੀ ਲਿਸਟ 363—373
ਮਾਈਨਿੰਗ ਕੰਪਨੀ ਦੀ ਰਸੀਦ ਬੁੱਕ ਦਾ ਨਮੂਨਾ 374
ਵਨ ਔਫ ਦੀ ਫਸਟ (ਲਿੰਕ ਅਖਬਾਰ) 377
ਪੀ. ਐਸ. ਫਲੋਰ ਮਿੱਲ 378
ਲਛਮੱਣ ਸਿੰਘ 379
ਦਾ ਗਦਰ ਡਾਇਰੈਕਟਰੀ 380
ਅਮਰ ਸਿੰਘ ਐਂਡ ਵਿਲਸਨ (ਬਿਜਨਸ ਕਾਰਡ) 381
613 ਰੈਰਲਡ ਸਟਰੀਟ ਦੀ ਫੋਟੋ ਸੁਖਦੀਪ ਸਿੰਘ ਖੜ੍ਹਾ ਵਿਖਾਈ ਦਿੰਦਾ ਹੈ 381
ਸਰਟੀਫਕੇਟ ਇਨ ਕਾਰਪੋਰੇਸ਼ਨ 383
ਹਿੱਸੇਦਾਰਾਂ ਦੀ ਲਿਸਟ ਉਨ੍ਹਾਂ ਦੇ ਦਸਤਖਤਾਂ ਨਾਲ 384
ਵਰਜੀਨੀਆਂ ਲੰਬਰ ਕੰਪਨੀ ਬਾਰੇ ਈਲਾ ਦੀ ਹੱਥ ਲਿਖਤ 385
ਸੋਹਣ ਸੁਰਿੰਦਰ ਸਿੰਘ ਸੰਘਾ ਦਾ ਪਰਿਵਾਰ ਈਲਾ ਦੇ ਨਾਲ 386
ਕੂੰਬਸ ਦੀ 1918 ਦੀ ਡਾਇਰੈਕਟਰੀ ਵਿਚ ਏ. ਐਸ. ਸੰਘਾ ਮੈਨੇਜਰ ਦੇ ਤੌਰ 'ਤੇ ਦਰਜ ਹਨ 386
ਮਿਲ ਨੂੰ ਜਾਂਦੀ ਵਰਜੀਨੀਆਂ ਸੜਕ ਉੱਤੇ ਸੋਹਣ ਸੁਰਿੰਦਰ ਸੰਘਾ ਤੇ ਉਸਦਾ ਪਰਿਵਾਰ 387
ਇਕ ਹਿਸੇਦਾਰ ਦਲੀਪਾ ਹੋਰ ਸੱਜਣਾਂ ਦੇ ਨਾਲ 387
ਪੈਸ਼ੇਫਿਕ ਕੋਸਟ ਲੰਬਰਮੈਨ 1920 388
ਅਮਰ ਸਿੰਘ ਸੰਘਾ ਦਾ ਮੌਤ ਦੇ ਪੜਤਾਲ ਦਾ ਸਰਟੀਫਕੇਟ 389
ਪ੍ਰੀਤਮ ਸਿੰਘ ਦਾ ਸਕੂਲ ਸਰਟੀਫੀਕੇਟ 390
ਪ੍ਰੀਤਮ ਸਿੰਘ, ਨੰਦ ਸਿੰਘ ਤੇ ਹਰਦਿਤ ਸਿੰਘ ਦੀ ਫੋਟੋ 391
ਕਪੂਰ ਲੱਕੜ ਮਿੱਲ ਦੀ ਤਸਵੀਰ 398
ਮਿਓ ਮਿੱਲ ਦੀ ਤਸਵੀਰ 398
ਭਾਨ ਸਿੰਘ, ਦੁੰਮਣ ਸਿੰਘ, ਘਨਈਆ ਸਿੰਘ ਤੇ ਸ਼ਾਮ ਸਿੰਘ ਦੀ 1922 ਦੀ ਫੋਟੋ 399

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਬਾਬਾਣੀਆ ਕਹਾਣੀਆ ਪੁਤ-ਸਪੁਤ ਕਰੇਨਿ॥

ਇਤਿਹਾਸ-ਸੰਕਲਪ ਤੇ ਮਹੱਤਤਾ

ਇਤਿਹਾਸ ਲਿਖਣ ਦਾ ਮੰਤਵ ਭੂਤ ਕਾਲ ਦੀ ਪੁਨਰ ਉਸਾਰੀ ਹੈ। ਇਸ ਮੰਤਵ ਦੀ ਸਫਲਤਾ ਭਰਪੂਰ ਪੂਰਤੀ ਕਿਸੇ ਵਿਸ਼ੇਸ਼ ਪਿੰਡ, ਸ਼ਹਿਰ, ਫਿਰਕੇ, ਕੌਮ, ਧਰਮ, ਜਥੇਬੰਦੀ, ਸਭਾ ਜਾਂ ਸੁਸਾਇਟੀ ਦੇ ਆਦਿ ਕਾਲ, ਭਾਵ 'ਸ਼ੁਰੂ' ਹੋਣ ਤੋਂ ਲੈ ਕੇ ਇਤਿਹਾਸਕ ਮਹਾਨਤਾ ਵਾਲੇ ਵਾਕਿਆਤ 'ਤੇ ਅਸਰ ਛੱਡ ਗਈਆਂ ਘਟਨਾਵਾਂ ਤੋਂ ਉਪਜੇ ਸੰਘਰਸ਼, ਸੰਘਰਸ਼ਾਂ ਦੀ ਸਫਲਤਾ, ਸਫਲਤਾ ਤੋਂ ਨਿਕਲੇ ਨਤੀਜੇ, ਅਸਫਲਤਾ ਤੋਂ ਪੈਦਾ ਹੋਈ ਨਿਰਾਸ਼ਾ, ਨਿਰਾਸ਼ਾ ਤੋਂ ਪੈਦਾ ਹੋਏ ਉਤਸ਼ਾਹਾਂ ਦੀਆਂ ਕਹਾਣੀਆਂ ਦਾ ਅਕਾਦਮਿਕ ਅਧਿਐਨ ਕਰਕੇ, ਸੱਚਾਈ ਨੂੰ ਮੁੱਖ ਰੱਖਕੇ ਬੇਲਾਗ ਪੜਚੋਲ ਕਰਦਿਆਂ ਲੜੀਵਾਰ ਲਿਖਣ ਨਾਲ ਹੀ ਹੋ ਸਕਦੀ ਹੈ।

ਇਤਿਹਾਸ ਕੋਈ ਮੁਰਦਾ, ਨਿਰਜੀਵ ਵਸਤੂ ਨਹੀਂ ਹੈ ਅਤੇ ਨਾ ਹੀ ਖੁਸ਼ਕ ਮਜ਼ਮੂਨ ਹੈ। ਇਸ ਵਿਚ ਮੁਰਦਾ ਰੂਹਾਂ ਵਿਚ ਜਾਨ ਪਾ ਦੇਣ ਵਾਲੀ ਸ਼ਕਤੀ ਹੈ। ਇਸ ਦਾ ਜਿੰਦਾ ਚਮਤਕਾਰ ਸਿੱਖਾਂ ਦੀ ਅਰਦਾਸ ਹੈ। ਅਰਦਾਸ ਅਸਲ ਵਿਚ ਸੰਖੇਪ ਕੀਤਾ ਹੋਇਆ ਪੰਜ ਮਿੰਟੀ ਸਿੱਖ ਇਤਿਹਾਸ ਹੀ ਹੈ। ਸਿਆਣੇ ਅਖਦੇ ਹਨ, ਇਤਿਹਾਸਕਾਰ ਪੈਗੰਬਰ ਹੁੰਦੇ ਹਨ ਕਿਉਂਕਿ ਉਹ ਆਉਣ ਵਾਲੇ ਖਤਰਿਆਂ ਤੋਂ ਲੋਕਾਈ ਨੂੰ ਸੁਚੇਤ ਕਰਦੇ ਹਨ।

ਜੀਵਨ ਨੂੰ ਮਿਥਿਆ ਗਿਣਨਾ, ਇਤਿਹਾਸ ਨੂੰ ਮਿਥਿਹਾਸ ਬਣਾ ਦਿੰਦਾ ਹੈ। ਇਸੇ ਕਾਰਨ 'ਮਹਾਂ ਭਾਰਤ' ਤੇ 'ਰਾਮਾਇਣ' ਮਿਥਿਹਾਸ ਬਣ ਗਏ। ਜੀਵਨ ਅਸਲ ਵਿਚ ਸੰਘਰਸ਼ ਹੈ। ਪ੍ਰੋ. ਮੋਹਣ ਸਿੰਘ ਦੇ ਕਹਿਣ ਵਾਂਗ:

"ਜੀਵਨ ਹੈ ਦੁੱਖ ਵੰਡਾਣਾ
ਤੇ ਅੱਗ ਬਗਾਨੀ ਸੜਨਾ
ਮਰਨੇ ਦੀ ਖਾਤਰ ਜੀਣਾ,
ਜੀਣੇ ਦੀ ਖਾਤਰ ਮਰਨਾ।
ਜੀਵਨ ਹੈ ਲੜਨਾ ਖਹਿਣਾ
ਜੀਵਨ ਹੈ ਢਾਣਾ ਢਹਿਣਾ
ਜੀਵਨ ਹੈ ਤਰੁਦੇ ਰਹਿਣਾ
ਤੇ ਕੋਈ ਪੜਾ ਨਾ ਕਰਨਾ।" [1]

ਇਹ ਜੀਵਨ ਸੰਘਰਸ਼ ਹੀ ਇਤਿਹਾਸ ਦੀ ਸਿਰਜਣਾ ਕਰਦਾ ਹੈ। ਇਤਿਹਾਸ ਨਿਰਾ ਹੋਈਆਂ ਵਾਪਰੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਲੜੀਬਧ ਕਰ ਦੇਣ ਦਾ ਹੀ ਨਾਂ ਨਹੀਂ। ਇਤਿਹਾਸ ਉਨ੍ਹਾਂ ਸਾਮਾਜਿਕ-ਆਰਥਿਕ ਪ੍ਰਸਥਿਤੀਆਂ ਦੀ ਖੋਜ ਪੜਤਾਲ ਤੇ ਪੁਨਰ ਸਿਰਜਨਾ ਵੀ ਹੈ ਜਿਨ੍ਹਾਂ ਪ੍ਰਸਥਿਤੀਆਂ ਨੇ ਸਾਮਾਜਿਕ ਸੰਘਰਸ਼ਾਂ ਨੂੰ ਜਨਮ ਦਿੱਤਾ ਹੁੰਦਾ ਹੈ। ਇਉਂ ਇਤਿਹਾਸ ਕਿਸੇ ਦੇਸ਼, ਕੌਮ ਜਾਂ ਫਿਰਕੇ ਦੇ ਕਿਸੇ ਵਿਸ਼ੇਸ਼ ਤੇ ਸਥਾਨ ਵਿਸ਼ੇਸ਼ ਦੇ ਜੀਵਨ ਦੇ ਸਮੁੱਚ ਦਾ ਸਿਲਸਿਲੇਵਾਰ ਅਧਿਐਨ ਹੋ ਨਿਬੜਦਾ ਹੈ।

ਸਿੱਖਾਂ ਦਾ ਸਮੁੱਚਾ ਇਤਿਹਾਸ, ਜਬਰ ਤੇ ਜ਼ੁਲਮ ਦੇ ਖਿਲਾਫ, ਸੱਚ ਤੇ ਹੱਕ ਦੀ ਲੜਾਈ ਦੀ ਕਹਾਣੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਲੇ ਸਮੇਂ ਤੀਕ ਇਹ ਲੜਾਈ ਲਗਾਤਾਰ ਚੱਲਦੀ ਵਿਖਾਈ ਦਿੰਦੀ ਹੈ। ਅੱਗੇ ਅਸੀਂ ਇਸ ਸਮੇਂ 'ਤੇ ਸੰਖੇਪ ਜਹੀ ਝਾਤ ਮਾਰਦੇ ਹਾਂ।

Sri Satguru Jagjit Singh Ji eLibrary NamdhariElibrary@gmail.com

ਸਿੱਖ ਇਤਿਹਾਸ

ਜਦ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ 15 ਅਪਰੈਲ 1469 ਨੂੰ ਅਵਤਾਰ ਧਾਰਿਆ ਉਸ ਵੇਲੇ ਬਹਿਲੋਲ ਲੋਧੀ ਦੀ ਹਕੂਮਤ ਸੀ। ਉਹ ਹੀ ਸਮਾਂ ਹੈ ਜਿਸ ਬਾਰੇ ਡਾਕਟਰ ਇਕਬਾਲ ਨੇ ਫਰਮਾਇਆ:

"ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖ਼ਾਬ ਸੇ।"

ਇਸ ਸਮੇਂ ਤੋਂ ਸਿੱਖ ਇਤਿਹਾਸ ਸ਼ੁਰੂ ਹੁੰਦਾ ਹੈ। ਉਸ ਵੇਲੇ ਆਰਥਿਕ ਪੱਖ ਤੋਂ ਜਨਤਾ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਸੀ। ਇਕ ਅਮੀਰ ਤੇ ਦੂਜਾ ਗਰੀਬ। ਦਰਮਿਆਨਾ ਤਬਕਾ ਨਹੀਂ ਸੀ। ਰਾਜਸੀ ਪੱਖੋਂ ਤੁਰਕ ਦਾ ਰਾਜ ਸੀ। ਲੋਕਾਈ ਦੋ ਫਿਰਕਿਆਂ ਵਿਚ ਵੰਡੀ ਹੋਈ ਸੀ। ਮੁਸਲਮਾਨ ਤੇ ਹਿੰਦੂ। ਮੁਸਲਮਾਨ ਹੰਕਾਰੇ ਹੋਏ ਸਨ ਤੇ ਹਿੰਦੂ ਨਿੱਘਰ ਰਹੇ ਸਨ। ਮੁਸਲਮਾਨਾਂ ਲਈ ਹਿੰਦੂ ਕਾਫ਼ਰ ਸੀ ਤੇ ਹਿੰਦੂ ਲਈ ਮੁਸਲਮਾਨ ਮਲੇਛ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ:

"ਚਾਰਿ ਵਰਨ ਚਾਰਿ ਮਜ਼ਹਬਾਂ, ਜਗ ਵਿਚ ਹਿੰਦੂ ਮੁਸਲਾਣੇ।
ਖੁਦੀ ਬਖੀਲੀ ਤਕਬਰੀ, ਖਿੱਚਤਾਨ ਕਰੇਨਿ ਧਿੰਙਾਣੇ।
ਗੰਗ ਬਨਾਰਿਸ ਹਿੰਦੂਆਂ, ਮੱਕਾ ਕਾਹਬਾ ਮੁਲਸਮਾਣੇ।
ਸੁਨਿਤ ਮੁਸਲਮਾਨ ਦੀ, ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ, ਇਕ ਨਾਮੁ ਦੁਇ ਰਾਹ ਲੁਭਾਣੇ।
ਬੇਦ ਕਤੇਬ ਕਿਨਾਰੇ ਰਹਿ ਗਿਆ, ਮੈਹੇ ਲਾਲਚ ਦੁਨੀ ਸ਼ੈਤਾਨੇ।
ਸਚ ਕਿਨਾਰੇ ਰਹਿ ਗਿਆ,ਖਹਿ ਮਰਦੇ ਬ੍ਰਾਹਮਣ ਮਉਲਾਣੇ। [2]

ਆਤਮਿਕ ਬਲ ਤੇ ਧਾਰਮਿਕ ਅਗਵਾਈ ਦੇਣ ਦਾ ਠੇਕਾ ਕਾਜੀਂ, ਬ੍ਰਾਹਮਣ ਤੇ ਜੋਗੀਆਂ ਕੋਲ ਸੀ। ਹੈਰਾਨੀ ਦੀ ਗੱਲ ਕਿ ਤਿੰਨਾਂ ਨੇ ਧਾਰਮਿਕ ਪਰਚਾਰ ਬੰਦ ਕਰਕੇ ਧਰਮ ਦੀ ਠੇਕੇਦਾਰੀ ਦੀ ਦੁਕਾਨ ਖੋਲ੍ਹ ਲਈ ਸੀ।

ਕਾਜੀ ਦਾ ਕੰਮ ਝਗੜੇ ਨਿਬੇੜਨਾ ਸੀ। ਉਹ ਝਗੜੇ ਪਾ ਰਿਹਾ ਸੀ। ਇਨਸਾਫ ਵੇਚਦਾ ਸੀ। ਬ੍ਰਾਹਮਣ ਦਾ ਕੰਮ ਜੀਵਨ ਜਾਚ ਸਿਖਾਉਣਾ ਸੀ। ਉਹ ਆਪ ਜੀਵਨ ਜਾਚ ਭੁੱਲ ਗਿਆ ਸੀ। ਧਰਮ ਦੇ ਤੱਤ ਦੀ ਥਾਂ ਕਰਮ ਤੇ ਉਪਾਸਨਾ ਤੇ ਜ਼ੋਰ ਦੇ ਰਿਹਾ ਸੀ। ਜੋਗੀ ਸੰਸਾਰ ਨੂੰ ਮਾਇਆ ਸਮਝ ਕੇ ਜੰਗਲਾਂ ਵਿਚ, ਪਹਾੜ ਦੀਆਂ ਕੰਦਰਾਂ ਵਿਚ ਜਾ ਵੜੇ ਸਨ। ਗੁਰੂ ਨਾਨਕ ਦੇ ਕਥਨ ਮੁਤਾਬਿਕ–

"ਜਤੀ ਸਦਾਵੈ, ਜੁਗਤ ਨਾ ਜਾਣੇ।
ਕਾਦੀ ਕੂੜੁ ਬੋਲਿ ਮਲੁ ਖਾਇ।
ਬ੍ਰਾਹਮਣ ਨਾਵੈ ਜੀਆਂ ਘਾਇ।
ਜੋਗੀ ਜੁਗਤਿਦਤ ਨਾ ਜਾਣੈ ਅੰਧੁ।
ਤੀਨੇ ਉਜਾੜੇ ਕਾ ਬੰਧੁ।" [3]

ਇਸ ਰਾਜਸੀ, ਧਾਰਮਿਕ, ਸਾਮਾਜਿਕ, ਆਰਥਿਕ ਤੇ ਆਤਮਕ ਦਸ਼ਾ ਨੂੰ ਇਸ ਤਰ੍ਹਾਂ ਵੀ ਬਿਆਨ ਕੀਤਾ ਜਾ ਸਕਦਾ ਹੈ ਕਿ ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ, ਸਰਦਾਰੀ ਕੂੜ ਦੀ ਸੀ, ਜਨਤਾ ਅਗਿਆਨਤਾ ਤੇ ਹਨੇਰੇ ਵਿਚ ਫਸੀ ਹੋਈ ਸੀ, ਸੱਚ ਤੇ ਸਦਾਚਾਰ ਉੱਡ ਗਿਆ ਸੀ। ਧਰਮ ਦੇ ਠੇਕੇਦਾਰ ਧਰਮ ਨੂੰ ਵੇਚ ਕੇ ਖਾ ਰਹੇ ਸਨ। ਇਨ੍ਹਾਂ ਹਾਲਤਾਂ ਵਿਚ ਗੁਰੂ ਨਾਨਕ ਜੀ ਸੰਸਾਰ ਉਤੇ ਆਏ।

Sri Satguru Jagjit Singh Ji eLibrary NamdhariElibrary@gmail.com

ਜੀਵਨ ਬਿਉਰਾ ਗੁਰੂ ਸਾਹਿਬਾਨ

ਪਵਿੱਤਰ ਨਾਮ ਗੁਰੂ ਸਾਹਿਬਾਨ	ਨਾਮ ਪਿਤਾ ਜੀ/ਮਾਤਾ ਜੀ	ਪ੍ਰਕਾਸ਼ ਅਸਥਾਨ	ਪ੍ਰਕਾਸ਼ ਮਿਤੀ ਸੰਨ ਅਤੇ ਸੰਮਤ	ਸੁਪਤਨੀ (ਮਹਿਲ)	ਸੰਤਾਨ	ਗੁਰਿਆਈ ਮਿਤੀ ਤੇ ਸਮਾਂ	ਪਵਿੱਤਰ ਨਗਰ ਵਸਾਏ	ਜੋਤੀ ਜੋਤਿ	ਬਾਣੀ ਰਚਨਾ	ਕੁਲ ਉਮਰ	ਸਮਕਾਲੀ ਹੁਕਮਰਾਨ
ਸਤਿਗੁਰੂ ਨਾਨਕ ਦੇਵ ਜੀ	ਕਲਿਆਣ ਦਾਸ ਜੀ ਤ੍ਰਿਪਤਾ ਜੀ	ਤਲਵੰਡੀ ਰਾਇ ਭੋਇ ਨਨਕਾਣਾ ਸਾਹਿਬ (ਪਾਕਿਸਤਾਨ)	20.10.1469 ਕਤਕ ਸੁਦੀ 15, ਪੂਰਨਮਾਸ਼ੀ 1526	ਸੁਲੱਖਣੀ ਜੀ	ਬਾਬਾ ਸ੍ਰੀ ਚੰਦ ਜੀ ਬਾਬਾ ਲਖਮੀ ਦਾਸ ਜੀ	ਪ੍ਰਕਾਸ਼ ਸਮੇਂ ਤੋਂ 70 ਸਾਲ	ਕਰਤਾਰਪੁਰ (ਪਾਕਿਸਤਾਨ) ਰਾਵੀ ਕੰਢੇ 1504	22.9.1539 ਅਸੂ ਵਦੀ 10, 1596 ਕਰਤਾਰਪੁਰ (ਪਾਕਿਸਤਾਨ)	ਜਪੁ, ਸਿਧ ਗੋਸਟਿ, ਪੱਟੀ, ਸੋਹਿਲਾ, ਆਰਤੀ, ਰਮਕਲੀ, ਦੱਖਣੀ ਓਅੰਕਾਰ, ਆਸਾ ਕੀ ਵਾਰ, ਮਲ੍ਹਾਰ ਤੇ ਮਾਝ ਕੀ ਵਾਰ, ਪਟੀ, ਬਾਰਹ ਮਾਹ, ਕੁਲ 947 ਸ਼ਬਦ ਹਨ ਅਤੇ 19 ਰਾਗਾਂ ਵਿਚ ਹਨ।	70	ਬਹਿਲੋਲ, ਸਿਕੰਦਰ ਇਬਰਾਹੀਮ ਲੋਧੀ, ਬਾਬਰ ਮੁਗਲ, ਹਮਾਯੂੰ
ਸ੍ਰੀ ਗੁਰੂ ਅੰਗਦ ਦੇਵ ਜੀ	ਫੇਰੂ ਮੱਲ ਜੀ ਦਇਆ ਕੌਰ ਜੀ	ਮੱਤੇ (ਨਾਂਗੇ) ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ	31.3.1504 ਵਿਸਾਖੀ ਸੁਦੀ 1, 1561	ਖੀਵੀ ਜੀ	ਦਾਸੂ ਜੀ, ਦਾਤੂ ਜੀ ਬੀਬੀ ਅਮਰੋ, ਅਣੋਖੀ ਜੀ	17.9.1539 ਅਸੂ ਵਦੀ 5 1596 12 ਸਾਲ 9 ਮਹੀਨੇ	ਖਡੂਰ ਸਾਹਿਬ 1539	1.4.1552 ਵਿਸਾਖ, 1609 ਖਡੂਰ ਸਾਹਿਬ	ਕੁਲ 63 ਸਲੋਕ ਦਸ ਵਾਰਾਂ ਵਿਚ ਹਨ	48	ਹਮਾਯੂੰ, ਸ਼ੇਰ ਸ਼ਾਹ ਸੂਰੀ ਇਸਲਾਮ ਸ਼ਾਹ ਸੂਰੀ
ਸ੍ਰੀ ਗੁਰੂ ਅਮਰ ਦਾਸ ਜੀ	ਤੇਜ ਭਾਨ ਜੀ ਸੁਲੱਖਣੀ ਜੀ	ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ	5.5.1479 ਵਿਸਾਖ ਸੁਦੀ 14, 1536	ਰਾਮੋ ਜੀ	ਮੋਹਨ ਜੀ, ਮੋਹਰੀ ਜੀ ਬੀਬੀ ਦਾਨੀ ਤੇ ਭਾਨੀ ਜੀ	29.3.1552 ਵਿਸਾਖ 1, 1609 22 ਸਾਲ 6 ਮਹੀਨੇ	ਗੋਇੰਦਵਾਲ ਬਿਆਸ ਕੰਢੇ 1552	1.9.1574 ਅੱਸੂ ਪੂਰਨਮਾਸ਼ੀ 1631 ਸ੍ਰੀ ਗੋਇੰਦਵਾਲ	ਅਨੰਦ ਸਾਹਿਬ, ਕੁਲ 869 ਸ਼ਬਦ ਸਲੋਕ ਛੰਤ ਆਦਿ, 17 ਰਾਗਾਂ ਵਿਚ ਹੈ।	95	ਫਿਰੋਜ਼ ਸ਼ਾਹ, ਮੁਹੰਮਦ ਆਦਲ ਸ਼ਾਹ, ਹਮਾਯੂੰ ਅਕਬਰ
ਸ੍ਰੀ ਗੁਰੂ ਰਾਮ ਦਾਸ ਜੀ	ਹਰਿਦਾਸ ਜੀ ਦਇਆ ਕੌਰ ਜੀ	ਚੂਨਾ ਮੰਡੀ ਲਾਹੌਰ (ਪਾਕਿਸਤਾਨ)	24.9.1534 ਕਤਕ ਵਦੀ 2, 1591	ਭਾਨੀ ਜੀ	ਪ੍ਰਿਥੀ ਚੰਦ, ਮਹਾਂ ਦੇਵ ਅਰਜਨ ਦੇਵ ਜੀ	30.8.1574 ਭਾਦੋਂ ਸੁਦੀ 13, 1631, 7 ਸਾਲ	ਸ੍ਰੀ ਅੰਮ੍ਰਿਤਸਰ 1574	2.9.1581 ਭਾਦੋਂ ਸੁਦੀ 3, 1638 ਸ੍ਰੀ ਗੋਇੰਦਵਾਲ ਸਾਹਿਬ	ਕੁਲ ਸ਼ਬਦ ਸਲੋਕ ਛੰਤ ਆਦਿ 638 ਹਨ 30 ਰਾਗਾਂ ਵਿਚ ਹੈ।	47	ਅਕਬਰ
ਸ੍ਰੀ ਗੁਰੂ ਅਰਜਨ ਦੇਵ ਜੀ	ਸ੍ਰੀ ਗੁਰੂ ਰਾਮ ਦਾਸ ਜੀ ਭਾਨੀ ਜੀ	ਸ੍ਰੀ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ	15.4.1563 ਵਿਸਾਖ ਵਦੀ 1, 1620	ਗੰਗਾ ਜੀ	ਹਰਿਗੋਬਿੰਦ ਸਾਹਿਬ ਜੀ	1.9.1581 ਭਾਦੋਂ ਸੁਦੀ 2, 1638 25 ਸਾਲ	ਸ੍ਰੀ ਗੋਬਿੰਦਪੁਰ ਬਿਆਸ ਕੰਢੇ 1587, ਤਰਨਤਾਰਨ 1590, ਕਰਤਾਰਪੁਰ ਸੋਢੀਆਂ 1593, ਛੇਹਰਟਾ 1595	30.5.1606 ਜੇਠ ਸੁਦੀ 4, 1663 ਲਾਹੌਰ (ਪਾਕਿਸਤਾਨ)	ਗਉੜੀ ਸੁਖਮਨੀ, ਮਾਝ ਬਾਰਹ ਮਾਹ, ਬਾਵਨ ਅਖਰੀ, ਕੁਲ ਸ਼ਬਦ 2312, 30 ਰਾਗਾਂ ਵਿਚ ਹੈ।	43	ਅਕਬਰ ਜਹਾਂਗੀਰ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	ਸ੍ਰੀ ਗੁਰੂ ਅਰਜਨ ਦੇਵ ਜੀ ਗੰਗਾ ਜੀ	ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ	14.6.1595 ਹਾੜ ਵਦੀ 1, 1652	ਦਮੋਦਰੀ ਨਾਨਕੀ ਜੀ ਮਹਾਦੇਵੀ ਜੀ	ਗੁਰਦਿੱਤਾ ਜੀ, ਅਣੀ ਰਾਇ, ਅਟਲ ਰਾਇ, ਤੇਗ ਬਹਾਦਰ ਸੂਰਜ ਮਲ, ਬੀਬੀ ਵੀਰੋ ਜੀ,	1.6.1606 ਹਾੜ ਸੁਦੀ 10, 1663 38 ਸਾਲ	ਕੀਰਤਪੁਰ 1626 ਭਾਈ ਰੂਪਾ (ਫਿਰੋਜ਼ਪੁਰ) 1628	3.3.1644 ਚੇਤ ਵਦੀ 13, 1701 ਕੀਰਤਪੁਰ ਸਾਹਿਬ	—	49	ਜਹਾਂਗੀਰ ਸ਼ਾਹ ਜਹਾਨ
ਸ੍ਰੀ ਗੁਰੂ ਹਰਿਰਾਇ ਸਾਹਿਬ ਜੀ	ਬਾਬਾ ਗੁਰਦਿੱਤਾ ਜੀ ਨਿਹਾਲ ਕੌਰ ਜੀ	ਕੀਰਤਪੁਰ ਜ਼ਿਲ੍ਹਾ ਰੋਪੜ	16.1.1630 ਮਾਘ ਸੁਦੀ 13, 1686	ਕ੍ਰਿਸ਼ਨ ਕੌਰ ਜੀ	ਰਾਮ ਰਾਏ, ਰੂਪ ਕੌਰ ਹਰਿ ਕ੍ਰਿਸ਼ਨ ਸਾਹਿਬ	3.3.1644 ਚੇਤ ਵਦੀ 13, 1701 17 ਸਾਲ 6 ਮਹੀਨੇ	—	6.10.1661 ਕੱਤਕ ਵਦੀ 9, 1718 ਕੀਰਤਪੁਰ ਸਾਹਿਬ	—	32	ਸ਼ਾਹ ਜਹਾਨ ਔਰੰਗਜ਼ੇਬ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	ਸ੍ਰੀ ਗੁਰੂ ਹਰਿਰਾਇ ਜੀ ਕ੍ਰਿਸ਼ਨ ਕੌਰ ਜੀ	ਕੀਰਤਪੁਰ ਜ਼ਿਲ੍ਹਾ ਰੋਪੜ	7.7.1656 ਸਾਵਣ ਵਦੀ 9, 1713	—	—	6.10.1661 ਕੱਤਕ ਵਦੀ 9 1718 2 ਸਾਲ 6 ਮਹੀਨੇ	—	30.3.1664 ਚੇਤ ਸੁਦੀ 13, 1721 ਭੋਂਗਲ (ਦਿੱਲੀ)	—	8	ਔਰੰਗਜ਼ੇਬ
ਸ੍ਰੀ ਗੁਰੂ ਤੇਗ ਬਹਾਦਰ ਜੀ	ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਨਕੀ ਜੀ	ਸ੍ਰੀ ਅੰਮ੍ਰਿਤਸਰ	1.4.1621 ਵਿਸਾਖ ਵਦੀ 5, 1678	ਗੁਜਰੀ ਜੀ	ਗੋਬਿੰਦ ਸਿੰਘ ਜੀ	11.8.1664 ਭਾਦੋਂ ਅਮਾਵਸ 1721 11 ਸਾਲ 3 ਮਹੀਨੇ	ਸ੍ਰੀ ਅਨੰਦਪੁਰ ਸਾਹਿਬ ਸਤਲੁਜ ਕੰਢੇ 1666 ਗੁਰੂ ਕਾ ਲਾਹੌਰ, ਬਭੌਰ ਸਾਹਿਬ	11.11.1675 ਮਘਰ ਸੁਦੀ 5, 1732 ਸੀਸ ਗੰਜ ਦਿੱਲੀ	ਕੁਲ 116 ਸ਼ਬਦ ਤੇ ਸਲੋਕ ਹਨ 15 ਰਾਗਾਂ ਵਿਚ ਹੈ	54	ਔਰੰਗਜ਼ੇਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ	ਸ੍ਰੀ ਗੁਰੂ ਤੇਗ ਬਹਾਦਰ ਜੀ ਗੁਜਰੀ ਜੀ	ਸ੍ਰੀ ਪਟਨਾ ਸਾਹਿਬ (ਬਿਹਾਰ)	22.12.1666 ਪੋਹ ਸੁਦੀ ਸਤਵੀਂ 1723	ਅਜੀਤ ਕੌਰ ਜੀ ਸੁੰਦਰ ਕੌਰ ਜੀ ਸਾਹਿਬ ਕੌਰ ਜੀ	ਅਜੀਤ ਸਿੰਘ ਜੀ, ਜੁਝਾਰ ਸਿੰਘ ਜੀ, ਜ਼ੋਰਾਵਰ ਸਿੰਘ ਜੀ, ਫਤਹਿ ਸਿੰਘ ਜੀ	9.11.1675 ਮੱਘਰ ਸੁਦੀ 3, 1732 33 ਸਾਲ	ਸ੍ਰੀ ਪਾਉਂਟਾ ਸਾਹਿਬ ਜਮਨਾ ਕੰਢੇ 1684, ਮੁਕਤਸਰ ਗੁਰੂ ਕਾਂਸ਼ੀ ਦਮਦਮਾ ਸਾਹਿਬ 1706	7.10.1708 ਕਤਕ ਸੁਦੀ 5, 1765 ਨੰਦੇੜ ਹਜ਼ੂਰ ਸਾਹਿਬ	ਜਾਪ, ਅਕਾਲ ਉਸਤਤਿ, ਚੌਪਈ, ਬਚਿੱਤਰ ਨਾਟਕ, ਸਵੱਯੇ, ਸ਼ਬਦ ਹਜ਼ਾਰੇ, ਜ਼ਫਰਨਾਮਾ (ਦਸਮ ਗ੍ਰੰਥ)	42	ਔਰੰਗਜ਼ੇਬ ਬਹਾਦਰਸ਼ਾਹ
ਪ੍ਰਗਟ ਗੁਰਾਂ ਕੀ ਦੇਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ		ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ	16.8.1604 ਭਾਦਰੋਂ ਸੁਦੀ 1, 1661			4.10.1708 ਕੱਤਕ ਸੁਦੀ 2, 1765		ਜੁਗੋ ਜੁਗ ਅਟੱਲ	ਕੁਲ ਸ਼ਬਦ, ਸਲੋਕ ਛੰਤ ਆਦਿ 5867 31 ਰਾਗਾਂ ਵਿਚ ਹੈ, ਕੁਲ 1430 ਪੰਨੇ ਹਨ	ਜੁਗੋ ਜੁਗ ਅਟੱਲ	

ਪੰਜ ਪਿਆਰੇ, ਜਿਨ੍ਹਾਂ ਨੂੰ ਦਸਮ ਪਿਤਾ ਨੇ ਵਿਸਾਖੀ ਸੰਨ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ: • ਭਾਈ ਦਇਆ ਸਿੰਘ ਜੀ • ਭਾਈ ਧਰਮ ਸਿੰਘ ਜੀ • ਭਾਈ ਹਿੰਮਤ ਸਿੰਘ ਜੀ • ਭਾਈ ਮੋਹਕਮ ਸਿੰਘ ਜੀ • ਭਾਈ ਸਾਹਿਬ ਸਿੰਘ ਜੀ।
ਪੰਜ ਬਾਣੀਆਂ (ਨਿੱਤਨੇਮ): • ਜਪੁਜੀ ਸਾਹਿਬ • ਜਾਪੁ ਸਾਹਿਬ • ਸਵੱਯੇ ਪਾਤਸ਼ਾਹੀ ੧੦ (ਸ੍ਰਾਵਗ ਸੁਧ) • ਸੋਦਰੁ ਰਹਿਰਾਸ • ਕੀਰਤਨ ਸੋਹਿਲਾ।
ਪੰਜ ਤਖਤ ਸਾਹਿਬਾਨ: • ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ (ਪੰਜਾਬ) • ਸ੍ਰੀ ਪਟਨਾ ਸਾਹਿਬ (ਬਿਹਾਰ) • ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ (ਪੰਜਾਬ) • ਸ੍ਰੀ ਹਜ਼ੂਰ ਸਾਹਿਬ ਨੰਦੇੜ (ਮਹਾਂਰਾਸ਼ਟਰ) • ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਬਠਿੰਡਾ (ਪੰਜਾਬ)
ਪੰਜ ਕਕਾਰ: • ਕੱਛ • ਕੜਾ • ਕ੍ਰਿਪਾਨ • ਕੰਘਾ • ਕੇਸ
ਚਾਰ ਕੁਰਹਿਤਾਂ: • ਕੇਸਾਂ ਦੀ ਬੇਅਦਬੀ ਨਹੀਂ ਕਰਨੀ • ਕੁੱਠਾ (ਹਲਾਲ) ਨਹੀਂ ਖਾਣਾ • ਪਰਾਈ ਇਸਤਰੀ ਜਾਂ ਪੁਰਸ਼ ਨੂੰ ਸਦਭਾਵਨਾ ਨਾਲ ਨਹੀਂ ਵੇਖਣਾ • ਤਮਾਕੂ ਦੀ ਵਰਤੋਂ ਨਹੀਂ ਕਰਨੀ।
ਸ੍ਰੀ ਹਰਿਮੰਦਰ ਸਾਹਿਬ: ਸਿੱਖ ਪੰਥ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ 14 ਜਨਵਰੀ, 1589 ਨੂੰ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਨੇ ਰੱਖੀ।

Sri Satguru Jagjit Singh Ji eLibrary
NamdhariElibrary@gmail.com

ਗੁਰੂ ਨਾਨਕ ਦੇਵ ਜੀ

(1469–1539)

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਈਸਵੀ ਨੂੰ ਅੰਮ੍ਰਿਤ ਵੇਲੇ ਤਲਵੰਡੀ 'ਰਾਇ ਭੋਇ' (ਪੰਜਾਬ) ਵਿਚ ਹੋਇਆ। ਆਪ ਦੇ ਪਿਤਾ ਮਹਿਤਾ ਕਲਿਆਣ ਦਾਸ (ਕਾਲੂ) ਜੀ ਸਨ ਤੇ ਮਾਤਾ ਤ੍ਰਿਪਤਾ ਜੀ ਸਨ। ਤਲਵੰਡੀ ਨਨਕਾਣਾ ਸਾਹਿਬ ਦੇ ਨਾਂ ਨਾਲ ਮਸ਼ਹੂਰ ਹੋ ਗਈ।

ਤਾਰੀਖ-ਇ-ਪੰਜਾਬ ਦਾ ਲਿਖਾਰੀ ਕਨ੍ਹੱਈਆ ਲਾਲ ਦੱਸਦਾ ਹੈ ਕਿ ਛੋਟੀ ਉਮਰੇ ਹੀ ਨਾਨਕ ਜੀ ਦੀਆਂ ਆਦਤਾਂ ਬੁਜ਼ਰਗਾਂ ਵਾਲੀਆਂ ਸਨ। ਪੰਡਤ ਗੋਪਾਲ ਜੀ ਪਾਸੋਂ ਮੁੱਢਲੀ ਵਿਦਿਆ ਪ੍ਰਾਪਤ ਕੀਤੀ। ਪੰਡਿਤ ਬ੍ਰਿਜ ਲਾਲ ਪਾਸੋਂ ਸੰਸਕ੍ਰਿਤ, ਮੌਲਵੀ ਕੁਤਬੁਦੀਨ ਪਾਸੋਂ ਫਾਰਸੀ ਪੜ੍ਹੀ। 15 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਮਾਤਾ ਸੁਲੱਖਣੀ ਨਾਲ ਹੋਈ। ਉਨ੍ਹਾਂ ਦੇ ਦੋ ਬੱਚੇ ਸਨ। ਸਿਰੀ ਚੰਦ (ਬਾਅਦ ਵਿਚ ਉਦਾਸੀ) ਤੇ ਲਖਮੀ ਚੰਦ।

ਭਾਈ ਜੈ ਰਾਮ ਜੀ ਦੇ ਵਸੀਲੇ ਨਾਲ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ਨਵਾਬ ਦੌਲਤ ਖਾਨ ਦੇ ਮੋਦੀ ਬਣੇ। 30 ਸਾਲ ਦੀ ਉਮਰੇ 1499 ਈਸਵੀ ਵਿਚ ਸੁਲਤਾਨਪੁਰ ਵਿਖੇ ਤਿੰਨ ਦਿਨ ਦੀ ਸਮਾਧੀ ਵਿਚ ਉਨ੍ਹਾਂ ਨੂੰ ਇਲਹਾਮ ਹੋਇਆ ਮੰਨਿਆਂ ਜਾਂਦਾ ਹੈ। ਉਨ੍ਹਾਂ ਨੂੰ ਜਾਪਿਆ ਕੋਈ ਜੋਤ ਉਨ੍ਹਾਂ ਅੰਦਰ ਲਿਸ਼ਕਾਂ ਮਾਰ ਰਹੀ ਹੈ। ਸਮਾਧੀ ਵਿਚੋਂ ਸੁਰਤ ਵਿਚ ਆ ਕੇ ਜਿਹੜੇ ਪਹਿਲੇ ਲਫਜ਼ ਉਨ੍ਹਾਂ ਦੇ ਮੂੰਹੋਂ ਨਿਕਲੇ, ਉਹ ਇਹ ਸਨ, "ਨਾ ਕੋਈ ਹਿੰਦੂ, ਨਾ ਮੁਸਲਮਾਨ।"

ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਮਾਧੀ ਤੋਂ ਬਾਅਦ ਉਨ੍ਹਾਂ ਦਿਨਾਂ ਵਿਚ ਮੂਲ ਮੰਤਰ ਉਚਾਰਿਆ:-

"ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤ ਅੰਜੁਨੀ ਸੈਭੰ ਗੁਰਪ੍ਰਸਾਦਿ।"

(ਇਕ-ਰਸ-ਵਿਆਪਕ ਈਸ਼ਵਰ ਇਕ ਹੈ, ਉਸ ਦਾ ਨਾਮ ਸੱਤ (ਸਤਯ= ਹੋਂਦ ਵਾਲਾ ਹੈ, ਉਹ ਸ੍ਰਿਸ਼ਟੀ ਦਾ ਰਚਨਹਾਰ ਹੈ, ਉਹ ਭੈ ਤੋਂ ਰਹਿਤ ਹੈ, ਉਹ ਵੈਰ ਤੋਂ ਰਹਿਤ ਹੈ, ਉਸਦਾ ਸਰੂਪ ਕਾਲ ਤੋਂ ਰਹਿਤ ਹੈ (ਸਮੇਂ ਦਾ ਉਸ ਉਤੇ ਅਸਰ ਨਹੀਂ ਹੁੰਦਾ), ਉਹ ਜੂਨਾਂ ਵਿਚ ਨਹੀਂ ਆਉਂਦਾ, ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੈ, ਤੇ ਉਹ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।)

ਭਾਈ ਗੁਰਦਾਸ ਜੀ ਸਮਾਧੀ ਵਾਲੀ ਘਟਨਾ ਬਾਰੇ ਦੱਸਦੇ ਹਨ ਕਿ ਬਾਬਾ ਵਾਹਿਗੁਰੂ ਨਾਲ ਇਕ ਹੋਇਆ ਤੇ ਜੀਵਨ ਦਾ ਅਗਲਾ ਪ੍ਰੋਗਰਾਮ ਬਣਾਇਆ। ਗੁਰੂ ਜੀ ਨੇ ਧਿਆਨ ਨਾਲ ਦੇਖਿਆ ਕਿ ਸਾਰੀ ਪ੍ਰਿਥਵੀ ਉਤੇ ਹਾਹਾਕਾਰ ਮੱਚੀ ਹੋਈ ਹੈ। ਬਗੈਰ ਰਾਹ ਦੱਸਣ ਵਾਲੇ ਦੇ ਲੋਕਾਈ ਭਟਕ ਰਹੀ ਹੈ। ਇਸ ਨੂੰ ਸੁਧਾਰਨ ਦਾ ਪ੍ਰੋਗਰਾਮ ਬਣਾਇਆ।

"ਬਾਬਾ ਪੈਧਾ ਸੱਚ ਖੰਡਿ, ਨਉ ਨਿਧ ਨਾਮ ਗਰੀਬੀ ਪਾਈ।
ਬਾਬਾ ਦੇਖੈ ਧਿਆਨੁ ਧਰਿ, ਜਲਤੀ ਸਭ ਪ੍ਰਿਥਮੀ ਦਿਸਿ ਆਈ।
ਬਾਝਹੁ ਗੁਰੂ ਗਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਚੜ੍ਹਿਆ ਸੋਧਣ ਧਰਤ ਲੁਕਾਈ।" [4]

ਉਨ੍ਹਾਂ ਦੀਆਂ ਲੋਕ ਭਲਾਈ ਦੀਆਂ ਫੇਰੀਆਂ, ਜੋ ਉਨ੍ਹਾਂ ਨੇ ਪੈਦਲ ਚਲ ਕੇ ਦੁਨੀਆਂ ਦੇ ਕੋਨੇ ਕੋਨੇ ਤੱਕ ਕੀਤੀਆਂ, ਨੂੰ ਉਦਾਸੀਆਂ ਆਖਦੇ ਹਨ। ਉਦਾਸੀ ਦੇ ਅਰਥ ਹਨ ਉਪਰਾਮ ਹੋਣਾ, ਫਿਕਰਮੰਦ ਹੋਣਾ। ਗੁਰੂ ਜੀ ਲੋਕ ਭਲਾਈ ਦਾ ਫਿਕਰ ਲੈ ਕੇ ਸੱਚ ਦੇ ਪਰਚਾਰ ਲਈ ਨਿਕਲੇ ਸਨ।

ਸੀ. ਐਚ. ਪੇਨ ਕਹਿੰਦਾ ਹੈ, "ਗੁਰੂ ਨਾਨਕ ਦੇਵ ਜੀ ਨੇ ਉਹ ਗੱਲ ਸਮਝ ਲਈ ਸੀ, ਜਿਹੜੀ ਵਰਤੋਂ ਸਿਖਾਲਏ, ਜਿਹੜਾ ਇਹ ਨਾ ਸਿਖਲਾਏ ਕਿ ਦੁਨੀਆਂ ਤੋਂ ਬਚੀਦਾ ਕਿਵੇਂ ਹੈ, ਬਲਕਿ ਸਿਖਲਾਏ ਦੁਨੀਆਂ ਵਿਚ ਚੰਗੀ ਤਰ੍ਹਾਂ ਰਹੀਦਾ ਕਿਵੇਂ ਹੈ। ਜਿਹੜਾ ਨਾ ਸਿਖਾਏ ਕਿ ਬਦੀਆਂ ਤੋਂ ਭੱਜੀਦਾ ਕਿਵੇਂ ਹੈ, ਬਲਕਿ ਸਿਖਲਾਏ ਕਿ ਬਦੀਆਂ ਦਾ ਟਾਕਰਾ ਕਰਕੇ ਸਫਲ ਕਿਵੇਂ ਹੋਣਾ ਹੈ।" [5]

ਮੈਲਕਮ ਕਹਿੰਦਾ ਹੈ, " ਗੁਰੂ ਨਾਨਕ ਦੇਵ ਜੀ ਲੋਕਾਂ ਦੇ ਮਨਾਂ ਵਿਚ ਵਾਹਿਗੁਰੂ ਦੀ ਭਗਤੀ ਤੇ ਭਰਾ ਭਰਾ ਲਈ ਪਿਆਰ ਸਿਰਜਣਾ ਚਾਹੁੰਦੇ ਸਨ। ਇਸ ਉੱਤਮ ਕੰਮ ਲਈ ਉਨ੍ਹਾਂ ਨੂੰ ਦੋ ਸਖਤ ਵਿਰੋਧੀ ਤਾਕਤਾਂ ਨਾਲ ਲੜਨਾ ਪਿਆ। ਇਕ ਮਜ਼ਬੂਤੀ ਤੁਅਸਬ ਨਾਲ ਦੂਜੇ ਡੂੰਘੀ ਵਹਿਮ ਪ੍ਰਸਤੀ ਨਾਲ। ਉਨ੍ਹਾਂ ਨੇ ਸੂਝ ਤੇ ਸਨੇਹ ਨਾਲ ਦੋਹਾਂ ਉੱਤੇ ਹੀ ਜਿੱਤ ਪਾਈ। [6]

ਕੰਨਿਘਮ ਲਿਖਦਾ ਹੈ, "ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਗਲਤੀਆਂ ਤੋਂ ਬਚਾ ਲਿਆ ਜਿਨ੍ਹਾਂ ਤੋਂ ਭਾਰਤ ਵਾਸੀ ਲੋਕ ਸਦੀਆਂ ਤੋਂ ਸ਼ਿਕਾਰ ਹੁੰਦੇ ਆ ਰਹੇ ਸਨ। ਗੁਰੂ ਨਾਨਕ ਨੇ ਸਿੱਖਾਂ ਨੂੰ ਇਕ ਅਕਾਲ ਪੁਰਖ ਦੀ ਉਪਾਸਨਾ ਦੀ ਤੇ ਪਵਿੱਤਰ ਆਚਰਨ ਦੀ ਸਿੱਖਿਆ ਦਿੱਤੀ ਤੇ ਇਸ ਤਰ੍ਹਾਂ ਉਹ ਆਪਣੇ ਸਰਲ, ਸਪਸ਼ਟ. ਸੁਤੰਤਰ ਅਤੇ ਰੀਤਾਂ ਰਸਮਾਂ ਤੋਂ ਆਜ਼ਾਦ ਸ਼ਰਧਾਲੂਆਂ ਦਾ ਸੋਹਣਾ ਪੰਥ ਸਾਜ ਗਏ।" [7]

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇ ਉਪਦੇਸ਼ ਨੂੰ ਚਾਰ ਸ਼ਬਦਾਂ ਵਿਚ ਆਖਿਆ ਜਾ ਸਕਦਾ ਹੈ:

1. ਏਕਤਾ
2. ਬਰਾਬਰੀ
3. ਸ਼ਰਧਾ
4. ਪਿਆਰ

ਏਕਤਾ ਵਾਹਿਗੁਰੂ ਨਾਲ, ਬਰਾਬਰੀ ਮਨੁੱਖਾਂ ਨਾਲ, ਸ਼ਰਧਾ ਤੇ ਪਿਆਰ ਮਨੁੱਖ ਨੂੰ ਕਾਮਯਾਬੀ ਹਾਸਲ ਕਰਨ ਲਈ ਰਾਹ ਦੱਸਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਜਾਤ ਪਾਤ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ।

"ਜਾਤਿ ਜਨਮੁ ਨਹ ਪੂਛਿਐ, ਸਚ ਘਰੁ ਲੈਹੁ ਬਤਾਇ,
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ।"

(ਪਰਭਾਤੀ)

ਮਨੁੱਖ ਦੇ ਅੰਦਰਲੇ ਗੁਣ ਦੇਖਣੇ ਚਾਹੀਦੇ ਹਨ, ਉਪਰਲੀ ਰਹਿਤ ਬਹਿਤ ਕੁਝ ਨਹੀਂ ਕਰ ਸਕੇਗੀ।

ਫਰੈਡਰਿਕ ਪਿਕਨਾਟ ਲਿਖਦਾ ਹੈ, "ਗੁਰੂ ਨਾਨਕ ਨੇ ਇਹ ਸੱਦਾ ਘਰ ਘਰ ਪਹੁੰਚਾ ਦਿੱਤਾ ਕਿ ਸਾਰੇ ਇਕੋ ਜਿਹੇ ਹਨ। ਕੋਈ ਉੱਚਾ ਕੋਈ ਨੀਵਾਂ ਨਹੀਂ, ਕੋਈ ਮੰਦਾ, ਕੋਈ ਚੰਗਾ, ਕੋਈ ਖਾਸ, ਕੋਈ ਆਮ ਤੇ ਕੋਈ ਅਛੂਤ ਨਹੀਂ, ਬਲਕਿ ਸਾਰੇ ਇਕੋ ਜਿਹੇ ਹਨ। ਰੱਬ ਸਾਰਿਆਂ ਦਾ ਸਾਂਝਾ ਬਾਪ ਹੈ ਤੇ ਸਾਰੇ ਲੋਕੀਂ ਆਪਸ ਵਿਚ ਭਰਾ ਭਰਾ ਹਨ।"

ਗੁਰੂ ਨਾਨਕ ਦੇਵ ਜੀ ਔਰਤ ਦੀ ਉਸਤਤਿ ਕਰਦੇ ਹੋਏ ਆਖਦੇ ਹਨ, "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ।"

ਜ਼ਬਰ ਵਿਰੁੱਧ ਪਰਚਾਰ ਕੀਤਾ। ਸੱਚ ਤੇ ਹੱਕ ਵਿਚ ਆਵਾਜ਼ ਉਠਾਉਣ ਲਈ ਪ੍ਰੇਰਨਾ ਕੀਤੀ। ਸਾਦਗੀ ਅਤੇ ਪਾਕੀਜ਼ਗੀ (ਪਵਿਤ੍ਰਤਾ ਤੇ ਸਰਲਤਾ) ਵਿਚ ਰਹਿ ਕੇ ਵਾਹਿਗੁਰੂ ਨਾਲ ਇਕਮੁਕ ਹੋਇਆ ਜਾ ਸਕਦਾ ਹੈ।

ਸੀ. ਐਚ. ਪੇਨ ਠੀਕ ਕਹਿੰਦਾ ਹੈ ਕਿ ਅਮਲੀ ਧਰਮ ਗੁਰੂ ਨਾਨਕ ਜੀ ਨੇ ਦਰਸਾਇਆ। ਮੁਸਲਮਾਨਾਂ, ਹਿੰਦੂਆਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਸਿਪਾਹੀਆਂ, ਗ੍ਰਹਿਸਤੀਆਂ ਨੂੰ ਉਨ੍ਹਾਂ ਦੇ ਕੰਮਾਂ ਵਿਚ ਰਹਿੰਦੇ ਹੋਏ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਦੱਸਿਆ। ਫੋਕੀਆਂ ਫਿਲਾਸਫੀਆਂ, ਰਸਮਾਂ ਰਿਵਾਜ਼ਾਂ, ਜਾਤਾਂ ਤੋਂ ਉੱਚਾ ਉੱਠਣ ਦੀ ਪ੍ਰੇਰਨਾ ਕੀਤੀ।[8]

ਗੁਰੂ ਜੀ ਨੇ ਆਪਣੇ ਉਪਦੇਸ਼ਾਂ ਨੂੰ ਨਾਮ, ਦਾਨ, ਇਸ਼ਨਾਨ ਦ੍ਰਿੜ ਕਰਨਾ ਵੀ ਕਿਹਾ ਹੈ। ਨਾਮ ਦੇ ਅਰਥ ਹਨ, ਰੱਬ ਵੱਲ ਮੂੰਹ, ਦਾਨ ਦੇ ਅਰਥ ਹਨ, ਦੁਨੀਆਂ ਦਾ ਦਰਦ ਵੰਡਾਉਣਾ ਅਤੇ ਇਸ਼ਨਾਨ ਦੇ ਅਰਥ ਹਨ, ਆਪੇ ਵੱਲ ਵੇਖਣਾ, ਆਪਣੀ ਸ਼ਖਸੀਅਤ ਸੰਵਾਰਨੀ। ਨਾਮ, ਦਾਨ, ਨਾਲ ਸਵਾਰੀ ਸ਼ਖਸੀਅਤ ਹੀ ਕਿਸੇ ਦਾ ਕੁਝ ਸਵਾਰ ਸਕੇਗੀ। ਪਿੱਛੋਂ ਦੇ ਸਿਆਣੇ ਸਾਖੀਦਾਰਾਂ ਨੇ ਗੁਰੂ ਮਹਾਰਾਜ ਜੀ ਦੇ ਉਪਦੇਸ਼ ਨੂੰ ਕਿਰਤ, ਨਾਮ ਜਪਣ ਤੇ ਵੰਡ ਛਕਣ ਵਿਚ ਦਰਸਾਇਆ ਹੈ। ਡਾਕਟਰ ਮੁਜੀਬ ਦਾ ਖਿਆਲ ਹੈ ਕਿ ਇਤਨੀ ਸਾਦਾ, ਸਿੱਧੀ ਸਪਸ਼ਟ ਤੇ ਸਰਬੰਗੀ ਵਿਆਖਿਆ ਇਸਲਾਮ ਵਿਚ ਢੂੰਡਿਆਂ ਨਹੀਂ ਮਿਲੇਗੀ। ਕਿਰਤ ਨੂੰ ਪਹਿਲ ਦੇਣੀ ਨਾਮ ਨੂੰ ਵਿਚਕਾਰ ਰੱਖਣਾ ਅਤੇ ਵੰਡ ਛਕਣ ਨੂੰ ਪਿੱਛੇ ਤੇ ਨਾਮ ਦੇ ਸਹਾਰੇ ਰੱਖਣਾ ਹੀ ਸਿੱਖੀ ਦਾ ਮੂਲ ਸਿਧਾਂਤ ਦ੍ਰਿੜਾਉਂਦਾ ਹੈ।

ਸਿੱਖ ਹਰ ਦੀਵਾਨ ਵਿਚ ਇਕ ਆਵਾਜ਼ ਵਿਚ ਹਰ ਰੋਜ਼ ਇਹ ਸ਼ਬਦ, "ਨਾਨਕ ਨਾਮ, ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦੁਹਰਾਉਂਦੇ ਹਨ।

ਨਾਮ ਵਿਚ ਰਵ੍ਹੋ, ਸਦਾ ਅੱਗੇ ਵਧੋ, ਵਾਹਿਗੁਰੂ ਦੇ ਹੁਕਮ ਨੂੰ ਹੱਸ ਕੇ ਮੰਨੋ ਤੇ ਕਿਸੇ ਦਾ ਬੁਰਾ ਨਾ ਚਿਤਵੋ। ਨਾਮ ਸੁਰਤ ਨੂੰ ਹੇਠਾਂ ਨਹੀਂ ਡਿੱਗਣ ਦੇਵੇਗਾ। ਸਦਾ ਚੜ੍ਹਦੀ ਕਲਾ ਵਿਚ ਲੈ ਜਾਏਗਾ। ਉੱਚੀ ਸੁਰਤ ਵਾਲਾ ਵਾਹਿਗੁਰੂ (ਨਾਮ) ਦੇ ਹਰ ਕਰਮ ਵਿਚ ਭਲਾ ਤੇ ਸ਼ੁਕਰ ਦੇਖੇਗਾ ਅਤੇ ਉਸ ਦੀ ਦ੍ਰਿਸ਼ਟੀ ਇਤਨੀ ਵਿਸ਼ਾਲ ਹੋ ਜਾਏਗੀ ਕਿ ਨਿੱਜੀ ਲਾਭ ਹਿੱਤ ਸੰਘਰਸ਼ ਨਹੀਂ ਕਰੇਗਾ ਸਗੋਂ ਸੰਗਤ ਤੇ ਸਰਬਤ ਦੇ ਭਲੇ ਲਈ ਜੂਝੇਗਾ।

ਸੀ. ਐਚ. ਪੇਨ ਨੇ ਕਿਹਾ ਹੈ ਕਿ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਲਈ ਸਿੱਖ ਧਰਮ ਬੋਲਦਾ ਤੇ ਸੰਘਰਸ਼ ਕਰਦਾ ਹੈ।


ਗੁਰੂ ਨਾਨਕ ਦੇਵ ਜੀ ਲੋਕਾਈ ਦਾ ਦਰਦ ਲੈ ਕੇ ਉਦਾਸੀਆਂ ਲਈ ਪੈਦਲ ਚੱਲ ਪਏ।

Sri Satguru Jagjit Singh Ji eLibrary NamdhariElibrary@gmail.com

ਉਦਾਸੀਆਂ

ਪਹਿਲੀ ਉਦਾਸੀ (1507 ਤੋਂ 1515 ਈ.):

ਅਕਤੂਬਰ ਸੰਨ 1507 ਤੋਂ 1515 ਤੱਕ ਸੁਲਤਾਨਪੁਰ ਤੋਂ ਤਲਵੰਡੀ, ਸੈਦਪੁਰ, ਐਮਨਾਬਾਦ ਵਿਚ ਭਾਈ ਲਾਲੋ ਨਾਲ ਮੇਲ ਹੋਇਆ। ਐਮਨਾਬਾਦ ਤੋਂ ਲਾਹੌਰ, ਤਾਰਨ ਤਾਰਨ ਦੇ ਨੇੜੇ ਦਿਆਲਪੁਰ ਇਕ ਕੋਹੜੀ ਦੇ ਘਰ ਗਏ ਤੇ ਫੇਰ ਹਰਦੁਆਰ ਵੈਸਾਖੀ ਦੇ



ਸਮੇਂ ਤਰਕ ਨਾਲ ਸਮਝਾਇਆ ਕਿ ਸੂਰਜ ਨੂੰ ਦਿੱਤਾ ਪਾਣੀ ਪਿਤਰਾਂ ਤਕ ਨਹੀਂ ਪੁੱਜਦਾ। ਦਲੀਲ ਅੱਗੇ ਸਾਰਿਆਂ ਦਾ ਸਿਰ ਝੁੱਕ ਗਿਆ। ਫੋਕੀਆਂ ਰਸਮਾਂ ਨੂੰ ਛਡਣ ਵਲ ਸਭ ਦਾ ਧਿਆਨ ਗਿਆ। ਫੇਰ ਗੋਰਖ ਮਤਾ, ਪ੍ਰਯਾਗ ਤੇ ਬਨਾਰਸ ਗਏ ਉਥੋਂ ਗਯਾ ਪੁੱਜੇ। ਪਟਨਾ ਤੋਂ ਹਾਜੀਪੁਰ, ਮੁੰਘੇਰ, ਭਾਗਲਪੁਰ, ਸਾਹਿਬ ਗੰਜ, ਰਾਜ ਮਹਿਲ, ਨਗਰ ਤੋਂ ਹੁੰਦੇ ਹੋਏ ਮਾਲਦਾ ਪੁੱਜੇ। ਮੁਖਸੂਦਾਬਾਦ (ਮੁਰਸ਼ਦਾਬਾਦ) ਤੋਂ ਕ੍ਰਿਸ਼ਨ ਨਗਰ, ਸ਼ਾਹਜਾਦਪੁਰ, ਸੀਰਾਜ ਗੰਜ, ਕਾਸ ਗੰਜ ਤੇ ਕਲੇਰੀ ਨਦੀ ਪਾਰ ਕਰਕੇ ਬੰਗਾਲ ਤੇ ਅਸਾਮ ਦੀ ਧਰਤੀ ਉੱਤੇ ਪੁੱਜੇ। ਭਗਤ ਜੈ ਦੇਵ ਨੂੰ ਮਿਲੇ। ਝੰਡਾ ਬਾਢੀ, ਕਲੱਕਤਾ, ਜਗਨ ਨਾਥ ਲੰਕਾ ਆਦਿ ਗਏ। ਭਾਈ ਨਾਮਦੇਵ ਜੀ ਦੇ ਅਸਥਾਨ ਤੇ ਗਏ। ਕੌਡੇ ਰਾਖਸ਼ ਨੂੰ ਇਨਸਾਨੀ ਕਰਮ ਅਪਨਾਉਣ ਲਈ ਪ੍ਰੇਰਨਾ ਦਿੱਤੀ।

ਬਿਦਰ, ਨਾਨਕ ਝੀਰਾ (ਆਂਧਰਾ ਪ੍ਰਦੇਸ਼) ਤੇ ਕੋਚੀਨ ਗਏ। ਭਾਈ ਤਰਲੋਚਨ ਦੇ ਪਿੰਡ ਭੀ ਗਏ। ਬਿੰਦਰਾਬਨ (ਮਥਰਾ) ਕੁਰਖੇਤਰ, ਪੋਹੇ ਗਏ। ਮੁੜ ਤਲਵੰਡੀ ਆ ਗਏ।

Sri Satguru Jagjit Singh Ji eLibrary NamdhariElibrary@gmail.com

ਦੂਜੀ ਉਦਾਸੀ (1517 ਤੋਂ 1518 ਈ.):

'ਫਿਰ ਜਾ ਚੜੇ ਸਮੇਰ ਪੁਰ ਸਿੱਧ ਮੰਡਲੀ ਦ੍ਰਿਸ਼ਟੀ ਆਈ।'

ਸਿੱਧਾਂ ਨਾਲ ਚਰਚਾ ਕੀਤੀ। ਫੇਰ ਕਸ਼ਮੀਰ, ਜੰਮੂ, ਸਿਆਲਕੋਟ, ਹਮਜਾ ਗੌਸ ਨੂੰ ਦੱਸਿਆ ਪੀਰੀ, ਝੂਠ ਦੀ ਸਜ਼ਾ ਸਾਰੇ ਸ਼ਹਿਰ ਨੂੰ ਦੇਣ ਵਿਚ ਨਹੀਂ ਹੈ ਸਗੋਂ ਸਰਬਤ ਦੇ ਭਲੇ ਵਿਚ ਹੈ।

ਤੀਜੀ ਉਦਾਸੀ (1518 ਤੋਂ 1521 ਈ.):

'ਬਾਬਾ ਫਿਰ ਮੱਕੇ ਗਇਆ ਨਾਲ ਬਸਤ੍ਰ ਬਨਵਾਰੀ।'

ਉਨ੍ਹਾਂ ਦੇ ਨਾਲ ਰਬਾਬੀ ਮਰਦਾਨਾ ਭੀ ਸੀ। ਪਾਕਪਟਨ ਵਿਚ ਸੱਜਣ ਠੱਗ ਨੂੰ ਸ਼ਬਦ ਦੀ ਚੋਟ ਨਾਲ ਸਮਝਾਇਆ। ਮੱਕੇ ਵਿਚ ਰੁਕਨਦੀਨ, ਕਾਜ਼ੀ ਤੇ ਮੁੱਲਾ ਨੂੰ ਦਰਸਾਇਆ ਕਿ ਖੁਦਾ ਹਰ ਥਾਂ ਹੈ, ਹਰ ਪਾਸੇ ਹੈ, ਹਰ ਇਨਸਾਨ, ਜਾਨਵਰ ਹੈਵਾਨ ਵਿਚ ਹੈ। ਬਗਦਾਦ ਵਿਚ ਗਏ। ਪੰਜਾ ਸਾਹਿਬ, ਕਹਿਰ ਸਾਹਿਬ ਤੇ ਐਮਨਾਬਾਦ 1521 ਵਿਚ ਪੁੱਜੇ।

ਚੌਥੀ ਉਦਾਸੀ (1521 ਤੋਂ 1526 ਈ.)

ਸੰਨ 1526 ਵਿਚ ਪਾਣੀਪਤ ਦੀ ਪਹਿਲੀ ਲੜਾਈ ਵਿਚ ਲੋਧੀਆਂ ਦੇ ਆਖਰੀ ਬਾਦਸ਼ਾਹ ਇਬਰਾਹੀਮ ਲੋਧੀ ਨੂੰ ਹਰਾ ਕੇ ਬਾਬਰ ਹਿੰਦੁਸਤਾਨ ਤੇ ਕਾਬਜ਼ ਹੋ ਗਿਆ। ਮੁਗਲ ਤੇ ਗੁਰੂ ਸਾਹਿਬਾਨ ਸਮਕਾਲੀ ਸਨ। ਕੁਝ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੁਗਲਾਂ ਦੇ ਪਹਿਲੇ ਬਾਦਸ਼ਾਹ ਬਾਬਰ ਨਾਲ ਮੁਲਕਾਤ ਕੀਤੀ ਸੀ। ਇਸ ਤੋਂ ਬਾਅਦ ਆਪ ਕਰਤਾਰਪੁਰ ਪੁੱਜੇ ਤੇ ਸਫਰੀ (ਉਦਾਸੀ) ਲਿਬਾਸ ਉਤਾਰਿਆ ਤੇ ਘਰ ਦੇ ਕੰਮ ਕਾਜ ਸੰਭਾਲੇ। ਗ੍ਰਿਹਸਤ ਧਰਮ ਨੂੰ ਪ੍ਰਧਾਨਗੀ ਦਿੱਤੀ।

'ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਉਤਾਰਾ,
ਪਹਿਰਿ ਸੰਸਾਰੀ ਕਪੜੇ, ਮੰਜੀ ਬੈਠ ਕੀਆ ਵਰਤਾਰਾ।'

ਕਰਤਾਰਪੁਰ ਹੀ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ ਆਪਣੇ ਅੰਗ ਲਾ ਕੇ ਅੰਗਦ ਦੇਵ ਜੀ ਬਣਾ ਦਿੱਤਾ। ਗੁਰਗੱਦੀ ਸਮੇਂ ਮਾਲਾ ਤੇ ਪੋਥੀ ਦਿੱਤੀ। 5 ਸਤੰਬਰ ਸੰਨ 1539 ਈਸਵੀ ਨੂੰ ਜੋਤੀ ਜੋਤ ਸਮਾਏ। ਜੋਤ ਲਹਿਣੇ ਵਿਚ ਚਲੀ ਗਈ।

'ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰ ਛਤਰ ਫਰਮਾਇਆ'

(ਭਾਈ ਗੁਰਦਾਸ)

ਹਿੰਦੂਆਂ ਦਾ ਗੁਰੂ, ਮੁਸਲਮਾਨਾਂ ਦਾ ਪੀਰ, ਸਿੱਖ ਧਰਮ ਦਾ ਮੋਢੀ ਤੇ ਬਾਨੀ ਗੁਰੂ ਨਾਨਕ, 'ਨਾਨਕ ਜਿ ਜਹਾਨ ਰਫਤ, ਫੁਲ ਅਜ ਬਾਗ ਬਿਰੰਸੁਦ'

(ਗੁਰੂ) ਨਾਨਕ ਨੇ ਜਹਾਨ ਤੋਂ ਕੂਚ ਕੀਤਾ, ਮਾਨੋ ਬਾਗ ਵਿਚੋਂ ਫੁੱਲ ਡਿੱਗ ਪਿਆ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਅੰਗਦ ਦੇਵ ਜੀ

(1504–1552)

ਭਾਈ ਲਹਿਣਾ ਜੀ ਦਾ ਜਨਮ 31 ਮਾਰਚ ਸੰਨ 1504 ਨੂੰ ਮੱਤੇ ਦੀ ਸਰਾਂ, ਜ਼ਿਲ੍ਹਾ ਫਿਰੋਜ਼ਪੁਰ ਫੇਰੂ ਮੱਲ ਜੀ ਦੇ ਘਰ, ਮਾਤਾ ਸਭਰਾਈ (ਦਇਆ ਕੌਰ) ਦੀ ਕੁੱਖੋਂ ਹੋਇਆ। ਬਾਬਾ ਲਹਿਣਾ ਜੀ ਨੇ 7 ਸਾਲ ਕਰਤਾਰ ਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੀ ਨਿਗਰਾਨੀ ਥੱਲੇ ਉਹਨਾਂ ਦੇ ਦੱਸੇ ਰਾਹ ਉਤੇ ਤੁਰਨ ਦੀ ਮਿਹਨਤ, ਸੇਵਾ ਵਿਚ ਲੀਨ ਹੋ ਕੇ ਕੀਤੀ। [9]

1539 ਵਿਚ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਜਾਮਾ ਛੱਡਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਆਪਣਾ ਅੰਗ ਸਮਝ ਕੇ ਗੁਰੂ ਅੰਗਦ ਦੇਵ ਬਣਾਕੇ ਆਪਣਾ ਉਤਰਾਅਧਿਕਾਰੀ ਥਾਪਿਆ।

"ਥਾਪਿਆ ਲਹਿਣਾ ਜੀਂਵਦੇ
ਗੁਰਆਈ ਸਿਰ ਛਤ੍ਰ ਫਿਰਾਯਾ
ਜੋਤੀ ਜੋਤ ਮਿਲਾਇਕੈ
ਸਤਿਗੁਰ ਨਾਨਕ ਰੂਪ ਵਟਾਯਾ।" [10]

(ਭਾਈ ਗੁਰਦਾਸ)

ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਗੁਰੂ ਅੰਗਦ ਜੀ ਦੇ ਵਿਚ ਜਗਾ ਦਿੱਤੀ।

ਸਰ ਚਾਰਲਸ ਲਿਖਦਾ ਹੈ, "ਬਲਦੀ ਮਿਸ਼ਾਲ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਦੇ ਕੇ ਇਹ ਦਸ ਦਿੱਤਾ ਕਿ ਸਿੱਖ ਧਰਮ ਇਕ ਸਦੀਵੀ ਧਰਮ ਹੈ।" [11]

ਗੁਰੂ ਅੰਗਦ ਦੇਵ ਜੀ ਕਰਤਾਰ ਪੁਰ ਤੋਂ ਖਡੂਰ ਸਾਹਿਬ ਚਲੇ ਗਏ।

'ਦਿੱਤਾ ਛੱਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ।'

(ਭਾਈ ਗੁਰਦਾਸ)

ਗਿਆਨੀ ਗਿਆਨ ਸਿੰਘ ਇਸ ਸਬੰਧੀ ਲਿਖਦੇ ਹਨ,

"ਆਪ ਹਰ ਵੇਲੇ, ਸਤਿਸੰਗ ਦਾ ਪਰਚਾ, ਲੰਗਰ ਦਾ ਖਰਚਾ, ਤੇ ਹਰੀ ਦਾ ਚਰਚਾ ਬਣੇ ਰਹਿੰਦੇ ਸਨ।"

ਗੁਰੂ ਅੰਗਦ ਦੇਵ ਜੀ ਨੇ ਨਿਮਰਤਾ ਵਿਚ ਰਹਿੰਦੇ ਹੋਏ, ਨਿਰਵੈਰ, ਤੇ ਨਿਰਭੈ ਹੋ ਕੇ ਅਕਾਲ ਪੁਰਖ ਦੇ ਹੁਕਮ ਵਿਚ ਰਹਿਣ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਹਨਾਂ ਵਲੋਂ ਹੋਰ ਭਗਤਾਂ ਦੀ ਇੱਕਠੀ ਕੀਤੀ ਹੋਈ ਬਾਣੀ ਨੂੰ ਸੰਭਾਲ ਕੇ ਰੱਖਿਆ, ਉਸ ਵਿਚ ਵਾਧੂ ਬਾਣੀ ਦਰਜ ਨਹੀਂ ਹੋਣ ਦਿੱਤੀ। ਗੁਰਮੁਖੀ ਲਿੱਪੀ ਦੇ ਪ੍ਰਚਾਰ ਲਈ ਜ਼ੋਰ ਲਾਇਆ। ਗੁਰੂ ਨਾਨਕ ਦੇ ਜੀਵਨ ਬਾਰੇ ਇਤਿਹਾਸ ਇਕੱਠਾ ਕੀਤਾ। ਲੰਗਰ ਪੰਗਤ ਵਿਚ ਬੈਠ ਕੇ ਛਕਣ ਦੀ ਪਿਰਤ ਪਾਈ। ਜਾਤ ਪਾਤ ਦੀ ਵਿਰੋਧਤਾ ਕੀਤੀ। ਨੀਂਵਿਆਂ ਨਾਲ ਪਿਆਰ ਕੀਤਾ। ਲੋਕਾਂ ਵਿਚ ਸਰੀਰ ਨੂੰ ਸਾਂਭਣ ਤੇ ਤਕੜਿਆਂ ਕਰਨ ਲਈ ਉਤਸ਼ਾਹ ਭਰਿਆ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇ ਪੂਰਨਿਆਂ ਤੇ ਚਲਦੇ ਹੋਏ, ਗੁਰੂ ਘਰ ਦੇ ਅਣਥੱਕ ਸੇਵਕ, ਗੁਰੂ ਅਮਰਦਾਸ ਨੂੰ ਆਪਣਾ ਉੱਤਰਾਅਧਿਕਾਰੀ ਥਾਪਿਆ।

ਆਪ ਕੁਲ 47 ਵਰ੍ਹੇ, 11 ਮਹੀਨੇ, 29 ਦਿਨ ਸੰਸਾਰ ਵਿਚ ਰਹੇ। ਆਪ ਨੇ 35 ਵਰ੍ਹੇ, 2 ਮਹੀਨੇ, 17 ਦਿਨ ਦੀ ਉਮਰ ਵਿਚ ਗੁਰਗੱਦੀ ਪਾਈ, 'ਤੇ 12 ਵਰ੍ਹੇ, 9 ਮਹੀਨੇ,17 ਦਿਨ ਗੁਰਿਆਈ ਕੀਤੀ। [12]

*

Sri Satguru Jagjit Singh Ji eLibrary NamdhariElibrary@gmail.com

ਗੁਰੂ ਅਮਰਦਾਸ ਜੀ

(1479–1574)

ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਤੇਜ ਭਾਨ ਤੇ ਮਾਤਾ ਦਾ ਨਾਮ ਲੱਛਮੀ ਸੀ। ਆਪ ਖੱਤਰੀਆਂ ਦੀ ਭੱਲਾ ਗੋਤ ਵਿਚੋਂ ਸਨ। ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਤੋਂ ਗੁਰੂ ਨਾਨਕ ਦੀ ਬਾਣੀ ਸੁਣ ਕੇ, ਉਸ ਬਾਣੀ ਦੇ ਪਰਚਾਰਕ ਗੁਰੂ ਅੰਗਦ ਦੇਵ ਜੀ ਦੀ ਨਿਮਰਤਾ ਤੇ ਗੁਰੂ ਘਰ ਦੀ ਸੇਵਾ ਦੀ ਲਗਨ ਤੋਂ ਪ੍ਰਭਾਵਤ ਹੋ ਉਹਨਾਂ ਪਾਸ ਖਡੂਰ ਸਾਹਿਬ ਆ ਟਿਕੇ। 1541 ਤੋਂ 1552 ਤੱਕ ਸੇਵਾ ਵਿਚ ਲੀਨ ਰਹੇ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਉਹਨਾਂ ਦੀ ਸੇਵਾ ਤੇ ਲਗਨ ਕਰਕੇ, ਗੁਰੂ ਅੰਗਦ ਦੇਵ ਬਣਾਇਆ ਸੀ ਉਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਦੀ ਸਿਆਣਪ ਤੇ ਸੇਵਾ ਭਾਵ ਨੂੰ ਮੱਦੇ ਨਜ਼ਰ ਰੱਖਕੇ ਗੁਰੂ ਅਮਰਦਾਸ ਬਣਾ ਦਿੱਤਾ।

‘ਲਹਿਣੇ ਪਾਈ ਨਾਨਕੋਂ, ਦੇਣੀ ਅਮਰਦਾਸ ਘਰ ਆਈ।
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ।
ਦਾਤ ਜੋਤ ਖਸਮੈ ਵਡਿਆਈ।’
ਫੇਰ ਵਸਾਇਆ ਗੋਇੰਦਵਾਲ ਅਸਚਰਜ ਖੇਲ੍ਹ ਨਾ ਲਿਖਿਆ ਜਾਈ। [13]

ਸਾਰੇ ਸਿੱਖ ਜਗਤ ਨੂੰ 22 ਹਿੱਸਿਆਂ ਵਿਚ ਵੰਡ ਕੇ, ਜਥੇਬੰਦੀ ਨੂੰ ਪੱਕੇ ਪੈਰਾਂ ਤੇ ਖੜ੍ਹੀ ਕਰਨ ਲਈ ਮੰਜੀ ਸਿਸਟਮ ਦੀ ਸਥਾਪਨਾ ਕੀਤੀ। ਇਕ ਹਿੱਸੇ ਵਿਚੋਂ ਇਕ ਪ੍ਰਸਿੱਧ ਤੇ ਯੋਗ ਸਿੱਖ ਨੂੰ ਚੁਣ ਕੇ ਮੰਜੀ ਬਖਸ਼ੀ। ਉਸ ਮੰਜੀ ਦੇ ਮਾਲਕ ਦਾ ਫਰਜ਼ ਸੀ ਕਿ ਸਿਖੀ ਦੇ ਆਦਰਸ਼ਾਂ ਦਾ ਪ੍ਰਚਾਰ ਕਰੇ ਅਤੇ ਉਥੇ ਦੇ ਸਿੱਖਾਂ ਨੂੰ ਕੇਂਦਰ ਨਾਲ ਜੋੜੀ ਰੱਖੇ।

ਗੋਕਲ ਚੰਦ ਨਾਰੰਗ ਦਾ ਕਥਨ ਹੈ, “ਇਹ ਮੰਜੀਆਂ ਸਥਾਪਤ ਕਰਨ ਦੇ ਉੱਦਮ ਨੇ ਸਿੱਖ ਧਰਮ ਦੇ ਮੰਦਰ ਦੀਆਂ ਨੀਹਾਂ ਬਹੁਤ ਪੱਕੀਆਂ ਕਰ ਦਿੱਤੀਆਂ ਅਤੇ ਸਾਰੇ ਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਇਸ ਸਿਸਟਮ ਨੇ ਸਹਾਇਤਾ ਕੀਤੀ। [14] ਸਿੱਖਾਂ ਵਿਚ ਇਕ ਖਾਸ ਮਰਯਾਦਾ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਤੇ ਜ਼ੋਰ ਦਿੱਤਾ। ਅਨੰਦ ਵਿਆਹ ਦੀ ਰਸਮ ਦਾ ਮੁੱਢ ਬੰਨਿਆਂ। ਗ੍ਰਹਿਸਤ ਵਿਚ ਪ੍ਰਵੇਸ਼ ਹੋਣਾ ਬਹੁਤ ਆਸਾਨ ਬਣਾ ਦਿੱਤਾ। ਜਨਮ ਸੰਸਕਾਰ ਅਤੇ ਮ੍ਰਿਤੂ ਲਈ ਗੁਰੂ ਜੀ ਨੇ ਵੱਖ ਵੱਖ ਸ਼ਬਦ ਉਚਾਰੇ ਤਾਂ ਕਿ ਉਹ ਜੂਲਾ ਜੋ ਬ੍ਰਾਹਮਣਾਂ ਨੇ ਚਿਰਾਂ ਤੋਂ ਜਨਤਾ ਉੱਤੇ ਪਾਇਆ ਸੀ ਉੱਤਰ ਜਾਏ। ਸਤੀ ਦੀ ਰਸਮ ਦਾ ਵਿਰੋਧ ਕੀਤਾ। ਗੁਰੂ ਅਮਰਦਾਸ ਜੀ ਪਹਿਲੇ ਸੁਧਾਰਕ ਸਨ ਜਿਨ੍ਹਾਂ ਨੇ ਸਤੀ ਰਸਮ ਦੇ ਵਿਰੁੱਧ ਆਵਾਜ਼ ਉਠਾਈ ਤੇ ਪ੍ਰਚਾਰ ਕੀਤਾ।

‘ਸਤੀਆਂ ਇਹ ਨਾ ਆਖੀਅਨ ਜੋ ਮੜੀਆਂ ਲਗ ਜਲਨਿ।
ਸਤੀਆਂ ਸੇਈ ਨਾਨਕਾ, ਜੋ ਬ੍ਰਿਹਾ ਚੋਟ ਮਰੰਨਿ।’

(ਗੁਰੂ ਅਮਰਦਾਸ ਜੀ)

ਗੁਰੂ ਆਮਰਦਾਸ ਜੀ ਨੇ ਵਿਧਵਾ ਵਿਆਹ ਕਰਾਉਣ ਦੀ ਪਰਵਾਨਗੀ ਦਿੱਤੀ। ਗੁਰੂ ਕੇ ਲੰਗਰ ਦੀ ਮਹਾਨਤਾ ਦਰਸਾਉਣ ਲਈ 1556 ਵਿਚ ਅਕਬਰ (ਮੁਗਲ ਸਮਰਾਟ) ਗੋਇੰਦਵਾਲ ਆਇਆ, ਉਸ ਨੂੰ ਵੀ ਪੰਗਤ ਵਿਚ ਬੈਠ ਕੇ ਪਹਿਲਾਂ ਲੰਗਰ ਛਕ ਕੇ ਫੇਰ ਗੁਰੂ ਜੀ ਦੇ ਦਰਸ਼ਨ ਕਰਨ ਦੀ ਆਗਿਆ ਮਿਲੀ। ਪਰਦਾ ਕਰਨ ਨੂੰ ਮਾੜਾ ਆਖਿਆ। ਜ਼ਜੀਆ ਤੇ ਯਾਤਰਾ ਉਤੇ ਮਹਿਸੂਲ ਦੇ ਵਿਰੁੱਧ ਆਵਾਜ਼ ਉਠਾਈ, ਸੰਗਤ ਨੂੰ ਜਜੀਆ ਨਾ ਦੇਣ ਦੀ ਪ੍ਰੇਰਨਾ ਕੀਤੀ।

ਗੁਰਗੱਦੀ ਦੀ ਮਰਯਾਦਾ ਪਹਿਲੇ ਵਾਲੀ ਹੀ ਰੱਖੀ। ‘ਜੋ ਘਾਲਹਿ ਸੋ ਪਾਏ’, ਵਾਲਾ ਅਸੂਲ ਹੀ ਜਾਰੀ ਰੱਖਿਆ। ਭਾਈ ਜੇਠਾ ਜੀ (ਗੁਰੂ ਅਮਰਦਾਸ ਜੀ ਦੀ ਸੁਪਤਰੀ ਬੀਬੀ ਭਾਨੀ ਜੀ ਦੇ ਪਤੀ) ਨੂੰ ਗੱਦੀ ਦੇ ਯੋਗ ਸਮਝ ਕੇ, ਪੂਰੀ ਪਰਖ ਕਰਕੇ, ਆਪਣਾ ਉੱਤਰਾਅਧਿਕਾਰੀ ਥਾਪ ਕੇ ਗੁਰੂ ਰਾਮ ਦਾਸ ਬਣਾ ਦਿੱਤਾ।

ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨਾਲੋਂ 25 ਸਾਲ ਉਮਰ ਵਿਚ ਵੱਡੇ ਸਨ। 72 ਸਾਲ ਦੀ ਉਮਰ ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤੇ 95 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਰਾਮਦਾਸ

(1534–1581)

ਗੁਰੂ ਰਾਮਦਾਸ ਦਾ ਜਨਮ ਲਾਹੌਰ ਚੂਨਾ ਮੰਡੀ, ਅਕਤੂਬਰ 1534 ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਹਰਿਦਾਸ ਤੇ ਮਾਤਾ ਦਾ ਨਾਮ ਦਯਾ ਕੌਰ ਸੀ। ਆਪ ਸੋਢੀ ਗੋਤ ਵਿਚੋਂ ਸਨ। ਆਪ ਨੂੰ 1574 ਈਸਵੀ ਵਿਚ ਗੁਰਗੱਦੀ ਪ੍ਰਾਪਤ ਹੋਈ ਤੇ ਸੱਤ ਸਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਰੱਖੀ।

ਆਪ ਗੋਇੰਦਵਾਲ ਛਡ ਅੰਮ੍ਰਿਤਸਰ ਆ ਟਿਕੇ। ਗੁਰੂ ਅਮਰਦਾਸ ਜੀ ਨੇ 1570 ਵਿਚ ਭਾਈ ਜੇਠਾ ਜੀ (ਗੁਰੂ ਰਾਮ ਦਾਸ) ਨੂੰ ਨਵਾਂ ਸ਼ਹਿਰ ਰਾਮ ਦਾਸ ਪੁਰ (ਅੰਮ੍ਰਿਤਸਰ) ਬਣਾਉਣ ਲਈ ਆਗਿਆ ਦਿੱਤੀ ਸੀ। ਪਹਿਲਾਂ ਅੰਮ੍ਰਿਤਸਰ 'ਗੁਰੂ ਕਾ ਚਕ' ਕਹਾਉਂਦਾ ਸੀ। ਉਹਨਾਂ ਸ਼ਹਿਰ ਵਸਾਉਣ ਵੱਲ ਕਾਫੀ ਧਿਆਨ ਦਿੱਤਾ। ਵੱਖ ਵੱਖ ਬਵੰਜਾ ਕਿੱਤਿਆਂ ਦੇ ਲੋਕ ਇਥੇ ਆ ਕੇ ਵਸੇ। ਇਹ ਸ਼ਹਿਰ ਤਜਾਰਤੀ ਸ਼ਹਿਰ ਬਣ ਗਿਆ। ਸਿੱਖਾਂ ਨੇ ਤਜ਼ਾਰਤ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਆਰਥਕ ਤੌਰ 'ਤੇ ਵੀ ਸਿੱਖ ਮਜ਼ਬੂਤ ਹੋਣ ਲੱਗੇ।

'ਧੰਨੁ ਧੰਨੁ ਰਾਮ ਦਾਸ ਗੁਰੂ ਜਿਨਿ ਸਿਵਿਆ ਤਿਨੇ ਸਵਾਰਿਆ।'

ਸਿੱਖ ਧਰਮ ਵਿਚ ਇਕ ਰਵਾਇਤ ਹੈ ਕਿ ਲੱਛਮੀ ਗੁਰੂ ਨਾਨਕ ਜੀ ਸਮੇਂ ਧਰਮ ਅਸਥਾਨ ਤੋਂ ਬਾਹਰ ਝਾੜੂ ਦੇਣ ਦੀ ਸੇਵਾ ਕਰਦੀ ਸੀ। ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਹੜੇ ਵਿਚ ਆ ਗਈ, ਗੁਰੂ ਅਮਰਦਾਸ ਜੀ ਦੇ ਸਮੇਂ ਦਰਵਾਜ਼ੇ ਕੋਲ ਖੜ੍ਹੀ ਰਹੀ, ਆਖਰ ਗੁਰੂ ਰਾਮਦਾਸ ਜੀ ਦੇ ਸਮੇਂ ਦਰਵਾਜ਼ਾ ਟੱਪ ਕੇ ਅੰਦਰ ਲੰਘ ਆਈ। ਇਸ ਚਿੰਨ੍ਹਾਤਮਕ ਰਵਾਇਤ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਰਾਮਦਾਸ ਜੀ ਵੇਲੇ ਸਿੱਖ ਧਰਮ ਕਰਮ ਦੇ ਨਾਲ ਨਾਲ ਸੰਸਾਰੀ ਜੀਵਨ ਵਿਚ ਵੀ ਚੰਗੇ ਮਾਹਰ ਹੋ ਗਏ । ਗੁਰੂ ਅਮਰ ਦਾਸ ਜੀ ਨੇ ਸੰਸਾਰ ਤੇ ਧਰਮ ਜੋ ਅਜੋੜ ਵਸਤੂਆਂ ਲੱਗਦੀਆਂ ਸਨ ਉਹਨਾਂ ਨੂੰ ਜੋੜ ਦਿੱਤਾ।

ਲਤੀਫ ਲਿਖਦਾ ਹੈ, "ਕੇਂਦਰੀ ਅਸਥਾਨ ਉਤੇ ਅੰਮ੍ਰਿਤਸਰ ਬਣਾ ਕੇ ਗੁਰੂ ਜੀ ਨੇ ਸਿੱਖ ਕੌਮ ਦੀ ਨੀਂਹ ਰੱਖ ਦਿੱਤੀ। ਇਸ ਤਰ੍ਹਾਂ ਐਸਾ ਧੁਰਾ ਬਣ ਗਿਆ ਜਿਸ ਦੁਆਲੇ ਆਸਾਨੀ ਨਾਲ ਸਿੱਖ ਇੱਕਠੇ ਹੋ ਸਕਦੇ ਸਨ। ਅੰਮ੍ਰਿਤਸਰ ਸਿੱਖਾਂ ਲਈ ਤੀਰਥ ਅਸਥਾਨ ਬਣ ਗਿਆ। ਸਿੱਖਾਂ ਨੇ ਇਕੱਠੇ ਬੈਠਣ ਦਾ ਵੱਲ ਸਿੱਖਿਆ। ਆਪਣੇ ਵਿਚ ਭਗਤੀ ਭਾਵ ਪੈਦਾ ਕਰਕੇ ਕੌਮੀ ਜ਼ਜਬੇ ਦੀ ਤਾਰ ਨੂੰ ਮਜ਼ਬੂਤ ਕੀਤਾ। [15] ਹੌਲੀ ਹੌਲੀ ਸਿੱਖਾਂ ਨੇ ਨਿੱਤ ਦੀ ਅਰਦਾਸ ਦਾ ਹਿੱਸਾ ਬਣਾ ਲਿਆ, 'ਸਿੱਖਾਂ ਨੂੰ ਸਿੱਖੀ ਦਾਨ, ਨਾਮ ਦਾਨ, ਬਿਬੇਕ ਦਾਨ, ਦਾਨਾ ਸਿਰ ਦਾਨ, ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ।' ਇਹ ਗੁਰੂ ਰਾਮਦਾਸ ਜੀ ਦੀ ਦੇਣ ਹੈ।

ਗੁਰੂ ਅਮਰਦਾਸ ਜੀ ਨੇ ਮੰਜੀਆਂ ਥਾਪ ਕੇ ਪ੍ਰਚਾਰ ਦੇ ਕੰਮ ਨੂੰ 22 ਹਿੱਸਿਆਂ ਵਿਚ ਵੰਡਿਆ ਸੀ। ਗੁਰੂ ਰਾਮਦਾਸ ਨੇ 'ਮਸੰਦ' ਨੀਯਤ ਕੀਤੇ, ਜਿਹੜੇ ਸਿੱਖੀ ਦੇ ਖਿਆਲਾਂ ਤੋਂ ਸ਼ਰਧਾਲੂਆਂ ਨੂੰ ਜਾਣੂ ਕਰਾ ਸਕਣ ਤੇ ਵੱਧ ਰਹੇ ਕੰਮ ਲਈ ਮਾਇਕ ਸਹਾਇਤਾ ਕਰ ਸਕਣ। ਮਸੰਦਾਂ ਨੇ ਪੰਥ ਦੀ ਉਸਾਰੀ ਵਿਚ ਚੰਗਾ ਹਿੱਸਾ ਪਾਇਆ। ਗੁਰੂ ਅਮਰਦਾਸ ਜੀ ਨੇ ਅਨੰਦ ਵਿਆਹ ਦੀ ਰਮਸ ਜਾਰੀ ਕਰਾਈ ਤੇ ਗੁਰੂ ਰਾਮਦਾਸ ਜੀ ਨੇ ਉਸ ਰਸਮ ਨੂੰ ਹੋਰ ਪੱਕਿਆਂ ਕਰਨ ਲਈ ਸੂਹੀ ਰਾਗ ਵਿਚ ਚਾਰ ਲਾਵਾਂ ਲਿਖੀਆਂ ਜਿਨ੍ਹਾਂ ਰਾਹੀਂ ਜੀਵਨ ਸਫਰ ਵਿਚ ਪ੍ਰਾਣੀ ਨੂੰ ਕਾਮਯਾਬੀ ਦਾ ਰਸਤਾ ਦੱਸਿਆ। ਸੰਸਾਰ ਨੂੰ ਪ੍ਰਵਿਰਤੀ ਕਰਮ ਦ੍ਰਿੜਾਇਆ। ਨਿਵਿਰਤੀ ਕਰਮ ਤਾਂ ਪਹਿਲਾਂ ਬੜੇ ਲੋਕ ਦੱਸ ਗਏ ਸਨ। ਗੁਰੂ ਜੀ ਨੇ ਸੰਸਾਰ ਵਿਚ ਚੰਗੀ ਤਰਾਂ ਰਹਿਣ ਦੀ ਜਾਚ ਦੱਸੀ। ਜੋੜੇ ਨੂੰ ਯਾਦ , ਨਿਰਮਲ ਭਉ, ਬਿਰਹਾ ਤੇ ਸਹਿਜ ਅਵਸਥਾ ਵਿਚ ਵਿਚਰਨ ਦੀ ਜਾਂਚ ਇਨ੍ਹਾਂ ਚਾਰ ਲਾਵਾਂ ਰਾਹੀਂ ਦੱਸੀ।

ਹਰ ਕੰਮ ਸ਼ੁਰੂ ਕਰਨ ਵੇਲੇ ਵਾਹਿਗੁਰੂ ਦਾ ਆਸਰਾ ਲੈਣ ਲਈ ਸਿੱਖਾਂ ਨੂੰ ਫਰਮਾਇਆ। 'ਕੀਤਾ ਲੋੜੀਐ ਕੰਮ ਸੋ ਹਰਿ ਪੈ ਆਖੀਐ' ਵਾਲਾ ਮਹਾਂ ਉਪਦੇਸ਼ ਗੁਰੂ ਜੀ ਨੇ ਦਿੱਤਾ। ਨਿੱਤ ਦੀ ਮਰਯਾਦਾ ਲਈ ਗੁਰੂ ਜੀ ਨੇ ਦੱਸਿਆ,

"ਗੁਰੂ ਸਤਿਗੁਰ ਕਾ ਜੋ ਸਿੱਖ ਅਖਾਏ,
ਸੋ ਭਲਕੇ ਉਠਿ ਹਰ ਨਾਮ ਧਿਆਵੈ।
ਉਦਮੁ ਕਰਹਿ ਭਲਕੇ ਪ੍ਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਹਰਿ ਹਰਿ ਜਪੁ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ।
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ।' [16]

ਗੁਰੂ ਰਾਮਦਾਸ ਜੀ ਨੇ ਸਿੱਖੀ ਮਹੱਲ ਦੀ ਉਸਾਰੀ ਲਈ ਠੋਸ ਇੱਟਾਂ ਲਗਾਈਆਂ, ਜਿਸ ਕਾਰਨ ਸਿੱਖ ਧਰਮ ਦਾ ਮੰਦਰ ਮਜ਼ਬੂਤ


Sri Satguru Jagjit Singh Ji eLibrary NamdhariElibrary@gmail.com

ਤੇ ਖੂਬਸੂਰਤ ਬਣਿਆਂ।

ਗੁਰੂ ਨਾਨਕ ਦੇਵ ਜੀ ਦੇ ਉਤਰ-ਅਧਿਕਾਰੀ ਲਹਿਣਾ ਜੀ ਸਨ। ਜਿਨ੍ਹਾਂ ਨੂੰ ਅੰਗ ਲਾ ਕੇ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ ਸੀ। ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਗੁਰੂ ਅਮਰਦਾਸ ਦੇ ਭਰਾ ਦੇ ਲੜਕੇ ਨੂੰ ਵਿਆਹੀ ਹੋਈ ਸੀ। ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਦੇ ਰਿਸ਼ਤੇ ਵਿਚ ਕੁੜਮ ਸਨ। ਗੁਰੂ ਅਮਰਦਾਸ ਦੀ ਦੀ ਸਪੁੱਤਰੀ ਬੀਬੀ ਭਾਨੀ ਜੀ ਗੁਰੂ ਰਾਮਦਾਸ ਜੀ ਨੂੰ ਵਿਆਹੀ ਹੋਈ ਸੀ। ਗੁਰੂ ਰਾਮਦਾਸ ਜੀ ਦੀ ਬੰਸਵਾਲੀ ਹੇਠ ਦਿੱਤੀ ਜਾਂਦੀ ਹੈ।

ਬੰਸਾਵਲੀ

ਗੁਰੂ ਰਾਮਦਾਸ ਜੀ



Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ

(1563–1606)

'ਫਿਰ ਆਈ ਘਰ ਅਰਜਨੇ ਪੁੱਤ ਸੰਸਾਰੀ ਗੁਰੂ ਕਹਾਵੈ'

(ਭਾਈ ਗੁਰਦਾਸ)

(ਗੁਰੂ) ਅਰਜਨ ਦੇਵ ਜੀ ਦਾ ਜਨਮ, ਗੁਰੂ ਰਾਮਦਾਸ ਜੀ ਦੇ ਘਰ, ਬੀਬੀ ਭਾਨੀ (ਸਪੁਤਰੀ ਗੁਰੂ ਅਮਰਦਾਸ ਜੀ) ਦੀ ਕੁੱਖੋਂ 15 ਅਪ੍ਰੈਲ 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ।

ਆਪ ਜੀ ਪਹਿਲੇ ਗੁਰੂ ਸਨ ਜੋ ਬਚਪਨ ਤੋਂ ਹੀ ਗੁਰੂ ਦੇ ਆਲੇ ਦੁਆਲੇ ਤੇ ਸਿੱਖੀ ਵਾਯੂ ਮੰਡਲ ਵਿਚ ਪਲੇ। ਹਰ ਪ੍ਰਕਾਰ ਦੀ ਧਾਰਮਿਕ ਤੇ ਆਤਮਕ ਸਿੱਖਿਆ ਆਪ ਜੀ ਨੂੰ ਪ੍ਰਾਪਤ ਹੋਈ। 11 ਸਾਲ ਦੀ ਉਮਰ ਵਿਚ ਆਪ ਜੀ ਆਪਣੇ ਮਾਤਾ ਪਿਤਾ ਤੇ ਭਰਾਵਾਂ ਸਮੇਤ ਅੰਮ੍ਰਿਤਸਰ ਆ ਗਏ ਸਨ।

(ਗੁਰੂ) ਅਰਜਨ ਦੇਵ ਜੀ ਦੀ ਸੇਵਾ ਲਈ ਲਗਨ, ਸਹਿਨਸ਼ੀਲਤਾ, ਨਿਮਰਤਾ ਤੇ ਹੋਰ ਬੇਅੰਤ ਗੁਣਾਂ ਦੇ ਮਾਲਕ ਹੋਣ ਕਰਕੇ ਗੁਰੂ ਰਾਮਦਾਸ ਜੀ ਨੇ ਇਹਨਾਂ ਨੂੰ ਗੁਰਗੱਦੀ ਦੇ ਯੋਗ ਜਾਣ ਕੇ ਆਪਣਾ ਉੱਤਰਾਅਧਿਕਾਰੀ ਚੁਣਿਆਂ। ਉਸ ਵੇਲੇ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ ਦੀ ਸੀ।

ਕਿਸੇ ਫਿਰਕੇ, ਕੌਮ ਜਾਂ ਧਰਮ ਨੂੰ ਪੱਕੇ ਪੈਰਾਂ ਤੇ ਖੜਨ ਲਈ ਕੁਝ ਮੁੱਢਲੀਆਂ ਲੋੜਾਂ ਲਾਜ਼ਮੀ ਹੁੰਦੀਆਂ ਹਨ ਜਿਵੇਂ:

1. ਧਾਰਮਿਕ ਆਗੂ
2. ਧਾਰਮਿਕ ਕੇਂਦਰ
3. ਧਾਰਮਿਕ ਗ੍ਰੰਥ
4. ਧਰਮ ਲਈ ਕੁਰਬਾਨੀ

ਧਾਰਮਿਕ ਆਗੂ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਸਿੱਖਾਂ ਕੋਲ ਮੌਜੂਦ ਸੀ। ਬਾਕੀ ਨੌਂ ਗੁਰੂ ਉਨ੍ਹਾਂ ਦੀ ਜੋਤ ਤੇ ਉੱਤਰਾਅਧਿਕਾਰੀ ਸਨ। ਸਿੱਖੀ ਸਿਧਾਂਤਾਂ ਅਨੁਸਾਰ ਦਸੇ ਗੁਰੂ ਇਕੋ ਜੋਤ ਮੰਨੇ ਜਾਂਦੇ ਹਨ।

ਹਰਿਮੰਦਰ ਸਾਹਿਬ ਦੀ ਰਚਨਾ ਕੇਵਲ ਗੁਰੂ ਅਰਜਨ ਦੇਵ ਜੀ ਦੀ ਕਲਪਨਾ ਹੈ। ਇਸ ਵਿਚ ਇਕ ਨਵਾਂ ਸਿਧਾਂਤ ਲੁਕਿਆ ਹੋਇਆ ਹੈ। 15 ਅਕਤੂਬਰ 1588 ਨੂੰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਸੂਫੀ ਫਕੀਰ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾਈ। ਧਾਰਮਿਕ ਸੰਸਾਰ ਦੇ ਇਤਿਹਾਸ ਵਿਚ ਇਹ ਇਕ ਬਹੁਤ ਦਲੇਰੀ ਭਰਿਆ ਕਦਮ ਸੀ। ਹਰਿਮੰਦਰ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ। ਜਿਸ ਦਾ ਅਰਥ ਸੀ, ਇਹ ਹਰੀ ਮੰਦਰ ਚੌਹਾਂ ਵਰਨਾਂ ਲਈ ਖੁੱਲ੍ਹਾ ਹੈ। ਅੰਮ੍ਰਿਤਸਰ ਸਿੱਖ ਧਰਮ ਦਾ ਕੇਂਦਰ ਅਸਥਾਨ ਬਣ ਗਿਆ। ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ ਪਹਿਲਾ ਗੁਰਧਾਮ ਹੈ, ਜੋ ਨਿਰੋਲ ਸਿੱਖੀ ਸਿਧਾਂਤ ਨੂੰ ਮੁੱਖ ਰੱਖ ਕੇ ਉਸਾਰਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਤੇ ਸਾਰੀ ਮਨੁੱਖਤਾ ਲਈ ਧਰਮ ਗ੍ਰੰਥ ਦੀ ਬੀੜ ਬੰਨ੍ਹਣ ਦਾ ਬੀੜਾ ਚੁਕਿਆ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਨ, ਭਗਤਾਂ ਤੇ ਆਪਣੀ ਬਾਣੀ ਨੂੰ ਤਰਤੀਬ ਦੇ ਕੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਅਗਸਤ 1604 ਨੂੰ ਬੀੜ ਮੁਕੰਮਲ ਹੋਈ ਤੇ ਹਰਿਮੰਦਰ ਸਾਹਿਬ ਵਿਚ ਅਸਥਾਪਨ ਕੀਤੀ ਗਈ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ।

ਹੁਣ ਲੋਕਾਂ ਅਗੇ ਉਹ ਪੁਰਸ਼ ਆਇਆ ਜੋ ਜਮਾਂਦਰੂ ਕਵੀ, ਅਮਲੀ ਫਿਲਾਸਫਰ, ਤਕੜਾ ਜਥੇਦਾਰ ਤੇ ਇਕ ਸਟੇਟਸਮੈਨ ਸੀ। ਗੁਰੂ ਅਰਜਨ ਦੇਵ ਜੀ ਉਹਨਾਂ ਮਹਾਨ ਸਿਫਤਾਂ ਦੇ ਮਾਲਕ ਸਨ ਜੋ ਕਿਸੇ ਕੌਮ ਦੀ ਉਸਾਰੀ ਵੇਲੇ ਆਗੂ ਲਈ ਲੋੜੀਦੀਆਂ ਹਨ। ਮੁਹਿਸਨ ਫਾਨੀ ਨੇ ਇਸ ਦੀ ਗਵਾਹੀ ਭਰੀ ਹੈ, "ਗੁਰੂ ਅਰਜਨ ਦੇਵ ਜੀ ਵੇਲੇ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਸੀ। ਕੋਈ ਅਜਿਹਾ ਵੱਡਾ ਸ਼ਹਿਰ ਦੇਸ਼ ਵਿਚ ਨਹੀਂ ਸੀ, ਜਿਥੇ ਸਿੱਖ ਨਾ ਵੱਸਦੇ ਹੋਣ। ਸਿੱਖਾਂ ਦੇ ਗੁਰੂ ਅਰਜਨ ਨੇ ਕੌਮ ਦੇ ਸ਼੍ਰੋਮਣੀ ਹੋਣ ਦੀ ਹੈਸੀਅਤ ਵਿਚ, ਐਸੇ ਨਿਯਮ ਬਣਾਏ ਸਨ, ਜਿਸ ਅਨੁਸਾਰ ਸਿੱਖਾਂ ਦੀ ਸਮਾਜੀ ਤੇ ਰਾਜਸੀ ਜ਼ਿੰਦਗੀ ਕਿਸੇ ਖਾਸ ਸੱਚੇ ਵਿਚ ਢਲ ਗਈ।" ਮਸੰਦਾਂ ਨੂੰ ਜਥੇਬੰਦ ਕਰਕੇ ਦਸਵੰਧ ਦੀ ਰਸਮ ਚਲਾਈ। ਦਸਵੰਧ ਕੋਈ ਟੈਕਸ ਨਹੀਂ ਸੀ। ਮੁਹਿਸਨ ਫਾਨੀ, ਦਸਵੰਧ ਨੂੰ 'ਨਜ਼ਰ ਤੇ ਭੇਂਟ' ਕਹਿੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਆਪਣੇ ਬਚਿੱਤਰ ਨਾਟਕ ਵਿਚ ਲਿਖਦੇ ਹਨ, "ਬਾਬੇ ਕੇ, ਬਾਬਰ ਕੇ ਦਊ, ਆ ਕਰੇ ਪ੍ਰਮੇਸ਼ਰ ਸਊ" ਇਹ ਇਕ ਇਤਫਾਕ ਵਾਲੀ ਗੱਲ ਸੀ। ਇਕ ਪਾਸਿਉਂ ਹਿੰਦੁਸਤਾਨ ਵਿਚ ਬਾਬਰ (ਮੁਗਲ ਬਾਦਸ਼ਾਹ) ਆਇਆ। ਦੂਜੇ ਪਾਸਿਉਂ ਪ੍ਰਮੇਸ਼ਰ ਨੇ ਬਾਬੇ ਗੁਰੂ ਨਾਨਕ ਨੂੰ ਭੇਜਿਆ। ਬਾਬੇ ਤੇ ਬਾਬਰ ਦਾ ਸਬੰਧ ਸਦੀਆਂ ਤਕ ਰਿਹਾ। ਬਾਬਰ ਤੇ ਉਸ ਦੇ ਉਤਰ ਆਧਿਕਾਰੀਆਂ ਨੇ ਤਲਵਾਰ

Sri Satguru Jagjit Singh Ji eLibrary NamdhariElibrary@gmail.com

ਦੇ ਜ਼ੋਰ ਨਾਲ ਲੋਕਾਂ ਤੇ ਰਾਜ ਕੀਤਾ। ਬਾਬੇ ਗੁਰੂ ਨਾਨਕ ਤੇ ਉਹਨਾਂ ਦੇ ਉਤਰ ਆਧਿਕਾਰੀਆਂ ਨੇ ਪਿਆਰ ਤੇ ਹਲੀਮੀ ਨਾਲ ਲੋਕਾਂ ਦੇ ਮਨਾਂ 'ਤੇ ਰਾਜ ਕੀਤਾ।

ਅਕਤੂਬਰ 1605 ਵਿਚ ਬਾਬਰ (1484-1530) ਦੇ ਪੋਤੇ, ਹਮਾਯੂੰ (1508-1556) ਦੇ ਪੁੱਤ ਅਕਬਰ (1542-1605) ਦੀ ਮ੍ਰਿਤੂ ਹੋਈ। ਅਕਬਰ ਦਾ ਪੁੱਤ ਸਲੀਮ, ਜਹਾਂਗੀਰ (1569-1627) ਦਾ ਨਾਮ ਧਰ ਕੇ ਹਿੰਦੁਸਤਾਨ ਦੇ ਤਖਤੇ 'ਤੇ ਬੈਠਾ। ਜਹਾਂਗੀਰ ਪੱਕਾ ਮੁਤਅਸਬੀ ਸੀ ਤੁਜ਼ਕਿ ਜਹਾਂਗੀਰੀ' ਵਿਚ ਉਹ ਆਪ ਲਿਖਦਾ ਹੈ, "ਬਿਆਸ ਦਰਿਆ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਬਜ਼ੁਰਗੀ ਬਾਰੇ ਤੇ ਪੀਰੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬ ਠੱਗੀ ਪਸੰਦ ਲੋਕ, ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਦੁਕਾਨ ਗਰਮ ਸੀ। (ਚਲ ਰਹੀ ਸੀ) ਫੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਹਨਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਕਰ ਗਿਆ। ਇਹ ਉਸਨੂੰ ਮਿਲਿਆ ਕੇਸਰ ਦੀ ਇਕ ਉਂਗਲੀ ਉਸ ਦੇ ਮੱਥੇ ਤੇ ਲਾਈ ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਮੰਨਦੇ ਹਨ। ਜਦ ਇਹ ਗੱਲ ਮੇਰੇ ਕੰਨੀਂ ਪਈ, ਮੈਂ ਅੱਗੇ ਹੀ ਇਹਨਾਂ ਦੇ ਝੂਠ ਨੂੰ ਜਾਣਦਾ ਸਾਂ। ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਹਾਜ਼ਰ ਕੀਤਾ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤੇ ਜਾਣ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਉਸ ਨੂੰ 'ਕਿਆਸ' ਤੇ 'ਯਾਸਾ' ਦੇ ਕਾਨੂੰਨ ਅਧੀਨ ਸਜ਼ਾ ਦੇਣ ਦਾ ਹੁਕਮ ਦਿੱਤਾ।"

ਸ਼ਹਿਜ਼ਾਦਾ ਖੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ। ਰਾਜਾ ਮਾਨ ਸਿੰਘ ਦੀ ਭੈਣ ਦੀ ਕੁੱਖੋਂ ਪੈਦਾ ਹੋਇਆ ਸੀ ਤੇ ਮਿਰਜ਼ਾ ਅਜੀਜ਼ ਕੋਕਾ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ। ਖੁਸਰੋ ਦੇ ਸਬੰਧ ਆਪਣੇ ਪਿਤਾ ਨਾਲ ਠੀਕ ਨਹੀਂ ਸਨ। ਸੰਨ 1606 ਵਿਚ ਖੁਸਰੋ ਨੇ 350 ਘੋੜ ਸਵਾਰਾਂ ਸਮੇਤ ਆਗਰਾ ਛੱਡਿਆ ਤੇ ਪੰਜਾਬ ਪੁੱਜਾ। ਜਹਾਂਗੀਰ ਨੇ ਇਸ ਨੂੰ ਬਗਾਵਤ ਸਮਝਿਆ। ਖੁਸਰੋ ਇਕ ਦੋ ਵਾਰ ਆਪਣੇ ਬਾਬੇ ਅਕਬਰ ਨਾਲ ਗੁਰੂ ਘਰ ਦੇ ਦਰਸ਼ਨ ਕਰ ਚੁੱਕਾ ਸੀ। ਫੇਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਗਿਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਘਰ ਦੀ ਰਵਾਇਤ ਮੁਤਾਬਕ, 'ਜੈ ਦਰ ਆਵਤ ਜਾਤਿਆਂ ਨਾਹੀ ਹਟਕੈ ਕੋਇ' ਅਨੁਸਾਰ ਆਏ ਪ੍ਰਹੁਣੇ ਦਾ ਮਾਣ ਕੀਤਾ ਤੇ ਲੋੜਵੰਦ ਸਮਝ ਕੇ ਸ਼ਰਨ ਦਿੱਤੀ। ਰਿਵਾਜ ਮੁਤਾਬਿਕ ਅਸ਼ੀਰਵਾਦ ਵੀ ਦਿੱਤਾ। ਖੁਸਰੋ ਲਾਹੌਰ ਪੁੱਜਣ ਤੋਂ ਪਹਿਲਾਂ ਗ੍ਰਿਫਤਾਰ ਕਰ ਲਿਆ ਗਿਆ। ਖੁਸਰੋ ਦੀ ਬਗਾਵਤ ਨੇ ਜਹਾਂਗੀਰ ਨੂੰ ਮੌਕਾ ਦਿੱਤਾ ਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਬਹਾਨਾ ਘੜ ਸਕਿਆ।

ਜਹਾਂਗੀਰ ਦਾ ਹੁਕਮ ਸੀ 'ਬਯਾਸਾ ਰਸਾਂਨਦ' ਭਾਵ ਅੱਗ ਤੇ ਪਾਣੀ ਦੀ ਸਜ਼ਾ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਉੱਤੇ ਤੱਤੀ ਰੇਤ ਪਾਈ ਗਈ। ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਸਰੀਰ ਛਾਲੇ ਛਾਲੇ ਹੋ ਗਿਆ। ਆਖਰ ਜਲਾਦਾਂ ਨੇ ਸਰੀਰ ਉੱਤੇ ਠੰਡਾ ਪਾਣੀ ਪਾਇਆ ਕਿ ਹੋਰ ਤਕਲੀਫ ਹੋਵੇ। 30 ਮਈ 1606 ਨੂੰ ਗੁਰੂ ਜੀ ਦੇ ਅਧਮੋਏ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾ ਕੇ ਪਾਣੀ ਵਿਚ ਰੋੜ ਦਿੱਤਾ ਗਿਆ। ਭਾਈ ਕੇਸਰ ਸਿੰਘ ਛਿਬਰ ਲਿਖਦਾ ਹੈ, " ਸੋਬਧੇ ਹੋਏ ਹੀ ਦਿਤੇ ਨਦੀ ਰੁੜਾਏ।" ਮੈਕਾਲਫ ਦੇ ਕਥਨ ਅਨੁਸਾਰ, "ਗੁਰੂ ਅਰਜਨ ਦੇਵ ਜੀ ਨੂੰ ਉਹਨਾਂ ਦੀ ਆਪਣੀ ਸ਼ਖਸੀਅਤ, ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ, ਖੁਸਰੋ ਦਾ ਸੁਭਾਵਕ ਆਦਰ ਕਰਨ ਅਤੇ ਜਹਾਂਗੀਰ ਦੀ ਤੰਗ ਦਿੱਲੀ ਅਤੇ ਤੁਅੱਸਬ ਕਾਰਨ ਸ਼ਹਾਦਤ ਦਾ ਪਿਆਲਾ ਪੀਣਾ ਪਿਆ। [17]

ਸ਼ਹੀਦ ਦੀ ਮੌਤ ਕੌਮ ਦੀ ਹਯਾਤ ਹੁੰਦੀ ਹੈ। ਗੁਰੂ ਅਰਜਨ ਦੀ ਸ਼ਹਾਦਤ ਦੇ ਪ੍ਰਭਾਵ ਵੀ ਦੂਰ ਰਸ ਸਨ। ਇਸ ਸ਼ਹਾਦਤ (ਕੁਰਬਾਨੀ) ਨੇ ਪੰਜਾਬ ਤੇ ਸਿੱਖਾਂ ਦੇ ਇਤਿਹਾਸ ਉਤੇ ਇਕ ਨਾ ਮਿਟਣ ਵਾਲਾ ਅਸਰ ਛਡਿਆ ਹੈ। ਇਸੇ ਕਰਕੇ ਟਰੰਪ ਅਤੇ ਹੋਰ ਲਿਖਾਰੀਆਂ ਨੇ ਇਸ ਸ਼ਹਾਦਤ ਨੂੰ ਸਿੱਖ ਇਤਿਹਾਸ ਵਿਚ ਮੋੜ ਨਾਲ ਤੁਲਨਾ ਦਿੱਤੀ ਹੈ। ਇਸ ਸ਼ਹਾਦਤ ਨੇ ਸਿੱਖਾਂ 'ਤੇ ਡੂੰਘਾ ਅਸਰ ਪਾਇਆ, ਉਹਨਾਂ ਦੇ ਧਾਰਮਿਕ ਜਜ਼ਬੇ ਭੜਕਾ ਦਿੱਤੇ, ਸਿੱਖਾਂ ਦੇ ਪੁਨਰ ਜਜ਼ਬਿਆਂ ਨੂੰ ਇਸ ਸ਼ਹਾਦਤ ਨੇ ਅੱਗ ਲਾ ਦਿੱਤੀ। ਕੁਰਬਾਨੀ ਦਾ ਜ਼ਜ਼ਬਾ ਸਿੱਖਾਂ ਵਿਚ ਉਭਰ ਪਿਆ।

ਗੁਰੂ ਨਾਨਾਕ ਦੇਵ ਜੀ ਨੇ ਅਕਾਲ ਪੁਰਖ ਦਾ ਹੁਕਮ ਮੰਨਣ ਤੇ ਉਸ ਦੀ ਉਪਾਸ਼ਨਾ ਕਰਦੇ ਹੋਏ, ਏਕਤਾ, ਬਾਰਬਰੀ, ਸ਼ਰਧਾ, ਪਿਆਰ, ਸੱਚੇ ਤੇ ਸੁਚੇ ਆਚਰਨ ਦੀ ਸਿੱਖਿਆ ਦਿੱਤੀ ਸੀ, ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੀ ਸਿੱਖਿਆ ਨੂੰ ਲਗਨ ਨਾਲ ਪ੍ਰਚਾਰਿਆ ਸੀ, ਗੁਰੂ ਅਮਰਦਾਸ ਜੀ ਨੇ ਨਿਸ਼ਕਾਮ ਸੇਵਾ ਨਾਲ ਪਹਿਲੇ ਗੁਰੂ ਸਾਹਿਬਾਨ ਦੇ ਹੁਕਮਾਂ ਦੀ ਪਾਲਣਾ ਕੀਤੀ ਸੀ, ਗੁਰੂ ਅਮਰਦਾਸ ਜੀ ਨੇ ਕੇਂਦਰ ਤੇ ਜਥੇਬੰਦੀ ਨੂੰ ਮਜ਼ਬੂਤ ਕੀਤਾ ਸੀ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਵਿਚ ਕੁਰਬਾਨੀ ਦਾ ਜਜ਼ਬਾ ਭਰ ਦਿੱਤਾ।

ਸਿੱਖ ਇਤਿਹਾਸ ਵਿਚ ਇਸ ਪਹਿਲੀ ਸ਼ਹਾਦਤ ਨੇ ਧਰਮ ਲਈ ਕੁਰਬਾਨ ਹੋਣ ਦੇ ਬੀਜ ਬੋ ਦਿੱਤੇ। ਇਹ ਇਕ ਅਟੱਲ ਸਚਾਈ ਹੈ ਕਿ ਸਿੱਖੀ ਦੀ ਫੁਲਵਾੜੀ ਸ਼ਹੀਦਾਂ ਦੇ ਬੀਜਾਂ ਤੋਂ ਤਿਆਰ ਹੋਈ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਹਰਿਗੋਬਿੰਦ ਜੀ

(1595–1644)

" ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।"
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ।
ਦਲ ਭੰਜਣ ਗੁਰ ਸੂਰਮਾ, ਵਡ ਜੋਧਾ ਬਹੁ, ਪਰਉਪਕਾਰੀ। [18]

(ਭਾਈ ਗੁਰਦਾਸ)

1595 ਨੂੰ ਨਗਰ ਵਡਾਲੀ ਵਿਖੇ ਪੈਦਾ ਹੋਏ। ਆਪ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ, 25 ਮਈ 1606 ਈਸਵੀ ਨੂੰ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੱਦੀ ਉਤੇ ਬਿਠਾ ਕੇ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਉਸ ਵੇਲੇ ਛੇਵੇਂ ਪਾਤਸ਼ਾਹ ਦੀ ਉਮਰ 10 ਸਾਲ 10 ਮਹੀਨੇ ਤੇ 8 ਦਿਨ ਸੀ। ਗੁਰੂ ਹਰਿਗੋਬਿੰਦ ਜੀ ਨੇ ਦੇਖਿਆ ਕਿ ਉਨ੍ਹਾਂ ਦੇ ਪਿਤਾ ਦੀ ਸ਼ਹੀਦੀ ਜ਼ਾਲਮਾਂ ਦੇ ਪੱਥਰ ਹਿਰਦਿਆਂ ਨੂੰ ਨਰਮ ਤਾਂ ਨਹੀਂ ਕਰ ਸਕੀ ਪਰ ਸਿੱਖਾਂ ਦੇ ਹਿਰਦਿਆਂ ਨੂੰ ਗਰਮ ਜ਼ਰੂਰ ਕਰ ਗਈ। ਆਪ ਜੀ ਨੇ ਦੋ ਤਲਵਾਰਾਂ ਪਹਿਨ ਕੇ ਮੀਰੀ ਪੀਰੀ ਦਾ ਸਕੰਲਪ ਪੈਦਾ ਕੀਤਾ। ਸਿੱਖ ਫੌਜ ਦੀ ਨੀਂਹ ਰੱਖੀ। ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕੀਤੀ। 1609 ਵਿਚ ਅਕਾਲ ਤਖਤ ਦੀ ਸਥਾਪਨਾ ਕੀਤੀ। ਸੰਗਤਾਂ ਨੂੰ ਇਕ ਝੰਡੇ ਹੇਠਾਂ ਇਕੱਠੇ ਕਰ ਦਿੱਤਾ। ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ, ਰਾਜਨੀਤੀ ਤੇ ਧਰਮ ਦਾ ਸੁਮੇਲ ਕਰ ਦਿੱਤਾ। ਉਹ ਕੌਮੀ ਉਸਰਈਏ ਦੇ ਰੂਪ ਵਿਚ ਪ੍ਰਗਟ ਹੋਏ। ਮੈਕਾਲਫ ਕਹਿੰਦਾ ਹੈ, "ਹਜ਼ਾਰਾਂ ਦੀ ਗਿਣਤੀ ਵਿਚ ਲੋਕ ਗਰੂ ਦੇ ਦਰਬਾਰ ਵਿਚ ਇਕੱਠੇ ਹੋਏ ਅਤੇ ਉਹਨਾਂ ਆਪਣੀਆਂ ਜਵਾਨੀਆਂ ਭੇਂਟ ਕੀਤੀਆਂ। ਉਹਨਾਂ ਦੀ ਮੰਗ ਸਿਰਫ ਦੋ ਵਕਤ ਪ੍ਰਸ਼ਾਦਾ ਤੇ ਛੇ ਮਹੀਨਿਆਂ ਬਾਅਦ ਇਕ ਕੁੜਤਾ ਸੀ। ਇਹ ਕਰਾਮਾਤ ਕੋਈ ਆਦਰਸ਼ਕ ਸ਼ਖਸੀਅਤ ਵਾਲਾ ਲੀਡਰ ਹੀ ਕਰ ਸਕਦਾ ਸੀ। ਉਹਨਾਂ ਦੀ ਗੁਰਿਆਈ ਸਮੇਂ ਸਿੱਖੀ ਪੱਕੇ ਪੈਰਾਂ ਉੱਤੇ ਖੜ੍ਹੀ ਹੋ ਗਈ"[19]

ਲਖਨਊ ਤੋਂ ਭਾਈ ਚੂਹੜ ਚਓਝੜ ਨੇ ਸਿੱਖੀ ਬ੍ਰਿਛ ਦੀ ਵਿਆਖਿਆ ਪੁਛੀ ਤਾਂ ਆਪ ਨੇ ਫੁਰਮਾਇਆ, "ਸਿੱਖੀ ਦਾ ਮੁੱਢ, ਮਨ ਨੀਵਾਂ ਹੈ। ਟਾਹਣੀਆਂ, ਸੇਵਾ ਤੇ ਟਹਿਲ ਹੈ। ਪੱਤ੍ਰ ਸਾਧ ਸੰਗਤ ਹੈ। ਫਲ ਸ਼ਬਦ ਦੀ ਸੂਝ ਹੈ ਤੇ ਸਰੀਰ ਤੋਂ ਉਤਾਹਾਂ ਦੇਖਣਾ ਤੇ ਜਾਨਣਾ ਹੈ।"

ਪੀਰ ਸ਼ਾਹ-ਦੌਲਾ ਨਾਲ ਮੁਲਾਕਾਤ ਵੇਲੇ ਫਕੀਰ ਨੇ ਗੁਰਦੇਵ ਦਾ ਸ਼ਾਹੀ ਠਾਠ ਬਾਠ ਵੇਖ ਕੇ ਆਪ ਉੱਤੇ ਚਾਰ ਸਵਾਲ ਕੀਤੇ:

"1. ਔਰਤ ਕੀ, ਤੇ ਫਕੀਰੀ ਕੀ?
2. ਹਿੰਦੂ ਕੀ, ਤੇ ਪੀਰੀ ਕੀ?
3. ਪੁਤਰ ਕੀ, ਤੇ ਵੈਰਾਗ ਕੀ?
4. ਦੌਲਤ ਕੀ, ਤੇ ਤਿਆਗ ਕੀ?"

ਗੁਰਦੇਵ ਨੇ ਅੱਗੋਂ ਧੀਰਜ ਭਰੀ ਸੁਰ ਵਿਚ ਉੱਤਰ ਦਿੱਤਾ,

1. ਔਰਤ ਈਮਾਨ ਹੈ
2. ਫਕੀਰ ਨਾ ਹਿੰਦੂ ਨਾ ਮੁਸਲਮਾਨ ਹੈ
3. ਪੁੱਤਰ ਨਿਸ਼ਾਨ ਹੈ
4. ਦੌਲਤ ਗੁਜ਼ਰਾਨ ਹੈ

ਗੁਰਦੇਵ ਦੇ ਇਹ ਵਿਚਾਰ ਇਸ ਗੱਲ ਦੀ ਗਵਾਹੀ ਹਨ ਕਿ ਸਿੱਖੀ ਗ੍ਰਿਹਸਤੀਆਂ ਦਾ ਧਰਮ ਹੈ।

"ਜਨਤਾ ਫਕੀਰੀ, ਜ਼ਹਿਰ ਅਮੀਰੀ, ਸ਼ਸਤ੍ਰ ਗਰੀਬ ਦੀ ਰੱਖਿਆ, ਜਰਵਾਨੇ ਕੀ ਭਖਿਆ।"

ਉਪਰ ਲਿਖੇ ਖਿਆਲ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹਨ ਜੋ ਸ੍ਰੀ ਨਗਰ ਵਿਚ 1634 ਈ ਨੂੰ ਸਮਰਥ ਰਾਮਦਾਸ ਨੇ ਦੱਸੇ ਸਨ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਹਰਿ ਰਾਇ

(1630–1661)

ਗੁਰੂ ਹਰਿ ਰਾਇ ਸਾਹਿਬ ਦਾ ਜਨਮ ਕੀਰਤਪੁਰ ਵਿਚ 30 ਜਨਵਰੀ 1630 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ ਜੋ ਗੁਰੂ ਹਰਗੋਬਿੰਦ ਜੀ ਮਹਾਰਾਜ ਦੇ ਸਭ ਤੋਂ ਵੱਡੇ ਸਪੁੱਤਰ ਸਨ। ਗੁਰੂ ਜੀ ਦਾ ਬਚਪਨ ਕੀਰਤਪੁਰ ਦੇ ਖੁੱਲ੍ਹੇ ਮੈਦਾਨਾਂ ਵਿਚ ਗੁਜ਼ਰਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਉਨ੍ਹਾਂ ਦੇ ਪੁੱਤਰਾਂ ਚੋਂ ਕੋਈ ਵੀ ਅਜੇ ਗੁਰਗੁੱਦੀ ਸੰਭਾਲਣ ਦੇ ਯੋਗ ਨਹੀਂ. ਇਸ ਲਈ ਉਨ੍ਹਾਂ ਕੀਰਤਪੁਰ ਰਹਿੰਦਿਆਂ ਹਰਿ ਰਾਇ ਜੀ ਨੂੰ ਤਿਆਰ ਕਰਨਾ ਸ਼ੁਰੂ ਕੀਤਾ। ਮਾਰਚ 1644 ਨੂੰ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰਗੱਦੀ ਹਰਿ ਰਾਇ ਜੀ ਨੂੰ ਮਿਲ ਗਈ।

ਗੁਰੂ ਹਰਿ ਰਾਇ ਜੀ ਨੇ ਮਹਿਸੂਸ ਕੀਤਾ ਕਿ ਜਿਹੜੀ ਫੌਜ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਣਾਈ ਸੀ ਉਸ ਸਮੇਂ ਦੀ ਲੋੜ ਸੀ, ਇਸ ਲਈ ਉਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਸੋ ਗੁਰੂ ਜੀ ਨੇ 2200 ਘੋੜ-ਸਵਾਰਾਂ ਦੀ ਫੌਜ ਆਪਣੇ ਪਾਸ ਰੱਖੀ। ਫੌਜ ਰੱਖਣ ਦੇ ਬਾਵਜੂਦ ਵੀ ਉਨ੍ਹਾਂ ਫੈਸਲਾ ਕੀਤਾ ਹੋਇਆ ਸੀ ਕਿ ਫੌਜ ਨੂੰ ਵਾਹ ਲੱਗਦੀ ਜੰਗ ਵਿਚ ਧੱਕਣਾ ਨਹੀਂ। ਤਾਕਤ ਹੁੰਦਿਆਂ ਹੋਇਆਂ ਉਸਨੂੰ ਵਰਤੋਂ 'ਚ ਨਾ ਲਿਆਉਣਾ ਅਸਲ ਅਹਿੰਸਾ ਹੈ। ਤਾਣ ਹੁੰਦਿਆਂ ਨਿਤਾਣਾ ਰਹਿਣਾ, ਮਾਣ ਹੁੰਦਿਆਂ ਨਿਮਾਣਾ ਰਹਿਣਾ ਅਸਲ ਵਿਚ ਦੈਵੀ ਗੁਣ ਹਨ। ਇਹ ਗੁਣ ਗੁਰ ਹਰਿ ਰਾਇ ਜੀ ਵਿਚ ਮੌਜੂਦ ਸਨ। ਉਨ੍ਹਾਂ ਆਪਣੀ ਸਾਰੀ ਜ਼ਿੰਦਗੀ 'ਚ ਇਕ ਵੀ ਲੜਾਈ ਨਹੀਂ ਲੜੀ।

ਧਰਮ ਪ੍ਰਚਾਰ ਵਾਲੇ ਪਾਸੇ ਗੁਰੂ ਜੀ ਨੇ ਵਿਸ਼ੇਸ਼ ਧਿਆਨ ਦਿੱਤਾ। ਜੇ ਕੋਈ ਦਰਬਾਰ ਵਿਚ ਆਉਂਦਾ ਉਸ ਨੂੰ ਵੰਡ ਛੱਕਣ ਅਤੇ ਸੇਵਾ ਕਰ ਕਰਨ ਦਾ ਉਪਦੇਸ਼ ਦਿੱਤਾ ਜਾਂਦਾ। ਆਪ ਜੀ ਤੋਂ ਪਹਿਲੇ ਗੁਰੂਆਂ ਚੋਂ ਕਿਸੇ ਨੇ ਵੀ ਮਾਲਵੇ ਵਿਚ ਧਰਮ ਪ੍ਰਚਾਰ ਨਹੀਂ ਸੀ ਕੀਤਾ। ਸੋ ਗੁਰੂ ਜੀ ਇਸ ਇਲਾਕੇ 'ਚ ਪਹੁੰਚੇ ਅਤੇ ਪਟਿਆਲਾ, ਨਾਭਾ, ਜੀਂਦ ਦੇ ਵਡੇਰਿਆਂ ਰਾਮਾ ਤੇ ਤਿਲੋਕਾ ਨੂੰ ਵਰ ਦਿੱਤੇ ਕਿ ਉਹ ਰਾਜ ਕਮਾਉਣਗੇ। ਮਹਾਰਾਜਾ ਰਣਜੀਤ ਸਿੰਘ ਦੇ ਵਡੇਰਿਆਂ ਨੂੰ ਵੀ ਅਸੀਸਾਂ ਦਿੱਤੀਆਂ। ਪੂਰੇ ਮਾਲਵੇ 'ਚ ਪਿਆਰ ਤੇ ਅਮਨ ਦਾ ਪ੍ਰਚਾਰ ਕੀਤਾ।

ਗੁਰੂ ਜੀ ਨੇ ਰਾਮ ਰਾਇ ਨੂੰ ਗੁਰਗੱਦੀ ਦੇ ਯੋਗ ਨਾ ਸਮਝਕੇ ਗੁਰਗੱਦੀ ਛੋਟੇ ਸਪੁੱਤਰ ਹਰਿਕ੍ਰਿਸ਼ਨ ਨੂੰ ਸੌਂਪੀ ਗਈ ਅਤੇ ਥੋੜ੍ਹੇ ਹੀ ਦਿਨਾਂ ਬਾਦ 6 ਅਕਤੂਬਰ 1661 ਨੂੰ 31 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਹਰਿ ਕ੍ਰਿਸ਼ਨ ਜੀ

(1656–1664)

(ਗੁਰੂ) ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਨੂੰ ਕੀਰਤਪੁਰ ਵਿਖੇ ਮਾਤਾ ਰਾਜ ਕੌਰ ਜੀ ਦੀ ਕੁੱਖੋਂ ਹੋਇਆ। ਸਵਾ ਕੁ ਪੰਜ ਸਾਲ ਦੀ ਉਮਰ 'ਚ ਅਕਤੂਬਰ 1661 ਨੂੰ ਆਪ ਜੀ ਨੇ ਗੁਰਗੁੱਦੀ ਸੰਭਾਲੀ। ਰਾਮ ਰਾਇ ਵਲੋਂ ਕਾਫੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਰਾਮ ਰਾਇ ਨੇ ਔਰੰਗਜ਼ੇਬ ਨਾਲ ਵੀ ਗੁਰੂ ਜੀ ਦੇ ਵਿਰੁੱਧ ਗੋਂਦਾਂ ਗੁੰਦੀਆਂ। ਗੁਰੂ ਜੀ ਨੂੰ ਮਿਰਜ਼ਾ ਰਾਜਾ ਜੈ ਸਿੰਘ ਦੁਆਰਾ ਦਿੱਲੀ ਸੱਦਿਆ ਗਿਆ। ਪਰ ਗੁਰੂ ਜੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਫਿਰ ਜੈ ਸਿੰਘ ਨੇ ਗੁਰੂ ਜੀ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਉਹ ਦਿੱਲੀ ਦਰਬਾਰ 'ਚ ਨਾ ਜਾਣ 'ਤੇ ਨਾ ਔਰੰਗਜ਼ੇਬ ਨੂੰ ਮਿਲਣ। ਇਸ ਤੇ ਗੁਰੂ ਜੀ ਜਾਣ ਲਈ ਰਾਜ਼ੀ ਹੋ ਗਏ। ਕੁਝ ਸਮਾਂ ਦਿੱਲੀ ਰਹਿ ਕੇ ਧਰਮ ਪ੍ਰਚਾਰ ਦੇ ਕੰਮ ਨੂੰ ਵੇਖਦੇ ਰਹੇ। ਇਸ ਪ੍ਰਚਾਰ ਨੇ ਸਿੱਖੀ ਦਿੱਲੀ ਦੀਆਂ ਸਭ ਨੁਕਰਾਂ ਤੀਕ ਫੈਲਾ ਦਿੱਤੀ। ਗੁਰੂ ਜੀ ਨੂੰ ਭੇਟਾ ਵਜੋਂ ਜੋ ਕੁਝ ਵੀ ਆਉਂਦਾ ਆਪ ਸਭ ਕੁਝ ਲੋੜਵੰਦਾਂ 'ਚ ਵੰਡ ਦਿੰਦੇ। ਜਦ ਹੈਜ਼ੇ ਦੀ ਬੀਮਾਰੀ ਫੈਲੀ ਤਾਂ ਗੁਰੂ ਜੀ ਲੋਕਾਂ ਦੇ ਘਰੀਂ, ਗਲੀਆਂ, ਮੁਹੱਲਿਆਂ 'ਚ ਵੀ ਜਾਂਦੇ ਰਹੇ।

ਦਿੱਲੀ ਕੁਝ ਸਮਾਂ ਰਹਿਣ ਬਾਅਦ ਗੁਰੂ ਜੀ ਵਾਪਸ ਮੁੜਨ ਹੀ ਲੱਗੇ ਸਨ ਕਿ ਅਚਾਨਕ ਬੀਮਾਰੀ ਦਾ ਹਮਲਾ ਹੋ ਗਿਆ। ਨਾਲ ਹੀ ਚੇਚਕ ਨਿਕਲ ਆਈ। ਬੀਮਾਰੀ ਜ਼ਿਆਦਾ ਗੰਭੀਰ ਹੋ ਗਈ। ਆਪ ਨੇ ਸਿੱਖਾਂ ਨੂੰ ਗੁਰਗੱਦੀ ਦੇ ਸਬੰਧ 'ਚ ਆਖਿਆ, 'ਬਾਬਾ.... ਬਕਾਲੇ' ਤੇ ਸੀਸ ਨਿਵਾ ਦਿੱਤਾ। ਨਾਰੀਅਲ ਉਨ੍ਹਾਂ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਦੇ ਹੱਥ 'ਤੇ ਰੱਖ ਦਿੱਤਾ।

ਉਸ ਉਪਰੰਤ ਆਪ ਬੀਮਾਰੀ ਤੋਂ ਉਠ ਨਾ ਸਕੇ ਅਤੇ 30 ਮਾਰਚ ਸੰਨ 1664 ਨੂੰ ਜੋਤੀ ਜੋਤ ਸਮਾ ਗਏ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਤੇਗ ਬਹਾਦਰ

(1621–1675)

ਗੁਰੂ ਤੇਗ ਬਾਹਦਰ ਦਾ ਜਨਮ ਇਕ ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। 20 ਮਾਰਚ 1665 ਨੂੰ ਬਾਬੇ ਬਕਾਲੇ ਮੱਖਣ ਸ਼ਾਹ ਲਬਾਣਾ ਤੇ ਕੁਝ ਹੋਰ ਸਿੱਖਾਂ ਨੇ ਮਿਲ ਕੇ ਮਹਾਰਾਜ ਨੂੰ ਗੁਰੱਗਦੀ ਉੱਤੇ ਬਿਠਾਉਣ ਦਾ ਪ੍ਰਬੰਧ ਕੀਤਾ। ਰਾਮਰਾਇ ਦਾ ਵੈਰ ਤੇ ਧੀਰ ਮੱਲ ਦੀ ਵਿਰੋਧਤਾ ਕਰਕੇ, ਗੁਰੂ ਤੇਗ ਬਹਾਦਰ ਜੀ ਨੇ ਬਾਬੇ ਬਕਾਲੇ ਰਹਿਣਾ ਠੀਕ ਨਾ ਸਮਝਿਆ। ਬਾਬੇ ਬਕਾਲੇ ਤੋਂ ਤੁਰ ਕੇ ਉਹ ਅੰਮ੍ਰਿਤਸਰ ਪਹੁੰਚੇ, ਪਰ ਇਥੇ ਪੁਜਾਰੀਆਂ, ਮਸੰਦਾਂ ਅਤੇ ਕਰਮਚਾਰੀਆਂ ਨੇ ਹਰਿਮੰਦਰ ਸਾਹਿਬ ਜਾਣ ਤੋਂ ਰੋਕ ਦਿੱਤਾ। ਇਸ ਘਟਨਾ ਉਪਰੰਤ ਗੁਰੂ ਜੀ ਦਾ ਇਰਾਦਾ ਬਣ ਗਿਆ ਕਿ ਹੋਰ ਪੱਕਾ ਟਿਕਾਣਾ ਬਣਾਇਆ ਜਾਏ। ਗੁਰੂ ਤੇਗ ਬਹਾਦਰ ਜੀ ਨੇ ਤਿੰਨ ਪਿੰਡ ਮਾਖੋਵਾਲ, ਮਟੌਰ, ਤੇ ਲੋਧੀਪੁਰ ਖਰੀਦੇ ਤੇ ਉਥੇ 1664 ਵਿਚ ਅਨੰਦਪੁਰ ਸਾਹਿਬ ਨਾਮੀ ਨਗਰ ਵਸਾਇਆ।

ਗੁਰੂ ਜੀ ਨੇ ਧਰਮ ਪ੍ਰਚਾਰ ਲਈ ਆਪਣੀ ਮਾਤਾ ਜੀ (ਨਾਨਕੀ ਜੀ) ਤੇ ਧਰਮਪਤਨੀ (ਮਾਤਾ ਗੁਜ਼ਰੀ) ਸਮੇਤ ਅਨੰਦਪੁਰ ਚਾਲੇ ਪਾ ਦਿੱਤੇ। ਪਹਿਲਾ ਪੜਾਅ ਕੀਰਤਪੁਰ ਕੀਤਾ। ਉੱਥੋਂ ਚਲ ਕੇ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਦਾ ਦੌਰਾ ਕਰਕੇ ਆਪ ਕੁਰਕੁਸ਼ੇਤਰ ਪੁੱਜੇ। ਉੱਥੋਂ ਚੱਲ ਕੇ ਆਪ ਮਥਰਾ, ਆਗਰਾ ਆਦਿ ਨਗਰਾਂ ਵਿਚ ਦੀ ਹੁੰਦੇ ਹੋਏ ਤ੍ਰਿਵੈਣੀ (ਅਲਾਹਾਬਾਦ) ਜਾ ਠਹਿਰੇ। ਏਥੋਂ ਤੁਰ ਕੇ ਗੁਰਦੇਵ ਬਨਾਰਸ, ਗਯਾ ਰਾਹੀਂ ਪਟਨੇ ਜਾ ਪੁੱਜੇ। ਪਰਿਵਾਰ ਨੂੰ ਪਟਨੇ ਛਡ ਕੇ ਆਪ ਬੰਗਾਲ ਵਿਚ ਦੀ ਹੁੰਦੇ ਹੋਏ ਆਸਾਮ ਵਿਚ ਪੁੱਜ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੇ ਕਰੀਬ ਇਧਰ ਰਹੇ। ਫੇਰ ਪਟਨੇ ਹੁੰਦੇ ਹੋਏ ਪੰਜਾਬ ਨੂੰ ਵਾਪਸ ਆ ਗਏ।

ਔਰੰਗਜ਼ੇਬ (1618–1707) ਦੀ ਧਾਰਮਿਕ ਕੱਟੜਤਾ ਦੀ ਨੀਤੀ ਹਿੰਦੂ ਧਰਮ ਲਈ ਬਹੁਤ ਹਾਨੀਕਾਰਕ ਸੀ। ਉਸ ਨੂੰ ਗੁਰੂ ਤੇਗ ਬਹਾਦਰ ਦੀ ਦਲੇਰੀ ਅਤੇ ਜੁਅਰਤ ਆਪਣੇ ਲਈ ਖਤਰਾ ਦਿਖਾਈ ਦਿੱਤੀ ਸੀ। ਸਿੱਖ ਜਥੇਬੰਦੀ ਭੀ ਉਸ ਨੂੰ ਚੁੱਭਦੀ ਸੀ। ਉਸ ਦੀ ਧਾਰਮਿਕ ਨੀਤੀ ਨੇ ਜਨਤਾ ਦਾ ਨੱਕ ਵਿਚ ਦਮ ਕਰ ਦਿੱਤਾ। ਜਨਤਾ ਦੀ ਪੁਕਾਰ ਸੁਣ ਕੇ ਗੁਰੂ ਤੇਗ ਬਹਾਦਰ ਨੇ ਜਨਤਾ ਦੀ ਬਾਂਹ ਫੜੀ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਫੜ ਕੇ ਕਤਲ ਕਰਨ ਦਾ ਮਨ ਬਣਾ ਲਿਆ। 15 ਨਵੰਬਰ 1675 ਨੂੰ ਤਸੀਹੇ ਦੇ ਚਾਂਦਨੀ ਚੌਂਕ ਦਿੱਲੀ ਵਿਖੇ ਸਰੇ ਬਾਜ਼ਾਰ ਕਤਲ ਕਰ ਦਿੱਤਾ। ਗੁਰੂ ਜੀ ਨੇ ਧਰਮ ਵਾਸਤੇ ਚਾਅ ਨਾਲ ਕੁਰਬਾਨੀ ਦਿੱਤੀ ਸੀ। ਬੈਨਰਜੀ ਇਸ ਸ਼ਹਾਦਤ ਨੂੰ 'ਆਪ ਸਹੇੜੀ ਸ਼ਹਾਦਤ' ਕਹਿੰਦਾ ਹੈ।

ਗੁਰੂ ਗੋਬਿੰਦ ਸਿੰਘ ਇਸ ਸ਼ਹਾਦਤ ਬਾਰੇ ਆਪ ਲਿਖਦੇ ਹਨ:

"ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸ ਦੀਯਾ ਪਰੁ ਸੀ ਨ ਉਚਰੀ।
ਧਰਮ ਹੇਤੁ ਸਾਕਾ ਜਿਨਿ ਕੀਆ।
ਸੀਸ ਦੀਆ ਪਰੁ ਸਿਰਰੁ ਨਾ ਦੀਆ।" (ਬਚਿੱਤ੍ਰ ਨਾਟਕ)

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਕੌਮ ਨੂੰ ਜਥੇਬੰਦ ਕਰ ਦਿੱਤਾ। ਜ਼ੁਲਮ ਦੇ ਖਿਲਾਫ ਸ਼ਾਂਤ ਰਹਿ ਕੇ ਧਰਮ ਲਈ ਕੁਰਬਾਨੀ ਦੇਣ ਦੀ ਰੀਤ ਦੁਹਰਾਈ ਗਈ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ। ਜਹਾਂਗੀਰ ਦੇ ਪੋਤੇ ਔਰੰਗਜ਼ੇਬ ਨੇ ਗੁਰੂ ਅਰਜਨ ਦੇਵ ਜੀ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਹ ਪ੍ਰਗਟ ਕਰ ਦਿੱਤਾ ਸੀ ਕਿ ਸਿੱਖਾਂ ਤੇ ਸੇਵਕਾਂ ਦਾ ਉਨਾ ਚਿਰ ਬਚਣਾ ਮੁਸ਼ਕਲ ਹੈ ਜਦ ਤਕ ਕੌਮ ਜਥੇਬੰਦ ਨਹੀਂ ਹੁੰਦੀ। ਗਰ ਤੇਗ ਬਹਾਦਰ ਦੀ ਸ਼ਹਾਦਤ ਨੇ ਤਾਂ ਫੈਸਲਾ ਕਰ ਦਿੱਤਾ ਕਿ ਅਮਨ ਦੀ ਸ਼ਾਂਤਮਈ ਜੱਦੋ ਜਹਿਦ ਨਾਲ ਮੁਗਲਾਂ ਦੀ ਆਤਮਾ ਨਹੀਂ ਬਦਲ ਸਕੇਗੀ। ਜ਼ੁਲਮ ਦੇ ਰਾਜ ਨੂੰ ਖਤਮ ਕਰਨ ਲਈ ਸ਼ਸਤ੍ਰਬੰਦ, ਜਥੇਬੰਦ ਕੌਮ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਪੂਰਾ ਕੀਤਾ।

*

Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ

(1666–1708)

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਨੂੰ ਪਟਨੇ ਵਿਖੇ (ਬਿਹਾਰ) ਵਿਚ ਹੋਇਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਜਦ (ਗੁਰੂ) ਗੋਬਿੰਦ ਸਿੰਘ ਜੀ 1675 ਵਿਚ ਗੱਦੀ ਉਤੇ ਬੈਠੇ ਤਾਂ ਉਨ੍ਹਾਂ ਦੀ ਉਮਰ ਕੇਵਲ 9 ਸਾਲ ਦੀ ਸੀ। ਗੁਰੂ ਜੀ ਦਾ ਬਚਪਨ ਪਟਨੇ ਗੁਜ਼ਰਿਆ। 1673 ਈਸਵੀ ਵਿਚ ਉਹ ਅਨੰਦਪੁਰ ਆਏ। ਬਿਹਾਰੀ ਬੋਲੀ ਉਹ ਪਹਿਲਾਂ ਜਾਣਦੇ ਸਨ। ਫਾਰਸੀ, ਬ੍ਰਿਜ, ਸੰਸਕ੍ਰਿਤ ਤੇ ਹੋਰ ਭਾਸ਼ਾਵਾਂ ਪੜ੍ਹੀਆਂ। ਸ਼ਸਤ੍ਰ ਵਿਦਿਆ ਵਿਚ ਗੁਰੂ ਜੀ ਨੇ ਨਿਪੁੰਨਤਾ ਹਾਸਲ ਕੀਤੀ। ਅਨੰਦਪੁਰ 8 ਸਾਲ ਰਹਿ ਕੇ ਇਸ ਮਹਾਨ ਪੁਰਸ਼ ਨੇ ਖਿੰਡੇ ਪੁੰਡੇ ਲੋਕਾਂ ਨੂੰ ਇਕੱਠੇ ਕਰਨ ਤੋਂ ਪਹਿਲਾਂ ਆਪਣਾ ਸਾਰਾ ਵਕਤ ਪੜਾਈ ਅਤੇ ਤਿਆਰੀ ਉੱਤੇ ਲਾਇਆ। ਗੁਰੂ ਸਾਹਿਬ ਨੇ "ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤੁ ਆਨਿ" ਦਾ ਪ੍ਰਚਾਰ ਕੀਤਾ। ਰਾਜਾ ਨਾਹਨ ਦੇ ਸੱਦੇ ਤੇ 1683 ਵਿਚ ਆਪ ਪਾਉਂਟਾ ਸਾਹਿਬ ਆ ਗਏ। ਪੁਰਾਤਨ ਮਹਾਂਕਾਵ ਦੇ ਤਰਜਮੇ ਕੀਤੇ ਤੇ ਕਰਾਏ। ਬਵੰਜਾ ਵਿਦਵਾਨ ਤੇ ਕਵੀ ਉਨ੍ਹਾਂ ਦੇ ਦਰਬਾਰ ਵਿਚ ਸਨ। ਭੰਗਾਣੀ ਦਾ ਯੁੱਧ ਉਥੇ ਲੜਨਾ ਪਿਆ। 1687 ਦੇ ਸ਼ੁਰੂ ਵਿਚ ਗੁਰੂ ਜੀ ਅਨੰਦਪੁਰ ਆ ਗਏ। ਅਨੰਦਪੁਰ ਗੁਰੂ ਜੀ ਨੇ ਹੋਲੇ ਮਹੱਲੇ ਦੀ ਰਸਮ ਨੂੰ ਉਜ਼ਾਗਰ ਕੀਤਾ। ਪਹਾੜੀ ਰਾਜਿਆਂ ਤੇ ਮੁਗਲ ਫੌਜ ਦੇ ਹਮਲੇ ਤੋਂ ਬਚਾ ਲਈ ਛੇ ਕਿਲ੍ਹੇ ਉਸਾਰੇ। ਨਦੌਣ ਦੀ ਜੰਗ ਲੜਨੀ ਪਈ।

23 ਸਾਲ ਗੁਰੂ ਜੀ ਕੌਮ ਦੀ ਉਸਾਰੀ ਵਲ ਜੁੱਟੇ ਰਹੇ ਸਨ। ਕੌਮ ਨੂੰ ਤਕਰੀਬਨ ਸ਼ਸਤ੍ਰ-ਬੱਧ ਕਰ ਦਿੱਤਾ ਸੀ। ਆਚਰਨ ਦੀ ਉਸਾਰੀ ਭੀ ਹੋ ਗਈ ਸੀ। ਹੁਣ ਪੰਥ ਸਾਜਣ ਵੱਲ ਧਿਆਨ ਦਿੱਤਾ।

"ਪੰਥ ਸਜਾਇਓ ਖਾਲਸਾ ਧਰ ਤੇਜ ਕਰਾਰਾ।"

(ਭਾਈ ਗੁਰਦਾਸ)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਉਣ ਦਾ ਮੰਤਵ ਬਚਿਤ੍ਰ ਨਾਟਕ ਵਿਚ ਦੱਸਿਆ ਸੀ। "ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਦੋਖੀਅਨ ਕੋ ਮੂਲ ਉਪਾਰਨ" ਹੀ ਉਨ੍ਹਾਂ ਦਾ ਵੱਡਾ ਨਿਸ਼ਾਨਾ ਸੀ। ਹੁਕਮਨਾਮੇ ਭੇਜ ਕੇ ਇਕ ਭਾਰੀ ਇਕੱਠ ਅਨੰਦਪੁਰ ਸਾਹਿਬ ਵੈਸਾਖੀ ਵਾਲੇ ਦਿਨ ਬੁਲਾਇਆ। 30 ਮਾਰਚ 1699 ਵਿਚ ਕੇਸਗੜ੍ਹ ਸਾਹਿਬ ਭਾਰੀ ਦੀਵਾਨ ਸਜਾਇਆ। ਨੰਗੀ ਤਲਵਾਰ ਨਾਲ ਸਟੇਜ 'ਤੇ ਆ ਕੇ ਪੰਜਾਂ ਸਿਰਾਂ ਦੀ ਮੰਗ ਕੀਤੀ। ਗੁਰਸਿੱਖੀ ਵਿਚ ਪਰਪੱਕ ਪੰਜ ਸਿੱਖ ਕੁਰਬਾਨੀ ਲਈ ਪੇਸ਼ ਹੋਏ। ਸੰਗਤਾਂ ਸਾਹਮਣੇ ਹੀ ਅੰਮ੍ਰਿਤ ਤਿਆਰ ਕੀਤਾ। ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ। ਉਹਨਾਂ ਨੂੰ ਬੇਨਤੀ ਕੀਤੀ ਕਿ, "ਹੁਣ ਉਹ ਮੈਨੂੰ (ਗੁਰੂ ਗੋਬਿੰਦ ਸਿੰਘ) ਅੰਮ੍ਰਿਤ ਛਕਾਉਣ। ਪੰਜਾਂ ਨੇ ਅੰਮ੍ਰਿਤ ਤਿਆਰ ਕਰਕੇ ਗੁਰੂ ਜੀ ਨੂੰ ਅੰਮ੍ਰਿਤ ਛਕਾਇਆ। ਧਾਰਮਿਕ ਸੰਸਾਰ ਦੇ ਇਤਿਹਾਸ ਵਿਚ ਇਹ ਇਕ ਇਨਕਲਾਬੀ ਕਦਮ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਸੀ, "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗਰੁ ਚੇਲਾ" ਜਿਹਨਾਂ ਤੋਂ ਗੁਰੂ ਜੀ ਨੇ ਅੰਮ੍ਰਿਤ ਛੱਕਿਆ ਸੀ ਉਹਨਾਂ ਨੂੰ ਪੰਜ ਪਿਆਰੇ ਆਖਿਆ ਗਿਆ।

ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ–

1. ਦਇਆ ਰਾਮ, ਖੱਤਰੀ, ਲਾਹੌਰ ਦੇ ਰਹਿਣ ਵਾਲਾ। (ਭਾਈ ਦਇਆ ਸਿੰਘ ਜੀ)
2. ਧਰਮਦਾਸ, ਜੱਟ, ਦਿੱਲੀ ਦੇ ਰਹਿਣ ਵਾਲਾ (ਭਾਈ ਧਰਮ ਸਿੰਘ ਜੀ)
3. ਹਿੰਮਤ ਜੀ, ਰਸੋਈਆ, ਜਗਨ ਨਾਥ (ਗੁਜਰਾਤ) ਦੇ ਰਹਿਣ ਵਾਲਾ (ਭਾਈ ਹਿੰਮਤ ਸਿੰਘ ਜੀ)
4. ਮੁਹਕਮਚੰਦ, ਛੀਂਬਾ, ਦੁਵਾਰਕਾ ਦੇ ਰਹਿਣ ਵਾਲਾ (ਭਾਈ ਮੁਹਕਮ ਸਿੰਘ ਜੀ)
5. ਸਾਹਿਬ ਚੰਦ, ਨਾਈ, ਬਿਦਰ (ਆਂਧਰਾ) ਦੇ ਰਹਿਣ ਵਾਲਾ (ਭਾਈ ਸਾਹਿਬ ਸਿੰਘ ਜੀ)

ਗੋਕਲ ਚੰਦ ਨਾਰੰਗ ਲਿਖਦਾ ਹੈ, "ਜਾਤ ਪਾਤ ਤੋੜ ਕੇ ਸਾਰਿਆਂ ਨੂੰ ਇਕੋ ਜਿਹੇ ਹਕੂਕ ਦੇ ਕੇ, ਇਕੋ ਪੂਜਾ ਅਸਥਾਨ, ਇਕੋ ਯਾਤਰਾ ਅਸਥਾਨ, ਇਕੋ ਬਾਟੇ ਵਿਚੋਂ ਸਾਰੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਸਾਰਿਆਂ ਨੂੰ ਇਕੋ ਜਿਹੀ ਰਹਿਤ ਦੇ ਕੇ ਅਤੇ ਇਸ ਤੋਂ ਵੀ ਵੱਧ ਇਕੋ ਝੰਡੇ ਥੱਲੇ, ਇਕੋ ਲੀਡਰ ਥੱਲੇ, ਸਾਂਝੇ ਅਦਾਰਸ਼ਾਂ ਲਈ ਇਕੱਠਿਆਂ ਕਰਕੇ ਗੁਰੂ ਨੇ ਸਿੱਖਾਂ ਵਿਚ ਨਾ ਟੁੱਟਣ ਵਾਲੀ ਏਕਤਾ ਪੈਦਾ ਕੀਤੀ ਤੇ ਇਕ ਲੜੀ ਵਿਚ ਪਰੋ ਦਿੱਤਾ। ਇਸ ਜਥੇਬੰਦੀ ਨੇ ਹੀ ਮੁਗਲਾਂ ਦੀਆਂ ਯਲਗਾਰਾਂ ਦਾ ਮੁਕਾਬਲਾ ਕੀਤਾ।" [20]
ਗੁਰੂ ਜੀ ਨੇ ਖਾਲਸਾ ਸਾਜ ਕੇ ਸਿੱਖ ਨੂੰ ਜੀਵਨ ਬਤੀਤ ਕਰਨ ਦਾ ਬੱਲ ਸਿਖਾ ਦਿੱਤਾ। ਸੋ ਸਿੱਖ ਧਰਮ ਕੋਈ ਨਿਰਾ ਅਸੂਲਾਂ ਦਾ ਪਲੰਦਾ ਨਾ ਰਿਹਾ ਸਗੋਂ ਇਹ ਜੀਵਨ ਜਾਚ ਬਣ ਗਿਆ। ਗੁਰੂ ਨਾਨਕ ਨੇ ਸਿੱਖ ਕੌਮ ਦਾ ਮਹਿਲ 'ਬਾਣੀ' ਤੇ 'ਸਿੱਖ ਸੰਗਤ' ਉਤੇ ਖੜ੍ਹਾ ਕੀਤਾ ਸੀ। ਗੁਰੂ ਗੋਬਿੰਦ ਸਿੰਘ ਨੇ ਉਸ ਕੌਮ ਨੂੰ ਪੂਰੀ ਸ਼ਕਲ ਦੇ ਦਿੱਤੀ। ਉਸ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤੇ ਉਸੇ ਸੰਗਤ ਨੂੰ ਖਾਲਸਾ ਬਣਾਇਆ।

Sri Satguru Jagjit Singh Ji eLibrary NamdhariElibrary@gmail.com

ਉਸਾਰੀ ਦੇ ਕੰਮ ਜਾਰੀ ਰੱਖਦੇ ਹੋਏ, ਗੁਰੂ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਤੇ ਹੋਰ ਪੜ੍ਹਾਈ ਕਰਨ ਲਈ ਬਨਾਰਸ ਭੇਜਿਆ। ਜਿਹਨਾਂ ਨੇ ਬਨਾਰਸ ਵਿਦਿਆ ਪ੍ਰਾਪਤ ਕੀਤੀ ਉਨ੍ਹਾਂ ਸਫੈਦ ਕਪੜੇ ਪਾਏ, ਉਹ 'ਨਿਰਮਲੇ' ਕਹਿਲਾਏ। ਸਿੱਖੀ ਦੇ ਵਿਚਾਰ ਨੂੰ ਅਗਾਂਹ ਵਧਾਇਆ ਮਸੰਦਾਂ ਕੋਲੋਂ ਉਗਰਾਹੀ ਦਾ ਕੰਮ ਖੋਹ ਲਿਆ। ਗੋਲਕ ਦੀ ਭੇਟਾ ਨਿੱਜ ਲਈ ਵਿਵਰਜਿਤ ਕਰ ਦਿੱਤੀ।

ਸਿੱਖ ਜਥੇਬੰਦੀ ਦੀ ਮਜ਼ਬੂਤੀ ਤੇ ਗੁਰੂ ਸਾਹਿਬ ਦੀ ਚੜਦੀ ਕਲਾ ਵੇਖ ਕੇ ਪਹਾੜੀ ਰਾਜਿਆਂ ਨੇ ਫੇਰ ਲੜਾਈ ਛੇੜ ਦਿੱਤੀ। ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ 1700 ਈਸਵੀ ਵਿਚ ਲੜੀ ਗਈ ਤੇ ਦੂਜੀ ਲੜਾਈ 1701 ਈਸਵੀ ਵਿਚ ਲੜੀ ਗਈ। ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਅਨੰਦਪੁਰ ਨੂੰ ਘੇਰਾ ਪਾ ਲਿਆ। ਦੂਜੇ ਪਾਸੇ ਧੋਖੇ ਫਰੇਬ ਦਾ ਆਸਰਾ ਲੈ ਕੇ ਕੁਝ ਚਿਰ ਲਈ ਅਨੰਦ ਪੁਰ (ਅਨੰਦਗੜ ਦਾ ਕਿਲ੍ਹਾ) ਛੱਡ ਜਾਣ ਲਈ ਆਖਿਆ। ਗੁਰੂ ਜੀ ਨਿਰਮੋਹੀ, ਅਨੰਦਪੁਰ ਤੋਂ ਦੋ ਮੀਲ ਦੂਰ ਉੱਚੇ ਟਿੱਲੇ ਤੇ ਕੱਚੀ ਗੜ੍ਹੀ ਵਿਚ ਚਲੇ ਗਏ। ਪਹਾੜੀ ਰਾਜਿਆਂ ਨੇ ਆਪਣੀਆਂ ਕਸਮਾਂ ਨੂੰ ਛਿੱਕੇ ਉਤੇ ਟੰਗ ਕੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਸਰਹੰਦ ਦੇ ਨਵਾਬ ਵਜ਼ੀਰ ਖਾਨ ਨੇ ਹਿੰਦੂ ਰਾਜਿਆਂ ਦੀ ਬੇਨਤੀ ਤੇ ਔਰੰਗਜ਼ੇਬ ਦੇ ਹੁਕਮ ਨਾਲ ਅਨੰਦਪੁਰ ਉਤੇ ਚੜਾਈ ਕਰ ਦਿੱਤੀ। ਇਹ ਸਾਂਝਾ ਹਮਲਾ 1702 ਵਿਚ ਹੋਇਆ। ਬਸੋਹਲੀ ਵੱਲ ਗੁਰੂ ਜੀ ਸੰਧੀ ਮੁਤਾਬਿਕ ਚਲ ਪਏ। ਪਿੱਛੋਂ ਫੇਰ ਹਮਲਾ ਹੋ ਗਿਆ। ਕੁਝ ਦੇਰ ਬਸੋਹਲੀ ਤੇ ਬਡੋਰ ਸਾਹਿਬ ਰਹਿ ਕੇ ਗੁਰੂ ਜੀ ਅਨੰਦ ਪੁਰ ਵਾਪਸ ਆ ਗਏ। ਹੋਰ ਜੰਗੀ ਤਿਆਰੀ ਸ਼ੁਰੂ ਹੋ ਗਈ। ਮੁਗਲ ਜਰਨੈਲਾਂ ਦੀ ਮਦਦ ਨਾਲ ਰਾਜਿਆਂ ਨੇ ਫੇਰ ਲੜਾਈ ਛੇੜ ਲਈ ਜਿਸ ਨੂੰ ਅਨੰਦਪੁਰ ਸਾਹਿਬ ਦੀ ਤੀਜੀ ਲੜਾਈ ਆਖਿਆ ਗਿਆ। ਇਸ ਲੜਾਈ ਵਿਚ ਰਾਜਿਆਂ ਨੂੰ ਹਾਰ ਹੋਈ ਤੇ ਕੁਝ ਮੁਗਲ ਫੌਜੀ ਗੁਰੂ ਗੋਬਿੰਦ ਸਿੰਘ ਜੀ ਵੱਲ ਹੋ ਗਏ। ਪਹਾੜੀ ਰਾਜਿਆਂ ਨੇ ਹਾਰ ਕੇ ਔਰੰਗਜ਼ੇਬ ਨੂੰ ਲਿਖਿਆ ਜਿਸ ਦਾ ਸਾਰੰਸ਼ ਇਹ ਸੀ, "ਗੁਰੂ ਗੋਬਿੰਦ ਸਿੰਘ ਖੁਦ ਗੁਰੂ ਨਾਨਕ ਬਣ ਬੈਠਾ ਹੈ। ਫੌਜਾਂ ਭਰਤੀ ਕਰ ਰਿਹਾ ਹੈ। (ਸੱਚਾ) ਪਾਤਸ਼ਾਹ ਕਹਿਲਾਂਦਾ ਹੈ। ਬਾਦਸ਼ਾਹ ਵਾਂਗ ਹੀ ਝਰੋਖੇ ਵਿਚ ਬੈਠ ਕੇ ਆਪਣੇ ਸਿੱਖਾਂ ਨੂੰ ਦਰਸ਼ਨ ਦੇਂਦਾ ਹੈ। ਨਿਆਜ਼ਾਂ ਲੈਂਦਾ ਹੈ। ਬਖਸ਼ਸ਼ਾਂ ਵੰਡਦਾ ਹੈ ਤੇ ਸਲਾਮਾਂ ਲੈਂਦਾ ਹੈ। ਕਲਗੀ ਲਾਉਂਦਾ ਹੈ। ਝੰਡੇ ਝੁਲਾਉਂਦਾ ਹੈ ਤੇ ਨਗਾਰੇ ਵਜਾਉਂਦਾ ਹੈ। ਇਹ ਪੜ੍ਹ ਕੇ ਔਰੰਗਜ਼ੇਬ ਨੂੰ ਬਗਾਵਤ ਦੀ ਬੂ ਆਉਣ ਲੱਗੀ। ਉਸ ਨੇ ਦੱਖਣ ਤੋਂ ਦਿੱਲੀ ਲਾਹੌਰ ਤੇ ਸਰਹੰਦ ਦੇ ਨਵਾਬਾਂ ਨੂੰ ਗੁਰੂ ਦੀ ਤਾਕਤ ਇਕੋ ਵਾਰੀ ਖਤਮ ਕਰਨ ਲਈ ਫੁਰਮਾਨ ਭੇਜਿਆ। ਤਵਾਰੀਖੇ ਸਿੱਖਾਂ ਵਿਚ ਉਸ ਫੁਰਮਾਨ ਦਾ ਇਸ ਪ੍ਰਕਾਰ ਜ਼ਿਕਰ ਹੈ, "ਜੇ (ਗੁਰੂ) ਗੋਬਿੰਦ ਸਿੰਘ ਫਕੀਰ ਬਣ ਕੇ ਆਪਣੇ ਵਡੇਰਿਆਂ ਵਾਂਙੂੰ ਰਵੇ 'ਤੇ ਸਿੱਖਾਂ ਪਾਸੋਂ ਸੱਚਾ ਪਾਤਸ਼ਾਹ ਨਾ ਅਖਵਾਏ, ਜਮੀਅਤ ਜਮ੍ਹਾਂ ਕਰਨ ਤੋਂ ਬਾਜ ਆ ਜਾਏ, ਝਰੋਖੇ 'ਚ ਬੈਠ ਕੇ ਦਰਸ਼ਨ ਨਾ ਦੇਵੇ ਤੇ ਨਮਸਕਾਰਾਂ ਕਰਾਉਣ ਦੇ ਬਾਦਸ਼ਾਹੀ ਤੌਰ ਤਰੀਕੇ ਛੱਡ ਦੇਵੇ ਤਾਂ ਠੀਕ, ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰਕੇ ਉਸ ਨੂੰ (ਅਨੰਦਪੁਰ ਸਾਹਿਬ ਤੋਂ) ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ।" [21] ਸਾਰੇ ਪਹਾੜੀ ਰਾਜੇ ਤੇ ਮੁਗਲਾਂ ਦੀਆਂ ਸਾਰੀਆਂ ਫੌਜਾਂ ਨੇ ਅਨੰਦਪੁਰ ਦੀ ਚੌਥੀ ਤੇ ਆਖਰੀ ਲੜਾਈ ਸ਼ੁਰੂ ਕਰ ਲਈ। ਕਈ ਦਿਨ ਟਾਕਰਾ ਹੁੰਦਾ ਰਿਹਾ। ਘੇਰਾ ਪੱਕਾ ਹੋ ਗਿਆ। ਕੁਝ ਸਿੱਖ ਛੱਡ ਕੇ ਚਲੇ ਗਏ ਜਿਨ੍ਹਾਂ ਨੂੰ ਬੇਦਾਵੀਏ ਆਖਿਆ ਜਾਂਦਾ ਹੈ। ਘੇਰਾ 8 ਮਹੀਨੇ ਕਾਇਮ ਰਿਹਾ। ਦਸੰਬਰ 1704 ਨੂੰ ਪਰਿਵਾਰ ਸਮੇਤ ਗੁਰੂ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। ਰੋਪੜ ਵੱਲ ਚਲ ਪਏ। ਮੁਗਲ ਫੌਜ ਨੇ ਪਿੱਛਾ ਕੀਤਾ। ਸਰਸਾ ਦੇ ਕੰਢੇ ਭਿਆਨਕ ਜੰਗ ਹੋਈ। ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਚਮਕੌਰ ਦੀ ਜੰਗ ਹੋਈ। ਇਕ ਪਾਸੇ ਚਾਲੀ ਸਿੰਘ ਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿਚ ਮੁਗਲ ਫੌਜ। 22 ਦਸੰਬਰ 1704 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਨੂੰ ਪੰਜਾਂ ਪਿਆਰਿਆਂ (ਸਿੰਘਾਂ) ਨੇ ਹੁਕਮ ਕੀਤਾ ਕਿ ਚਮਕੌਰ ਛੱਡ ਜਾਣ। ਗੁਰੂ ਗੋਬਿੰਦ ਸਿੰਘ ਨੇ ਪੰਥ ਦਾ ਹੁਕਮ ਮੰਨ ਕੇ ਚਮਕੌਰ ਦੀ ਹਵੇਲੀ ਛੱਡ ਦਿੱਤੀ। ਮਾਛੀਵਾੜੇ ਚਲੇ ਗਏ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਨੂੰ ਵਜ਼ੀਰ ਖਾਂ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜ਼ਰੀ ਭੀ ਸ਼ਹੀਦ ਹੋ ਗਈ। ਦੀਨਾ ਪਿੰਡ ਆ ਕੇ ਗੁਰੂ ਜੀ ਨੇ ਜ਼ਫਰਨਾਮਾ ਲਿਖਿਆ। ਮੁਕਤਸਰ ਦੀ ਆਖਰੀ ਲੜਾਈ ਹੋਈ। ਇਹ ਯੁੱਧ 18 ਅਪ੍ਰੈਲ 1705 ਨੂੰ ਹੋਇਆ। ਗੁਰੂ ਜੀ ਤਲਵੰਡੀ (ਦਮਦਮੇ) ਪੁੱਜੇ। ਉਥੇ ਗੁਰੂ ਜੀ ਇਕ ਸਾਲ ਦੇ ਕਰੀਬ ਰਹੇ। ਦਮਦਮੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਵਰਤਮਾਨ ਰੂਪ ਦਿੱਤਾ। ਲਿਖਣ ਦਾ ਮਹਾਨ ਕੰਮ ਭਾਈ ਮਨੀ ਸਿੰਘ ਨੇ ਕੀਤਾ।

ਦਮਦਮਾ ਸਾਹਿਬ ਹੀ ਔਰੰਗਜ਼ੇਬ ਦੀ ਚਿੱਠੀ ਗੁਰੂ ਜੀ ਨੂੰ ਮਿਲੀ ਜਿਸ ਵਿਚ ਉਸਨੇ ਪਛਤਾਵਾ ਕੀਤਾ ਸੀ। ਗੁਰੂ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ। ਗੁਰੂ ਜੀ ਉਸ ਨੂੰ ਮਿਲਣ ਦੇ ਇਰਾਦੇ ਨਾਲ ਦੱਖਣ ਵੱਲ ਚੱਲ ਪਏ। 24 ਫਰਵਰੀ 1707 ਨੂੰ ਔਰੰਗਜ਼ੇਬ ਦਾ ਅਹਿਮਦ ਨਗਰ ਵਿਖੇ ਦਿਹਾਂਤ ਹੋ ਗਿਆ। ਔਰੰਗਜ਼ੇਬ ਤੇ ਗੁਰੂ ਗੋਬਿੰਦ ਸਿੰਘ ਦੀ ਮਿਲਣੀ ਨਾ ਹੋ ਸਕੀ। ਬਾਬੇ ਕੇ ਅਤੇ ਬਾਬਰ ਕੇ ਮਿਲ ਨਾ ਸਕੇ।

ਔਰੰਗਜ਼ੇਬ ਦੇ ਪੁੱਤਰ ਬਹਾਦਰਸ਼ਾਹ ਤੇ ਗੁਰੂ ਗੋਬਿੰਦ ਸਿੰਘ ਦੀ ਮਿਲਣੀ 2 ਅਗਸਤ 1707 ਨੂੰ ਆਗਰੇ ਵਿਖੇ ਹੋਈ। ਬਹਾਦਰ ਸ਼ਾਹ ਦੱਖਣ ਵਲ ਚਲ ਪਿਆ ਗੱਲਬਾਤ ਪੂਰੀ ਕਰਨ ਲਈ ਗੁਰੂ ਜੀ ਭੀ ਦੱਖਣ ਵੱਲ ਚਲ ਪਏ। ਗੁਰੂ ਜੀ ਨੰਦੇੜ ਪੁੱਜੇ। ਉਥੇ ਹੀ ਵੈਰਾਗੀ ਸਾਧੂ ਮਾਧੋਦਾਸ ਨਾਲ ਮੇਲ ਹੋਇਆ ਜੋ ਬੰਦੇ ਬਹਾਦਰ ਦੇ ਨਾਂ ਨਾਲ ਮਸ਼ਹੂਰ ਹੋਇਆ। 15 ਸਤੰਬਰ 1708 ਨੂੰ ਨੰਦੇੜ ਵਿਚ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੇ ਗੁਰੂ ਜੀ ਨੂੰ ਮਾਰਨ ਲਈ ਖਰੀਦ ਕੇ ਭੇਜੇ ਹੋਏ ਦੋ ਪਠਾਣਾਂ ਵਿਚੋਂ ਜਮਸ਼ੈਦ ਖਾਂ ਨੇ ਕਾਤਲਾਨਾ ਹਮਲਾ ਕੀਤਾ। ਕਟਾਰ ਦਾ ਘਾਓ ਬੜਾ ਡੂੰਘਾ ਗੁਰੂ ਜੀ ਨੂੰ ਲੱਗਾ। ਗੁਰੂ ਜੀ ਨੇ ਪਠਾਣ ਤਾਂ ਉਥੇ ਮਾਰ ਮੁਕਾਇਆ। ਗੁਰੂ ਜੀ ਦਾ ਜ਼ਖਮ ਬਾਦਸ਼ਾਹ

Sri Satguru Jagjit Singh Ji eLibrary NamdhariElibrary@gmail.com

ਦੇ ਭੇਜੇ ਜ਼ਰਾਹ (ਹਕੀਮ) ਨੇ ਸੀਤਾ। ਫੱਟ ਭਰ ਗਿਆ ਅੰਗਰੂ ਵੀ ਆ ਗਿਆ। 6 ਅਕਤੂਬਰ 1708 ਨੂੰ ਗੁਰੂ ਜੀ ਕਮਾਨ ਤੇ ਚਿੱਲਾ ਚੜ੍ਹਾਣ ਲੱਗੇ ਤਾਂ ਤੋਪੇ ਫੇਰ ਖੁੱਲ੍ਹ ਗਏ। ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਫਿਰ ਸੀਤਾ ਜਾਏ ਪਰ ਹੁਣ ਸਭ ਬੇਅਰਥ ਸੀ।

ਅੰਤਮ ਸਮਾਂ ਨੇੜੇ ਆ ਜਾਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੱਦਿਆ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਾਜਣ ਦਾ ਐਲਾਨ ਕੀਤਾ ਤੇ ਕਿਹਾ ਗੁਰੂ ਗ੍ਰੰਥ ਸਾਹਿਬ 'ਦੇ ਤਾਬੇ ਪੰਥ ਗੁਰੂ ਪੰਥ, ਹੋਵੇਗਾ। ਸਰੀਰਕ ਗੁਰੂ ਦੀ ਪਰਪਾਟੀ ਖਤਮ ਕਰ ਦਿੱਤੀ।

"ਸਭ ਸਿਖਣ ਕੋਂ ਹੁਕਮ ਹੈ ਗੁਰੂ ਮਾਨਿਓ ਗਰੰਥ, ਗੁਰੂ ਗਰੰਥ ਜੀ ਮਾਨਿਓ.
ਪਰਗਟ ਗੁਰਾਂ ਕੀ ਦੇਹਿ"

ਸਿੱਖਾਂ ਦੇ ਪੁੱਛਣ ਤੇ ਕਿ ਸਾਨੂੰ ਕਿਸ ਦੇ ਲੜ ਲਾ ਚਲੇ ਹੋ? ਮਹਾਰਾਜ ਦਾ ਉੱਤਰ ਸੀ, 'ਪੰਥ, ਨੂੰ ਗ੍ਰੰਥ ਦੇ ਲੜ ਲਾ ਚੱਲਿਆ ਹਾਂ।' ਦੂਸਰੀ ਪੁੱਛ ਸੀ ਮਹਾਰਾਜ 'ਤੁਹਾਡੀ ਆਤਮਾ ਕਿਥੇ ਤੇ ਸਰੀਰ ਕਿਥੇ ਚਲਿਆ ਹੈ? ਤਾਂ ਮਹਾਰਾਜ ਦਾ ਫੁਰਮਾਨ ਸੀ, " ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ, ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ।" ਇਹ ਮਹਾਨ ਸ਼ਕਤੀ, ਕੌਮ ਵਿਚ ਸਦੀਵੀ ਸ਼ਕਤੀ ਪਾ ਕੇ ਅਲੋਪ ਹੋ ਗਈ। ਭਗਤੀ ਨੂੰ ਸ਼ਕਤੀ ਨਾਲ ਜੋੜ ਗਈ। ਆਪ ਜੀ ਦਾ ਸਸਕਾਰ ਨੰਦੇੜ (ਹਜ਼ੂਰ ਸਾਹਿਬ) ਵਿਚ ਕੀਤਾ ਗਿਆ।


*

Sri Satguru Jagjit Singh Ji eLibrary NamdhariElibrary@gmail.com

GENEALOGICAL TABLE OF THE GURUS

To Face Page 218

NOTE.—The names of the Gurus are included in rectangles of continuous lines; and the pretenders to apostolical succession up to 1846 are shown in rectangles of waved lines.



ਗੁਰੂ ਸਾਹਿਬਾਨ ਦਾ ਸ਼ਜਰਾ-ਨਸਲ (ਕੁੱਲ-ਪੱਤਰੀ)

Sri Satguru Jagjit Singh Ji eLibrary NamdhariElibrary@gmail.com

ਪੰਥ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਗਿਆ। ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗਈ। ਜਿਸ ਵਿਚ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ–

NAMES OF 36 GOD-INTOXICATED SOULS IN THE HOLY GRATH SRI GURU GRANTH SAHIB

S/N	NAME	A.D./ CENTURY	CAST	PLACE OF BIRTH	NO.OF HYMNAS SLOKAS
1.	GURU NANAK SAHIB	1469-1539	SHATRIYA	NANKANA SAHIB (Pakistan)	976
2.	GURU ANGAD SAHIB	1504-1552	SHATRIYA	MATE KEE SARAI (Punjab)	61 SL
3.	GURU AMARDAS SAHIB	1469-1574	SHATRIYA	BAASAR KE GRAM (Punjab)	90
4.	GURU RAMDAS SAHIB	1534-1581	SHATRIYA	LAHORE (Pakistan)	679
5.	GURU ARJANDEV SAHIB	1563-1606	SHATRIYA	GOINDWAL SAHIB (Punjab)	2.216
6.	GURU TEK BAHADUR SAHIB	1621-1675	SHATRIYA	AMRITSAR (Punjab)	116/4949
7.	BHAGAT KABIR	1398-1498	JULAHA	KASHI (Uttar Pradesh)	540
8.	BHAGAT TRILOCHAN	1267-1335	BRAHMAN	VARSI GRAM (Maharashtra)	4
9.	BHAGAT BENI	1390 AD	BRAHMAN	ASANI GRAM (Rajastan)	3
10.	BHAGAT RAVIDAS	1388-1518	CHAMAR	KASHI (Uttar Pradesh)	41
11.	BHAGAT NAMDEV	1270-1350	DHOB/ DHARJI	NARSHI BAMANI (Maharashtra)	64
12.	BHAGÁT DHANNA	1415 AD	JAAT	DHUAN GRAM (Rajastan)	4
13.	BABA SHEIKH FARID	1175-1265	MUSLIM	KOTHEWAL (Multan)	116
14.	BHAGAT JAIDEV	1201-1245	BRAHMAN	KEDALI GRAM (Bengal)	2
15.	BHAGAT BHIKHAN	1480-1573	MUSLIM	KAKORI (Uttar Pradesh)	2
16.	BHAGAT SAIN	1390-1440	NAAEE	SULTANPUR (Madhya Pradesh)	1
17.	BHAGAT PEEPA	1425 AD	BRAHMAN	GAGAUN GARH (Gujrat)	1
18.	BHAGAT SADNA	1360 AD	KASAAEE	SEHBAN (Sindh)	1
19.	BHAGAT RAMANAND	1366-1467	BRAHMAN	PRAYAG (Uttar Pradesh)	1
20.	BHAGAT PARMANAND	1493-1593	BRAHMAN	BARSI GRAM (Maharashtra)	1
21.	BHAGAT SURDAS	1478-1585	BRAHMAN	GWALIOR (Madhya Pradesh)	1 LINE
22.	BABA SUNDER	1560-1603	SHATRIYA	PUNJAB	6
23	SATTA DOOM	16TH AD	DOOM	PUNJAB	3
24.	SATTA BALWAND	16TH AD	DOOM	PUNJAB	5
25.	BHAI MARDANA	1451-1524	MUSLIM	PUNJAB	3/17
26.	BHAT KALASHAR	16TH AD	BRAHMAN	SULTANPUR (Punjab)	54
27.	BHAT JALAP	15TH AD	BRAHMAN	SULTANPUR (Punjab)	5
28.	BHAT KIRAT	16TH AD	BRAHMAN	SULTANPUR (Punjab)	8
29.	BHAT BHIKHA	16TH AD	BRAHMAN	SULTANPUR (Punjab)	2
30.	BHAT SALH	16TH AD	BRAHMAN	SULTANPUR (Punjab)	3
31.	BHAT NALH	16TH AD	BRAHMAN	SULTANPUR (Punjab)	16
32	BHAT BHALH	16TH AD	BRAHMAN	SULTANPUR (Punjab)	1
33	BHAT GAYAND	16TH AD	BRAHMAN	SULTANPUR (Punjab)	13
34	BHAT BHAT MATHURA	16TH AD	BRAHMAN	SULTANPUR (Punjab)	14
35	BHAT BALH	16TH AD	BRAHMAN	SULTANPUR (Punjab)	5
36.	BHAT HARBANS	16TH AD	BRAHMAN	SULTANPUR (PUNJAB)	1/123
				GRAND TOTAL HYMNS & SLOKAS	5871

Sri Satguru Jagjit Singh Ji eLibrary NamdhariElibrary@gmail.com

ਬੰਦਾ ਸਿੰਘ ਬਹਾਦਰ

(1670–1716)

ਲਛਮਨ ਦਾਸ 1670 ਰਾਜੋਰੀ (ਪੁੰਛ) ਵਿਖੇ ਰਾਜਪੂਤ ਘਰਾਣੇ ਵਿਚ ਪੈਦਾ ਹੋਇਆ। ਛੋਟੀ ਉਮਰੇ ਹੀ ਵੈਰਾਗੀ ਹੋ ਗਿਆ। ਮਾਧੋ ਦਾਸ ਦੇ ਨਾਮ ਨਾਲ ਮਸ਼ਹੂਰ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲ ਕੇ ਉਸ ਦਾ ਬੰਦਾ (ਗੁਲਾਮ) ਬਣ ਗਿਆ। 1708 ਤੋਂ 1716 ਤੱਕ ਸਿੱਖਾਂ ਦਾ ਰਾਹਨੁਮਾ (ਆਗੂ) ਬਣ ਕੇ ਬੰਦਾ ਸਿੰਘ ਬਹਾਦਰ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੱਥੀਂ ਅੰਮ੍ਰਿਤ ਛਕਾ ਕੇ, ਪੰਜ ਤੀਰ ਦੇ ਕੇ ਪੰਜਾਬ ਦੇ ਸਿੱਖਾਂ ਦੇ ਨਾਂ ਉਸ ਦੇ ਹੱਥ ਹੁਕਮਨਾਮੇ ਦੇ ਕੇ, ਕੁਝ ਹਜ਼ੂਰੀ ਸਿੰਘਾਂ ਨੂੰ ਨਾਲ ਦੇ, ਜ਼ਾਲਮਾਂ ਨੂੰ ਸੋਧਣ ਵਾਸਤੇ ਪੰਜਾਬ ਭੇਜਿਆ। ਬੰਦਾ ਸਿੰਘ ਬਹਾਦਰ ਦੱਖਣ ਤੋਂ ਦਿੱਲੀ ਵੱਲ ਆਇਆ। ਉਸ ਦੇ ਪਾਸ ਕਾਫੀ ਤਾਦਾਦ ਵਿਚ ਫੌਜ ਜਮ੍ਹਾਂ ਹੋ ਗਈ। ਉਸ ਨੇ ਜਮਨਾ ਤੇ ਸਤਲੁਜ ਦੇ ਵਿਚਕਾਰ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਜਿਸ ਦਾ ਮਾਲੀਆ ਇਕ ਲੱਖ ਰੁਪਏ ਦੇ ਕਰੀਬ ਸੀ। ਉਸ ਦੇ ਨਾਲ ਪੰਜਾਬ ਦੇ ਹਿੰਦੂ ਤੇ ਗਰੀਬ ਕਿਸਾਨ ਤੇ ਕੁਝ ਧਾੜਵੀ ਭੀ ਆ ਰਲੇ। ਉਸ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਉਸ ਨੇ ਸਰਹੰਦ ਸ਼ਹਿਰ ਵਿਚ ਜਿਥੇ ਛੋਟੇ ਸਾਹਿਬਜ਼ਾਦੇ ਜ਼ਾਲਮਾਂ ਨੇ ਨੀਹਾਂ ਵਿਚ ਚਿਣੇ ਸਨ, ਸਿੱਖ ਰਾਜ ਦੀ ਨੀਂਹ ਧਰੀ। ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਬਣਾਇਆ। ਲੋਹਗੜ੍ਹ ਸਿੱਖ ਰਾਜ ਦੀ ਰਾਜਧਾਨੀ।

ਨਾਨਕ ਸ਼ਾਹੀ ਸਿੱਕਾ ਤੇ ਸ਼ਾਹੀ ਮੋਹਰ ਬਣਾਈ। ਸ਼ਾਹੀ ਮੋਹਰ ਤੇ ਫਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਸੀ।

"ਦੇਗਉ ਤੇਗਉ ਫਤਹਿ ਉ ਨੁਸਰਤਿ ਬੇਦਰੰਗ
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ"

ਗੁਰਦਾਸ ਨੰਗਲ ਦੀ ਗੜੀ ਵਿਚ ਬੰਦਾ ਸਿੰਘ ਬਹਾਦਰ ਆਪਣੀ ਫੌਜ ਸਮੇਤ ਮੁਗਲ ਫੌਜ ਦੇ ਘੇਰੇ ਵਿਚ ਆ ਗਿਆ। 18 ਮਹੀਨੇ ਇਹ ਘੇਰਾ ਰਿਹਾ। 1715 ਦੇ ਅਖੀਰ ਵਿਚ ਦਲੇਰੇਜੰਗ ਨੇ ਝੂਠੀ ਕਸਮ ਖਾ ਕੇ ਗੜ੍ਹੀ ਦਾ ਬੂਹਾ ਖੁਲਵਾ ਕੇ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਤੇ ਜਲੀਲ ਕਰਕੇ ਦਿੱਲੀ ਲੈ ਆਂਦਾ। ਸਖਤ ਤਸੀਹੇ ਦੇ ਕੇ 19 ਜੂਨ,1716 ਨੂੰ ਕਤਲ ਕਰ ਦਿੱਤਾ। ਬੰਦਾ ਸਿੰਘ ਬਹਾਦਰ ਦੀ ਸਫਲਤਾ ਤੇ ਸਿੱਖ ਰਾਜ ਬੇਸ਼ੱਕ ਥੋੜ੍ਹੇ ਸਮੇਂ ਲਈ ਸੀ ਪਰ ਉਸ ਸਫਲਤਾ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਅਸੰਤੁਸ਼ਟ, ਗਰੀਬ ਤੇ ਨਿਤਾਣੇ ਲੋਕਾਂ ਨੂੰ ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੀ ਭਗਤੀ ਤੇ ਸ਼ਕਤੀ ਦੀ ਰੂਹ ਭਰੀ ਹੋਵੇ, ਸੁਚੱਜਾ, ਦਲੇਰ, ਤੇ ਜੋਸ਼ੀਲਾ ਆਗੂ ਮਿਲ ਜਾਵੇ, ਉਸ ਦੀ ਅਗਵਾਈ ਥੱਲੇ, ਮੁਗਲਾਂ ਵਰਗੇ ਸਮਰਾਟਾਂ ਨੂੰ ਸਿਰਫ ਭਾਜੜਾਂ ਹੀ ਨਹੀਂ ਪਾ ਸਕਦੇ ਸਗੋਂ ਉਨ੍ਹਾਂ ਨੂੰ ਹਰਾ ਕੇ ਆਪਣਾ ਰਾਜ ਭੀ ਕਾਇਮ ਕਰ ਸਕਦੇ ਹਨ।

ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਤੋਂ ਪਹਿਲਾਂ ਜਲਾਦਾਂ ਨੂੰ ਬੋਲੇ ਇਹ ਲਫਜ਼ ਅਰਥ ਭਰਪੂਰ ਹਨ–

"ਜਿਸ ਵੇਲੇ ਮਨੁੱਖ (ਜਿਵੇਂ ਮੁਗਲ) ਇਨਸਾਫ ਤੇ ਭਲਾਈ ਨੂੰ ਤਿਆਗ ਕੇ ਬਦਕਾਰ, ਪਾਪੀ ਤੇ ਸ਼ੈਤਾਨ ਬਣ ਜਾਏ, ਉਸ ਨੂੰ ਸਜ਼ਾ ਦੇਣ ਲਈ ਅਕਾਲ ਪੁਰਖ ਮੇਰੇ ਵਰਗੇ ਛਿਲ ਲਾਹੁਣ ਵਾਲੇ ਬੰਦੇ ਨੂੰ ਬਹਾਦਰ ਬਣਾ ਕੇ ਭੇਜਦਾ ਹੈ। ਜਦ ਉਸ ਦਾ ਸਜ਼ਾ ਦੇਣ ਦਾ ਕੰਮ ਮੁਕ ਜਾਂਦਾ ਹੈ ਤਾਂ ਉਸ ਨੂੰ ਤੁਹਾਡੇ ਵਰਗਿਆਂ ਹੱਥੀਂ ਤਾਕਤ ਦੇ ਕੇ ਮਰਵਾ ਦਿੰਦਾ ਹੈ।"

ਬਾਦਸ਼ਾਹ ਫਰਖ਼ਸੀਅਰ ਨੇ ਫੁਰਮਾਨ ਜਾਰੀ ਕੀਤਾ, "ਜੋ ਸਿੱਖ ਵੀ ਕਾਬੂ ਆਵੇ, ਉਸ ਨੂੰ ਬਿਨਾਂ ਕਿਸੇ ਕਾਰਨ ਕਤਲ ਕਰ ਦਿੱਤਾ ਜਾਵੇ।" ਪੰਜਾਬ ਵਿਚ ਸਿੱਖ ਥੋੜ੍ਹੇ ਸਮੇਂ ਲਈ ਲਾਪਤਾ ਹੋ ਗਏ।

*

Sri Satguru Jagjit Singh Ji eLibrary NamdhariElibrary@gmail.com

ਨਾਦਰ ਸ਼ਾਹ ਦਾ ਹਮਲਾ

1739 ਵਿਚ ਪਰਸ਼ੀਆ ਦੇ ਨਾਦਰ ਸ਼ਾਹ ਨੇ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ। ਉਹ ਪੰਜਾਬ ਨੂੰ ਲਤਾੜਦਾ ਹੋਇਆ ਦਿੱਲੀ ਲੁੱਟਣ ਲੱਗਾ। ਲੱਗਪਗ ਇਕ ਲਖ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਲੁਟ ਦਾ ਮਾਲ, (30 ਕਰੋੜ ਰੁਪੈ ਇਸ ਤੋਂ 10 ਗੁਣਾ ਜ਼ਿਆਦਾ ਮੁਲ ਦੇ ਹੀਰੇ ਜਵਾਹਰਾਤ, ਸੋਨਾ ਚਾਂਦੀ, ਕੋਹਿਨੂਰ ਹੀਰਾ ਤੇ ਹੀਰਿਆਂ ਨਾਲ ਜੜਿਆ 'ਤਖਤ- ਏ- ਤਾਊਸ' ਲੈ ਹਾਥੀ, ਘੋੜਿਆਂ, ਊਠਾਂ ਤੇ ਗੱਡੀਆਂ ਤੇ ਲੱਦ ਕੇ, ਨਾਲ ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਤੇ ਮਰਦ (ਗੁਲਾਮ ਬਣਾ ਕੇ, ਵੇਚਣ ਵਾਸਤੇ) ਪੈਦਲ ਤੋਰ ਕੇ ਵਾਪਸ ਲਿਜਾ ਰਿਹਾ ਸੀ। ਸਿੱਖ (ਜਿਨ੍ਹਾਂ ਨੂੰ ਮੁਗਲ ਬਾਦਸ਼ਾਹ ਸਮਝਦਾ ਸੀ ਖਤਮ ਕਰ ਦਿੱਤੇ ਹਨ) ਆ ਪ੍ਰਗਟ ਹੋਏ। ਉਨ੍ਹਾਂ ਨੇ ਜਥੇ ਬਣਾ ਕੇ 'ਢਾਈ ਫੱਟੇ (ਹਮਲਾ ਕਰਨਾ, ਲੁਟ ਦਾ ਮਾਲ ਤੇ ਕੈਦੀ ਔਰਤਾਂ ਨੂੰ ਛੁਡਾ ਕੇ ਭੱਜ ਜਾਣਾ ਤੇ ਫੇਰ ਵਕਤ ਬਚਾ ਕੇ ਹਮਲਾ ਕਰ ਦੇਣਾ) ਦਾ ਹਮਲਾ ਸ਼ੁਰੂ ਕਰ ਦਿੱਤਾ। ਨਾਦਰ ਸ਼ਾਹ ਤੋਂ ਲੁੱਟ ਦਾ ਮਾਲ ਤੇ ਲੋਕਾਂ ਦੀ ਇੱਜ਼ਤ (ਔਰਤਾਂ) ਵਾਪਸ ਲੈਣ ਨਾਲ ਲੋਕਾਂ ਵਿਚ (ਸਿੱਖਾਂ) ਦਾ ਮਾਣ ਵੱਧ ਗਿਆ। ਉਹ ਭਰੋਸੇ ਯੋਗ ਬਣ ਗਏ। ਲੋਕ ਉਨ੍ਹਾਂ ਦੇ ਦੁਆਲੇ ਇਕੱਠੇ ਹੋਣ ਲੱਗ ਪਏ। ਪੰਜਾਬ ਦਾ ਮੁਸਲਮਾਨ ਕਿਸਾਨ ਭੀ ਉਨ੍ਹਾਂ ਨੂੰ ਆਪਣਾ ਭਰਾ ਸਮਝਣ ਲੱਗ ਪਿਆ।

*

Sri Satguru Jagjit Singh Ji eLibrary NamdhariElibrary@gmail.com

ਅਹਿਮਦ ਸ਼ਾਹ ਅਬਦਾਲੀ

1747–1769

ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੌਰਾਨ ਸਿੱਖਾਂ ਨੇ ਤਾਕਤ ਫੜ ਲਈ ਸੀ। ਅਬਦਾਲੀ ਨੇ ਨੌਂ ਹਮਲੇ ਕੀਤੇ। ਹਰ ਵਾਰ ਸਿੱਖ ਪਹਾੜਾਂ ਚੋਂ ਥੱਲੇ ਉਤਰਕੇ ਹਮਲਵਾਰਾਂ ਤੋਂ ਲੁੱਟ ਦਾ ਮਾਲ ਤੇ ਲੋਕਾਂ ਦੀ ਇੱਜ਼ਤ ਵਾਪਸ ਛੁਡਾ ਲੈਂਦੇ ਤੇ ਫੇਰ ਪਹਾੜੀਂ ਚੜ੍ਹ ਜਾਂਦੇ।


ਅਫਗਾਨਾਂ ਦੇ ਹਮਲਿਆਂ ਨੇ ਮੁਗਲਾਂ ਦਾ ਰਾਜ ਪ੍ਰਬੰਧ ਤਾਂ ਨਸ਼ਟ ਕਰ ਦਿੱਤਾ ਅਤੇ ਨਾਲ ਹੀ ਮਰਹੱਟਿਆਂ ਦੀ ਤਾਕਤ ਵੀ ਤਬਾਹ ਕਰ ਦਿੱਤੀ। ਪੰਜਾਬੀਆਂ ਨੂੰ ਮਜ਼ਬੂਰਨ ਆਪਣੇ ਧਾਰਮਿਕ ਵਿਤਕਰੇ ਭੁਲਾ ਕੇ ਇਕੱਠੇ ਹੋਣਾ ਪਿਆ। ਸਿੱਖਾਂ ਪਾਸ, ਅਫਗਾਨਾ ਦੇ ਖਿਲਾਫ ਜਥੇਬੰਦ ਟਾਕਰੇ ਜੋਗੀ ਤਾਕਤ ਬਣ ਗਈ ਸੀ। ਹਰ ਸਿੱਖ ਆਪਣੇ ਆਪ ਨੂੰ ਸਰਦਾਰ ਕਹਾਉਂਦਾ ਸੀ। ਉਹ ਸਿਰਫ ਉਸ ਜਥੇਬੰਦੀ ਵਿਚ ਲੜਦਾ ਸੀ ਜਿਸ ਵਿਚ ਉਸ ਦੀ ਆਜ਼ਾਦੀ ਤੇ ਬਰਾਬਰੀ ਦੀ ਗਰੰਟੀ ਹੋਵੇ।

ਬਾਦਸ਼ਾਹ ਮੁਹੰਮਦ ਸ਼ਾਹ ਬੜਾ ਕਮਜ਼ੋਰ ਸੀ। ਉਸ ਨੇ ਖਾਨ ਬਹਾਦਰ ਰਾਹੀਂ ਸਿੱਖਾਂ ਨਾਲ ਸੁਲਾਹ ਕਰਕੇ ਉਨ੍ਹਾਂ ਨੂੰ 1733 ਵਿਚ ਜਗੀਰ ਦੇ ਦਿੱਤੀ। ਉਹ ਵਿਸਾਖੀ ਵੇਲੇ ਇਕੱਠੇ ਹੋ ਕੇ ਸਰਬਤ ਖਾਲਸਾ ਬਲਾਉਂਦੇ ਤੇ ਪੰਥ ਨੂੰ ਦਰਪੇਸ਼ ਮਸਲਿਆਂ ਤੇ ਵਿਚਾਰ ਕਰਦੇ ਤੇ ਗੁਰਮਤੇ ਦੇ ਰੂਪ ਵਿਚ ਫੈਸਲੇ ਲੈਂਦੇ ਇਸ ਮੌਕੇ ਉਤੇ ਹੀ ਕਪੂਰ ਸਿੰਘ ਨੇ ਨਵਾਬੀ ਕਬੂਲ ਕਰਨ ਦਾ ਫੈਸਲਾ ਲਿਆ ਸੀ। ਕਪੂਰ ਸਿੰਘ ਸਿੱਖਾਂ ਦਾ ਆਗੂ ਬਣ ਗਿਆ। ਛੋਟੇ ਛੋਟੇ ਜਥੇ ਮਿਸਲਾਂ ਦੇ ਰੂਪ ਵਿਚ ਬਣ ਗਏ। ਮਿਸਲਦਾਰ (ਜਥੇਦਾਰ) ਉਸ ਦੀ ਯੋਗਤਾ ਤੇ ਹੌਸਲੇ ਦੇ ਅਧਾਰ ਤੇ ਚੁਣਿਆਂ ਜਾਂਦਾ। ਮਿਸਲਾਂ ਦਾ ਅਧਿਕਾਰ ਖੇਤਰ ਵੱਡਾ ਹੁੰਦਾ ਗਿਆ। ਜਿਥੇ ਲੋਕਾਂ ਨੂੰ ਬਾਹਰਲੇ ਹਮਲੇ ਤੋਂ ਬਚਾਉਣ ਦੀ ਜਾਮਨੀ ਭਰਦੇ ਤੇ ਉਸ ਦੇ ਇਵਜ਼ ਵਿਚ 'ਰਾਖੀ ਦੀ ਸ਼ਕਲ ਵਿਚ ਆਪਣੇ ਨਿਰਭਾਹ ਲਈ ਮਾਮਲਾ ਲੈਂਦੇ। ਉਨ੍ਹਾਂ ਨੇ ਸਾਰਾ ਪੰਜਾਬ ਆਪਸ ਵਿਚ ਵੰਡ ਲਿਆ ਸੀ। ***12 ਮਿਸਲਾਂ ਹੋਂਦ ਵਿਚ ਆਈਆਂ***। (ਨਕਸ਼ਾ ਵੇਖੋ) ਮਿਸਲਦਾਰਾਂ ਕੋਲ ਆਪਣੀ ਫੌਜ ਹੁੰਦੀ ਸੀ। ਬਾਹਰਲੇ ਕਿਸੇ ਵੱਡੇ ਹਮਲੇ ਦਾ ਉਹ ਰਲ ਕੇ ਮੁਕਾਬਲਾ ਕਰਦੇ। ਉਨ੍ਹਾਂ ਪਾਸ ਇੱਕਠੀ 70 ਹਜ਼ਾਰ ਘੋੜ ਸਵਾਰ ਫੌਜ ਸੀ। ਜਦ ਬਾਹਰਲੇ ਹਮਲੇ ਦਾ ਡਰ ਨਾ ਹੁੰਦਾ ਤਾਂ ਆਪਸ ਵਿਚ ਆਪਣੀ ਤਾਕਤ ਵਧਾਉਣ ਲਈ ਇਕ ਦੂਜੇ ਨਾਲ ਲੜਦੇ। ਸ਼ੁਕਰਚੱਕੀਆ ਮਿਸਲ ਹੌਲੀ ਹੌਲੀ ਸਾਰੀਆਂ ਮਿਸਲਾਂ ਤੇ ਭਾਰੂ ਹੋ ਗਈ। ਉਸ ਦੇ ਆਗੂ ਰਣਜੀਤ ਸਿੰਘ ਨੇ 1799 ਵਿਚ ਲਾਹੌਰ ਤੇ ਕਬਜ਼ਾ ਕਰ ਲਿਆ। ਪੰਜਾਬ ਤੇ ਸਿੱਖ ਰਾਜ ਕਾਇਮ ਹੋ ਗਿਆ। ਸਰਦਾਰ ਰਣਜੀਤ ਸਿੰਘ ਮਹਾਰਾਜਾ ਬਣ ਗਿਆ।

*

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary



ਰਣਜੀਤ ਸਿੰਘ ਦੇ ਜਨਮ (1780) ਵਿਚ ਮਿਸਲਾਂ ਦੇ ਰਾਜ ਦਾ ਵੇਰਵਾ ਦਰਸਾਉਂਦਾ ਪੰਜਾਬ ਦਾ ਨਕਸ਼ਾ।

NamdhariElibrary@gmail.com

Sr. No.	Name of Misls	Founder-Successor	Territories held by them	Military Strength	Dissolution
1.	Faizalpuria or Singhpuria	Kapur Singh Nawab, died 1753 Khushal Singh (1976) Budh Singh.	Jullundur, Patti, Nurpur- on both sides of the Sutlej.	2,500 horse	Maharaja Ranjit Singh finished it in 1816. Budh Singh retired to British territory.
2.	Ahluwalia	Jassa Singh Kalal died 1783 Bhag Singh 1801, Fateh Singh 1857.	Bari Doab-Fatehabad, Jalalabad Goindwal, Doab, Kapurthala, Banga, Nurmahal, Sultanpur, Talwandi, Jagraon.	3,000	Ranjit Singh entered into alliance with Fateh Singh.
3.	Bhangi	Chhaja Singh Dhillon, Jagat Singh, Hari Singh, Lehna Singh, Sobha Singh Jhanda Singh.	Lahore, Amritsar, Gujerat Sialkot, Narowal, Pakpattan, Multan won in 1772 lost 1782.	20,000	Battle of Bhasin, 1801.
4.	Sukarchakya	Ganga Singh, Charat Singh Mahan Singh, Ranjit Singh	Gujranwala, Rohtas, Rasulgarh.	2,500	It produced Maharaja Ranjit Singh.
5.	Ramgarhia	Jassa Singh died 1703, Jodh Singh died 1814.	Sri Hargobindpur, Qadian Kalanaur, Dinanagar, Batala, Riarki.	3,000	Ranjit Singh finished it in 1814.
6.	Kanhya	Amar Singh of Kanna Kachha, Jai Singh, Sada Kaur.	Gurdaspur, Mukerian Pathankot, Hajipur, Nurpur, Datarpur.	8,000	Sada Kaur died. The territory was given to Sher Singh.
7.	Ahluwalia	Kror Singh Bagher Singh. Jodh Singh.	Hoshiarpur, Basst, Hariana Karnal, Kalsia.	12,000	In 1807 Ranjit Singh absorbed it.
8.	Phulkian	Phul, Ala Singh, Amar Singh, Sahib Singh.	Patiala Barnala, Kot Kapura, Nabha, Jind.	5,000	Went under British protection in 1809.
9.	Dallewalia	Ghalat Singh, Tara Singh Gheba.	Dallewal, Nawan Shehr. Rahon, Nakodar, Phillaur	8,000	Annexed by Ranjit Singh in 1809.
10.	Nakai	Hira Singh, Nahar Singh Ram Singh.	Kot Kamalia, Chunian Gugera, Sharakpur, Dipalpore	2,000	Siezed by Ranjit Singh in 1807.
1.	Shahid	Karam Singh, Gurbakhsh Singh, Phoola Singh.	Stayed at Amritsar.	2,000	They served as a suicide squad of Ranjit Singh
2.	Nishan Wali	Sangat Singh, Mohar Singh	Ambala	12,000	Absorbed in British territory


Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ

(1780–1839)


ਮਹਾਰਾਜਾ ਰਣਜੀਤ ਸਿੰਘ ਦੇ ਵਡੇਰੇ ਸਾਦਾ ਕਿਸਾਨ ਸਨ। ਇਸ ਖਾਨਦਾਨ ਦਾ ਪਹਿਲਾ ਸਿਰਕੱਢ ਸਰਦਾਰ ਬੁੱਧ ਸਿੰਘ ਸੀ। ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤ ਛਕਿਆ ਆਖਿਆ ਜਾਂਦਾ ਹੈ। ਬੁੱਧ ਸਿੰਘ ਦਾ ਲੜਕਾ ਨੌਧ ਸਿੰਘ ਸ਼ੁਕਰਚੱਕੀਆ ਕਹਿਲਾਇਆ। ਨੌਧ ਸਿੰਘ ਦਾ ਲੜਕਾ ਚਤਰ ਸਿੰਘ ਅਫਗਾਨਾਂ ਨਾਲ ਭੀ ਦੋ ਹੱਥ ਕਰਦਾ ਰਿਹਾ ਤੇ ਮਿਸਲ ਦਾ ਮਿਸਲਦਾਰ ਭੀ ਸੀ। ਚਤਰ ਸਿੰਘ ਦਾ ਲੜਕਾ ਮਹਾਂ ਸਿੰਘ ਮਿਸਲ ਦਾ ਵਾਰਸ ਬਣਿਆ। ਉਸ ਨੇ ਜੀਂਦ ਦੇ ਸਰਦਾਰ ਰਾਜਪਤ ਸਿੰਘ ਦੀ ਲੜਕੀ ਨਾਲ ਸ਼ਾਦੀ ਕਰਕੇ ਆਪਣੀ ਮਿਸਲ ਹੋਰ ਤਾਕਤਵਾਰ ਬਣਾ ਲਈ। ਉਸ ਪਾਸ 6 ਹਜ਼ਾਰ ਘੋੜ ਅਸਵਾਰ ਸਨ। ਮਹਾਂ ਸਿੰਘ ਦੇ ਘਰ 13 ਨਵੰਬਰ 1780 ਵਿਚ ਰਣਜੀਤ ਸਿੰਘ ਪੈਦਾ ਹੋਇਆ। ਆਪਣੇ ਵਡੇਰਿਆਂ ਦੀ ਮਲਕੀਅਤ ਅਤੇ ਆਪਣੀ ਲਿਆਕਤ ਦੇ ਸਿਰ ਤੇ ਕੁਝ ਮਿਸਲਾਂ ਦਾ ਸੰਘ ਬਣਾਉਣ ਵਿਚ ਸਫਲ ਹੋ ਗਿਆ। 17 ਜੁਲਾਈ 1799 ਨੂੰ 18 ਸਾਲ ਦੀ ਉਮਰ ਵਿਚ ਲਾਹੌਰ ਦੇ ਸ਼ਾਹੀ ਕਿਲ੍ਹੇ ਤੇ ਕਬਜ਼ਾ ਕਰਕੇ ਪੰਜਾਬ ਦਾ ਮਹਾਰਾਜਾ ਬਣ ਗਿਆ। 1799 ਤੋਂ 1839 ਤਕ ਪੰਜਾਬ ਤੇ ਮਹਾਰਾਜੇ ਰਣਜੀਤ ਸਿੰਘ ਦਾ ਇਕ ਪੁਰਖੀ ਧਰਮ ਨਿਰਪੱਖ ਰਾਜ ਚੱਲਦਾ ਰਿਹਾ ਜਿਸ ਨੂੰ ਸਿੱਖਾਂ ਦੇ ਰਾਜ ਨਾਲ ਯਾਦ ਕੀਤਾ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 10 ਸਾਲ ਦੇ ਅੰਦਰ ਅੰਦਰ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਉਹ ਇਕ ਸਦੀ ਪੰਜਾਬ 'ਤੇ ਰਾਜ ਕਰਦੇ ਰਹੇ।




Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary



ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸਮੇਂ 1939 ਦੇ ਸਮੇਂ ਉੱਤਰੀ ਭਾਰਤ ਦਾ ਨਕਸ਼ਾ

NamdhariElibrary@gmail.com



ਸਿੱਖ ਰਾਜ (1760–1849

Sri Satguru Jagjit Singh Ji eLibrary NamdhariElibrary@gmail.com

ਪੰਜਾਬ

ਪੰਜਾਬ ਦਾ ਪਹਿਲਾ ਨਾਂ 'ਸਪਤ ਸਿੰਧੂ' ਸੀ। ਭਾਵ ਸੱਤ ਦਰਿਆਵਾਂ ਵਾਲਾ ਦਰਿਆ ਸਿੰਧ, ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਤੇ ਸਰਸਵਤੀ ਸਨ। ਸਰਸਵਤੀ ਦੇ ਸੁਕਣ ਨਾਲ ਤੇ ਸਿੰਧ ਦੇ ਪਰ੍ਹੇ ਤੁਰ ਜਾਣ ਨਾਲ ਬਾਕੀ ਪੰਜ ਦਰਿਆ ਰਹਿ ਗਏ। ਸੱਤਵੀਂ ਸਦੀ ਦੇ ਅੱਧ ਵਿਚ ਇਸਲਾਮ ਧਰਮ ਨੂੰ ਮੰਨਣ ਵਾਲੇ, ਫਾਰਸੀ ਬੋਲਣ ਵਾਲੇ, ਫਾਰਸੀ ਤੇ ਉਰਦੂ ਨੂੰ ਅਰਬੀ ਲਿਪੀ ਵਿਚ ਲਿਖਣ ਵਾਲੇ ਮੁਸਲਮਾਨਾਂ ਦਾ ਆਉਣ ਜਾਣ ਇਸ ਧਰਤੀ ਤੇ ਹੋ ਗਿਆ। ਉਨ੍ਹਾਂ ਦੀ ਭਾਸ਼ਾ ਵਿਚ ਪਾਣੀ ਨੂੰ ਆਬ ਕਹਿੰਦੇ ਸਨ। ਇਨ੍ਹਾਂ ਪੰਜ ਦਰਿਆਵਾਂ (ਪਾਣੀਆਂ) ਦੇ ਦੇਸ਼ ਨੂੰ ਪੰਜ-ਆਬ, ਪੰਜਾਬ ਕਹਿਣ ਦਾ ਰਿਵਾਜ ਪੈ ਗਿਆ। ਲਿਖਤੀ ਰੂਪ ਵਿਚ ਪੰਜਾਬ ਸ਼ਬਦ ਅਮੀਰ ਖੁਸਰੋ ਨੇ 1285 ਈਸਵੀ ਵਿਚ ਬਲਬਨ ਦੇ ਪੁੱਤਰ ਮੁਹੰਮਦ ਦੀ ਮੌਤ ਲਈ ਪਹਿਲੀ ਵਾਰ ਵਰਤਿਆ ਪ੍ਰਤੀਤ ਹੁੰਦਾ ਹੈ।"ਪੰਜ ਆਬੇ ਦੀਗਰ ਅੰਦਰ ਮੁਲਤਾਨ ਆਮਦ ਸ਼ੁਦੀਦ" ਅਰਥਾਤ ਇਕ ਹੋਰ ਪੰਜਾਬ ਮੁਲਤਾਨ ਵਿਚ ਪ੍ਰਗਟ ਹੋ ਗਿਆ, ਭਾਵ ਇਕ ਅਗੇ ਪੰਜਾਬ ਸੀ ਦੂਜਾ ਲੋਕਾਂ ਨੇ ਮੁਹੰਮਦ ਦੀ ਮੌਤ ਉਤੇ ਰੋ ਰੋ ਕੇ ਮੁਲਤਾਨ ਦੇ ਨੇੜੇ ਵਗਾ ਦਿੱਤਾ।

ਪੰਜਾਬ ਦਾ ਇਤਿਹਾਸ ਇਸ ਨੂੰ ਲਤਾੜੇ ਜਾਣ ਦੀ ਕਹਾਣੀ ਹੈ। ਇਹ ਦੇਸ਼ ਦੀ ਹੋਂਦ ਤੋਂ ਲੈ ਕੇ ਅਜ ਤਕ ਲਤਾੜਿਆ ਗਿਆ। ਪਹਿਲਾਂ ਆਰੀਆਂ ਨੇ, ਕਦੀ ਯੂਨਾਨੀਆਂ ਨੇ, ਫੇਰ ਮੰਗੋਲਾ ਨੇ, ਕਦੀ ਹੁਨਾਂ ਨੇ, ਗੱਲ ਕੀ, ਕਾਸਮ, ਗਜ਼ਨਵੀ, ਗੌਰੀ, ਐਬਕ, ਤੈਮੂਰ, ਬਾਬਰ, ਨਾਦਰ ਤੇ ਅਬਦਾਲੀ ਨੇ ਹਮਲੇ ਕਰਕੇ ਇਸ ਦਾ ਸਾਹ ਤਕ ਕੱਢਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਅਖਾਣ ਬਣ ਗਿਆ, "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।" ਇਸ ਕਰਕੇ ਪੰਜਾਬੀਆਂ ਦੇ ਸੁਭਾ ਵਿਚ ਸਖਤੀ ਆ ਗਈ, ਸਰੀਰ ਦੇ ਰਿਸ਼ਟ ਪੁਸ਼ਟ ਹੋ ਗਏ ਤੇ ਸਾਸ਼ਤਰ ਤੇ ਸਸ਼ਤਰ ਵਿਦਿਆ ਵਿਚ ਨਿਪੁੰਨ ਹੋ ਗਏ। ਸੰਤ ਸਿਪਾਹੀ ਬਨਣ ਲਈ ਤਿਆਰ ਹੋ ਗਏ।

ਇਨ੍ਹਾਂ ਪੰਜ ਦਰਿਆਵਾਂ ਦੇ ਕੰਢਿਆਂ ਉਤੇ ਕਈ ਸੱਭਿਆਤਾਂਵਾਂ ਨੇ ਜਨਮ ਲਿਆ। ਲੋਕਾਂ ਨੇ ਪਾਣੀਆਂ ਦੇ ਕਿਨਾਰੇ ਉਤੇ ਵਾਸਾ ਕੀਤਾ। ਹੌਲੀ ਹੌਲੀ ਇਨ੍ਹਾਂ ਲੋਕਾਂ ਦੇ ਕਬੀਲੇ ਬਣ ਗਏ। ਇਹ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਆਪਸ ਵਿਚ ਲੜਦੇ। ਜਦੋਂ ਕੋਈ ਬਾਹਰੋਂ ਆਉਂਦਾ ਉਸ ਨਾਲ ਭੀ ਲੜਦੇ।

ਸਭ ਤੋਂ ਪਹਿਲਾਂ ਬਾਹਰੋਂ ਆਰੀਆ ਲੋਕ ਆਏ। ਸੀਥੀਅਨ (ਜੱਟਾਂ ਦੇ ਵਡੇਰੇ) ਭੀ ਇਥੇ ਆ ਕੇ ਵਸ ਗਏ। ਪ੍ਰਚੀਨ ਆਰੀਆ ਦੇ ਦੋ ਵੱਡੇ ਘਰਾਣੇ ਸੂਰਜ ਬੰਸੀ ਇਸ਼ਕਵਾਨ੍ਹੂ ਦੀ ਸੰਤਾਨ ਵਿਚੋਂ ਹਨ। ਭਰਤ ਨੇ ਆਪਣੇ ਨਾਨਕੇ ਕੈਕਇ ਦੇਸ਼ 'ਤੇ ਰਾਜ ਕੀਤਾ। ਜੋ ਜਿਹਲਮ ਤੇ ਚਨਾਬ ਦੇ ਵਿਚਕਾਰ ਸੀ। ਫਿਰ ਭਰਤ ਦੇ ਪੁੱਤਰਾਂ ਤਕਸ਼ ਤੇ ਪੁਸ਼ਕਰ ਨੇ ਤਕਸ਼ਿਲਾ (ਟੈਕਸਿਲਾ) ਤੇ ਪੁਸ਼ਕਰਾਵਤੀ ਦੀ ਨੀਂਹ ਰਖੀ। ਤਕਸ਼ਿਲਾ ਨੂੰ ਪੂਰਬੀ ਗੰਧਾਰ ਤੇ ਪੁਸ਼ਕਰਾਵਤੀ ਨੂੰ ਪੱਛਮੀ ਗੰਧਾਰ ਵੀ ਕਹਿਆ ਜਾਂਦਾ ਸੀ।

ਪੰਜਾਬ ਵਿਚ ਹੀ ਵੇਦਾਂ ਦੀ ਰਚਨਾ ਹੋਈ। ਇਥੇ ਹੀ ਉਪਨਿਸ਼ਦ ਲਿਖੇ ਗਏ। ਮਹਾਂਭਾਰਤ ਦਾ ਯੁੱਧ ਵੀ ਇਥੇ ਹੀ ਕੁਰਕਸ਼ੇਤਰ ਵਿਚ ਹੋਇਆ। ਮਹਾਂਭਾਰਤ ਦੇ ਯੁੱਧ ਦੇ ਪਿੱਛੋਂ ਪੰਜਾਬ ਵਿਚ ਕਾਫੀ ਹਲਚਲ ਹੋਈ ਰਾਜਿਆਂ ਦੇ ਰਾਜ, "ਲੋਕ ਰਾਜ" ਬਣ ਗਏ ਜਿਨ੍ਹਾਂ ਨੂੰ ਜਨ-ਪਦ ਆਖਿਆ ਜਾਂਦਾ ਸੀ। ਪੰਜਾਬ ਦੇ ਇਕ ਜਨ-ਪਦ ਦਾ ਨਾਂ ਕੁਰੂ ਜਨ-ਪਦ (ਕੁਰੂਖੇਤਰ ਜਾ ਸਰਸਵਤੀ ਦਾ ਇਲਾਕਾ) ਤੇ ਦੂਜਾ ਮਦਰ ਜਨ-ਪਦ (ਰਾਵੀ ਚਾਨਾਬ ਤੇ ਸਤਲੁਜ) ਜਿਥੇ ਮਦਰ ਲੋਕ ਵਸਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਨੂੰ ਭੀ ਮਦਰ ਦੇਸ਼ ਹੀ ਲਿਖਿਆ ਹੈ।

"ਮਦਰ ਦੇਸ਼ ਹਮ ਕੋ ਲੈ ਆਏ" (ਬਚਿਤ੍ਰ ਨਾਟਕ)

ਜਲੰਧਰ ਦੁਆਬ ਨੂੰ ਤ੍ਰਿ-ਗਰਤ ਆਖਦੇ ਸਨ। ਬੁੱਧ ਦਾ ਜਨਮ 622 ਈਸਾ ਵਿਚ ਹੋਇਆ। ਇਸ ਧਰਮ ਦਾ ਪਰਚਾਰ ਭੀ ਪਹਿਲਾਂ ਪੰਜਾਬ ਵਿਚ ਹੋਇਆ। ਇਸ ਪਰਚਾਰ ਦਾ ਅਸਰ ਭੀ ਪੰਜਾਬੀਆਂ ਦੇ ਸੁਭਾਅ ਤੇ ਕਰਮ ਉਤੇ ਪਿਆ।


ਮਿਸਰ ਦੇ ਬਾਦਸ਼ਾਹ ਉਸੀਰੀਸ, ਅਸੀਰੀਆ ਦੀ ਮਲਕਾ ਸਮੀਰਾਮੀਸ ਤੇ ਮਿਸਰ ਦੇ ਸ਼ਾਹ ਸੇਸਾਤਰੀ ਨੇ ਭੀ ਪੰਜਾਬ ਤੇ ਹਮਲੇ ਕੀਤੇ। ਇਰਾਨੀ ਭੀ ਪੰਜਾਬ ਆਏ ਲੱਗਦੇ ਹਨ। ਈਰਾਨੀ ਜਮਸ਼ੇਦ ਦੇ ਪੁੱਤਰ ਫਰੀਦੂੰ ਨੇ ਪੰਜਾਬ ਤੇ ਰਾਜ ਕੀਤਾ। ਫਰੀਦੂੰ ਤੋਂ ਉਪਰੰਤ ਦਾਰਾ ਨੇ 521ਈ ਪੂਰਬ ਵਿਚ ਹਮਲਾ ਕੀਤਾ।

ਮਕਦੂਨੀਆਂ ਦੇ ਬਾਦਸ਼ਾਹ ਸਿਕੰਦਰ ਨੇ 326ਈ ਪੂਰਵ ਵਿਚ ਪੰਜਾਬ ਤੇ ਹਮਲਾ ਕੀਤਾ। ਕੇਕੇਇ ਦੇਸ਼ ਦੇ ਰਾਜੇ ਪੁਰੂ (ਪੋਰਸ) ਨੂੰ ਹਾਰ ਦਿੱਤੀ। ਸਿਕੰਦਰ ਪੰਜਾਬ ਵਿਚ ਰਾਜ ਨਹੀਂ ਕਰ ਸਕਿਆ। ਪੰਜਾਬ ਚੰਦਰ ਗੁਪਤ ਦੇ ਹੱਥ ਆ ਗਿਆ। 302 ਪੂਰਬ ਵਿਚ ਸਿਕੰਦਰ ਦੇ ਸਿਪਾਹਸਾਲਾਰ, ਅਸੀਰੀਆ ਦੇ ਬਾਦਸ਼ਾਹ ਸਲੂਕਸ ਨੇ ਪੰਜਾਬ ਤੇ ਹਮਲਾ ਕੀਤਾ। ਸਿੰਧ ਤੋਂ ਪਾਰ ਚੰਦਰ ਗੁਪਤ ਤੋਂ ਹਾਰ ਖਾ ਗਿਆ। ਉਸ ਨੇ ਆਪਣੀ ਲੜਕੀ ਦਾ ਡੋਲਾ ਦੇ ਕੇ ਸੁਲਾਹ ਕਰ ਲਈ। ਚੰਦਰ ਗੁਪਤ ਦੇ ਪੁੱਤਰ, ਬਿੰਦੂਸਾਰ ਦੇ ਪੋਤਰੇ ਅਸ਼ੋਕ ਨੇ ਸਾਰੇ ਭਾਰਤ ਤੇ ਰਾਜ ਕੀਤਾ ਜਿਸ ਨੂੰ ਭਾਰਤ ਦੇ ਇਤਿਹਾਸ ਵਿਚ ਹਿੰਦੂਆਂ ਦਾ ਜ਼ਮਾਨਾ ਆਖਿਆ ਜਾਂਦਾ ਹੈ। ਸ਼ਕ ਤੇ ਕੁਸ਼ਾਨ ਭੀ 120 ਤੋਂ 150 ਈਸਵੀ ਵਿਚ ਪੰਜਾਬ ਆਏ।

ਚੰਦਰ ਗੁਪਤ ਵਿਕਰਦਮਾਦਿਤਿਯਾ 396 ਈਸਵੀ ਵਿਚ ਪੰਜਾਬ ਆਇਆ। ਅੱਠਵੀਂ ਸਦੀ ਦੇ ਅਰੰਭ ਵਿਚ ਕਨੌਜ ਦੇ ਰਾਜੇ ਨੇ ਪੰਜਾਬ ਤੱਕ ਆਪਣਾ ਰਾਜ ਕਾਇਮ ਕੀਤਾ। ਇਸ ਪਿੱਛੋਂ ਅਜਮੇਰ ਦੇ ਚੌਹਾਨ ਬਾਦਸ਼ਾਹਾਂ ਨੇ ਆਪਣਾ ਰਾਜ ਬਣਾਇਆ।

Sri Satguru Jagjit Singh Ji eLibrary NamdhariElibrary@gmail.com


ਪੰਜਾਬ ਦੇ ਆਜ਼ਾਦ ਹੋਣ ਤੋਂ ਪਹਿਲਾਂ ਪੰਜਾਬ ਵਿਸ਼ਾਲ ਖੰਡ ਸੀ। ਉੱਤਰ ਵੱਲ ਹਿਮਾਲਾ, ਪੱਛਮ ਵੱਲ ਸਿੰਧ ਦਰਿਆ, ਦੱਖਣ ਵੱਲ ਇਕ ਪਾਸੇ ਸਿੰਧ ਦੇ ਸੂਬੇ ਤੇ ਦੂਜੇ ਪਾਸੇ ਰਾਜਪੂਤਾਨੇ ਨੂੰ ਜਾ ਲੱਗਦਾ ਸੀ। ਜਮਨਾ ਇਸ ਦੀ ਪੂਰਬੀ ਹੱਦ ਸੀ। 1947 ਤੋਂ ਬਾਅਦ ਪੂਰਬੀ ਹਿੱਸਾ ਹੀ ਭਾਰਤ ਦਾ ਅੰਗ ਰਹਿ ਗਿਆ। ਰਾਵੀ ਦਰਿਆ ਇਸਦਾ ਦਾ ਪੂਰਬੀ ਕੰਢਾ ਸੀ।



THE PUNJAB IN 1809


Sri Satguru Jagjit Singh Ji eLibrary NamdhariElibrary@gmail.com

1966 ਵਿਚ ਪੰਜਾਬੀ ਸੂਬਾ ਬਨਣ ਨਾਲ ਪੰਜਾਬ ਹੋਰ ਛੋਟਾ ਹੋ ਗਿਆ।




PUNJABI SUBA

Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com

ਪੰਜਾਬ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਦੇ ਹੁਣ ਤੱਕ ਰਹੇ ਮੁੱਖ-ਮੰਤਰੀ

ਨਾਮ	ਕਦੋਂ ਤੋਂ	ਕਦੋਂ ਤੱਕ
ਡਾ. ਗੋਪੀ ਚੰਦ ਭਾਰਗਵ	15.8.1947	13.4.1949
ਲਾਲਾ ਭੀਮ ਸੈਨ ਸੱਚਰ	14.4.1949	18.10.1949
ਡਾ. ਗੋਪੀ ਚੰਦ ਭਾਰਗਵ	19.10.1949	20.6.1951
(ਉ) ਰਾਸ਼ਟਰਪਤੀ ਰਾਜ	20.6.1951	17.4.1952
ਲਾਲਾ ਭੀਮ ਸੈਨ ਸੱਚਰ	7.7.1952	21.6.1953
ਡਾ. ਗੋਪੀ ਚੰਦ ਭਾਰਗਵ	22.6.1953	6.7.1954
ਲਾਲਾ ਭੀਮ ਸੈਨ ਸੱਚਰ	7.7.1954	23.1.1956
ਸ੍. ਪ੍ਰਤਾਪ ਸਿੰਘ ਕੈਰੋਂ	24.1.1956	21.6.1964
(ਅ) ਰਾਸ਼ਟਰਪਤੀ ਰਾਜ	21.6.1964	6.7.1964
ਕਮਾਰੇਡ ਰਾਮ ਕਿਸ਼ਨ	6.7.1964	5.7.1966
(ਏ) ਰਾਸ਼ਟਰਪਤੀ ਰਾਜ	5.7.1966	31.10.1966
ਗਿ. ਗੁਰਮੁਖ ਸਿੰਘ ਮੁਸਾਫਿਰ	1.11.1966	8.3.1967
ਜਸਟਿਸ ਗੁਰਨਾਮ ਸਿੰਘ	6.3.1967	24.11.1967
ਸ੍. ਲੱਛਮਣ ਸਿੰਘ ਗਿੱਲ	24.11.1967	23.8.1968
(ਸ) ਰਾਸ਼ਟਰਪਤੀ ਰਾਜ	23.8.1968	17.2.1969
ਜਸਟਿਸ ਗੁਰਨਾਮ ਸਿੰਘ	17.2.1969	26.3.1970
ਸ੍. ਪ੍ਰਕਾਸ਼ ਸਿੰਘ ਬਾਦਲ	26.3.1970	14.6.1971
(ਹ) ਰਾਸ਼ਟਰਪਤੀ ਰਾਜ	14.6.1971	16.3.1972
ਗਿਆਨੀ ਜੈਲ ਸਿੰਘ	17.3.1972	30.4.1977
(ਕ) ਰਾਸ਼ਟਰਪਤੀ ਰਾਜ	30.4.1977	19.6.1977
ਸ੍. ਪ੍ਰਕਾਸ਼ ਸਿੰਘ ਬਾਦਲ	19.6.1977	17.2.1980
(ਖ) ਰਾਸ਼ਟਰਪਤੀ ਰਾਜ	17.2.1980	7.6.1980
ਸ੍. ਦਰਬਾਬਾ ਸਿੰਘ	7.6.1980	7.10.1983
(ਗ) ਰਾਸ਼ਟਰਪਤੀ ਰਾਜ	7.10.1983	29.9.1985
ਸ੍. ਸੁਰਜੀਤ ਸਿੰਘ ਬਰਨਾਲਾ	29.9.1985	11.5.1987
(ਘ) ਰਾਸ਼ਟਰਪਤੀ ਰਾਜ	11.5.1987	25.2.1992
ਸ੍. ਬੇਅੰਤ ਸਿੰਘ	25.2.1992	31.8.1995
ਸ੍. ਹਰਚਰਨ ਸਿੰਘ		
ਬੀਬੀ ਰਾਜਿੰਦਰ ਕੌਰ ਭੱਠਲ		
ਸ੍. ਪ੍ਰਕਾਸ਼ ਸਿੰਘ ਬਾਦਲ		

Sri Satguru Jagjit Singh Ji eLibrary NamdhariElibrary@gmail.com

ਪੰਜਾਬ ਤੇ ਮੁਸਲਮਾਨਾਂ ਦੇ ਹਮਲੇ ਤੇ ਰਾਜ ਕਾਇਮ

ਸਤਵੀਂ ਸਦੀ ਦੇ ਅੱਧ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਅਰਬ ਦੇਸ਼ ਵਿਚ ਇਸਲਾਮ ਨੂੰ ਜਨਮ ਦਿੱਤਾ। ਇਸਲਾਮ ਦੇ ਪੈਰੋਕਾਰਾਂ ਨੇ ਇਕ ਹੱਥ ਵਿਚ ਕੁਰਾਨ ਤੇ ਦੂਜੇ ਵਿਚ ਤਲਵਾਰ ਲੈ ਕੇ ਜਹਾਦ ਸ਼ੁਰੂ ਕੀਤਾ।

ਪੰਜਾਬ ਉਤੇ ਪਹਿਲਾ ਹਮਲਾ 712 ਈਸਵੀ ਵਿਚ ਮੁਹੰਮਦ ਬਿਨ ਕਾਸਮ ਨੇ ਕੀਤਾ। ਉਸ ਨੂੰ ਬਗਦਾਦ ਦੇ ਖਲੀਫੇ ਦੀ ਅਸ਼ੀਰਵਾਦ ਹਾਸਲ ਸੀ। ਦਸਵੀਂ ਸਦੀ ਵਿਚ ਹਿੰਦੂ ਰਾਜੇ ਪਾਲਾ ਦਾ ਰਾਜ ਪੰਜਾਬ ਵਿਚ ਸੀ। ਜਲੰਧਰ ਉਹਨਾਂ ਦੀ ਰਾਜਧਾਨੀ ਸੀ। ਪਾਲਾ ਨਾਲ ਹੀ ਗਜਨੀਆਂ ਦਾ ਟਾਕਰਾ ਹੋਇਆ। ਮਹਿਮੂਦ ਗਜ਼ਨਵੀਂ ਨੇ ਸਤਾਰਾਂ ਹਮਲੇ ਕੀਤੇ (1001 ਤੋਂ 1026) ਈ ਵਿਚ ਮਹਿਮੂਦ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ। ਲਾਹੌਰ ਤੋਂ ਆਪਣੇ ਨਾਂ ਦਾ ਇਕ ਸਿੱਕਾ ਜਾਰੀ ਕੀਤਾ।

ਫੇਰ ਮੁਹੰਮਦ ਗੌਰੀ ਨੇ ਹਮਲੇ ਸ਼ੁਰੂ ਕੀਤੇ। ਉਸ ਦੀ ਮਨਸ਼ਾ ਭਾਰਤ ਤੇ ਤੁਰਕ ਰਾਜ ਕਾਇਮ ਕਰਨਾ ਸੀ। 1192 ਈਸਵੀ ਵਿਚ ਪ੍ਰਿਥਵੀ ਰਾਜ ਨੂੰ ਗੌਰੀ ਨੇ ਹਾਰ ਦੇ ਕੇ ਹਿੰਦੂ ਰਾਜ ਉੱਤਰੀ ਹਿੰਦੁਸਤਾਨ ਵਿਚ ਖਤਮ ਕਰ ਦਿੱਤਾ।

1206 ਈਸਵੀ ਵਾਲੇ ਦਿਨ ਲਾਹੌਰ ਵਿਚ ਪਹਿਲੇ ਮੁਲਸਮਾਨ ਬਾਦਸ਼ਾਹ ਕੁਤਬਉਦੀਨ ਐਬਕ ਦੀ ਗੱਦੀ ਨਸ਼ੀਨੀ ਦੀ ਰਸਮ ਹੋਈ।

1206 ਈਸਵੀ ਤੋਂ 1526 ਈਸਵੀ ਤਕ ਗੁਲਾਮਾਂ, ਖਿਲਜੀਆਂ, ਤੁਗਲਕਾਂ ਤੇ ਲੋਧੀ ਖਾਨਦਾਨ ਨੇ ਹਿੰਦੁਸਤਾਨ ਤੇ ਰਾਜ ਕੀਤਾ।

*

Sri Satguru Jagjit Singh Ji eLibrary NamdhariElibrary@gmail.com

ਭਾਰਤ

ਇਤਿਹਾਸਕਾਰ ਭਾਰਤ ਦੀ ਸਭਿਅਤਾ ਨੂੰ ਦੁਨੀਆਂ ਦੀ ਸਭ ਤੋਂ ਪੁਰਾਣੀ ਸਭਿਅਤਾ ਤਾਂ ਮੰਨਦੇ ਹਨ, ਪਰ ਉਸਦੀ ਉਮਰ ਬਾਰੇ ਇਕ ਮੱਤ ਨਹੀਂ ਰੱਖਦੇ।ਐਸ. ਐਮ. ਅਕਰਮ ਆਪਣੀ ਕਿਤਾਬ 'ਦਾ ਕਲਚਰਲ ਹੈਰੀਟੇਜ ਆਫ ਪਾਕਿਸਤਾਨ' ਦੇ ਸਫਾ 20 ਤੋਂ 24 ਤੱਕ ਲਿਖਦਾ ਹੈ, "ਰਾਵਲਪਿੰਡੀ ਦੇ ਇਲਾਕੇ ਵਿਚ ਪੱਥਰ ਦੇ ਬਣੇ ਹੋਏ ਜੋ ਗੰਡਾਸੇ ਤੇ ਬਰਛੇ ਮਿਲੇ ਹਨ, ਉਹ ਇਹ ਦੱਸਦੇ ਹਨ ਕਿ ਇਥੇ ਤਿੰਨ ਲੱਖ ਤੋਂ ਪੰਜ ਲੱਖ ਸਾਲ ਪਹਿਲਾਂ ਕੋਈ ਸਭਿਅਤਾ ਸੀ। ਭਾਰਤ ਦੇ ਇਤਿਹਾਸ ਵਿਚ ਉਸ ਨੂੰ ਪੱਥਰ ਤੇ ਧਾਤ ਦਾ ਜ਼ਮਾਨਾ ਕਹਿ ਕੇ ਯਾਦ ਕੀਤਾ ਜਾਂਦਾ ਹੈ। ਭਾਰਤ ਦੇ ਅਨੇਕ ਹਿੱਸਿਆਂ ਵਿਚ ਖੁਦਾਈ ਕਰਨ ਵੇਲੇ ਪ੍ਰਚੀਨ ਪੱਥਰ ਯੁੱਗ ਦੇ ਸਮੇਂ ਦੇ ਪੱਥਰ ਦੇ ਸੰਦ ਮਿਲੇ ਹਨ। ਇਕ ਦੂਜੇ ਤੋਂ ਸੁੰਤਤਰ ਹੇਠਲੇ ਪ੍ਰਚੀਨ ਪੱਥਰ ਜੁੱਗ ਦੇ ਸਭਿਆਚਾਰ ਦੇ ਦੋ ਕੇਂਦਰ ਪੈਦਾ ਹੋਏ: ਉੱਤਰ ਵਿਚ 'ਸੁਹਾਂ ਸਭਿਆਚਾਰ' (ਦਰਿਆ ਸੁਹਾਂ ਜੋ ਰਾਵਲਪਿੰਡੀ ਦੇ ਇਲਾਕੇ ਵਿਚ ਵਹਿੰਦਾ ਹੈ ਦੇ ਨਾਲ ਨਾਲ) ਦੂਜਾ ਦੱਖਣ ਵੱਲ ਦੱਖਣ ਪਠਾਰ, ਅਖੰਤੀ ਮਦਰਾਸੀ ਸਭਿਆਚਾਰ। ਕੇਂਦਰੀ ਅਤੇ ਪੱਛਮੀ ਭਾਰਤ ਵਿਚ ਵੀ ਪ੍ਰਾਚੀਨ ਪੱਥਰ ਯੁੱਗ ਦੇ ਸੰਦ ਮਿਲੇ ਹਨ। ਉਸ ਜਗ੍ਹਾ ਲੋਕਾਂ ਦਾ ਮੁੱਖ ਕਿੱਤਾ ਸ਼ਿਕਾਰ ਕਰਨਾ ਅਤੇ ਖਾਣ ਯੋਗ ਬੂਟੇ ਇਕੱਠੇ ਕਰਨੇ ਸੀ। ਲੋਕ ਵੱਡੀਆਂ ਟੋਲੀਆਂ ਵਿਚ ਰਹਿੰਦੇ ਸਨ। ਉਸ ਵੇਲੇ ਇਹ ਜੀਵਨ ਦੀਆਂ ਕਰੜੀਆਂ ਪ੍ਰਸਥਿਤੀਆਂ ਵਿਚ ਸਮੇਂ ਦੀ ਅਟੱਲ ਲੋੜ ਸੀ। ਕਿਲੀ ਗੁਲ ਮੁਹੰਮਦ (ਪਾਕਿਸਤਾਨ) ਵਿਖੇ ਹੋਈ ਖੁਦਾਈ ਤੋਂ ਅੰਦਾਜ਼ਾ ਲੱਗਦਾ ਹੈ ਕਿ ਨਵ-ਪੱਥਰ ਯੁੱਗ ਦੇ ਕਬੀਲੇ ਪਸ਼ੂ ਪਾਲਣ ਦਾ ਕੰਮ ਭੀ ਕਰਦੇ ਸਨ। ਉਨ੍ਹਾਂ ਦੇ ਵਸੇਬੇ ਕੱਚੀਆਂ ਇੱਟਾਂ ਦੇ ਬਣੇ ਹੋਏ ਸਨ।

ਜਦੋਂ ਉੱਤਰੀ, ਪੂਰਬੀ ਅਤੇ ਦੱਖਣੀ ਭਾਰਤ ਵਿਚ ਨਵ-ਪੱਥਰ ਯੁੱਗ ਅਤੇ ਮੁੱਢਲੇ ਦੁੱਧ ਪੱਥਰੀ ਯੁੱਗ ਦੇ ਸਭਿਆਚਾਰ ਵਿਕਸਤ ਹੋ ਰਹੇ ਸਨ, ਸਿੰਧ ਦੀ ਘਾਟੀ ਵਿਚ ਧਾਤ ਕਹਿੰ ਯੁੱਗ ਦੀ ਇਕ ਉੱਨਤ ਸ਼ਹਿਰੀ ਸਭਿਅਤਾ ਸੀ ਜਿਸ ਨੂੰ ਪੰਜ ਹਜ਼ਾਰ ਸਾਲ ਪੁਰਾਣੀ ਆਖਿਆ ਜਾਂਦਾ ਹੈ।

ਹੜੱਪਾ ਤੇ ਮੋਹਿੰਜੋਦਾੜੋ ਸਭਿਅਤਾ ਬਹੁਤ ਹੀ ਵਿਕਸਤ ਸਭਿਅਤਾ ਆਖੀ ਜਾਂਦੀ ਹੈ। ਉਸ ਵੇਲੇ ਦੇ ਸ਼ਹਿਰਾਂ ਦੀ ਯੋਜਨਾਬੰਦੀ ਅਤੇ ਭਵਨ-ਉਸਾਰੀ ਦੀ ਇਕ ਚੰਗੀ ਤਰ੍ਹਾਂ ਉਲੀਕੀ ਪ੍ਰਣਾਲੀ ਹੱੜਪਾ ਸਭਿਅਤਾ ਵਲੋਂ ਵਿਕਾਸ ਦੀ ਪ੍ਰਾਪਤ ਕੀਤੀ ਉੱਚੀ ਪੱਧਰ ਵੱਲ ਸੰਕੇਤ ਕਰਦੀ ਹੈ। ਇਸ ਦੇ ਸ਼ਹਿਰਾਂ ਦੀ ਯੋਜਨਾ ਵਿਸਥਾਰ ਪੂਰਬਕ ਪਾਣੀ ਦਾ ਪ੍ਰਬੰਧ (ਨਾਲੀਆਂ) ਸਿੱਧੀਆਂ ਗਲੀਆਂ, ਮਿਉਂਸਪਿਲ ਆਦਿ ਗੱਲ ਕੀ ਸ਼ਹਿਰੀ ਜੀਵਨ ਬਹੁਤ ਹੀ ਵਿਕਸਤ ਸੀ। ਇਹ ਸਭਿਅਤਾ ਕੋਈ ਇਕ ਥਾਂ ਹੀ ਨਹੀਂ ਸੀ ਸਗੋਂ ਸਾਰੇ ਪੰਜਾਬ ਵਿਚ ਫੈਲੀ ਹੋਈ ਸੀ। ਉਸ ਵੇਲੇ ਦੀਆਂ ਪੁਰਾਤਨ ਚੀਜ਼ਾਂ ਕਾਲੀਭੰਗਨ, ਚੰਡੀਗੜ੍ਹ, ਰੋਪੜ, ਕੋਟਲਾ ਹੰਗਖਾਨ, ਸੰਘੋਲ ਤੇ ਦੌਲਤਪੁਰ ਆਦਿ ਇਲਾਕੇ ਤੋਂ ਮਿਲਦੀਆਂ ਹਨ। ਇਹ ਸਭਿਅਤਾ 2500 ਬੀ. ਸੀ. ਤੋਂ 1500 ਬੀ. ਸੀ. ਤੱਕ ਦੇ ਸਮੇਂ ਦੀ ਆਖੀ ਜਾਂਦੀ ਹੈ।

ਹੜੱਪਾ ਸਭਿਅਤਾ ਦੇ ਪੰਜਾਬੀ ਲੋਕ ਬੜੇ ਅਮਨਪਸੰਦ ਸਨ। ਬੜੀ ਐਸ਼ ਦੀ ਜ਼ਿੰਦਗੀ ਬਸਰ ਕਰਦੇ ਸਨ। ਆਰੀਅਨ ਨੇ ਇਸ ਸਭਿਅਤਾ ਨੂੰ ਤਬਾਹ ਕਰ ਦਿੱਤਾ। ਇਸ ਦੇ ਵੀ ਸਬੂਤ ਮਿਲਦੇ ਹਨ। ਇਹ ਮਿੱਥ ਕਿ ਭਾਰਤ ਵਿਚ ਵਿਕਸਤ ਸਭਿਅਤਾ ਆਰੀਆ ਲੋਕ ਲੈ ਕੇ ਆਏ ਗਲਤ ਸਾਬਤ ਹੁੰਦੀ ਹੈ। 75% ਤੋਂ ਜ਼ਿਆਦਾ ਸਭਿਅਤਾ ਤੇ ਸਿਵਲਾਈਜੇਸ਼ਨ ਨਾਨ-ਆਰੀਅਨ ਦੀ ਭਾਰਤ ਵਿਚ ਹੈ। ਇਹ ਵਿਚਾਰ ਐੱਲ. ਐੱਮ. ਜੋਸ਼ੀ ਤੇ ਫੌਜਾ ਸਿੰਘ ਨੇ 'ਹਿਸਟਰੀ ਆਫ ਦਾ ਪੰਜਾਬ ਜਿਲਦ ਪਹਿਲੀ' ਵਿਚ ਦਰਸਾਏ ਹਨ।


ਉਸ ਵੇਲੇ ਦੇ ਲੋਕ ਰਾਜਸੀ ਤੌਰ 'ਤੇ ਵੀ ਜਥੇਬੰਦ ਸਨ। ਇਕ ਸਮਝਦਾਰ ਤੇ ਤਕੜਾ ਆਦਮੀ ਰਾਜਾ ਬਣ ਜਾਂਦਾ ਸੀ। ਵਪਾਰ ਅਤੇ ਬਦੇਸ਼ੀ ਸੰਬੰਧ ਭੀ ਰੱਖਦੇ ਸਨ। ਧਾਰਮਿਕ ਕਿਸਮ ਦੇ ਲੋਕ ਸਨ। ਭਾਸ਼ਾ ਤੇ ਲਿੱਪੀ ਵਿਕਸਤ ਸੀ।


ਭਾਰਤ, ਦੁਨੀਆਂ ਦੀ ਸਭ ਤੋਂ ਪੁਰਾਣੀ ਸਭਿਅਤਾ ਹੈ। ਖੁਦਾਈ ਦੇ ਮਹਿਕਮੇ ਦਾ ਅੰਦਾਜ਼ਾ ਹੈ ਕਿ ਇੰਡਸ ਵੈਲੀ ਸਿਵਲੀਜ਼ੇਸ਼ਨ 5,000 ਸਾਲ ਪੁਰਾਣੀ ਹੈ। ਤਿੰਨ ਤੋਂ ਦੋ ਹਜ਼ਾਰ ਪੂਰਬ ਈਸਾ ਹੜੱਪਾ ਤੇ ਮਹਿੰਜੋਦਾੜੋ (ਮਰਿਆਂ ਦਾ ਟਿੱਬਾ) ਦੀ ਸਭਿਅਤਾ ਨੂੰ ਮੰਨਿਆਂ ਜਾਂਦਾ ਹੈ। ਅਸ਼ੋਕ ਨੇ ਤੀਜੀ ਸਦੀ ਈਸਾ ਪੂਰਬ ਈਸਾ ਭਾਰਤ ਤੇ ਰਾਜ ਕੀਤਾ। ਉਸ ਸਮੇਂ ਬੁੱਧ ਧਰਮ ਸਥਾਪਿਤ ਤੇ ਪ੍ਰਫੁੱਲਤ ਹੋਇਆ ਸੀ। ਇਸ ਤੋਂ ਬਾਅਦ 326 ਬੀ. ਸੀ. ਵਿਚ ਸਕੰਦਰ ਨੇ ਭਾਰਤ 'ਤੇ ਹਮਲਾ ਕੀਤਾ। ਉਹ ਹਨੇਰੀ ਵਾਂਗ ਆਇਆ ਤੇ ਵਰੋਲੇ ਵਾਂਗ ਵਾਪਸ ਚਲਾ ਗਿਆ। 1500 ਬੀ. ਸੀ. ਦੇ ਕਰੀਬ ਆਰੀਅਨ ਆਏ ਤੇ ਪਹਿਲੇ ਬਾਸ਼ਿੰਦਿਆਂ ਤੇ ਹਾਵੀ ਹੋ ਗਏ। ਚੌਥੀ ਤੇ ਛੇਵੀਂ ਸਦੀ ਵਿਚ ਗੁਪਤਾ ਬਾਦਸ਼ਾਹਿਤ ਦਾ ਬੋਲ ਬਾਲਾ ਸੀ। ਕਲਾ, ਸਾਹਿਤ ਤੇ ਵਿਗਿਆਨ ਤੇ ਸਾਇੰਸ ਦੇ ਪੱਖ ਤੋਂ ਭਾਰਤ ਸੁਨਹਿਰੀ ਯੁੱਗ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। 711ਵਿਚ ਮੁਹੰਮਦ ਬਿਨ ਕਾਸਮ ਇੰਡਸ ਵੈਲੀ ਵਲੋਂ ਦਾਖਲ ਹੋ ਕੇ ਮੁਲਤਾਨ ਤੱਕ ਪੁੱਜ ਗਿਆ। ਉਸ ਸਮੇਂ ਤੋਂ ਹਿੰਦੂ ਭਾਰਤ ਤੇ ਇਸਲਾਮ ਦਾ ਅਸਰ ਸ਼ੁਰੂ ਹੋ ਗਿਆ। ਤੁਰਕ ਸੁਲਤਾਨਾਂ ਪਠਾਣਾਂ ਦਾ 1000 ਤੋਂ 1526 ਤਕ ਭਾਰਤ ਅੰਦਰ ਬੋਲ ਬਾਲਾ ਰਿਹਾ ਸੀ ਤੇ ਰਾਜ ਭੀ ਚਲਦਾ ਸੀ। 1526 ਤੋਂ 1857 ਤੱਕ ਮੁਗਲ। ਫੇਰ 1857 ਤੋਂ ਅੰਗਰੇਜ਼।

*

Sri Satguru Jagjit Singh Ji eLibrary NamdhariElibrary@gmail.com

ਹਿੰਦੁਸਤਾਨ
ਦਾ ਪੁਰਾਣਾ ਨਕਸ਼ਾ


ਹਿਮਾਲਯ ਪਰਬਤ
ਪੱਛਮੀ ਸਮੁੰਦਰ
ਪੂਰਬੀ ਸਮੁੰਦਰ
ਦੱਖਣ ਸਮੁੰਦਰ
ਮਾਨਸ ਸਰੋਵਰ
ਕੈਲਾਸ਼ ਪਰਬਤ
ਮਹਾਭਾਰਤ
ਪਾਕਿਸਤਾਨ
ਅਫ਼ਗਾਨਿਸਤਾਨ
ਬੰਗਲਾ ਦੇਸ਼
ਨੇਪਾਲ
ਭੂਟਾਨ
ਸ੍ਰੀ ਲੰਕਾ
ਪੱਛਮੀ ਬੰਗਾਲ
ਉੜੀਸਾ
ਆਂਧਰਾ ਪ੍ਰਦੇਸ਼
ਤਾਮਿਲਨਾਡੂ
ਕੇਰਲ
ਕਰਨਾਟਕ
ਗੋਆ
ਮਹਾਰਾਸ਼ਟਰ
ਗੁਜਰਾਤ
ਰਾਜਸਥਾਨ
ਮੱਧ ਪ੍ਰਦੇਸ਼
ਉੱਤਰ ਪ੍ਰਦੇਸ਼
ਬਿਹਾਰ
ਆਸਾਮ
ਮੇਘਾਲਿਆ
ਮਣੀਪੁਰ
ਨਾਗਾਲੈਂਡ
ਮਿਜ਼ੋਰਮ
ਤ੍ਰਿਪੁਰਾ
ਸਿੱਕਿਮ
ਪੱਛਮੀ ਬੰਗਾਲ
ਪੱਛਮੀ ਮੱਧ ਦੇਸ਼
ਪੂਰਬੀ ਮੱਧ ਦੇਸ਼
ਦੱਖਣ ਦੇਸ਼
ਦਿੱਲੀ
ਜੈਪੁਰ
ਅਜਮੇਰ
ਜੋਧਪੁਰ
ਕੋਟਾ
ਉਦੈਪੁਰ
ਅਹਿਮਦਾਬਾਦ
ਭੋਪਾਲ
ਇੰਦੌਰ
ਗਵਾਲੀਅਰ
ਝਾਂਸੀ
ਕਾਨਪੁਰ
ਲਖਨਊ
ਅਲਾਹਾਬਾਦ
ਵਾਰਾਣਸੀ
ਪਟਨਾ
ਗਯਾ
ਰਾਂਚੀ
ਜਮਸ਼ੇਦਪੁਰ
ਕਲਕੱਤਾ
ਦਿਸਪੁਰ
ਗੁਹਾਟੀ
ਸ਼ਿਲਾਂਗ
ਇੰਫਾਲ
ਕੋਹਿਮਾ
ਆਈਜ਼ੌਲ
ਅਗਰਤਲਾ
ਗੰਗਟੋਕ
ਭੁਵਨੇਸ਼ਵਰ
ਕਟਕ
ਵਿਸ਼ਾਖਾਪਟਨਮ
ਹੈਦਰਾਬਾਦ
ਵਿਜੈਵਾੜਾ
ਚੇਨੱਈ
ਤਿਰੂਚਿਰਾਪੱਲੀ
ਮਦੁਰਾਈ
ਤਿਰੂਵਨੰਤਪੁਰਮ
ਬੰਗਲੌਰ
ਮੈਸੂਰ
ਮੰਗਲੌਰ
ਪਣਜੀ
ਪੁਣੇ
ਮੁੰਬਈ
ਨਾਗਪੁਰ
ਰਾਏਪੁਰ
ਜਬਲਪੁਰ
ਸਾਗਰ
ਕੋਟਾ
ਜੈਸਲਮੇਰ
ਬੀਕਾਨੇਰ
ਜੋਧਪੁਰ
ਅਜਮੇਰ
ਜੈਪੁਰ
ਅਲਵਰ
ਮਥੁਰਾ
ਆਗਰਾ
ਕਾਨਪੁਰ
ਲਖਨਊ
ਫੈਜ਼ਾਬਾਦ
ਗੋਰਖਪੁਰ
ਵਾਰਾਣਸੀ
ਅਲਾਹਾਬਾਦ
ਗਯਾ
ਪਟਨਾ
ਮੁਜ਼ੱਫਰਪੁਰ
ਦਰਭੰਗਾ
ਪੂਰਨੀਆ
ਰਾਂਚੀ
ਜਮਸ਼ੇਦਪੁਰ
ਕਲਕੱਤਾ
ਹਲਦੀਆ
ਦੁਰਗਾਪੁਰ
ਆਸਨਸੋਲ
ਬਰਧਮਾਨ
ਕ੍ਰਿਸ਼ਨਾਨਗਰ
ਬਹਰਾਮਪੁਰ
ਮੁਰਸ਼ਿਦਾਬਾਦ
ਮਾਲਦਾ
ਸਿਲੀਗੁੜੀ
ਜਲਪਾਈਗੁੜੀ
ਕੂਚ ਬਿਹਾਰ
ਦਿਸਪੁਰ
ਗੁਹਾਟੀ
ਤੇਜ਼ਪੁਰ
ਤਵਾਂਗ



The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.

The territorial waters of India extend into the sea to a distance of twelve nautical miles measured from the appropriate base line.

Sri Satguru Jagjit Singh Ji eLibrary NamdhariElibrary@gmail.com

ਭਾਰਤ ਦੇ ਹੁਣ ਤੱਕ ਦੇ ਪ੍ਰਧਾਨ ਮੰਤਰੀ

ਨਾਮ	ਕਦੋਂ ਤੋਂ	ਕਦੋਂ ਤੱਕ
ਜਵਾਹਰ ਲਾਲ ਨਹਿਰੂ	ਅਗਸਤ15,1947	ਮਈ 27, 1964
ਲਾਲ ਬਹਾਦਰ ਸ਼ਾਸਤਰੀ	ਜੂਨ, 1964	ਜਨਵਰੀ, 1966
ਇੰਦਰਾ ਗਾਂਧੀ	1966	1977
ਮੁਰਾਰਜੀ ਡਿਸਾਈ	ਅਪਰੈਲ, 1977	ਜੁਲਾਈ, 1979
ਚਰਨ ਸਿੰਘ	ਜੁਲਾਈ 28,1979	ਦਸੰਬਰ, 1979
ਇੰਦਰਾ ਗਾਂਧੀ	ਜਨਵਰੀ, 1980	ਅਕਤੂਬਰ 31,1984
ਰਾਜੀਵ ਗਾਂਧੀ	1984	1989
ਵੀ. ਪੀ. ਸਿੰਘ	ਦਸੰਬਰ, 1989	ਨਵੰਬਰ 7, 1990
ਚੰਦਰ ਸ਼ੇਖਰ	ਨਵੰਬਰ 10, 1990	ਜੂਨ 21, 1991
ਨਰਸਿਮ੍ਹਾ ਰਾਓ	ਜੂਨ 21, 1991	ਮਈ 16, 1996
ਏ. ਬੀ. ਵਾਜਪਾਈ	ਮਈ 16, 1996	ਮਈ 29, 1996
ਦੇਵਗੌੜਾ	ਜੂਨ 1, 1996	ਅਪਰੈਲ 20, 1997
ਆਈ. ਕੇ. ਗੁਜਰਾਲ	ਅਪਰੈਲ 21, 1997	
ਏ. ਬੀ. ਵਾਜਪਾਈ	ਮੌਜੂਦਾ	

Sri Satguru Jagjit Singh Ji eLibrary NamdhariElibrary@gmail.com

ਭਾਰਤ ਦੇ ਹੁਣ ਤੱਕ ਦੇ ਰਾਸ਼ਟਰਪਤੀ

ਨਾਮ	ਕਦੋਂ ਤੋਂ	ਕਦੋਂ ਤੱਕ
ਡਾ. ਰਾਜਿੰਦਰ ਪ੍ਰਸ਼ਾਦ	1952	1957
ਡਾ. ਰਾਜਿੰਦਰ ਪ੍ਰਸ਼ਾਦ	1957	1962
ਡਾ. ਐਸ. ਰਾਧਾ ਕ੍ਰਿਸ਼ਨਨ	1962	1967
ਡਾ. ਜ਼ਾਕਿਰ ਹੁਸੈਨ	1967	1969
ਡਾ. ਵੀ. ਵੀ. ਗਿਰੀ	1969	1974
ਸ੍ਰੀ ਫ਼ਖਰੁਦੀਨ ਅਹਿਮਦ	1974	1977
ਸ੍ਰੀ. ਐਨ. ਸੰਜੀਵਾ ਰੈਡੀ	1977	1982
ਗਿਆਨੀ ਜੈਲ ਸਿੰਘ	1982	1987
ਸ੍ਰੀ. ਆਰ. ਵੈਂਕਟਰਮਨ	1987	1992
ਸ੍ਰੀ ਸ਼ੰਕਰ ਦਿਆਲ ਸ਼ਰਮਾ	1992	1997
ਸ੍ਰੀ. ਆਰ. ਕੇ. ਨਰਾਇਣਨ	1997	–

Sri Satguru Jagjit Singh Ji eLibrary NamdhariElibrary@gmail.com

ਕੈਨੇਡਾ

ਬੇਸ਼ਕ ਕੈਨੇਡਾ ਬਹੁਤ ਪੁਰਾਣਾ ਦੇਸ਼ ਨਹੀਂ ਹੈ ਪਰ ਇਸ ਧਰਤੀ ਦਾ ਇਤਿਹਾਸ ਬਹੁਤ ਪੁਰਾਣਾ ਹੈ ਜਿਸ ਦਾ ਸਬੰਧ ਭਾਰਤ ਨਾਲ ਮੰਨਿਆਂ ਜਾਂਦਾ ਹੈ।

ਭਾਰਤ ਨੂੰ ਮਨੁੱਖੀ ਸਭਿਅਤਾ ਦਾ ਪੰਘੂੜਾ ਆਖਿਆ ਜਾਂਦਾ ਹੈ। ਯੂਰਪੀਨ ਲੋਕਾਂ ਦੇ ਇਥੇ ਆਉਣ ਤੋਂ ਹਜ਼ਾਰਾਂ ਸਾਲ ਪਹਿਲਾਂ ਜੋ ਬਾਸ਼ਿੰਦੇ ਇਥੇ ਰਹਿੰਦੇ ਸਨ ਉਨ੍ਹਾਂ ਨੂੰ ਯੂਰਪੀਨ ਮਲਾਹਾਂ ਨੇ ਇੰਡੀਅਨ ਆਖਿਆ ਸੀ। ਕਿਉਂਕਿ ਉਹ ਸਮਝਦੇ ਸਨ ਕਿ ਅਸੀਂ ਇੰਡੀਆ ਪੁਜ ਗਏ ਹਾਂ। ਇਸ ਕਰਕੇ ਇਹ ਲੋਕ ਇੰਡੀਅਨ ਹਨ। ਪਰ ਹਰ ਬਿਲਾਸ ਸ਼ਾਰਦਾ ਲਿਖਦੇ ਹਨ, 'ਬਹੁਤ ਸਮਾਂ ਪਹਿਲਾਂ, ਜਦੋਂ ਹਾਲੇ ਯੂਰਪੀਨਾਂ ਨੇ ਅਮਰੀਕਾ ਦੀ ਹੋਂਦ ਦਾ ਸੁਪਨਾ ਭੀ ਨਹੀਂ ਲਿਆ ਸੀ, ਭਾਰਤੀ ਵੇਦ, ਸ਼ਾਸ਼ਤਰ, ਅਮਰੀਕਾ ਦੇ ਮਹਾਂਦੀਪ ਵਿਚ ਭਾਰਤੀ ਲੋਕਾਂ ਦੇ ਰਹਿਣ ਦਾ ਹਵਾਲਾ ਦਿੰਦੇ ਹਨ।"[22]

ਕੁਝ ਇਤਿਹਾਸਕਾਰਾਂ ਦਾ ਖਿਆਲ ਹੈ, ਅਜੋਕੇ ਸਮੇਂ ਤੋਂ ਹਜ਼ਾਰਾਂ ਸਾਲ ਪਹਿਲਾਂ ਏਸ਼ੀਆ ਦੇ ਕਿਸੇ ਹਿੱਸੇ ਵਿਚੋਂ ਸਾਇਬੇਰੀਆ ਤੇ ਆਰਕਟਿਕ ਓਸ਼ਨ ਪਾਰ ਕਰਕੇ ਇਹ ਲੋਕ ਇਥੇ ਪਹੁੰਚੇ ਸਨ। ਪਹਿਲਾਂ ਇਹ ਭੀ ਅਨੁਮਾਨ ਹੈ ਕਿ ਖੁਰਾਕ ਦੀ ਤਲਾਸ਼ ਵਿਚ ਜਾਨਵਰਾਂ ਦਾ ਸ਼ਿਕਾਰ ਕਰਦੇ ਇਥੇ ਪੁੱਜੇ ਹੋਣ।

ਮੈਕਸੀਕਨ ਇਤਿਹਾਸ ਦਸਦਾ ਹੈ, "ਅਮਰੀਕਾ ਦੇ ਮਹਾਂਦੀਪ ਵਿਚ ਜਿਹੜੇ ਲੋਕ ਪਹਿਲਾਂ ਆਏ ਉਹ ਭਾਰਤੀ ਸਨ ਜਿਨ੍ਹਾਂ ਨੂੰ ਭਾਰਤ ਵਲੋਂ ਸਾਗਰ ਵਿਚ ਉਠੀਆਂ ਸ਼ਕਤੀਸ਼ਾਲੀ ਲਹਿਰਾਂ ਨੇ ਇਧਰ ਪਹੁੰਚਾ ਦਿੱਤਾ। ਇਸ ਵਿਚਾਰ ਦਾ ਸਬੂਤ ਅਮਰੀਕਾ ਵਿਚ ਹਿੰਦੂ ਦੇਵਤਿਆਂ ਦੇ ਬੁੱਤਾਂ ਤੋਂ ਮਿਲਦਾ ਹੈ। "ਇੰਡੋ-ਕੈਨੇਡੀਅਨ ਲੋਕ ਇਸ ਕਰਕੇ ਪਹਿਲੇ ਬਾਸ਼ੰਦਿਆਂ ਰੈੱਡ ਇੰਡੀਅਨ ਲੋਕਾਂ ਨੂੰ 'ਤਾਏ ਕੇ' ਕਹਿੰਦੇ ਹਨ। ਇੰਡੋ-ਕੈਨੇਡੀਅਨ ਲੋਕਾਂ ਨੂੰ ਈਸਟ ਇੰਡੀਅਨ ਆਖਿਆ ਜਾਂਦਾ ਹੈ।"

ਜਰਮਨੀ ਅਤੇ ਸਪੇਨ ਦੇ ਪੁਰਾਤੱਤਵ ਸੈਲਾਨੀਆਂ ਵਿਗਿਆਨੀਆਂ ਹੈਵਿਟ ਮੈਕਨਜੀ ਟਾਫ ਅਤੇ ਪਾਕੋਕ ਆਦਿ ਤੇ ਪ੍ਰਸਿੱਧ ਇਤਿਹਾਸਕਾਰਾਂ ਤੇ ਵਿਦਵਾਨਾਂ ਦੇ ਖਿਆਲ ਮੁਤਾਬਕ ਮੈਕਸੀਕੋ ਤੇ ਪੀਰੂ ਦੇ ਪੁਰਾਣੇ ਲੋਕ ਹਿੰਦੂਆਂ ਵਰਗੇ ਸਨ। ਉਹ ਹਿੰਦੂਆਂ ਵਾਂਗ ਸੂਰਜ ਤੇ ਧਰਤੀ ਮਾਤਾ ਦੀ ਪੂਜਾ ਕਰਦੇ ਸਨ। ਉਹ ਸ਼ਿਵ, ਕਾਲੀ ਗਨੇਸ਼, ਤੇ ਹੋਰ ਦੇਵੀ ਦੇਵਤਿਆਂ ਦੀ ਭੀ ਪੂਜਾ ਕਰਦੇ ਸਨ। ਪੀਰੂ ਦੇ ਲੋਕਾਂ ਵਿਚ ਸ੍ਰੀ ਰਾਮ ਚੰਦਰ ਅਤੇ ਸੀਤਾ ਨੂੰ ਖਾਸ ਸਮੇਂ ਪੂਜਣ ਦਾ ਰਿਵਾਜ ਸੀ। ਮੈਕਸੀਕੋ ਦੇ ਲੋਕ ਭਾਰਤੀਆਂ ਵਾਂਗ ਰੋਟੀ ਖਾਂਦੇ ਸਨ। ਸੰਗੀਤ ਤੇ ਖੇਡਾਂ ਭੀ ਇਕ ਦੂਜੇ ਨਾਲ ਮਿਲਦੀਆਂ ਹਨ। ਹਿੰਦੂ ਦੇਵਤਿਆਂ ਦੀਆਂ ਕਿਤੇ ਕਿਤੇ ਮੂਰਤੀਆਂ ਵੀ ਮਿਲ ਜਾਂਦੀਆਂ ਹਨ।

ਜਿਹੜੇ ਲੋਕ ਕਿਸੇ ਵੇਲੇ ਮੱਧ ਏਸ਼ੀਆ ਅਤੇ ਭਾਰਤ ਵਿਚੋਂ ਖਾਸ ਕਰਕੇ ਪੰਜਾਬ ਅਤੇ ਗੰਗਾ ਦੇ ਮੈਦਾਨਾਂ ਵਿਚੋਂ ਆ ਕੇ ਇਥੇ ਵਸ ਗਏ ਸਨ ਉਨ੍ਹਾਂ ਅੰਦਰ ਭਾਰਤੀ ਭਵਨ ਕਲਾ ਅਤੇ ਬੁੱਤਤਰਾਸ਼ੀ ਦੇ ਢੰਗ ਮਿਲਦੇ ਹਨ। ਕੁਝ ਮੰਦਰ ਵੀ ਮਿਲਦੇ ਹਨ। ਗਣਿਤ ਵਿਦਿਆ, ਜੋਤਿਸ਼ ਅਤੇ ਖੇਤੀਬਾੜੀ ਦੇ ਢੰਗ ਭੀ ਭਾਰਤੀ ਹਨ। ਮੈਕਸੀਕੋ ਅਤੇ ਪੀਰੂ ਦੀ ਬੋਲੀ ਵਿਚ ਅਜਿਹੇ ਹਜ਼ਾਰਾਂ ਸ਼ਬਦ ਮਿਲਦੇ ਹਨ ਜਿਨ੍ਹਾਂ ਦਾ ਧਾਤੂ ਸੰਸਕ੍ਰਿਤ ਹੈ।

ਪੰਦਰਵੀਂ ਸਦੀ ਵਿਚ ਭੀ ਭਾਰਤ ਦੀ ਸਭਿਅਤਾ ਦੀ ਧਾਂਕ ਸਾਰੇ ਸੰਸਾਰ ਵਿਚ ਮੰਨੀ ਜਾਂਦੀ ਸੀ। ਯੂਰਪ ਦੇ ਮਲਾਹ ਤੇ ਖੋਜੀ ਆਪਣੀ ਜਾਨ ਖਤਰੇ ਵਿਚ ਪਾ ਕੇ ਹੀ ਭਾਰਤ ਪੁੱਜਣ ਲਈ ਪਾਣੀ ਵਾਲੇ ਰਾਹ ਦੀ ਤਲਾਸ਼ ਵਿਚ ਰਹਿੰਦੇ ਸਨ।

ਕੋਲੰਬਸ ਭੀ ਭਾਰਤ ਨੂੰ ਤੁਰਿਆ ਸੀ। 1492 ਵਿਚ ਜਦੋਂ ਉਸ ਦਾ ਜਹਾਜ਼ ਅਮਰੀਕਾ ਦੀ ਧਰਤੀ ਦੇ ਕਿਨਾਰੇ ਜਾ ਲੌਂਗਿਆ, ਉਸਨੇ ਸਮਝਿਆ ਕਿ ਉਹ ਇੰਡੀਆ ਪੁੱਜ ਗਿਆ ਹੈ। ਇਸ ਕਰਕੇ ਜਿਹੜੇ ਪੁਰਾਣੇ ਲੋਕ ਉਸਨੇ ਉਥੇ ਵੇਖੇ, ਉਨ੍ਹਾਂ ਨੂੰ ਇੰਡੀਅਨ ਆਖਣ ਲੱਗ ਪਿਆ। ਉਸ ਸਮੇਂ ਤੋਂ ਉਤਰੀ ਅਮਰੀਕਾ ਸਮੇਤ ਕੈਨੇਡਾ ਦੇ ਪੁਰਾਣੇ ਬਾਸ਼ਿੰਦੇ ਰੈੱਡ ਇੰਡੀਅਨ ਦੇ ਨਾਂ ਨਾਲ ਯਾਦ ਹੋਣ ਲਗ ਪਏ। ਉਸ ਵੇਲੇ ਭਾਵੇਂ ਅਸਲੀ ਬਾਸ਼ਿੰਦਿਆਂ ਨੂੰ ਭੁਲੇਖੇ ਨਾਲ ਇੰਡੀਅਨ ਆਖਿਆ ਗਿਆ ਸੀ ਪਰ ਅਸਲ ਵਿਚ ਕਈ ਹਜ਼ਾਰ ਸਾਲ ਪਹਿਲਾਂ ਇਹ ਭਾਰਤ ਤੋਂ ਆਏ ਹੋਏ ਸਨ।

1497 ਵਿਚ ਇੰਗਲੈਂਡ ਦੇ ਬਾਦਸ਼ਾਹ ਹੈਨਰੀ ਸਤਵੇਂ ਨੇ ਇਕ ਇਟਲੀ ਦੇ ਮਲਾਹ ਜੌਹਨ ਕਾਬੋਟ ਨੂੰ ਪੱਛਮ ਵਲੋਂ ਏਸ਼ੀਆ ਮਹਾਂਦੀਪ ਦਾ ਰਾਹ ਲੱਭਣ ਲਈ ਤੋਰਿਆ ਸੀ। ਉਹ 24 ਜੂਨ 1497 ਨੂੰ ਕੈਨੇਡਾ ਦੀ ਧਰਤੀ ਕੈਪ ਬਰੀਟਨ ਆਈ ਲੈਂਡ ਅਤੇ ਨਿਊ ਫਾਊਂਡਲੈਂਡ ਪੁੱਜਾ ਸੀ। ਇਸ ਕਰਕੇ ਇੰਗਲੈਂਡ ਦਾ ਬਾਦਸ਼ਾਹ ਇਸ ਇਲਾਕੇ ਤੇ ਆਪਣਾ ਹੱਕ ਸਮਝਦਾ ਸੀ।

1497 ਵਿਚ ਜੋਹਨ ਕਾਬੋਟ ਨੇ ਕੈਨੇਡਾ ਦੀ ਧਰਤੀ ਲੱਭੀ ਸੀ, ਉਸ ਤੋਂ 2 ਸਾਲ ਬਾਅਦ ਗੁਰੂ ਨਾਨਕ ਦੇਵ ਜੀ ਜਿਨਾਂ ਨੇ 1469 ਵਿਚ ਅਵਤਾਰ ਧਾਰਿਆ ਸੀ ਉਹਨਾਂ ਨੂੰ 1499 ਵਿਚ ਇਲਹਾਮ ਹੋਇਆ ਸੀ ਕਿ ਨਾ ਕੋਈ ਹਿੰਦੂ ਹੈ ਨਾ ਮੁਸਲਮਾਨ, ਇਕ ਨੂਰ ਤੋਂ ਸਭ ਜਗ ਉਪਜਿਆ ਹੈ। ਅਕਾਲ ਪੁਰਖ ੧ (ਇਕ) ਹੈ ਜਿਸ ਦੇ ਹੁਕਮ ਨਾਲ ਸੰਸਾਰ ਚੱਲਦਾ ਹੈ। ਸਾਰੇ ਸੰਸਾਰ ਦਾ ਭਲਾ ਮੰਗਣ ਵਾਲਾ ਹੀ ਪਰਮਾਤਮਾ ਨੂੰ ਪਾ ਸਕਦਾ ਹੈ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਨਾਮ, ਦਾਨ, ਇਸ਼ਨਾਨ, ਸੇਵਾ ਤੇ ਸਿਮਰਨ ਦੀ ਲੋੜ ਹੈ। ਕ੍ਰਿਤ

Sri Satguru Jagjit Singh Ji eLibrary NamdhariElibrary@gmail.com

ਕਰੋ, ਨਾਮ ਜਪੋ, ਵੰਡ ਛਕੋ ਸਿਖ ਵਿਚਾਰਧਾਰਾ ਹੈ। ਜਿਸ ਵਿਚਾਰ ਦਾ ਜਨਮ 1499 ਵਿਚ ਹੋਇਆ। ਉਸ ਦਾ ਪਰਚਾਰ ਗੁਰੂ ਨਾਨਕ ਦੇਵ ਜੀ ਨੇ ਉਸੇ ਦਿਨ ਸ਼ੁਰੂ ਕਰ ਦਿੱਤਾ ਸੀ। ਚਾਰ ਸੌ ਸਾਲ ਬਾਅਦ 1897 ਵਿਚ ਭਾਰਤੀ ਲੋਕ ਇਥੇ ਆਉਣੇ ਸ਼ੁਰੂ ਹੋਏ।

ਫਰਾਂਸ ਦੇ ਬਾਦਸ਼ਾਹ ਨੇ ਇਕ ਫਰਾਂਸੀਸੀ ਮਲਾਹ ਜੈਕਸ ਕਾਰਟੀਅਰ ਨੂੰ ਉੱਤਰ ਪੱਛਮ ਵਲੋਂ ਏਸ਼ੀਆ ਦਾ ਰਾਹ ਲੱਭਣ ਲਈ ਤੋਰਿਆ ਸੀ। ਉਹ 10 ਜੂਨ 1534 ਨੂੰ ਸੇਂਟ ਲਾਰੈਂਸ ਪਹੁੰਚ ਗਿਆ। 1535 ਵਿਚ ਉਹ ਉਸ ਇਲਾਕੇ ਵਿਚ ਆਇਆ ਜਿਸ ਨੂੰ ਮਾਨਟਰੀਅਲ ਕਹਿੰਦੇ ਹਨ। ਇਸ ਇਲਾਕੇ ਤੇ ਫਰਾਂਸ ਦਾ ਬਾਦਸ਼ਾਹ ਆਪਣਾ ਹੱਕ ਸਮਝਦਾ ਸੀ।[23]

ਜੈਕਸ ਕਾਰਟੀਅਰ ਜਦੋਂ ਪੁਰਾਣੇ ਲੋਕਾਂ ਨੂੰ ਮਿਲਿਆ ਤਾਂ ਉਨ੍ਹਾਂ ਤੋਂ ਇਸ ਦੇਸ਼ ਦਾ ਨਾਂ ਪੁੱਛਿਆ ਉਨ੍ਹਾਂ ਲੋਕਾਂ ਨੇ ਸਮਝਿਆ ਕਿ ਜਿਹੜੀਆਂ ਸਾਡੀਆਂ ਝੌਪੜੀਆਂ ਇਕ ਪਿੰਡ ਵਾਂਗ ਹਨ, ਉਹਨਾਂ ਬਾਰੇ ਪੁੱਛਦਾ ਹੈ। ਉਨ੍ਹਾਂ ਆਪਣੀ ਬੋਲੀ ਵਿਚ ਕੈਨੇਟਾ ਆਖਿਆ। ਉਨ੍ਹਾਂ ਦੀ ਬੋਲੀ ਵਿਚ ਕੈਨੇਟਾ ਦਾ ਭਾਵ ਪਿੰਡ ਸੀ। ਜੈਕਸ ਨੇ ਸਮਝਿਆ ਦੇਸ਼ ਦਾ ਨਾਂ ਦੱਸਦੇ ਹਨ। ਉਸ ਨੇ ਆਪਣੇ ਨਕਸ਼ੇ ਤੇ ਕੈਨੇਟਾ ਲਿਖ ਦਿੱਤਾ। ਫੇਰ ਇਸ ਧਰਤੀ ਦਾ ਕੈਨੇਡਾ ਨਾਂ ਮਸ਼ਹੁਰ ਹੋ ਗਿਆ।

ਯੂਰਪੀਅਨ ਮਾਹੀਗੀਰ ਮੱਛੀਆਂ ਵੇਖ ਕੇ ਬਹੁਤ ਖੁਸ਼ ਹੋਏ। ਜਿਹੜੇ ਆਦਿਵਾਸੀ ਇਥੇ ਰਹਿੰਦੇ ਸਨ ਉਨ੍ਹਾਂ ਦਾ ਸ਼ਿਕਾਰ ਤੇ ਹੀ ਗੁਜ਼ਾਰਾ ਸੀ। ਇਸ ਕਰਕੇ ਫਰ ਬਹੁਤ ਮਿਲਦੀ ਸੀ। ਇਨ੍ਹਾਂ ਮਲਾਹਾਂ ਨੇ ਮੱਛੀ ਤੇ ਫਰ ਦੀ ਤਜ਼ਾਰਤ ਸ਼ੁਰੂ ਕਰ ਦਿੱਤੀ ਜਿਸ ਤੋਂ ਨਫਾ ਹੋਣ ਲੱਗਾ। ਇੰਗਲੈਂਡ ਤੇ ਫਰਾਂਸ ਵਾਲਿਆਂ ਨੇ ਤਿਜਾਰਤੀ ਕੰਪਨੀਆਂ ਬਣਾ ਕੇ ਇਥੇ ਡੇਰੇ ਜਮਾ ਲਏ। ਇਥੇ ਇਲਾਕਿਆਂ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਕਬਜ਼ੇ ਲਈ ਪਹਿਲਾਂ ਇਥੇ ਦੇ ਆਦਿ ਵਾਸੀਆਂ ਨਾਲ ਲੜਾਈ ਕੀਤੀ।

ਇੰਗਲੈਂਡ ਤੇ ਫਰਾਂਸ ਦੀਆਂ ਬਾਦਸ਼ਾਹੀਆਂ ਕੈਨੇਡਾ ਦੀ ਧਰਤੀ ਉਤੇ ਕਬਜ਼ਾ ਪੱਕਾ ਕਰਨ ਲਈ ਆਪਸ ਵਿਚ ਭਿੜਨ ਲੱਗ ਪਈਆਂ। ਇੰਗਲੈਂਡ ਦੇ ਲੋਕਾਂ ਦਾ ਹੱਥ ਉਤੇ ਹੋ ਗਿਆ।

ਦੋ ਛੋਟੀਆਂ ਕਿਸ਼ਤੀਆਂ ਰਾਹੀਂ ਕੈਪਟਨ ਜੌਰਜ ਵੈਨਕੂਵਰ ਨੇ 13 ਜੂਨ 1792 ਨੂੰ ਲਾਇਨਜ ਗੇਟ ਵਿਚ ਦਾਖਲ ਹੋ ਕੇ, ਜਿਸ ਨੂੰ ਵੈਨਕੂਵਰ ਹਾਰਬਰ ਕਹਿੰਦੇ ਹਨ, ਨੂੰ ਵੇਖਿਆ। ਇਸ ਕੁਦਰਤੀ ਹਾਰਬਰ ਦਾ ਨਾਂ ਬੁਰਾਰਡ ਇਨਲਟ ਰੱਖਿਆ। ਇਸ ਪਾਸੇ ਭੀ ਮਲਾਹਾਂ ਦਾ ਆਉਣਾ ਸ਼ੁਰੂ ਹੋ ਗਿਆ। ਯੂਰਪੀਨ ਲੋਕ ਵੀ ਇਥੇ ਆ ਕੇ ਵੱਸਣ ਲੱਗ ਪਏ।[24]

ਪਰਵਾਸੀ ਲੋਕਾਂ ਦੇ ਆਦਿ ਵਾਸੀਆਂ ਦੀ ਸਭਿਅਤਾ, ਬੋਲੀ ਤੇ ਧਰਮ ਵਿਚ ਬਹੁਤ ਅੰਤਰ ਸੀ।

ਇੰਗਲੈਂਡ ਦੇ ਲੋਕਾਂ ਦਾ ਬਹੁਤ ਸਾਰੇ ਇਲਾਕੇ ਉਤੇ ਕਬਜ਼ਾ ਹੋਣ ਕਰਕੇ ਬਰਤਾਨੀਆਂ ਦੀ ਹਕਮੂਤ ਇਥੇ ਚਲਦੀ ਸੀ। ਕੁਝ ਸ਼ਹਿਰ ਭੀ ਵਸ ਗਏ ਸਨ। ਛੋਟੇ ਛੋਟੇ ਰਾਜ ਭੀ ਬਣ ਗਏ ਸਨ।

1ਜਲਾਈ 1867 ਵਾਲੇ ਦਿਨ ਬਿਟਿਸ਼ ਨਾਰਥ ਅਮਰੀਕਾ ਐਕਟ ਪਾਸ ਕੀਤਾ ਗਿਆ। ਇਸ ਵਿਧਾਨ ਦੇ ਤਹਿਤ ਕੈਨੇਡਾ ਵਿਚ ਇਕ ਫੈਡਰਲ ਸਰਕਾਰ ਕਾਇਮ ਹੋ ਗਈ ਜਿਸ ਨੂੰ ਡੋਮੀਨੀਅਨ ਆਫ ਕੈਨੇਡਾ ਦਾ ਦਰਜਾ ਦਿੱਤਾ ਗਿਆ। ਪਹਿਲੀ ਜੁਲਾਈ ਦਾ ਦਿਨ ਡੋਮੀਨੀਅਨ ਡੇ ਕੈਨੇਡਾ ਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

1867 ਵਿਚ ਚਾਰ ਪ੍ਰਾਂਤ ਸ਼ਾਮਿਲ ਹੋਏ ਸਨ;

1. ਨੋਵਾ ਸਕੋਸ਼ੀਆ
2. ਨਿਊ ਬਰਨਸਵਿਕ
3. ਕਿਊਬੈਕ
4. ਔਨਟਾਰੀਓ ਪ੍ਰਾਂਤ

ਜੋ ਪਹਿਲਾਂ ਹੋਂਦ ਵਿਚ ਸਨ, ਉਨ੍ਹਾਂ ਭੀ ਫੈਡਰਲ ਸਰਕਾਰ, ਜਿਹੜੀ ਪਾਰਲਾਮੈਂਟਰੀ ਸਿਸਟਮ ਦੀ ਸਰਕਾਰ ਸੀ ਵਿਚ ਹੌਲੀ ਹੌਲੀ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਉਹ ਹੇਠ ਲਿਖਿਆਂ ਸਮਿਆਂ ਤੇ ਸ਼ਾਮਲ ਹੋਏ:

5. 15 ਜੁਲਾਈ 1870 ਵਿਚ ਮੈਨੀਟੋਬਾ
6. 20 ਜੁਲਾਈ 1871 ਵਿਚ ਬ੍ਰਿਟਿਸ਼ ਕੋਲੰਬੀਆ.
7. 1 ਜੁਲਾਈ 1873 ਵਿਚ ਪ੍ਰਿੰਸ ਐਡਵਰਡ ਆਈਲੈਂਡ
8. 1 ਸੰਤਬਰ 1905 ਵਿਚ ਸਾਸਕੈਚਵਨ
9. 1905 ਵਿਚ ਅਲਬਰਟਾ
10. ਕਾਫੀ ਦੇਰ ਬਾਅਦ 31 ਮਾਰਚ 1949 ਵਿਚ ਨਿਊ ਫਾਊਂਡ ਲੈਂਡ ਭੀ ਸ਼ਾਮਲ ਹੋ ਗਿਆ।

13 ਜੂਨ 1898 ਨੂੰ ਯੂਕੋਨ ਅਤੇ ਉੱਤਰੀ ਪੱਛਮੀ ਇਲਾਕੇ ਨੂੰ ਕੈਨੇਡਾ ਸਰਕਾਰ ਨੇ ਉਸ ਧਰਤੀ ਨੂੰ ਪ੍ਰਾਪਤ ਕਰਨ ਮਗਰੋਂ, ਸ਼ਾਮਲ ਕਰ ਲਿਆ ਸੀ।

ਸਰ ਚਾਰਲਸ ਸਟੈਨਲੇ ਵਿਸਕਾਉਂਟ ਮੋਨਕ ਕੈਨੇਡਾ ਦੇ ਪਹਿਲੇ ਗਵਰਨ ਜਨਰਲ ਸਨ। ਸਰ ਜੌਹਨ ਏ. ਮਕਡੌਨਲਡ ਪਹਿਲੇ ਪ੍ਰਧਾਨ ਮੰਤਰੀ ਸਨ ਜੋ ਕੰਨਜਰਵੇਟਿਵ ਪਾਰਟੀ ਦੇ ਸਨ। ਉਹ ਪਹਿਲੀ ਵਾਰ 1ਜੁਲਾਈ 1867 ਤੋਂ ਨਵੰਬਰ 5 1873 ਤੱਕ ਤੇ ਦੂਜੀ

Sri Satguru Jagjit Singh Ji eLibrary NamdhariElibrary@gmail.com

ਵਾਰ 9 ਅਕਤੂਬਰ 1878 ਤੱਕ ਪ੍ਰਧਾਨ ਮੰਤਰੀ ਰਹੇ।

ਜਦ ਉਨ੍ਹੀਵੀਂ ਸਦੀ ਦੇ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤੀ ਪੰਜਾਬੀ ਸਿੱਖ ਆਏ ਤਾਂ ਗਿਲਬਰ ਜੌਹਨ ਇਲੀਅਟ ਮੁਰੇ -ਕੈਨੀਮਾਊਂਡ ਅਰਲ ਆਫ ਮਿੰਟੋ ਗਵਰਨਰ ਜਨਰਲ ਸਨ ਜੋ ਨਵੰਬਰ 12, 1891 ਤੋਂ ਦੰਸਬਰ 10, 1904 ਤਕ ਗਵਰਨਰ ਰਹੇ। ਬਾਅਦ ਵਿਚ ਮਿੰਟੋ ਭਾਰਤ ਦੇ ਵਾਇਸਰਾਏ (1906 ਤੋਂ 1910) ਤੱਕ ਵੀ ਬਣੇ।

ਕੈਨੇਡਾ ਦੇ ਪ੍ਰਧਾਨ ਮੰਤਰੀ ਸਰ ਵਿਲਫਰਡ ਲੂਅਰ 11 ਜੁਲਾਈ 1896 ਤੋਂ ਅਕਤੂਬਰ 1911 ਤਕ ਪ੍ਰਧਾਨ ਮੰਤਰੀ ਰਹੇ।

ਕੈਨੇਡਾ ਦੀ 1861 ਵਿਚ ਆਬਾਦੀ 3,230, 000 ਸੀ ਅਤੇ ਬੀ. ਸੀ. ਦੀ 1861 ਵਿਚ ਆਬਾਦੀ 52, 000 ਸੀ।

ਬੀ. ਸੀ. ਦਾ ਪਹਿਲਾ ਪ੍ਰੀਮੀਅਰ ਜੇ. ਐੱਫ. ਗਰਾਈਟ 1871-72 ਈਸਵੀ ਵਿਚ ਪ੍ਰੀਮੀਅਰ ਬਣਿਆ। 1903 ਤੋਂ 1915 ਤਕ ਰਿਚਰਡ ਮੈਕ ਬਰਾਈਡ ਪ੍ਰੀਮੀਅਰ ਰਿਹਾ।

ਕੈਨੇਡਾ ਬਹੁਤ ਵੱਡਾ ਦੇਸ਼ ਹੈ। ਦੁਨੀਆਂ ਦੇ ਵੱਡੇ ਦੇਸ਼ਾਂ ਵਿਚੋਂ ਦੂਜੇ ਦਰਜੇ ਤੇ ਹੈ। ਇਸ ਦਾ ਖੇਤਰ ਫਲ 38, 45, 774 ਮੁਰੱਬਾ ਮੀਲ ਹੈ। ਭਾਰਤ ਦਾ ਰਕਬਾ ਤਕਰੀਬਨ 11,250,000 ਮੁਰਬਾ ਮੀਲ ਹੈ। ਕੈਨੇਡਾ, ਭਾਰਤ ਨਾਲੋਂ ਤਿੰਨ ਗੁਣਾ ਵੱਡਾ ਹੈ।

* * * * * *

* * *

Sri Satguru Jagjit Singh Ji eLibrary NamdhariElibrary@gmail.com

Governors General of Canada

Name	Date Appointed	Assumed Office	Term
Sir Charles Stanley, Viscount Monck	June 1, 1867	July 1, 1867	1867–69
Sir John Young, Baron Lisgar	Dec. 29, 1868	Feb. 2, 1869	1869–72
Frederick Temple Hamilton Blackwood, Earl of Dufferin	May 22, 1872	June 25, 1872	1872–78
John Douglas Sutherland Campbell, Marquess of Lorne	Oct. 5, 1878	Nov. 20, 1878	1878–83
Henry Charles Keith Petty-Fitzmaurice, Marquess of Lansdowne	Aug. 18, 1883	Oct. 23, 1883	1883–88
Frederick Arthur Stanley, Baron Stanley of Preston	May 1, 1888	June 11, 1888	1888–93
John Campbell Hamilton-Gordon, Earl of Aberdeen	May 22, 1893	Nov. 18, 1893	1893–98
Gilbert John Elliott Murray-Kynynmound, Earl of Minto	July 30, 1898	Nov. 12, 1898	1898–1904
Albert Henry George Grey, Earl Grey	Sept. 26, 1904	Dec. 10, 1904	1904–11
His Royal Highness The Prince Arthur, Field Marshall Duke of Connaught	Mar. 21, 1911	Oct. 13, 1911	1911–16
Victor Christian William Cavendish, Duke of Devonshire	Aug. 19, 19	Nov. 11, 1916	1916–21
Julian Byng, General Baron Byng of Vimy and of Thorpe	Aug. 2, 1921	Aug. 11, 1921	1921–26
Freeman Freeman-Thomas, Baron Willingdon of Ratton	Aug. 5, 1926	Nov. 2, 1926	1926–31
Vere Brabazon Ponsonby, Earl of Bessborough	Feb. 9, 1931	Apr. 4, 1931	1931–35
John Buchan, Baron Tweedsmuir	Aug. 10, 1935	Nov. 2, 935	1935–40
Alexander George Cambridge, Major General Earl of Athlone	Apr. 3, 1940	June 21, 1940	1940–46
Sir Harold George Alexander, Field Marshall Viscount Alexander of Tunis	Aug. 1, 1945	Apr. 18, 1946	1946–52
The Right Honourable Vincent Massey	Jan. 24, 1952	Feb. 22, 1952	1952–59
General the Right Honourable Georges P. Vanier	Aug. 1, 1959	Sept. 15, 1959	1959–67
The Right Honourable Daniel Roland Michener	Mar. 25, 1967	Apr. 15, 1967	1967–73
The Right Honourable Jules Léger	Oct. 5, 1973	Jan. 14, 1974	1973–79
The Right Honourable Edward Richard Schreyer	Dec. 7, 1978	Jan. 22, 1979	1979–83
The Right Honourable Jeanne Sauvé	Dec. 23, 1983	May 14, 1984	1984–90
The Right Honourable Ramon John Hnatyshyn	Oct. 6, 1989	Jan. 21, 1990	1990—

Prime Ministers of Canada

Prime Minister	Party	Term(s)	Born	P.M. at age	Died
Sir John A. Macdonald	Conservative	July 1, 1867–Nov. 5, 1873 Oct. 9, 1878–June 6, 1891	Jan. 11, 1815	52	June 6, 1891
Alexander Mackenzie	Liberal	Nov. 5, 1873–Oct. 9, 1878	Jan. 28, 1822	51	Apr. 17, 1892
Sir John Abbott	Conservative	June 15, 1891–Nov. 24, 1892	Mar. 12, 1821	70	Oct. 30, 1893
Sir John Thompson	Conservative	Nov. 25, 1892–Dec. 12, 1894	Nov. 10, 1845	48	Dec. 12, 1894
Sir Mackenzie Bowell	Conservative	Dec. 13, 1894–Apr. 27, 1896	Dec. 27, 1823	70	Dec. 10, 1917
Sir Charles Tupper	Conservative	Apr. 27, 1896–July 8, 1896	July 2, 1821	74	Oct. 30, 1915
Sir Wilfrid Laurier	Liberal	July 11, 1896–Oct. 6, 1911	Nov. 20, 1841	54	Feb. 17, 1919
Sir Robert Borden	Conservative/ Unionist	Oct. 12, 1917–July 10, 1920 Oct. 10, 1911–Oct. 12, 1917	June 26, 1854	57	June 10, 1937
Arthur Meighen	Unionist/ Conservative	June 29, 1926–Sept. 25, 1926 July 10, 1920–Dec. 29, 1921	June 16, 1874	46	Aug. 5, 1960
Mackenzie King	Liberal	Dec. 29, 1921–June 28, 1926 Sept. 25, 1926–Aug. 6, 1930 Oct. 23, 1935–Nov. 15, 1948	Dec. 17, 1874	47	July 22, 1950
Richard B. Bennett	Conservative	Aug. 7, 1930–Oct. 23, 1935	July 3, 1870	60	June 27, 1947
Louis St. Laurent	Liberal	Nov. 15, 1948–June 21, 1957	Feb. 1, 1882	66	July 25, 1973
John Diefenbaker	Prog. Cons.	June 21, 1957–Apr. 22, 1963	Sept. 18, 1895	61	Aug. 16, 1979
Lester Pearson	Liberal	Apr. 22, 1963–Apr. 20, 1968	Apr. 23, 1897	65	Dec. 27, 1972
Pierre Trudeau	Liberal	Apr. 20. 1968–June 4, 1979 Mar. 3, 1980–June 30, 1984	Oct. 18, 1919	48	
Joe Clark	Prog. Cons.	June 4, 1979–Mar. 3, 1980	June 5, 1939	39	
John Turner	Liberal	June 30, 1984–Sept. 17, 1984	June 7, 1929	55	
Brian Mulroney	Prog Cons.	Sept. 17, 1984–June 25, 1993	Mar. 20, 1939	45	
Kim Campbell	Prog. Cons.	June 25, 1993–Nov. 4, 1993	Mar. 10, 1947	46	
Jean Chrétien	Liberal	Nov. 4, 1993–	Jan. 11, 1934	59	

Sri Satguru Jagjit Singh Ji eLibrary NamdhariElibrary@gmail.com

Canadian Population by Country of Birth

	1911	1931	19	1971	1991
Total Population	**7 206 643**	**10 376 786**	**14 009 429**	**21 568 310**	**27 296 855**
Total Foreign Born	**1 586 961[11]**	**2 307 525[11]**	**2 059 911[11]**	**3 295 530[11]**	**4 335 185[11]**
Africa - Other	—	—	—	—	42 245
Argentina[1]	—	—	—	—	11 110
Asia - Other	3 577	6 310	6 740	52 795	85 705
Australia	2 655	3 565	4 161	14 335	13 955
Austria[2]	121 430	37 391	37 598	40 450	26 680
Barbados[3]	—	—	—	—	14 820
Belgium	7 975	17 033	17 251	25 770	22 480
Brazil[1]	—	—	—	—	7 325
Caribbean - Other	—	—	—	—	25 990
Central America - Other	—	—	—	—	21 120
Chile[1]	—	—	—	—	22 870
China	27 083	42 037	24 166	57 150	157 405
Czechoslovakia	—	22 835	29 546	43 100	42 615
Denmark	4 937	17 217	15 679	28 045	21 555
Ecuador[1]	—	—	—	—	8 015
Egypt[1]	—	—	—	—	28 015
El Salvador[1]	—	—	—	—	28 295
Ethiopia	—	—	—	—	11 060
Europe - Other[5]	12 394	10 657	10 858	87 255	9 215
Fiji[3]	—	—	—	—	16 000
Finland	10 987	30 354	22 035	24 930	16 830
France	17 619	16 756	15 650	51 655	55 160
Germany[6]	39 577	39 163	42 693	211 060	180 525
Greece	2 640	5 579	8 594	78 780	83 675
Guyana[3]	—	—	—	—	66 055
Haiti[1]	—	—	—	—	39 880
Hong Kong[3]	—	—	—	—	152 455
Hungary	—	28 523	32 929	68 495	57 010
India[3, 7]	4 491	4 672	3 934	43 645	173 670
Iran[1]	—	—	—	—	30 715
Ireland	—	—	24 110	38 490	28 405
Israel[1]	—	—	—	—	16 770
Italy	34 739	42 578	57 789	385 755	351 620
Jamaica[3]	—	—	—	—	102 440
Japan	8 425	12 261	6 239	9 485	12 280
Kenya[3]	—	—	—	—	16 585
Korea[4]	—	—	—	—	33 170
Laos[4]	—	—	—	—	14 445
Lebanon[1]	—	—	—	—	54 605
Malaysia[4]	—	—	—	—	16 100
Malta[3]	—	—	—	—	10 185
Mexico[1]	—	—	—	—	19 400
Morocco[1]	—	—	—	—	16 795
Netherlands	3 808	10 736	41 457	133 525	129 615
New Zealand[3]	903	—	—	—	7 480
North America - Other	—	—	—	—	455
Norway	20 968	32 679	22 969	16 350	8 260
Oceania - Other	—	—	—	—	545
Pakistan[1]	—	—	—	—	25 180
Philippines[4]	—	—	—	—	123 295

Sri Satguru Jagjit Singh Ji eLibrary NamdhariElibrary@gmail.com

POPULATION

Population of Provinces and Territories

(thousands of persons)

	Canada	Nfld	PEI	NS	NB	Que	Ont	Man	Sask	Alta	BC	YT	NWT
1861	3 230	n.a.	81	331	252	1 112	1 396	*	n.a.	n.a.	52	*	1
1871	3 689	n.a.	94	388	286	1 192	1 621	25	n.a.	n.a.	36	*	48
1881	4 325	n.a.	109	441	321	1 360	1 927	62	n.a.	n.a.	49	*	56
1891	4 833	n.a.	109	450	321	1 489	2 114	153	*	*	98	*	98
1901	5 371	n.a.	103	460	331	1 649	2 183	255	91	73	179	27	98
1911	7 207	n.a.	94	492	352	2 006	2 527	461	492	374	393	9	1
1921	8 788	n.a.	89	524	388	2 361	2 934	610	758	588	525	4	8
1931	10 377	n.a.	88	513	408	2 875	3 432	700	922	732	694	4	9
1941	11 507	n.a.	95	578	457	3 332	3 788	730	896	796	818	5	12
1951	14 009	361	98	643	516	4 056	4 598	777	832	940	1 165	9	16
1961	18 238	458	105	737	598	5 259	6 236	922	925	1 332	1 629	15	23
1971	21 568	522	112	789	635	6 028	7 703	988	926	1 628	2 185	18	34
1981	24 343	568	123	847	696	6 438	8 625	1 026	968	2 238	2 744	23	46
1986[1]	25 309	568	127	873	710	6 532	9 102	1 063	1 010	2 366	2 883	24	52
1991	27 297	568	130	900	724	6 896	10 085	1 092	989	2 546	3 282	28	54
1992**	28 542	584	132	925	753	7 155	10 646	1 118	1 009	2 649	3 479	30	62
1993**	28 941	584	133	931	756	7 229	10 813	1 126	1 012	2 688	3 574	31	63
1994**	29 248	582	134	937	759	7 281	10 928	1 131	1 016	2 716	3 668	30	64


Source: *Census of Canada, Statistics Canada*

Sri Satguru Jagjit Singh Ji eLibrary NamdhariElibrary@gmail.com


ਬੀ. ਸੀ. ਦੇ ਪ੍ਰੀਮੀਅਰ

Premier	Term	Party	Elected or sworn in
J. F. McCreight	1871–72	n.a.	Nov. 13, 1871
Amor De Cosmos	1872–74	n.a.	Dec. 23, 1872
G. A. Walkem	1874–76	n.a.	Feb. 11, 1874
A. C. Elliott	1876–78	n.a.	Feb. 1, 1876
G. A. Walkem	1878–82	n.a.	June 25, 1878
Robert Beaven	1882–83	n.a.	June 13, 1882
William Smithe	1883–87	n.a.	Jan. 29, 1883
A. E. B. Davie	1887–89	n.a.	May 1, 1887
John Robson	1889–92	n.a.	Aug. 2, 1889
Theodore Davie	1892–95	n.a.	July 2, 1892
J. H. Turner	1895–98	n.a.	Mar. 4, 1895
C. A. Semlin	1898–1900	n.a.	Aug. 15, 1898
Joseph Martin	1900	n.a.	Feb. 28, 1900
James Dunsmuir	1900–02	n.a.	June 15, 1900
E. G. Prior	1902–03	n.a.	Nov. 21, 1902
Richard McBride	1903–15	Conservative	June 1, 1903
William J. Bowser	1915–16	Conservative	Dec. 15, 1915
Harlan C. Brewster	1916–18	Liberal	Nov. 23, 1916
John Oliver	1918–27	Liberal	Mar. 6, 1918
John D. MacLean	1927–28	Liberal	Aug. 20, 1927
Simon F. Tolmie	1928–33	Conservative	Aug. 21, 1928
T. D. Pattullo	1933–41	Liberal	Nov. 15, 1933
John Hart	1941–47	Liberal[3]	Dec. 9, 1941
Byron Johnson	1947–52	Liberal[3]	Dec. 29, 1947
W. A. C. Bennett	1952–72	Social Credit	Aug. 1, 1952
David Barrett	1972–75	New Democratic Party	Sept. 15, 1972
William R. Bennett	1975–86	Social Credit	Dec. 22, 1975
Bill Vander Zalm	1986–91	Social Credit	Aug. 6, 1986
Rita Johnston	1991–91	Social Credit	Apr. 2, 1991
Michael Harcourt	1991–95	New Democratic Party	Nov. 5, 1991

Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com

ਹਵਾਲੇ ਤੇ ਟਿੱਪਣੀਆਂ:

1. ਪ੍ਰੋ. ਮੋਹਨ ਸਿੰਘ, ਚੋਣਵੀਂ ਕਵਿਤਾ, ਸਫਾ 73
2. ਵਾਰਾਂ ਭਾਈ ਗੁਰਦਾਸ
3. ਗੁਰੂ ਨਾਨਕ ਦੇਵ
4. ਵਾਰਾਂ ਭਾਈ ਗੁਰਦਾਸ
5. ਸੀ. ਐਚ ਪੇਨ. ਦਿ ਸ਼ੌਰਟ ਹਿਸਟਰੀ ਆਫ ਦਿ ਸਿਖਸ, ਸਫਾ 20
6. ਮੈਕਲਮ, ਸਿੱਖ ਸਕੈੱਚ
7. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 40
8. ਸੀ. ਐਚ ਪੇਨ. ਦਿ ਸ਼ੌਰਟ ਹਿਸਟਰੀ ਆਫ ਦਿ ਸਿਖਸ, ਸਫਾ 20
9. ਸੀਤਲ ਸੋਹਣ ਸਿੰਘ, "ਮਨੁੱਖਤਾ ਦੇ ਗੁਰੂ" ਭਾਗ ਦੂਜਾ, 1971 ਸਫਾ 9
10. ਵਾਰਾਂ ਭਾਈ ਗੁਰਦਾਸ
11. ਚਾਰਲਸ, ਦਿ ਸਿਖਸ
12. ਸੀਤਲ ਸੋਹਣ ਸਿੰਘ, "ਮਨੁੱਖ ਤੇ ਗੁਰੂ" ਭਾਗ ਦੂਜਾ, 1971 ਸਫਾ 42
13. ਵਾਰਾਂ ਭਾਈ ਗੁਰਦਾਸ
14. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 133
15. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 146-147
16. ਆਦਿ ਗ੍ਰੰਥ, ਪੰਨਾ 305-306
17. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 184
18. ਵਾਰਾਂ ਭਾਈ ਗੁਰਦਾਸ
19. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 220
20. ਸਤਿਬੀਰ ਸਿੰਘ, "ਸਾਡਾ ਇਤਿਹਾਸ", ਦਸ ਪਾਤਸ਼ਾਹੀਆਂ, 1971, ਸਫਾ 296
21. ਉਪਲਿਖਤ ਸਫਾ, 308
22. "Long before the Europeans had ever dreamt of the existence of America, It was inhabited by Hindus and Indian scriptures are full of references to all these ancient continents." .Muthana, I.M., People of India in North America (Part 1), 1975, P. 10
23. ਢਿਲੋ ਮਹਿੰਦਰ ਸਿੰਘ (ਡਾ.), "ਕੈਨੇਡਾ ਵਿਚ ਸਿੱਖ", 1981 ਸਫਾ 35
24. Muthana, I.M., People of India in North America (Part 1), 1975, P. 15

* * * * * *

* * *

*

* *

Sri Satguru Jagjit Singh Ji eLibrary NamdhariElibrary@gmail.com

ਪ੍ਰਵਾਸ: ਪਿੱਠ ਭੂਮੀ ਤੇ ਕਾਰਨ

'ਹੁਕਮੇ ਅੰਦਰਿ ਸਭ ਕੋ, ਬਾਹਰਿ ਹੁਕਮ ਨ ਕੋਇ।'

ਪੁਲਾੜ ਅਸੀਮ ਹੈ, ਧਰਤੀ ਸੂਰਜ ਤੇ ਆਪਣੇ ਧੁਰੇ ਦੁਆਲੇ ਘੁੰਮਦੀ ਹੈ। ਇਸ ਦੇ ਕਾਰਨ ਦਿਨ ਤੇ ਰਾਤ ਹੋਂਦ ਵਿਚ ਆਉਂਦੇ ਹਨ ਤੇ ਵੱਖਰੇ ਵੱਖਰੇ ਰੰਗਾਂ ਦੀਆਂ ਰੁੱਤਾਂ ਆਉਂਦੀਆਂ ਹਨ। ਕੁਦਰਤ ਦੇ ਨਿਯਮਾਂ ਮੁਤਾਬਿਕ ਉਤਪਤੀ ਹੁੰਦੀ ਹੈ। ਉਤਪਤੀ ਦਾ ਖਾਸਾ ਜੀਵਨ ਪਰਦਾਨ ਕਰਨਾ ਹੈ, ਜੋ ਅਕਾਲ ਪੁਰਖ ਦਾ ਹੁਕਮ ਹੈ। ਗਤੀ ਤੇ ਤਬਦੀਲੀ ਕੁਦਰਤ ਦਾ ਨਿਯਮ ਹੈ। ਭਿੰਨਤਾ ਜ਼ਿੰਦਗੀ ਦੀ ਖੁਸ਼ਬੋ, ਜੀਵਨ ਪੱਧਰ ਦੀ ਉਸਾਰੀ, ਜ਼ਿੰਦਗੀ ਦੀ ਸਫਲਤਾ ਦਾ ਰਾਜ਼ ਹੈ। ਹਰ ਵਿਅਕਤੀ ਤੇ ਕੌਮ ਦੀ ਇਹ ਸਹਿਜ ਇੱਛਾ ਹੈ।

ਗਰੀਬੀ ਤੇ ਉਸ ਵੇਲੇ ਦੇ ਪੰਜਾਬ ਦੇ ਹਾਲਾਤ ਨੇ ਸਾਦੇ ਤੇ ਸਿਹਤਮੰਦ, ਦਿਆਲੂ ਤੇ ਮਿਹਨਤੀ, ਹਿੰਮਤੀ ਤੇ ਦਲੇਰ, ਪੇਂਡੂ ਪੰਜਾਬੀਆਂ ਨੂੰ ਪੰਜਾਬ ਤੋਂ ਬਾਹਰ ਧੱਕਣ ਦਾ ਕੰਮ ਕੀਤਾ। ਸ਼ਾਇਦ ਇਨ੍ਹਾਂ ਕਾਰਨਾਂ 'ਚ ਕਿਸੇ ਨਾ ਕਿਸੇ ਰੂਪ 'ਚ ਤਬਦੀਲੀ ਦੀ ਸਹਿਜ ਇੱਛਾ ਵੀ ਸ਼ਾਮਲ ਸੀ। ਉੱਤਰੀ ਅਮਰੀਕਾ ਵਿਚ ਵੱਧ ਮਜ਼ਦੂਰੀ ਕਮਾ ਕੇ ਜੀਵਨ ਪੱਧਰ ਉੱਚਾ ਕਰਕੇ ਸਫਲਤਾ ਵਾਲਾ ਜੀਵਨ ਜੀਉਣ ਦੀ ਇੱਛਾ ਨੇ ਪੰਜਾਬੀਆਂ ਨੂੰ ਕੈਨੇਡਾ ਵੱਲ ਖਿੱਚਣ ਦਾ ਕੰਮ ਕੀਤਾ।

ਆਰਥਿਕ-ਸਾਮਾਜਿਕ ਪ੍ਰਸਥਿਤੀਆਂ

ਅੰਗਰੇਜ਼ ਭਾਰਤ ਵਿਚ ਵਪਾਰ ਕਰਨ ਦੇ ਮਕਸਦ ਨਾਲ ਆਇਆ ਸੀ। ਭਾਰਤ ਉਸ ਲਈ ਨਵੀਂ ਲੱਭੀ ਮੰਡੀ ਸੀ। ਇਸ ਨਵੀਂ ਮੰਡੀ 'ਚ ਪੈਰ ਪਾਸਾਰ ਕੇ ਇਸਦੀ ਆਰਥਿਕਤਾ 'ਤੇ ਕਬਜ਼ਾ ਕਰਨਾ ਤੇ ਹੌਲੀ ਹੌਲੀ ਭਾਰਤ ਨੂੰ ਆਪਣੀ ਨਵ-ਬਸਤੀ ਬਣਾਉਣਾ ਉਸਦੀ ਨੀਤ 'ਚ ਮੁੱਢਿਂ ਸ਼ਾਮਲ ਸੀ। ਈਸਟ ਇੰਡੀਆ ਕੰਪਨੀ ਰਾਹੀਂ ਪਹਿਲਾਂ ਉਸਨੇ ਭਾਰਤ ਦੀ ਆਰਥਿਕਤਾ ਤੇ ਕਬਜ਼ਾ ਜਮਾਇਆ ਸੀ ਤੇ ਨਾਲ ਦੀ ਨਾਲ ਰਾਜਨੀਤਕ ਪ੍ਰਭਾਵ ਬਣਾਉਂਦਿਆਂ ਹੋਇਆਂ ਆਪਣਾ ਰਾਜ ਸਥਾਪਤ ਕਰ ਲਿਆ।

ਪੰਜਾਬ ਤੇ ਰਾਜ ਕਰਨ ਦਾ ਸੁਪਨਾ, ਮਹਾਰਾਜਾ ਰਣਜੀਤ ਸਿੰਘ (1780 ਤੋਂ 1839) ਦੀ ਹੱਯਾਤੀ ਵਿਚ ਅੰਗਰੇਜ਼ ਤੋਂ ਪੂਰਾ ਨਾ ਹੋ ਸਕਿਆ। ਰਣਜੀਤ ਸਿੰਘ ਦੀ ਮੌਤ (1839) ਤੋਂ ਬਾਅਦ ਇਕ ਦਹਾਕੇ ਦੇ ਸਮੇਂ ਅੰਦਰ ਹੀ ਉਸਨੇ ਪੰਜਾਬ ਤੇ ਕਬਜ਼ਾ ਕਰ ਲਿਆ ਤੇ ਆਪਣੇ ਢੰਗ ਨਾਲ ਹਕੂਮਤ ਕਰਨ ਲੱਗਾ। ਅੰਗਰੇਜ਼ ਦੇ ਰਾਜ ਕਰਨ ਦਾ ਤਰੀਕਾ, ਪੰਜਾਬ ਦੀ ਆਰਥਿਕਤਾ ਨੂੰ ਨਿਘਾਰ ਵੱਲ ਧੱਕਣ ਦਾ ਸੀ।

ਉਸਨੇ ਪੁਰਾਣਾ ਰਾਜਸੀ ਤੇ ਆਰਥਿਕ ਪ੍ਰਬੰਧ ਤੋੜਕੇ ਇਸ ਦੀ ਥਾਂ ਆਪਣਾ ਸਾਮਰਾਜੀ ਤੇ ਸਰਮਾਏਦਾਰੀ ਲੋਟੂ ਪ੍ਰਬੰਧ ਠੋਸ ਦਿੱਤਾ। ਕੁਦਰਤੀ ਸਾਧਨਾਂ ਤੇ ਆਪਣੀ ਸਰਕਾਰ ਦੀ ਆਲ੍ਹਾ ਮਾਲਕੀ ਬਣਾ ਲਈ। ਪਿੰਡਾਂ ਦੀ ਏਕਤਾ ਤੇ ਸਵੈ-ਨਿਰਭਰਤਾ ਖਤਮ ਕਰਨ ਲਈ ਪਿੰਡ ਦੀ ਜ਼ਮੀਨ ਉਤੇ ਬਰਾਦਰੀ ਦੀ ਸਾਂਝੀ ਮਾਲਕੀ ਨੂੰ ਪੱਤੀਦਾਰ ਦੀ ਨਿੱਜੀ ਮਾਲਕੀ ਵਿਚ ਬਦਲ ਦਿੱਤਾ।[1] ਰਾਜ ਕਾਜ ਦਾ ਖਰਚ ਪੂਰਾ ਕਰਨ ਲਈ ਜ਼ਮੀਨ ਦਾ ਮਾਮਲਾ ਜਿਨਸ ਦੀ ਥਾਂ ਨਕਦੀ ਵਿਚ ਵਸੂਲ ਕਰਨ ਦਾ ਕਾਨੂੰਨ ਲਾਗੂ ਕਰ ਦਿੱਤਾ।

1840 ਵਿਚ ਬਰਤਾਨੀਆਂ ਦੀ ਲੋਕ ਸਭਾ ਸੀਲੈਕਟ ਕਮੇਟੀ ਨੂੰ ਸਰ ਚਾਰਲਸ ਟਰੈਵੈਲੀਅਨ ਨੇ ਰਿਪੋਰਟ ਕੀਤੀ ਸੀ ਜਿਸ 'ਚ ਲਿਖਿਆ ਸੀ, "ਅਸੀਂ ਹਿੰਦੀ ਸਨੱਅਤਕਾਰਾਂ ਨੂੰ ਹੂੰਝ ਸੁਟਿਆ ਹੈ। ਹੁਣ ਉਹ ਜ਼ਮੀਨੀ ਪੈਦਾਵਰ ਤੋਂ ਬਿਨਾਂ ਕੋਈ ਹੋਰ ਆਸਰਾ ਨਹੀਂ ਰੱਖਦੇ।"[2] ਜ਼ਮੀਨ ਦੀ ਨਿੱਜੀ ਖਾਤਿਆਂ ਵਿਚ ਵੰਡ ਤੇ ਸਰਕਾਰੀ ਮਾਮਲੇ ਦੀ ਨਕਦ ਉਗਰਾਹੀ ਨੇ ਪਿੰਡਾਂ ਦੇ ਪੁਰਾਣੇ ਸਵੈ-ਨਿਰਭਰ ਪ੍ਰਬੰਧ ਨੂੰ ਭੰਨਣਾ ਸ਼ੁਰੂ ਕਰ ਦਿੱਤਾ। ਇਹ ਛੋਟੀ ਨਿੱਜੀ ਮਾਲਕੀ ਕਿਸਾਨ ਟੱਬਰਾਂ ਤੇ ਉਨ੍ਹਾਂ ਨਾਲ ਸਬੰਧਤ ਨੀਮ ਗੁਲਾਮ (ਕੰਮੀਂ) ਪੇਂਡੂ ਦਸਤਕਾਰ ਤੇ ਮਜ਼ਦੂਰ ਜਨਤਾ ਦਾ ਗੁਜ਼ਾਰਾ ਤੋਰਨ ਤੋਂ ਰਹਿ ਗਈ। ਮਾਮਲੇ ਦੀ ਨਕਦੀ ਵਿਚ ਵਸੂਲੀ ਨੇ ਕਿਸਾਨਾਂ ਨੂੰ ਅਨਾਜ ਵੇਚਣ ਤੇ ਮਜ਼ਬੂਰ ਕਰ ਦਿੱਤਾ। ਇਸ ਨਾਲ ਪਿੰਡਾਂ ਵਿਚੋਂ ਅਨਾਜ ਦੀ ਧੂਹ ਪੈ ਗਈ, ਜੋ ਢੋ ਕੇ ਵਲੈਤ ਲਿਜਾਇਆ ਜਾਣ ਲੱਗਾ।[3] ਜਿਥੇ 1849 ਵਿਚ 8.5 ਲੱਖ ਪੌਂਡ ਦਾ ਅਨਾਜ ਵਲੈਤ ਢੋਇਆ ਗਿਆ ਉਥੇ 1901 ਵਿਚ 93 ਲੱਖ ਪੌਂਡ ਤੇ 1914 ਵਿਚ 193 ਲੱਖ ਪੌਂਡ ਦਾ ਅਨਾਜ ਵਲੈਤ ਢੋਇਆ ਗਿਆ। ਇਸ ਦੇ ਦੋ ਭੈੜੇ ਨਤੀਜੇ ਨਿਕਲੇ। ਇਕ ਤਾਂ ਦੇਸ਼ ਅਨਾਜ ਦੀ ਥੁੜ ਦਾ ਸ਼ਿਕਾਰ ਹੋਣ ਲੱਗ ਪਿਆ। ਇਸ ਲਈ ਜਦੋਂ ਕਿਤੇ ਵੀ ਮੌਸਮ ਦੀ ਖਰਾਬੀ ਦੇ ਕਾਰਨ ਅੰਨ ਦਾ ਕਾਲ ਪਿਆ ਤਾਂ ਉਹ ਲਾ-ਇਲਾਜ ਹੋ ਗਿਆ। ਕਾਲਾਂ ਵਿਚ ਲੱਖਾਂ ਆਦਮੀ ਭੁੱਖ ਨਾਲ ਮਰ ਗਏ। ਕੇਵਲ 1850 ਤੋਂ 1900 ਤੱਕ ਦੇ ਪਏ ਕਾਲਾਂ ਵਿਚ ਕੋਈ ਦੋ ਕਰੋੜ ਬੰਦਾ ਜਾਨ ਗਵਾ ਬੈਠਾ।[4] ਦੂਸਰੇ, ਕਿਸਾਨ ਦਾ ਹੱਥ ਤੰਗ ਪੈਣ ਲੱਗ ਪਿਆ। ਇਸ ਤੰਗੀ ਨਾਲ ਉਹ ਕਰਜ਼ੇ ਹੇਠ ਆਉਣ ਲੱਗ ਪਿਆ ਤੇ ਕਰਜ਼ਿਆਂ ਨੇ ਉਸ ਨੂੰ ਕੰਗਾਲ ਤੇ ਜ਼ਮੀਨ ਤੋਂ ਹੱਥਲ ਕਰਕੇ ਗਰੀਬੀ ਵਿਚ ਸੁੱਟਣਾ ਸ਼ੁਰੂ ਕੀਤਾ।[5]

Sri Satguru Jagjit Singh Ji eLibrary NamdhariElibrary@gmail.com

ਪੈਸੇ ਦੀ ਪ੍ਰਧਾਨਤਾ ਤੇ ਮਾਮਲਾ ਨਕਦ ਤਾਰਨ ਦੀ ਵਜਾ ਨੇ ਕਿਸਾਨ ਨੂੰ ਕਰਜ਼ਾ ਲੈਣ ਲਈ ਮਜ਼ਬੂਰ ਕੀਤਾ । ਉਧਾਰ ਲੈ ਕੇ ਵਾਪਸ ਮੋੜਨ ਲਈ ਜ਼ਾਮਨੀ ਦੀ ਜ਼ਰੂਰਤ ਸੀ ਜੋ ਜ਼ਮੀਨ ਨੂੰ ਗਹਿਣੇ ਪਾ ਕੇ ਦਿੱਤੀ ਜਾਂਦੀ। ਕਿਸਾਨ ਦੀ ਮਜ਼ਬੂਰੀ ਦੇ ਹਿਸਾਬ ਨਾਲ, 'ਜ਼ਮੀਨ ਨੂੰ ਗਹਿਣੇ ਰੱਖ ਕੇ ਲਏ ਹੋਏ ਉਧਾਰੇ ਪੈਸਿਆਂ ਉਤੇ ਸ਼ਾਹੂਕਾਰ ਸੂਦ (ਵਿਆਜ) ਦਾ ਦਰ ਮੁਕੱਰਰ ਕਰਦਾ ਜੋ ਆਮ ਤੌਰ ਤੇ ਜ਼ਿਆਦਾ ਹੁੰਦਾ 'ਜ਼ਮੀਨ ਗਹਿਣੇ ਪਾਉਣ ਦਾ ਰਿਵਾਜ, ਜੋ ਸਿੱਖਾਂ ਦੇ ਰਾਜ ਵੇਲੇ ਬਹੁਤ ਘੱਟ ਸੀ, ਹਰ ਪਿੰਡ ਵਿਚ ਪੈ ਗਿਆ। 1887 ਤੱਕ ਪੰਜਾਬ ਦੀ ਭੋਂ ਦਾ 7 ਫੀਸਦੀ ਹਿੱਸਾ ਗਹਿਣੇ ਪੈ ਚੁੱਕਾ ਸੀ।' [6]

ਦੂਜੇ ਪਾਸੇ ਪ੍ਰਤੀ ਜੀਅ ਆਮਦਨੀ ਘਟ ਗਈ। ਜੋ 1881 ਵਿਚ 27 ਰੁਪਏ ਸੀ, ਉਹ 1899 ਵਿਚ 18 ਰੁਪਏ ਰਹਿ ਗਈ। [7] ਜ਼ਮੀਨ ਜਿਸ ਉੱਤੇ ਪਿੰਡ ਦੀ ਵੋਸੋਂ ਦਾ ਗੁਜ਼ਾਰਾ ਸੀ, ਉਸ ਉੱਤੇ ਲੱਗਾ ਮਾਮਲਾ ਨਕਦੀ ਵਿਚ ਵਸੂਲ ਹੁੰਦਾ ਸੀ, ਇਸ ਦੀ ਉਗਰਾਹੀ ਬੜੀ ਸਖਤੀ ਨਾਲ ਕੀਤੀ ਜਾਂਦੀ। ਵੇਲੇ ਸਿਰ ਮਾਮਲਾ ਦੇਣ ਲਈ ਕਿਸਾਨ ਨੂੰ ਸ਼ਾਹੂਕਾਰ ਤੋਂ ਉਧਾਰ ਲੈਣਾ ਪੈਂਦਾ। ਉਧਾਰ ਦੇ ਸੂਦ ਦਾ ਦਰ ਵੀ ਜ਼ਿਆਦਾ ਹੁੰਦਾ ਤੇ ਜ਼ਮੀਨ ਵੀ ਜ਼ਾਮਨੀ ਵਿਚ ਗਹਿਣੇ ਰੱਖਣੀ ਪੈਂਦੀ। ਆਮਦਨ ਘਟ ਗਈ। ਉਧਾਰ ਦੀਆਂ ਉਗਰਾਹੀਆਂ ਤੇ ਮਜ਼ਬੂਰੀ ਵਸਲੂਆਂ ਲਈ ਅਦਾਲਤੀ ਡਿਗਰੀਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਸ਼ਾਹੂਕਾਰਾਂ ਦੇ ਹੱਥ ਫੜਾਉਣੀਆਂ ਸ਼ੁਰੂ ਕੀਤੀਆਂ। ਸਰਕਾਰੀ ਆਦਲਤਾਂ ਨੇ ਕਰਜ਼ੇ ਦੀ ਉਗਰਾਹੀ ਵਿਚ ਸ਼ਾਹੂਕਾਰਾਂ ਦਾ ਪੁੱਜ ਕੇ ਸਾਥ ਦਿੱਤਾ..... ਕਰਜ਼ੇ ਦੇ 2 ਲੱਖ ਰੁਪਏ ਹਰ ਸਾਲ ਅਦਾਲਤਾਂ ਵਿਚ ਆਉਣ ਲੱਗ ਪਏ ਸਨ। ਇਸ ਸਿਲਸਲੇ ਵਿਚ 1901 ਤੱਕ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਚੁੱਕੀ ਸੀ। ਅਤੇ 1901 ਤੋਂ 1909 ਤੱਕ ਕੋਈ ਢਾਈ ਕਰੋੜ ਏਕੜ ਤੋਂ ਵੱਧ ਜ਼ਮੀਨ ਗਹਿਣੇ ਪੈ ਗਈ ਸੀ।

ਪੰਜਾਬ ਉਤੇ ਸਰਕਾਰ ਵਲੋਂ ਲਿਆਂਦੀ ਇਸ ਸਾੜਸਤੀ ਨਾਲ ਕਿਸਾਂਨਾਂ, ਪੇਂਡੂ ਦਸਤਕਾਰਾਂ ਤੇ ਮਜ਼ਦੂਰਾਂ ਦੇ ਦਿਨੋ ਦਿਨ ਮੰਦੇ ਹਾਲ ਹੁੰਦੇ ਗਏ। ਕਿਉਂਕਿ ਇਹ ਮੰਦਹਾਲੀ ਅੰਗਰੇਜ਼ ਸਰਕਾਰ ਦੀ ਦੇਣ ਸੀ ਇਸ ਲਈ ਅੰਗਰੇਜ਼ ਰਾਜ ਪ੍ਰਤੀ ਆਮ ਬੰਦੇ ਅੰਦਰ ਘਿਰਣਾ ਪੈਦਾ ਹੋਣੀ ਸ਼ੁਰੂ ਹੋ ਗਈ।[8]

ਮੰਦਹਾਲੀ ਨੂੰ ਖੁਸ਼ਹਾਲੀ ਵਿਚ ਤਬਦੀਲ ਕਰਨ ਦਾ ਇਕ ਰਾਹ ਫੌਜੀ ਨੌਕਰੀ ਸੀ, ਜਿਥੋਂ ਨਕਦ ਪੈਸਾ ਮਿਲ ਸਕਦਾ ਸੀ। ਬੇਸ਼ੱਕ ਉਹ 9 ਰੁਪਏ ਮਹੀਨਾ ਹੀ ਸੀ। ਦੂਜਾ ਰਾਹ ਜਿਥੇ ਵੱਧ ਮਜ਼ਦੂਰੀ ਮਿਲਣ ਦੀ ਆਸ ਸੀ ਉਹ ਸੀ ਪ੍ਰਦੇਸ, ਪਰਵਾਸ।

ਬਰਤਾਨਵੀਂ ਸਰਕਾਰ ਭਾਰਤ ਨੂੰ ਗੁਲਾਮ ਬਣਾਈ ਰੱਖਣਾ ਚਾਹੁੰਦੀ ਸੀ ਤਾਂ ਕਿ ਭਾਰਤ ਦੀ ਦੌਲਤ ਨੂੰ ਅਸਾਨੀ ਨਾਲ ਲੁਟਿਆ ਜਾ ਸਕੇ। ਉਹਨਾਂ ਦੀ ਸੋਚਣੀ ਸੀ ਕਿ ਪੰਜਾਬ ਨੂੰ ਗਰੀਬ, ਅਨਪੜ੍ਹ ਤੇ ਘੱਟ-ਵਿਕਸਤ ਰੱਖਿਆ ਜਾਏ ਤਾਂ ਕਿ ਉਸ ਨੂੰ ਰੋਟੀ ਤੇ ਰੋਜ਼ੀ ਦੀ ਲੋੜ ਮਹਿਸੂਸ ਹੁੰਦੀ ਰਹੇ। ਆਪਣੀ ਇਸ ਲੋੜ ਨੂੰ ਪੂਰਾ ਕਰਨ ਲਈ ਪੰਜਾਬੀ ਸਿੱਖ ਫੌਜ ਵਿਚ ਭਰਤੀ ਹੋਣ ਲਈ ਆਪ ਤਿਆਰ ਹੋਏ।' ਅਨਪੜਾਂ ਨੂੰ ਵੀ ਫੌਜ ਵਿਚ ਭਰਤੀ ਕਰ ਲਿਆਂ ਜਾਂਦਾ ਸੀ। ਉਸ ਅੰਗਰੇਜ਼ ਦਾ ਮੱਤ ਸੀ ਕਿ 'ਸਿੱਖ ਮਾਰਸ਼ਲ ਕੌਮ ਹੈ। 1857 ਦੇ ਗਦਰ ਵੇਲੇ ਸਾਡਾ ਸਾਥ ਦਿੱਤਾ ਹੈ। ਸਿੱਖਾਂ ਨੂੰ ਫੌਜ ਵਿਚ ਭਰਤੀ ਕਰਕੇ, ਇਹਨਾਂ ਨੂੰ ਸਿਰਫ ਭਾਰਤ ਨੂੰ ਹੀ ਗੁਲਾਮ ਰੱਖਣ ਲਈ ਨਾ ਵਰਤਿਆ ਜਾਏ, ਸਗੋਂ ਇਹਨਾਂ ਨੂੰ ਸਮੁੰਦਰੋਂ ਪਾਰ ਟਾਪੂਆਂ ਤੇ ਆਪਣੇ ਰਾਜ ਨੂੰ ਕਾਇਮ ਰੱਖਣ ਲਈ ਤੇ ਹੋਰ ਮੰਡੀਆਂ ਉੱਤੇ ਕਬਜ਼ਾ ਜਮਾਈ ਰੱਖਣ ਲਈ ਵੀ ਵਰਤਿਆ ਜਾਏ।'

ਦੂਜਾ ਮਤ ਸੀ, 'ਪਾੜੋ ਤੇ ਰਾਜ ਕਰੋ'। ਧਰਮ ਤੇ ਜਾਤ ਦੇ ਨਾਂ 'ਤੇ ਜਨਤਾ ਨੂੰ ਇਕ ਦੂਜੇ ਨਾਲ ਲੜਾਓ ਤੇ ਆਪਣੇ ਪੈਰ ਜਮਾਓ। ਅੰਗਰੇਜ਼ ਨੇ ਸਾਰੇ ਲੋਕਾਂ ਨੂੰ ਭੇਡਾਂ ਸਮਝ ਲਿਆ। ਉਹਨਾਂ ਨੂੰ ਜੀਉਂਦਿਆਂ ਰੱਖਣ ਨੂੰ ਚਾਰਾ ਵੀ ਦਿੰਦੇ ਤੇ ਮੋਟਿਆਂ ਕਰਨ ਲਈ ਖਰਖਰਾ ਵੀ ਕਰਦੇ ਤਾਂ ਕਿ ਉਹਨਾਂ ਤੇ ਉੱਨ ਹਰ ਸਾਲ ਆਈ ਜਾਵੇ ਤੇ ਅੰਗਰੇਜ਼ ਉੱਨ ਲਾਹੀ ਜਾਵੇ। ਇਹਨਾਂ ਅਖੌਤੀ ਭੇਡਾਂ ਨੂੰ ਕਾਬੂ ਰੱਖਣ ਲਈ ਉਹਨਾਂ ਚੋਂ ਥੋਹੜਿਆਂ ਨੂੰ ਹੋਰ ਰਈਆਤਾਂ, ਖਿਤਾਬ, ਜਗੀਰਾਂ ਤੇ ਵੱਡੀਆਂ ਨਕੌਰੀਆਂ ਦੇ ਕੇ ਆਪਣੇ ਵਫਾਦਾਰ ਬਣਾ ਲਿਆ। ਜਿਹੜੇ ਵਫਾਦਾਰ ਬਣੇ ਉਹ ਆਪਣੇ ਆਪ ਨੂੰ ਬਾਦਸ਼ਾਹ ਨਾਲੋਂ ਬਾਦਸ਼ਾਹਤ ਦੇ ਜ਼ਿਆਦਾ ਵਫਾਦਾਰ ਸਮਝਣ ਲੱਗ ਪਏ। ਪਰ ਅਸਲ ਵਿਚ ਸਾਰੇ ਲੋਕ ਭੇਡਾਂ ਨਹੀਂ ਸਨ। ਉਹ ਇਸ ਨੂੰ ਅੰਗਰੇਜ਼ ਦੀ ਲੁੰਬੜ ਚਾਲ ਸਮਝਦੇ ਸਨ। ਉਹਨਾਂ ਨੂੰ ਗੁਲਾਮੀ ਤੋਂ ਘਿਰਨਾ ਸੀ। ਅੰਗਰੇਜ਼ ਦੀ ਚਲਾਕੀ ਤੇ ਉਸ ਦੀ ਲੁੱਟਣ ਦੀ ਆਦਤ ਦੇ ਖਿਲਾਫ ਗੁੱਸਾ ਸੀ। ਇਸ ਗੁੱਸੇ ਦਾ ਇਜ਼ਹਾਰ ਪਹਿਲੀ ਵਾਰ 1857 ਵਿਚ ਹੋਇਆ। ਇਸ ਕਰਕੇ ਇਸ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਆਖਿਆ ਗਿਆ। ਇਸ ਨੂੰ ਵਿਦਰੋਹ ਸਮਝ ਕੇ ਬੇਦਰਦੀ ਤੇ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ। ਈਸਟ ਇੰਡੀਆ ਕੰਪਨੀ ਦੀ ਛੁੱਟੀ ਹੋ ਗਈ ਤੇ ਰਾਜ ਕਾਜ ਸਿੱਧਾ ਕਰਾਊਨ ਦੇ ਹੱਥਾਂ ਵਿਚ ਚਲਾ ਗਿਆ। ਆਜ਼ਾਦੀ ਦੇ ਪਰਵਾਨਿਆਂ ਦੀ ਕੇਂਦਰੀ ਕਮਾਂਡ ਦੀ ਅਣਹੋਂਦ, ਜਗੀਰਦਾਰ ਚੌਧਰੀਆਂ ਦਾ ਧਰੋਅ ਤੇ ਸਿੱਖ ਫੌਜ ਦੀ ਅੰਗਰੇਜ਼ ਨੂੰ ਵੇਲੇ ਸਿਰ ਹਮਾਇਤ ਤੇ ਸਹਾਇਤਾ ਨੇ ਗਦਰ ਦਾ ਭੱਠਾ ਬਿਠਾ ਦਿੱਤਾ। ਆਖਰੀ ਮੌਕੇ ਜਦੋਂ ਅੰਗਰੇਜ਼ ਦਿੱਲੀ ਚੋਂ ਬਾਹਰ ਧਕਿਆ ਜਾ ਰਿਹਾ ਸੀ ਤਾਂ ਸਿੱਖ ਫੌਜਾਂ ਨੇ ਆਪਣੇ ਜਗੀਰਦਾਰ ਰਾਜਿਆਂ ਦੀ ਅਗਵਾਈ ਹੇਠ ਪੁੱਜ ਕੇ ਆਜ਼ਾਦੀ ਦੀ ਲੜਾਈ ਦੀ ਜਿੱਤ ਨੂੰ ਹਾਰ ਵਿਚ ਬਦਲ ਦਿੱਤਾ। ਅੰਗਰੇਜ਼ ਨੇ ਆਪਣੇ ਬਚਾ ਲਈ, ਸਿੱਖਾਂ ਨੂੰ ਬਹਾਦਰ ਤੇ ਆਪਣੇ ਵਫਾਦਾਰ ਸਮਝ ਕੇ ਤੇ ਪੰਜਾਬ ਵਿਚ ਸ਼ਾਂਤੀ ਰੱਖਣ ਲਈ, ਸਿੱਖਾਂ ਨੂੰ ਫੌਜ ਵਿਚ ਭਰਤੀ ਕਰਨ ਦੀ ਨੀਤੀ ਹੋਰ ਖੁੱਲ੍ਹਦਿਲੀ ਨਾਲ ਅਪਣਾ ਲਈ। ਸਿੱਖਾਂ ਦੀ 30 ਲੱਖ ਆਬਾਦੀ ਹੁੰਦੇ ਹੋਏ ਫੌਜ ਵਿਚ ਸਿੱਖਾਂ ਦੀ ਭਰਤੀ ਮੁਸਲਮਾਨਾਂ ਦੇ ਬਾਰਬਰ ਕਰ ਦਿੱਤੀ। ਇਕ ਰਸਾਲਾ (ਘੋੜ ਸਵਾਰ) ਫੌਜ ਦੇ 8 ਘੋੜ ਸਵਾਰਾਂ ਵਿਚੋਂ 3 ਸਿੱਖ, 3 ਮੁਸਲਮਾਨ ਤੇ 2 ਹਿੰਦੂ ਕਰ ਦਿੱਤੇ ਗਏ। ਬਰਤਾਨਵੀਂ ਹਕੂਮਤ ਨੇ ਸਿੱਖਾਂ ਦੀ ਗਦਰ ਨੂੰ ਦਬਾਉਣ ਵਿਚ ਦਿੱਤੀ ਗਈ

Sri Satguru Jagjit Singh Ji eLibrary NamdhariElibrary@gmail.com

ਸਹਾਇਤਾ ਦੇ ਇਵਜ਼ਾਨੇ ਵਜੋਂ ਉਹਨਾਂ ਦੀ ਫੌਜ ਵਿਚ ਭਰਤੀ ਵਧਾਕੇ ਨਿਵਾਜਿਆ। [9]

ਬੇਸ਼ਕ 1857 ਦਾ ਵਿਦਰੋਹ ਇਕ ਅਹਿਮ ਘਟਨਾ ਸੀ। ਪਰ ਇਕ ਹੋਰ ਗੁੱਸੇ ਦੀ ਲਹਿਰ ਅੰਗਰੇਜ਼ਾਂ ਦੇ ਖਿਲਾਫ 1868 ਵਿਚ ਉੱਠੀ ਜਿਸ ਨੂੰ ਕੂਕਾ ਲਹਿਰ ਨਾਲ ਜਾਣਿਆਂ ਜਾਂਦਾ ਹੈ। ਕੂਕਿਆਂ ਨੇ ਅੰਗਰੇਜ਼ੀ ਅਦਾਲਤਾਂ, ਅੰਗਰੇਜ਼ੀ ਸਕੂਲ, ਡਾਕਖਾਨੇ ਤੇ ਬਦੇਸ਼ੀ ਸਾਮਾਨ ਦਾ ਬਾਈਕਾਟ ਕਰਨਾ ਸ਼ੁਰੂ ਕਰ ਦਿੱਤਾ। ਹੱਥੀਂ ਬਣਾਇਆ ਸੁਦੇਸ਼ੀ ਕੱਪੜਾ ਪਹਿਨਣ ਦਾ ਪ੍ਰਚਾਰ ਅਰੰਭ ਦਿੱਤਾ। ਅੰਗਰੇਜ਼ਾਂ ਨੇ ਇਸ ਮਜ਼ਬੂਤ ਜਥੇਬੰਦੀ ਦੀ ਉਭਰਦੀ ਲਹਿਰ ਨੂੰ ਆਪਣੇ ਰਾਜ ਲਈ ਖਤਰਾ ਸਮਝ ਲਿਆ। ਪਿੰਡਾਂ ਚੋਂ ਉੱਠੀ ਇਸ ਲਹਿਰ ਨੂੰ ਅੰਗਰੇਜ਼ੀ ਹਕੂਮਤ ਬਰਦਾਸ਼ਤ ਨਾ ਕਰ ਸਕੀ। ਉਹ ਲੋਹੀ ਲਾਖੀ ਹੋ ਗਈ। ਮਲੇਰਕੋਟਲੇ ਦੇ ਕਤਲਾਂ ਨੂੰ ਬਹਾਨਾ ਬਣਾ ਕੇ, 16, 17, ਤੇ 18 ਜਨਵਰੀ 1872 ਨੂੰ ਮਲੇਰਕੋਟਲੇ ਵਿਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ 49 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ, ਇਕ ਕੂਕਾ ਤਲਵਾਰ ਨਾਲ ਟੋਟੇ ਟੋਟੇ ਕੀਤਾ ਗਿਆ ਤੇ 5 ਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜਿਆ ਗਿਆ। ਕੂਕਿਆਂ ਦੇ ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ (ਬਰਮਾ) ਜ਼ੇਲ੍ਹ ਵਿਚ ਜਾ ਬੰਦ ਕਰ ਦਿੱਤਾ। ਕੂਕਾ ਲਹਿਰ ਨੂੰ ਅੰਗਰੇਜ਼ੀ ਰਾਜ ਨੇ ਕੁਚਲ ਤਾਂ ਦਿੱਤਾ ਪਰ ਇਸ ਲਹਿਰ ਨੇ ਅੰਗਰੇਜ਼ਾਂ ਨੂੰ ਚੌਕੰਨੇ ਕਰ ਦਿੱਤਾ। ਪੰਜਾਬ ਵਿਚ ਸ਼ਾਂਤੀ ਰੱਖਣ ਲਈ ਉਹ ਕਿਸਾਨਾਂ ਲਈ ਉਹੜ ਪੋਹੜ ਕਰਨ ਲੱਗੀ। ਜ਼ਮੀਨਾਂ ਉੱਤੇ ਨਿਰਭਰ ਆਬਾਦੀ ਵਿਰਲੀ ਕਰਨ, ਇੰਗਲਿਸ਼ਤਾਨ ਦੀਆਂ ਮਿੱਲਾਂ ਲਈ ਕੱਚਾ ਮਾਲ ਪੈਦਾ ਕਰਨ ਲਈ ਜ਼ਮੀਨੀ ਪੈਦਾਵਰ ਵਧਾਉਣ ਦੀ ਸਕੀਮ ਬਣਾਈ। ਇਸ ਮਨੋਰਥ ਨੂੰ ਪੂਰਿਆਂ ਕਰਨ ਲਈ ਪੁਰਾਣੀ ਆਬਾਦੀ ਵਿਚ ਬਾਰੀ ਦੁਆਬ ਅਤੇ ਸਰਹਿੰਦ ਦੀਆਂ ਨਹਿਰਾਂ ਵਗਾਈਆਂ। 1886-88 ਵਿਚ ਸੁਹਾਰਾ ਪਾੜ ਅਤੇ ਸਿਧਨਾਈ ਨਹਿਰਾਂ ਕੱਢਕੇ ਮਿੰਟਗੁਮਰੀ ਤੇ ਮੁਲਤਾਨ ਵਿਚ ਨੀਲੀ ਬਾਰ ਤੇ ਸ਼ਾਂਦਲ ਬਾਰਾਂ ਵਸਾਈਆਂ। 1892 ਵਿਚ ਝਨਾਂਅ ਵਿਚੋਂ ਨਹਿਰ ਕੱਢ ਕੇ ਲਾਇਲਪੁਰ ਦੁਲੇ ਦੀ ਬਾਰ ਵਸਾਈ। [10]

ਕ੍ਰਾਂਤੀ ਕਾਰੀ ਖਾੜਕੂ ਲਹਿਰਾਂ ਦੇ ਤੇਜ਼ ਵਹਾਅ ਨੂੰ ਮੱਠਾ ਕਰਨ ਲਈ ਲਾਰਡ ਡਰਫਨ(1984-88) ਨੇ ਇਕ ਅੰਗਰੇਜ਼ ਮਿ. ਏ. ਓ. ਹਿਊਮ ਦੇ ਰਾਹੀਂ 1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਜਨਮ ਦਿੱਤਾ। [11]

ਉਨ੍ਹਵੀਂ ਸਦੀ ਦੇ ਅਖੀਰ ਵਿਚ ਵਾਰ ਵਾਰ ਕਾਲ ਪਏ। ਕਾਲ ਦੇ ਨਾਲ ਹੈਜ਼ੇ ਅਤੇ ਪਲੇਗ ਦੀਆਂ ਬਲਾਵਾਂ ਆਉਂਦੀਆਂ। 1896 ਅਤੇ 1908 ਦੇ ਵਿਚਕਾਰ 60 ਲੱਖ ਤੋਂ ਵੱਧ ਲੋਕ ਮਰੇ। ਮੌਸਮ ਦੀ ਖਰਾਬੀ ਨਾਲ ਲਗਾਤਾਰ ਦੋ ਫਸਲਾਂ ਤਬਾਹ ਹੋ ਗਈਆਂ। ਕਪਾਹ ਦੀ ਸੁੰਡੀ ਨੇ 1905 ਅਤੇ 1906 ਵਿਚ ਕਪਾਹ ਦੀ ਫਸਲ ਦਾ ਸੱਤਿਆਨਾਸ ਕਰ ਦਿੱਤਾ। ਨਵੀਂ ਆਬਾਦ ਹੋਈ ਬਾਰ ਵਿਚ ਜਿਥੇ ਨਹਿਰ ਦਾ ਪਾਣੀ ਲੱਗਦਾ ਸੀ ਕਪਾਹ ਕਿਸਾਨ ਨੂੰ ਪੈਸਾ ਦੇਣ ਵਾਲੀ ਫਸਲ ਸੀ। ਇਨ੍ਹਾਂ ਹਾਲਤਾਂ ਵਿਚ ਕਿਸਾਨ ਉਦਾਸ ਸੀ ਤੇ ਗੁੱਸੇ ਦੇ ਮੂਡ ਵਿਚ ਸੀ।

ਲਾਰਡ ਕਰਜ਼ਨ ਦੀ ਸਲਾਹ ਨਾਲ ਪੰਜਾਬ ਦੇ ਲਫਟੀਨੈਂਟ ਗਵਰਨਰ ਡਨਜਲ ਐਬਸਟਨ ਨੇ ਕੋਲੋਨਾਈਜ਼ੇਸ਼ਨ ਬਿੱਲ ਪਾਸ ਕਰਕੇ ਬਾਰਾਂ ਵਿਚ ਵਸੀ ਨਵੀਂ ਆਬਾਦੀ ਦੀ ਮੰਦਹਾਲੀ ਵਿਚ ਹੋਰ ਵਾਧਾ ਕੀਤਾ। ਉਸੇ ਵੇਲੇ ਬਾਰੀ ਦੁਆਬ ਦੇ ਇਲਾਕੇ ਵਿਚ ਨਹਿਰ ਦੇ ਪਾਣੀ ਦੇ ਰੇਟ ਵਧਾ ਦਿੱਤੇ। ਇਹ ਨਹਿਰ ਗੁਰਦਾਸਪੁਰ, ਲਾਹੌਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਨੂੰ ਸਿੰਜਦੀ ਸੀ। ਜਿਹੜੇ ਲੋਕ ਇਥੇ ਆ ਕੇ ਵਸੇ ਸਨ, ਉਹ ਜਲੰਧਰ, ਸਿਆਲਕੋਟ, ਤੇ ਹੁਸ਼ਿਆਰਪੁਰ ਜ਼ਿਲਿਆਂ ਦੇ ਸਨ। ਇਹ ਹੀ ਇਲਾਕਾ ਜੱਟ ਸਿੱਖਾਂ ਦਾ ਸੀ ਜਿਥੋਂ ਫੌਜ ਲਈ ਭਰਤੀ ਕੀਤੀ ਜਾਂਦੀ ਸੀ। [12]

ਸਰਦਾਰ ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦਾ ਚਾਚਾ ਜੀ) ਦੀ ਜਥੇਬੰਦੀ 'ਅੰਜ਼ਮਨੇ ਮੋਹਿਬਾਨੇ ਵਤਨ' ਦੀ ਅਗਵਾਈ ਹੇਠ ਅੰਗਰੇਜ਼ ਦੇ ਖਿਲ਼ਾਫ ਲਹਿਰ ਉਠ ਖੜ੍ਹੀ ਹੋਈ। ਇਹ ਲਹਿਰ ਲੋਕਾਂ ਵਿਚ ਬਹੁਤ ਮਕਬੂਲ ਸੀ।

"ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ
ਲੁੱਟ ਲਿਆ ਮਾਲ ਤੇਰਾ, ਲੁੱਟ ਲਿਆ ਮਾਲ ਓਏ।
ਲਹੂ ਨਾਲ ਭਿੱਜੀ ਤੇਰੀ ਰੋਟੀ ਤੇ ਦਾਲ ਓਏ
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ।" ਹਰ ਬਸ਼ਰ ਦੀ ਜ਼ੁਬਾਨ 'ਤੇ ਸੀ।

ਅੰਗਰੇਜ਼ ਨਵ-ਬਸਤੀਆਂ ਨੂੰ ਜ਼ਹਿਨੀ ਤੌਰ 'ਤੇ ਵੀ ਗੁਲਾਮ ਬਣਾਉਣ ਲਈ ਉਥੋਂ ਦੇ ਧਰਮ ਤੇ ਸਭਿਆਚਾਰ ਨੂੰ ਵੀ ਢਾਹ ਲਾਉਂਦਾ। ਇਸ ਕੰਮ ਲਈ ਇਸਾਈ ਪਾਦਰੀਆਂ ਨੂੰ ਹਰਿਆਵਲ ਦਸਤੇ ਵਜੋਂ ਭੇਜਿਆ ਜਾਂਦਾ। ਇਹ ਭਾਰਤ ਅੰਦਰ ਵੀ ਹੋਇਆ। ਇਸ ਦੇ ਵਿਰੋਧ ਵਜੋਂ ਅਰੀਆ ਸਮਾਜ , ਬ੍ਰਹੋ ਸਮਾਜ, ਅੰਜੁਮਨ ਇਸਲਾਮੀਆ ਤੇ ਸਿੰਘ ਸਭਾ ਆਦਿ ਲਹਿਰਾਂ ਹੋਂਦ ਵਿਚ ਆਈਆਂ। ਪਾੜਨ ਤੇ ਰਾਜ ਕਰਨ ਦੀ ਨੀਤੀ ਇਨ੍ਹਾਂ ਉਪਰ ਵੀ ਵਰਤੀ ਜਾਣ ਲੱਗੀ ਪਰ ਇਹਨਾਂ ਲਹਿਰਾਂ ਦੇ ਅਸਰ ਅਧੀਨ ਭਾਰਤ ਅੰਦਰ ਵਿਦਿਅਕ ਚੇਤਨਾ ਜਾਗਣ ਲੱਗ ਪਈ।

ਵਿਦਿਆ ਵਿਅਕਤੀ ਜਾਂ ਕੌਮ ਦੀ ਅਰਥਸ਼ਾਸਤ੍ਰੀ, ਸਮਾਜਿਕ, ਰਾਜਸੀ, ਚੇਤਨਤਾ ਨੂੰ ਜਾਗਰਿਤ ਕਰਨ ਲਈ ਅਕਸੀਰ ਦਾ ਕੰਮ ਕਰਦੀ ਹੈ। ਅਨਪੜ੍ਹਤਾ ਵਿਅਕਤੀ ਜਾਂ ਕੌਮ ਨੂੰ ਨਿਰੋਲ ਅੰਨਾ ਹੋਣ ਵੱਲ ਧਕੇਲਦੀ ਹੈ। ਅੰਗਰੇਜ਼ ਆਪਣੀ ਪੂਰੀ ਤਾਕਤ ਨਾਲ ਭਾਰਤੀ ਕੌਮ ਨੂੰ ਅਨਪੜ੍ਹ ਰੱਖਣ ਵਿਚ ਦਿਲਚਸਪੀ ਰੱਖਦਾ ਸੀ। ਇਹ ਨੀਤੀ ਪੰਜਾਬ ਵਿਚ ਉਸਦੇ ਹਿੱਤ ਪੂਰਦੀ ਸੀ। ਅੰਗਰੇਜ਼ ਦੀ ਰਾਏ ਸੀ, ਕਿ ਅਮਰੀਕਾ ਵਿਚ ਸਕੂਲ ਖੋਲ੍ਹ ਕੇ ਜੋ ਗਲਤੀ ਕੀਤੀ ਹੈ, ਉਹ ਭਾਰਤੀ ਪੰਜਾਬ ਵਿਚ ਨਾ ਕੀਤੀ ਜਾਵੇ। ਜਿਸ ਪੰਜਾਬੀ ਨੂੰ ਵਿਦਿਆ

Sri Satguru Jagjit Singh Ji eLibrary NamdhariElibrary@gmail.com

ਦੀ ਲੋੜ ਹੈ, ਉਹ ਇੰਗਲੈਂਡ ਆ ਕੇ ਪੜ੍ਹੇ। ਪੜ੍ਹਾਈ ਦੇ ਨਾਲ ਬਾਦਸ਼ਾਹਤ ਦੀ ਵਫਾਦਾਰੀ ਭੀ ਸਿੱਖੇ। [13]

ਰਾਜ ਪ੍ਰਬੰਧ ਚਲਾਉਣ ਲਈ ਅੰਗਰੇਜ਼ ਨੂੰ ਵਫਾਦਾਰ, ਵਿਸ਼ਵਾਸ਼ੀ ਤੇ ਆਗਿਆਕਾਰੀ ਕਲਰਕਾਂ ਦੀ ਲੋੜ ਸੀ। ਇਸ ਲਈ ਈਸਾਈ ਮਿਸ਼ਨਰੀਆਂ ਨੂੰ ਸਕੂਲ ਖੋਲਹਣ ਲਈ ਉਤਸ਼ਾਹਤ ਕੀਤਾ ਗਿਆ। ਸਕੂਲਾਂ ਰਾਹੀਂ ਈਸਾਈ ਧਰਮ ਦਾ ਪਰਚਾਰ ਭੀ ਕੀਤਾ ਜਾਂਦਾ ਤੇ ਬਾਦਸ਼ਾਹਤ ਦੇ ਵਫਾਦਾਰ ਰਹਿਣ ਲਈ ਲੋਕਾਂ ਨੂੰ ਪ੍ਰੇਰਿਆ ਵੀ ਜਾਂਦਾ। ਹਰ ਸਕੂਲ ਵਿਚ ਸਵੇਰੇ ਅਰਦਾਸ ਕਰਨ ਦੇ ਨਾਲ "ਖੁਦਾ ਬਾਦਸ਼ਾਹ ਕੋ ਮਹਿਫ਼ੂਜ਼ ਰਖੇ" ਕਹਿਣਾ ਲਾਜ਼ਮੀ ਸੀ।

ਪਦਾਰੀਆਂ ਤੇ ਮਿਸ਼ਨਰੀਆਂ ਦੇ ਈਸਾਈ ਧਰਮ ਲਈ ਕੀਤੇ ਪ੍ਰਚਾਰ ਨੇ ਭਾਰਤੀ ਆਗੂਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਹਨਾਂ ਨੂੰ ਆਪਣਾ ਧਰਮ ਤੇ ਕਲਚਰ ਖਤਰੇ ਵਿਚ ਵਿਖਾਈ ਦੇਣ ਲੱਗਾ। ਸਿੱਖ ਸੁਧਾਰਕ ਆਗੂਆਂ ਨੂੰ ਈਸਾਈ ਔਰੰਗਜ਼ੇਬ ਵਾਂਗ ਸਿੱਖ ਧਰਮ ਨੂੰ ਬਰਬਾਦ ਕਰਦੇ ਨਜ਼ਰ ਆਉਣ ਲੱਗੇ। ਚੀਫ ਖਾਲਸਾ ਦੀਵਾਨ ਦੇ ਆਗੂਆਂ ਨੇ ਸਿੱਖਾਂ ਨੂੰ, ਖਾਸ ਕਰਕੇ ਮੁੰਡੇ ਕੁੜੀਆਂ ਨੂੰ ਵਿਦਿਆ ਦੇਣ ਲਈ ਹਰ ਜ਼ਿਲ੍ਹੇ ਵਿਚ ਖਾਲਸਾ ਸਕੂਲ ਖੋਲ੍ਹਣ ਦਾ ਬੀੜਾ ਚੁਕ ਲਿਆ ਤੇ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਖੋਲ੍ਹ ਦਿੱਤਾ। ਸਿੱਖਾਂ ਵਿਚ ਵਿਦਿਆ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ "ਸਿੱਖ ਐਜ਼ੂਕੇਸ਼ਨਲ ਕਾਨਫਰੰਸ" ਨਾਮੀ ਅਦਾਰਾ ਚੀਫ ਖਾਲਸਾ ਦੀਵਾਨ ਨੇ ਖੜ੍ਹਾ ਕਰ ਦਿੱਤਾ। ਇਹ ਵਿਦਿਆ ਤੇ ਵਿਕਾਸ ਲਈ ਗੈਰ-ਸਿਆਸੀ ਸੰਸਥਾ ਸੀ। ਬਰਤਾਨੀਆਂ ਸਰਕਾਰ ਨੂੰ ਚੀਫ ਖਾਲਸਾ ਦੀਵਾਨ ਉਤੇ ਇਤਬਾਰ ਨਹੀਂ ਸੀ, ਭਾਵੇਂ ਉਹ ਨਰਮ ਦਲੀਏ ਹੀ ਸਨ। ਸਰਕਾਰ ਨੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਕਿ ਇਸ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤ ਸਕੇ।

ਅਜਿਹੇ ਹੀ ਆਰਥਿਕ-ਸਮਾਜਿਕ ਹਲਾਤ ਨੇ ਸਿੱਖਾਂ ਨੂੰ ਬਾਹਰਲੇ ਮੁਲਕਾਂ ਵੱਲ ਤੋਰਿਆ। ਬਾਬਾ ਸੋਹਣ ਸਿੰਘ ਭਕਨਾ, ਦਲੀਪ ਸਿੰਘ ਫਾਹਲਾ, ਹਰਨਾਮ ਸਿੰਘ ਟੁੰਡੀਲਾਟ, ਰਤਨ ਸਿੰਘ ਤੇ ਹੋਰ ਗਦਰੀਆਂ ਦੇ ਬਿਆਨਾਂ ਮੁਤਾਬਕ ਪੰਜਾਬੀਆਂ ਦੇ ਮੁਲਕ ਛੱਡ ਕੇ ਉਤਰੀ ਅਮਰੀਕਾ ਜਾਂ ਕੈਨੇਡਾ ਨੂੰ ਆਉਣ ਦੇ ਤਿੰਨ ਵੱਡੇ ਕਾਰਨ ਸਨ;

1. ਜ਼ਮੀਨ ਜਿਸ ਉਤੇ ਪੰਜਾਬੀ ਜੱਟ ਸਿੱਖਾਂ ਦਾ ਗੁਜ਼ਾਰਾ ਸੀ, ਉਸ ਤੇ ਲੱਗੇ ਮਾਮਲੇ ਤੇ ਹੋਰ ਸਰਕਾਰੀ ਸਿੱਧੇ ਤੇ ਅਸਿੱਧੇ ਕਰ ਜੋ ਨਕਦੀ ਵਿਚ ਲਏ ਜਾਂਦੇ ਸਨ, ਨੂੰ ਤਾਰਨ ਲਈ ਕਰਜ਼ੇ, ਕਰਜ਼ੇ ਦੀ ਜ਼ਾਮਨੀ ਦੇਣ ਲਈ ਗਹਿਣੇ ਪਈ ਜ਼ਮੀਨ ਨੂੰ ਛੁਡਾਉਣ ਲਈ ਪੈਸਾ ਕਮਾਉਣ ਦੀ ਖਾਤਰ ਪੇਂਡੂ ਪੰਜਾਬੀ ਸਿੱਖ ਉਤਰੀ ਅਮਰੀਕਾ ਨੂੰ ਆਏ।

2. ਆਪਣੇ ਬੱਚਿਆਂ (ਖਾਸ ਕਰਕੇ ਲੜਕੀਆਂ) ਦੀ ਸ਼ਾਦੀ ਕਰਨ ਲਈ, ਚੰਗੇ ਮਕਾਨ ਬਣਾਉਣ ਲਈ ਤੇ ਭਾਈਚਾਰੇ ਵਿਚ ਭਲ ਬਣਾਉਣ ਲਈ ਦੌਲਤ ਦੀ ਲੋੜ ਸੀ। ਉਸ ਲੋੜ ਨੂੰ ਪੂਰਾ ਕਰਨ ਲਈ ਆਪਣਾ ਦੇਸ਼ ਤੇ ਪਰਿਵਾਰ ਛੱਡ ਕੇ ਪਰਵਾਸ ਅਖਤਿਆਰ ਕੀਤਾ।

3. ਕੁਦਰਤ ਦੀ ਕਾਲਾਂ, ਪਲੇਗ ਤੇ ਹੈਜ਼ੇ ਦੀ ਸ਼ਕਲ ਵਿਚ ਕਰੋਪੀ ਤੋਂ ਉਪਜੀ ਤੰਗੀ ਅੰਗਰੇਜ਼ ਰਾਜ ਦੇ ਕਾਰਨ ਪਈ ਗਰੀਬੀ, ਗਰੀਬੀ ਤੋਂ ਉਤਪਨ ਹੋਈ ਤੰਗਦਸਤੀ ਨੂੰ ਘਟਾਉਣ ਲਈ, ਜ਼ਿਆਦਾ ਪੈਸਿਆਂ ਉਤੇ ਕੰਮ ਕਰਕੇ, ਵਾਧੂ ਪੈਸੇ ਕਮਾ ਕੇ ਆਪਣੇ ਜੀਵਨ ਮਿਆਰ ਨੂੰ ਉਚਾ ਕਰਨ ਦੀ ਆਸ ਨੇ ਘਰ ਤੋਂ ਬਾਹਰ ਪੈਰ ਪੁੱਟਣ ਲਈ ਉਤਸ਼ਾਹ ਤੇ ਹੌਂਸਲਾ ਦਿੱਤਾ। [14]

ਕੁਝ ਦੇਸ਼ਭਗਤਾਂ , ਜਿਨ੍ਹਾਂ ਨੇ 1906-07 ਵਿਚ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਵੱਲੋਂ ਅੰਗਰੇਜ਼ ਦੇ ਖਿਲਾਫ ਚਲਾਈ ਆਜ਼ਾਦੀ ਦੀ ਲਹਿਰ (ਜ਼ਮੀਨੀ ਸੁਧਾਰ) ਵਿਚ ਹਿੱਸਾ ਲਿਆ ਸੀ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਸੀ। ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਚਣ ਲਈ ਬਾਹਰ ਨੂੰ ਚਾਲੇ ਪਾਏ।

ਕੁਝ ਵਿਦਿਆਰਥੀਆਂ ਨੇ ਉਚ ਵਿਦਿਆ ਪ੍ਰਾਪਤ ਕਰਨ ਲਈ ਉੱਤਰੀ ਅਮਰੀਕਾ ਵੱਲ ਮੂੰਹ ਮੋੜਿਆ। ਕੁਝ ਵਿਉਪਾਰੀ ਵੀ ਉੱਤਰੀ ਅਮਰੀਕਾ ਪੁੱਜੇ।

ਨਵੰਬਰ-ਦਸੰਬਰ 1907 ਵਿਚ ਡਬਲਿਊ. ਐਲ. ਮਕੈਨਜ਼ੀ ਕਿੰਗ ਨੇ ਵੈਨਕੂਵਰ ਸ਼ਹਿਰ ਵਿਚ ਰਾਇਲ ਕਮਿਸ਼ਨ ਦੇ ਤਹਿਤ ਸ਼ੁਰੂ ਕੀਤੀ ਜਾਂਚ ਪੜਤਾਲ, ਜਿਸ ਦਾ ਕੰਮ ਇਹ ਪਤਾ ਲਾਉਣਾ ਸੀ, ਕਿ ਉਹ ਕਿਹੜੇ ਕਾਰਨ ਤੇ ਤਰੀਕੇ ਸਨ ਜਿਨ੍ਹਾਂ ਭਾਰਤੀ ਪੰਜਾਬੀ ਸਿੱਖਾਂ ਨੂੰ ਕੈਨੇਡਾ ਵਿਚ ਆਉਣ ਲਈ, ਆ ਕੇ ਵੱਸਣ ਲਈ ਪ੍ਰੇਰਿਆ ਤੇ ਉਕਸਾਇਆ, ਦੀ ਰਿਪੋਰਟ ਹੇਠ ਲਿਖੇ ਤਿੰਨ ਕਾਰਨਾਂ ਨੂੰ ਜਿੰਮੇਵਾਰ ਮੰਨਦੀ ਹੈ:

1. ਪੰਜਾਬ ਦੇ ਮੱਧ-ਵਰਗ ਦੇ ਪੇਂਡੂ ਸਿੱਖ ਕਾਮਿਆਂ ਅੱਗੇ ਖੁਸ਼ਹਾਲ ਬਨਣ ਦੇ ਅਵਸਰ ਦੀ ਤਸਵੀਰ ਨੂੰ ਜ਼ਹਾਜ਼ੀ ਕੰਪਨੀ ਦੇ ਦਲਾਲਾਂ ਨੇ ਚਮਕਦਾਰ ਚਿੱਤਰ ਕੇ ਬਿਆਨ ਕੀਤਾ, ਜਿਸ ਨੂੰ ਸੁਣ ਕੇ ਕੁਝ ਮਨਚਲੇ ਮਿਹਨਤੀ ਪੰਜਾਬੀ ਸਿੱਖ ਕਾਮੇ ਸ਼ਾਹੂਕਾਰਾਂ ਕੋਲ ਜ਼ਮੀਨ ਗਹਿਣੇ ਰੱਖ ਕੇ ਸਫਰ ਲਈ ਪੈਸੇ ਹੱਥਾਂ ਹੇਠ ਕਰਕੇ ਕੈਨੇਡਾ ਨੂੰ ਚਲ ਪਏ।

2. ਪਾਣੀ ਵਿਚ ਚੱਲਣ ਵਾਲੇ ਅਗਨਬੋਟ ਚਲਾਉਣ ਵਾਲੀਆਂ ਕੰਪਨੀਆਂ ਦੇ ਦਲਾਲਾਂ ਨੇ ਕੈਨੇਡਾ ਨੂੰ ਆਉਣ ਵਾਲੇ ਅਗਨਬੋਟ ਦੀਆਂ ਟਿਕਟਾਂ ਵੇਚ ਕੇ ਚੋਖਾ ਕਮਿਸ਼ਨ ਕਮਾਉਣ ਖਾਤਰ ਕਾਮਿਆਂ ਨੂੰ ਕੈਨੇਡਾ ਆਉਣ ਲਈ ਉਕਸਾਇਆ ਤੇ ਉਨ੍ਹਾਂ ਦੀ ਇਥੇ ਪੁੱਜਣ ਵਿਚ ਮਦਦ ਕੀਤੀ।

3. ਮਿੱਲਾਂ ਦੇ ਮਾਲਕਾਂ ਨੇ ਗੋਰਿਆਂ ਦੇ ਮੁਕਾਬਲੇ ਘੱਟ ਉਜਰਤ ਤੇ ਕੰਮ ਕਰਨ ਵਾਲੇ ਬੇਹੁਨਰ, ਤਕੜੇ ਕੱਦ-ਕਾਠ ਵਾਲੇ ਮਿਹਨਤੀ

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਸਿੱਖ ਕਾਮਿਆਂ ਨੂੰ ਕੰਮ ਦੇ ਕੇ ਇਥੇ ਆਉਣ ਲਈ ਉਤਸ਼ਾਹਤ ਕੀਤਾ। [15]

ਕਿੰਗ ਦੀ ਇਹ ਭੀ ਰਾਏ ਸੀ ਕਿ ਕੁਝ ਲੋਕ ਆਪਣੇ ਆਪ ਇਥੇ ਆਏ ਹਨ। ਕੁਝ ਨੂੰ ਰਿਸ਼ਤੇਦਾਰਾਂ ਨੇ ਆਉਣ ਲਈ ਪ੍ਰੇਰਿਆ ਸੀ।

ਹਵਾਲੇ ਤੇ ਟਿੱਪਣੀਆਂ:

1. ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼, " ਬਸਤੀਵਾਦ ਬਾਰੇ" ,ਸਰਮਾਇਆ, (ਜਿਲਦ 1) ਸਫਾ 280
2. ਰਜਨੀ ਪਾਮਦਤ, ਅੱਜ ਦਾ ਹਿੰਦੁਸਤਾਨ, ਸਫਾ 193
3. ਉਪਰੋਤਕ, ਸਫਾ 119
4. ਡਿਗਵੀ, ਖੁਸ਼ਹਾਲ ਬਰਤਾਨਵੀ ਹਿੰਦੁਸਤਾਨ, ਸਫਾ 73
5. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, (ਪਹਿਲਾ ਹਿੱਸਾ) ਸਫਾ 15
6. ਉਪਰੋਤਕ, ਸ਼ਫਾ 19
7. ਡਿਗਵੀ, ਖੁਸ਼ਹਾਲ ਬਰਤਾਨਵੀ ਹਿੰਦੁਸਤਾਨ, ਸਫਾ 15
8. ਪੰਜਾਬ ਦੀ ਜ਼ਰਾਇਤ ਰਿਪੋਰਟ, 1924-25, ਸਫੇ 355-57
9. Sohan Singh Josh, Hindustan Gadar Party-A Short Story, 1977, p. 13
10. ਰਚਨਾ ਦੋਆਬ ਦੀ ਬਾਰ, ਪੰਜਾਬ ਸਰਕਾਰ ਦੀ ਰਿਪੋਰਟ, ਸਫਾ 3
11. Lala Lajpat Rai, Young India, New York, p. 126
12. Sohan Singh Josh, Hindustan Gadar Party-A Short Story, 1977, p. 17
13. Quoted in, 'Open letter to count Tolstoy' by Tarak Nath Das
14. Sohan Singh Josh, Hindustan Gadar Party-A Short Story, 1977, p. 39
15. Khushwant Singh & Satindra Singh, Ghadar 1915, p. 15

* * * * * *


* * *

* *

Sri Satguru Jagjit Singh Ji eLibrary NamdhariElibrary@gmail.com

ਕੈਨੇਡਾ 'ਚ ਪੰਜਾਬੀਆਂ ਦਾ ਆਗਮਨ

ਸਭ ਤੋਂ ਪਹਿਲਾਂ ਸਿੱਖ 1880 ਵਿਆਂ ਵਿਚ ਗੋਲਡਨ ਬੀ. ਸੀ. ਵਿਚ ਆਏ। ਉਨ੍ਹਾਂ ਦੇ ਗੋਲਡਨ ਪੁੱਜਣ ਦੀ ਪੱਕੀ ਤਾਰੀਖ ਹਾਲੇ ਖੋਜ ਦੀ ਮੁਥਾਜ ਹੈ। ਰੇ ਹੁੰਦਲ ਦੀ ਖੋਜ ਤੇ ਪੜਤਾਲ ਮੁਤਾਬਕ ਇਹ ਗੱਲ ਪੱਕੀ ਹੈ ਕਿ ਗੋਲਡਨ ਵਿਚ 1880-85 ਵਿਚ ਗੁਰਦੁਆਰਾ ਸੀ ਜਿਹੜਾ 1927 ਤੱਕ ਉਥੇ ਰਿਹਾ। ਗੋਲਡਨ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ। ਗੋਲਡਨ ਵਿਚ ਸਿੱਖ ਕਿਸ਼ਤੀਆਂ ਵਿਚ ਕੋਲੰਬੀਆ ਦਰਿਆ ਰਾਹੀਂ ਪੁੱਜੇ। ਕੋਲੰਬੀਆ ਰਿਵਰ ਲੰਬਰ ਕੰਪਨੀ ਨੇ ਲੰਬਰ ਮਿੱਲ ਵਿਚ ਸਿੱਖਾਂ ਨੂੰ ਕੰਮ ਦਿੱਤਾ।



ਕੁਲੰਬੀਆ ਰਿਵਰ ਮਿੱਲ ਗੋਲਡਨ ਜਿਥੇ ਸਿੱਖਾਂ ਨੂੰ 1880ਵਿਆਂ 'ਚ ਕੰਮ ਮਿਲਿਆ

Sri Satguru Jagjit Singh Ji eLibrary NamdhariElibrary@gmail.com

ਗੋਲਡਨ ਡਿਸਟ੍ਰਿਕਟ ਹਿਸਟੋਰੀਕਲ ਸੁਸਾਇਟੀ ਵਲੋਂ ਮਿਸ. ਹੈਦਰ ਮਿਲਰ ਦੀ ਲਿਖੀ ਕਿਤਾਬ 'ਕਿਨ ਬਾਸਕਟ ਕੰਟਰੀ' ਦੇ 57 ਸਫ਼ੇ ਉੱਤੇ ਸਿੱਖਾਂ ਬਾਰੇ ਸੂਚਨਾ ਦਰਜ ਹੈ। (ਇਥੇ ਦੇ ਲੋਕ ਸਿੱਖਾਂ ਨੂੰ ਉਸ ਵੇਲੇ ਹਿੰਦੂ ਕਹਿੰਦੇ ਸਨ।)

Golden & District Historical Society

BOX 992 -- GOLDEN, B.C.
VOA-1HO

May 4th, 1981

Mr. Ray Hundle,
Box 4090,
Golden, B.C. VOA 1HO

Dear Mr. Hundle;

This is the information you have requested about Sikh history and the history of Asian peoples in our valley.

Our records at the Golden & District Museum show very little about East Indian people. Though they are mentioned in a survey of the "Churches of the Columbia Valley", compiled by Miss Heather Miller. In this survey she quotes Rev. McRay, the Presbyterian minister in Golden 1902-13;

> "During the later 1880's a number of Hindu's moved here to work in the newly developed C.R.L. mill. They built a Hindu Temple not far fromwhere the school-board office is now, around which most of the Hindus built their homes. They were of the Sikhism religion."

When Rev. McRay was minister in town he invited the Hindus to services. They would take their shoes off before entering the church. The services would begin with the Lord's prayer in their native tongue. Most of the Sikhs moved away when the mill had to close in 1927 due to a massive forest fire.

I certainly hope this letter will help your quest Mr. Hundle.

Sincerely yours,

Fred Bjarnason,
secretary,
Golden & District Historical Society.

Sri Satguru Jagjit Singh Ji eLibrary NamdhariElibrary@gmail.com

ਰੇ ਹੁੰਦਲ ਦੀ 1979 ਵਿਚ 85 ਸਾਲ ਦੇ ਬੁਜ਼ਰਗ ਬਿਲੀ ਨਾਲ ਕੀਤੀ ਭੇਂਟ ਵਾਰਤਾ ਵਿਚ ਬਿਲੀ ਕਹਿੰਦਾ ਹੈ, "ਕਈ ਸਿੱਖ ਸੀ. ਆਰ.ਐੱਲ. ਸੀ. ਮਿੱਲ ਵਿਚ ਕੰਮ ਕਰਦੇ ਸਨ। ਉਨ੍ਹਾਂ ਦਾ ਆਗੂ ਸੁਰਜਨ ਸਿੰਘ ਸੀ। ਉਹ ਮਿੱਲ ਵਿਚ ਫੋਰਮੈਨ ਸੀ। ਇਕ ਹਰੀ ਸਿੰਘ ਸੀ ਜੋ ਲੱਤਾਂ ਬਾਹਾਂ ਬੰਨਣ ਦਾ ਕੰਮ ਭੀ ਕਰ ਲੈਂਦਾ ਸੀ। ਉਸ ਨੂੰ ਲੋਕ ਡਾਕਟਰ ਹਰੀ ਸਿੰਘ ਕਹਿੰਦੇ ਸਨ। ਸੁਰਜਨ ਸਿੰਘ ਤੋਂ ਬਾਅਦ ਹਰਦਿੱਤ ਸਿੰਘ ਮਿੱਲ ਵਿਚ ਫੋਰਮੈਨ ਬਣ ਗਿਆ ਸੀ। 1927 ਵਿਚ ਜਦ ਮਿੱਲ ਅੱਗ ਲੱਗਣ ਕਾਰਨ ਸੜ ਗਈ ਤਾਂ ਗੁਰਦੁਆਰਾ ਭੀ ਬੰਦ ਹੋ ਗਿਆ ਤੇ ਸਿੱਖ ਭੀ ਉਥੋਂ ਚਲੇ ਗਏ।"

ਰੇ ਹੁੰਦਲ ਦੇ ਕਹਿਣ ਅਨੁਸਾਰ, ਉਹ ਹਰਦਿੱਤ ਸਿੰਘ ਦੀ ਲੜਕੀ ਦਾਸੋ ਨੂੰ ਮਿਲਿਆ ਹੈ, ਜੋ ਗੋਲਡਨ ਵਿਚ ਹੀ ਜੰਮੀ ਸੀ ਤੇ 1979 ਵਿਚ ਵਿਕਟੋਰੀਆ ਵਿਚ ਰਹਿੰਦੀ ਸੀ। ਦਾਸੋ ਨੇ ਰੇ ਹੁੰਦਲ ਨੂੰ ਦੱਸਿਆ ਕਿ ਹਰਦਿੱਤ ਸਿੰਘ ਦੀ ਲੰਬਰ ਮਿੱਲ ਵਿਕਟੋਰੀਆ ਬੀ.ਸੀ. ਵਿਚ ਸੀ। (ਦਾਸੋ ਨੂੰ ਇਹ ਯਾਦ ਨਹੀਂ ਕਿ ਉਸ ਦੇ ਪਿਤਾ ਹਰਦਿੱਤ ਸਿੰਘ ਨੇ ਇਹ ਮਿੱਲ ਕਦ ਲਗਾਈ ਸੀ।) 1979 ਵਿਚ ਹਰਦਿੱਤ ਸਿੰਘ ਦਾ ਪੋਤਾ ਪਿਆਰਾ ਸਿੰਘ ਉਸ ਨੂੰ ਚਲਾ ਰਿਹਾ ਸੀ।

ਨੋਰਮ ਕਿੰਗ ਦੇ ਬਿਆਨ ਜੋ ਰੇ ਹੁੰਦਲ ਨੇ ਟੇਪ ਕੀਤੇ ਹੋਏ ਹਨ, ਵਿਚ ਕਿੰਗ ਦੱਸਦਾ ਹੈ ਕਿ ਉਸਨੂੰ ਪੱਕੀ ਤਰ੍ਹਾਂ ਯਾਦ ਹੈ ਕਿ ਇਥੇ 1880ਵਿਆਂ ਵਿਚ ਸਿੱਖ ਰਹਿੰਦੇ ਸਨ। ਇਥੇ ਉਨ੍ਹਾਂ ਦਾ ਗੁਰਦੁਆਰਾ ਵੀ ਸੀ। ਉਹ ਸੀ. ਆਰ. ਐੱਲ. ਸੀ. ਮਿੱਲ ਵਿਚ ਕੰਮ ਕਰਦੇ ਸਨ। ਹਰਦਿੱਤ ਸਿੰਘ, ਵਤਨ ਸਿੰਘ, ਹਰੀ ਸਿੰਘ, ਅਰਜਨ ਸਿੰਘ ਤੇ ਕਰਤਾਰ ਸਿੰਘ ਦੇ ਨਾਂ ਯਾਦ ਹਨ। ਇਨ੍ਹਾਂ ਵਿਚੋਂ ਤਿੰਨ1923 ਜਾਂ 1924 ਵਿਚ ਭਾਰਤ ਤੋਂ ਵਿਆਹ ਕਰਾ ਕੇ ਆਏ ਸਨ। ਉਹ ਨੋਰਮ ਕਿੰਗ ਦੀ ਮਾਂ ਮਿਸ ਟੌਮ ਕਿੰਗ ਲਈ ਕੁਝ ਤੋਹਫੇ ਵੀ ਲਿਆਏ ਸਨ। ਟੌਮ ਕਿੰਗ ਐਮ. ਐੱਲ. ਏ. ਵੀ ਸੀ। ਨੌਰਮ ਨੂੰ ਇਹ ਭੀ ਯਾਦ ਹੈ ਕਿ ਉਨ੍ਹਾਂ ਦੇ ਬੱਚੇ ਭੀ ਜੰਮੇ ਸਨ। ਜਦ 1927 ਵਿਚ ਮਿੱਲ ਸੜ ਗਈ ਤੇ ਬੰਦ ਹੋ ਗਈ ਤਾਂ ਸਿੱਖ ਵੀ ਉਥੋਂ ਚਲੇ ਗਏ। ਗੁਰਦੁਆਰੇ ਦੀ ਰੱਗ ਉਹ ਨੌਰਮ ਹੁਰਾਂ ਨੂੰ ਦੇ ਗਏ ਸਨ। [1]

(1.)

I, Ray Hundle, have worked one year as of today, December 7, 1979, to research the East Indians. How they came to this country and when they came. I also researched their history of Golden and records at the Golden Museum, which were written by Heather Miller.

A priest who's name was MacRay, head of the Presbeterian Church, was united by the Golden Sikh Temple. He spoke in his own words about the Hindus, how they lived and worshipped when they built the first Sikh Temple in Golden in 1880. There is also Government proof that there was a Sikh Temple from 1880 to 1927. At this time there was a big fire. Then our people moved towards the West coast. Now our history writer wrote that the East Indians came to this country in 1906. My investigations prove that they came before 1906. I Also have proof from the Golden Muscum Records which is attached with my letter. It also says in a book "Columbia Valley Churches", on page "57" found in "Kin Basket" that the history began in 1890. This is a printing mistake. The actual date was 1880. This date is recorded in the Golden Museum.

Today we have been in this country for one hundred years. We should all celebrate our one hundred Year Anniversary. It doesn't matter what Church you belong to, Hindu, Muslem, Sikh or Christian.

Sri Satguru Jagjit Singh Ji eLibrary NamdhariElibrary@gmail.com

All Assians are involved in this history. It does not make any difference what religion you are a part of or what your beliefs are.

In this history ther is also an indication of just how well and respectful our people used to be. We must once again take a hard and honest effort towards our respectful belief in God which we once showed very strongly. This used to be the definition of how the East Indians lived.

The East have been in this western world for now one hundred years. We must all celebrate and make a promise to God that we will be best Canadians and we should be.

We have all adopted this country. This country gives us a much better standard of living and a better understanding. All of the East Indians, especially the Sikh, play a large role in the western world. They brought the culture of the Indians, and of all the Assian countries. Some of these countries include Indian Pakistan, the Arab countries, Burma, Singapore and many other Assian countries. The Sikh people have sacrificed himself, as for many Assian people.

The History of Golden shows that our people came to this country in 1880 through the way of the Columbia River by steam ship. They were hired to work by the C. R. L. C. Lumber Mill. There is also proof by the interviewing of some local people aged from about seventy to ninety years old that there was an East Indian Supervisor in the C. R. L. C. Lumber Mill. This mill was located on the side of the

Sri Satguru Jagjit Singh Ji eLibrary NamdhariElibrary@gmail.com

Columbia River.

I have also found pictures of the mill. Some of the first people were Surjan Singh and Doctor Hari Singh. Surjan Singh was supervisor in the saw mill. The facts are the words of an old timer, age of about eighty-five. People call him Billey. I also went to see an old timer in the Golden General Hospital. He was age eighty-five to ninety years old. He did not hardly speak, but he was very pleased to talk and hear about the Sikh history and the temple.

I have also tape recordings about our people, how good and well respectfully they lived. In Surjan Singh times, the people came up here from the States by steam ship. Approximately twenty to twenty-five years in some time after Surjan Singh, Doctor Hari Singh left towards the East and Hardit Singh took over as the foreman of C. R. L. C. Hardit Singh has a saw mill at the present time in Victoria. The name of that mill is, Plumper Bay Mill, Admiral Road, Victoria B. C. Hardit Singh's Grandson is running the saw mill now. I have also met all of his family in Victoria. I met Dasu, daughter of Hadit Singh, one of Hardit Singh's sons. They call him Pira Singh Johal. (Johal is the family last name. ~~Dasu~~ Pari was born in Golden.

There has not been anybody, before I came to

Sri Satguru Jagjit Singh Ji eLibrary NamdhariElibrary@gmail.com

November 19, 1979, to research about the history of our people. Our history writer came to this country, then went to the big cities that all of the rest of them went ot before. The historical people came to the big cities to have a good time then went back to India.

Now I go a lot of places. I walk in the snow and through the bushes on the side of the Columbia River to find more things, the side of the Old Church, pictures and movies. There is nobody who wants to help. I pay all of the long distant phone calls myself.

All this is my concern; to correct history of the East Indians and to show to the Public how well respected these people were. I also must prove that they were hard workers and real Canadian. I do wish that all our people would take this example from the history of Golden and prove to yourself to be a good Canadian on the day of our one hundred years in Canada. Every Temple, church, mander and masq should celebrate one hundred years in the United States and Canada.

We should also start a temple and name it the Golden Sikh Temple. That was the name one hundred Years back. We have all decided to give it the same name again. It runs under society. The name is Golden Sikh Cultural Society. The address is Post Office Box 1125, Golden, B. C. We ask all the people who live in the

Sri Satguru Jagjit Singh Ji eLibrary NamdhariElibrary@gmail.com

United States and Canada to donate for this history that I have to complete

I am only asking every Assian to help us to keep our history alive. It does not matter what religion you belong to.

Guru Nanak gave an example to the world that there is only one God. Guru Nanak helped to join all religions together as one and to respect every religion. I think the people of every town, city or society should celebrate one hundred years and make donations to the Golden Sikh Temple, Golden, B. C.

This temple has a history of Hindu, Sikh, Muslem, Sikh and Christian all together. There is the same example in Amritsar Golden Temple (In India).

I will send you more reports next week of how I started and why I started to research. Letters are from the museum and Kin Basket, book of Churches on page "57" will be attached. There is also a story of how we organized the society (next chapter). and a copy of the construction.

Our construction is going to stop without public help. The building has started and the roof is on. The government has promised us funding but they are too late. Please send your donations to Golden Sikh Cultural Society, Post Office Box 1125, Golden, B. C. For further information contact Ray Hundle at Box 4090, Golden, B. C. Phone: 344-6757

Yours Sincerely
Ray Hundle



ਰੇਅ ਹੁੰਦਲ

Sri Satguru Jagjit Singh Ji eLibrary NamdhariElibrary@gmail.com

HOSPITAL RECORDS

ANDREW SINGH-Age 30-Single-Male-Born India-Laborer-Sikh-CRL Co. Mar.15-Mar.23. Hemroids-1909

H. SINGH-Age 50-Married- India-Laborer-Sikh-CRL Co. Jan 21-Feb 5-Frostbite-1st and 2nd toe amputated-1909

HARI SINGH-Age 24-India-Laborer-Sikh-CRL Co.-Sept 24-27-Influenza-1908

HARI SINGH-Age 24-India-Laborer-Sikh-CRL Co.-Mar 23-27-La Grippe-1908

SO SINGH-Age 36-Male-Married-Laborer-Sikh-CRL CO. Nov 22-30th 1907-Bronchitis

GOLYAR SINGH-Age 40-Male-Married-India-Laborer-Sikh-CRL Co.-Dec 16-31-Influenza-Wife in India

BOOJU SINGH-Age 26-Male-Single-Laborer-Sikh-CRL Co.-June 28th-July 11.-Pluerasy and iffesion-1909

SINGH #2-Age 22-Male-Single-Laborer-Sikh-CRL Co.-Aug 20-25 Gastro Intestis-1909

HINDU #53-Male-India-Laborer-Sikh-CRL Co.-Mar 30-31-Lacerations-Golden-1910

HINDU #152-India-Laborer-CRL Co.-May 7-21-Lacerations-1910

JAMITA SINGH-Age 60-Widower-ZIndia-Laborer-Sikh-CRL Co.-Jan.30-Feb.2-1911

HINDU #89-Age 30-Male-India-Laborcer-Sikh-CRL Co.-July 15-17th-Arthritis-Golden

MILKA SINGH-Age 27-Male-Widower-India-Hindu-CRL Co.-July 7-11 Sprained Ankle-Cast Applies July 11-1913

HIRA SINGH-Age 30-Male-Single-India-Laborer-CRL Co-Hindu-July 13-Amputation of Finger

HARA SINGH-Age 30-Male-Single-India-Laborer-CPR Section July28-30-Influenza-

SUNDAR SINGH-Age 50-Male-Widower-Born India-Laborer-Hindu-Feb 1-April 20-Fractured Femur-1914

SON SINGH #279-Age 50-Male-Single-Born India-Laborer-Sikh-CRL Co. July 18-Oct7-Fractured Leg-1914

DWAN SINGH-Age 30-Male-Married-Born India- Laborer-Hindu-CRL Co.-Aug 28-30th-Gastritis-1914

Sri Satguru Jagjit Singh Ji eLibrary NamdhariElibrary@gmail.com

RALA SINGH-Age 33-Male-Single-Born India-Laborer-CRL Co.-Sept 8-October 23-Bruised Leg-

ARGAN SINGH-AGe 35-Male-Widower-Born India-Laborer-CRL Co.-Oct 9-Oct 23-Bruised Knees-

TARKA SINGH-Age 19-Male-Single-Born India-Laborer-CRL Co.-Feb 6-Feb 8-Circumcision-1917

SUNDAR-Age 45-Male-Single-Born India-Laborer-CRL Co.-Apr 17-May 7-Lacerated Rt Arm-Amputated Middle-1917

SANDU SINGH-Age 40-Male-Married-Born India-Laborer-CRL Co.-Aug 15-26th-Eczema of Leg-1917

OJAGAR SINGH-Male-Single-Born India-Sikh-Mar.6-8th-Asthma-1918

CATAR SINGH-Age 45-Male-Married-Born India-Laborer-CRL Co.-Sept.29-Oct.7-Febricula-1919

GERBUTTAN SINGH-Age 58-Male-Married-Born India-Laboroer-May 23-25th-Infected Finger-1921

MRS HIRDIT SINGH-Age 35-Female-Born India-Wife-Aug 26-31st-Pregnancy-1924

BABY HIRDIT SINGH-Male-Born Canada-Aug 26-31-Birth-1924

BABY HIRDIT SINGH-Born Canada-Oct30-31st-Enteritis-1924

BUTTON SINGH-Age 48-Male-Married-India-Laborer-CRL Co.-March 31-Apr.2-Contused Back-1926

Sri Satguru Jagjit Singh Ji eLibrary NamdhariElibrary@gmail.com

ਗੋਲਡਨ ਬੀ. ਸੀ. ਵਿਚ ਰਹਿੰਦੇ ਉਨ੍ਹਾਂ ਸਿੱਖਾਂ ਦਾ 1927 ਤੋਂ ਪਹਿਲਾਂ ਬੀ. ਸੀ. ਵਿਚ ਖਾਸ ਕਰਕੇ ਵੈਨਕੂਵਰ ਵਿਚ ਰਹਿੰਦੇ ਸਿੱਖਾਂ ਨਾਲ ਮੇਲਜੋਲ ਸੀ ਜਾਂ ਨਹੀਂ, ਇਹ ਗੱਲ ਵੀ ਖੋਜ ਦੀ ਮੁਥਾਜ ਹੈ।

ਸਿੱਖਾਂ ਦੇ 1880ਵਿਆਂ ਵਿਚ ਗੋਡਲਨ ਵਿਚ ਹੋਣ ਦੇ ਹੋਰ ਵੀ ਕਈ ਸਬੂਤ ਮਿਲਦੇ ਹਨ ਜੋ ਉਥੋਂ ਦੇ ਸਥਾਨਕ ਅਖਬਾਰਾਂ ਦੇ ਅੰਕਾਂ ਵਿਚ ਦਰਜ ਹਨ।

Sikhs want land back for new temple

A search for early roots in Canada has prompted local East Indian Sikhs to suggest that members of their faith have lived in the Columbia Valley since the late 1880's.

A temple site in Golden which was abandoned when the major mill closed down because of fire in 1927 has prompted the local East Indian community to appeal to B.C.'s premier for help.

Sikh community member Ray Hundle has been investigating the local roots of the East Indian community in Golden for the past four months. He's taped oral histories as recounted from local old-timers, researched the local Museum archives, and lately is mounting a campaign to assist the construction of a new house of worship.

The early Sikh community concluded their settlement in Golden around 1927. A fire in the Columbia River Logging Company closed the mill and most of the East Indian community migrated to the west coast of the province.

Hundle says that his research shows that most of the early Sikh settlers here were manual labourers who stacked lumber in the pre-mechanical mill days.

Hundle argues that since history indicates the Sikhs have had their temple perhaps as early as 100 years ago, they are entitled to claim the same land back from the government.

Hundle has also approached the Mayor of Golden twice now. The Mayor has told the Sikhs that the Town can help only through rezoning and by the standard tax write-off for churches.

The crown land site is situated on low lying flood plains quite close to the Columbia River. Hundle says though, that his research into the history shows that the early temple had a walkway constructed four or five feet above the ground. The Sikhs could live with a flood covenant, and building plans would have to be adjusted accordingly he said.

Hundle says that the Sikh community temple committee drafted him to carry out the research while other community members are busy discussing fund raising and building construction plans.

East Indian settlement in this valley in this century began in the mid-1950's, and Hundle says he can't understand why the community hasn't bothered to trace their early history earlier.

Certainly the quest to find a temple site -- preferably on the old site, has been the latest spark of interest: Hundle says that if the government denies the community their historic right the community will then have to purchase their own land.

Ray Hundle is a man with a mission, the temple investigation is only part of his drive to retain portions of the East Indian culture.

He believes that it is important for the Sikhs to remember their own background and culture, even though they must adapt to Western society.

Hundle says that he and other volunteers are dedicated in preserving the punjab language, as well as other East Indian dialects. Volunteers will provide free tutoring and books for any interested community members -- contacts may be made through the local librarian.

The Sikh community decided to call their temple the Golden Sikh Temple this April, and have started gathering a building fund of money -- for wherever construction is located.

Sri Satguru Jagjit Singh Ji eLibrary NamdhariElibrary@gmail.com

NEW TWIST TO LAND CLAIM:

Sikhs want land back for new temple

A search for early roots in Canada has prompted local East Indian Sikhs to suggest that members of their faith have lived in the Columbia Valley since the late 1880's.

A temple site in Golden which was abandoned when the major mill closed down because of fire in 1927 has prompted the local East Indian community to appeal to B.C.'s premier for help.

The community believes that 'once a church site -- always a church site'. They will be asking for claim to the crown land at the extreme end of Ninth Avenue which once housed a Sikh temple - long ago in an until-recently forgotten past.

Sikh community member Ray Hundle has been investigating the local roots of the East Indian community in Golden for the past four months. He's taped oral histories as recounted from local old-timers, researched the local Museum archives, and lately is mounting a campaign to assist the construction of a new house of worship.

The Sikh religion is a derivative of the Hindu sect, and is widely practised by punjab speaking East Indians.

A Golden Historical Society historical sketch provides the first clues of the early Sikh community in a book entitled Kinbasket Country (published by Mica Publishing). The earliest mention, as reported by Heather Miller indicates that the temple did exist.



"During the late 1880's a number of Hindus moved here to work in the newly developed mill. They built a Hindu Temple not far from where the School Board office is now, around which most of the Hindus built their homes. They were of the Sikh religion.

"When Mr. McRay was the Presbyterian minister (1902-13) he invited the Hindus to services. They would take their shoes off before entering the church. The service would begin with the Lord's Prayer in their native language."

The early Sikh community concluded their settlement in Golden around 1927. A fire in the Columbia River Logging Company closed the mill and most of the East Indian community migrated to the west coast of the province.

Hundle says that his research shows that most of the early Sikh settlers here were manual labourers who stacked lumber in the pre-mechanical mill days.

The exact date of the temple construction is uncertain, although it certainly existed in Golden prior to 1927 and after the Hindus first began settling here in the late 1880's.

A first person account from one old-timer recounts the story that the temple building was purchased from the Ninth Avenue location and moved to 12th Street. The wooden structure was used on a dairy farm until the owner had no other use for the building -- then it was demolished.

Hundle received a valuable oral history contribution from Norman King, whose family has settled in these parts since the early history of settlement of Golden.

Hundle says King's memory is the most valuable source he's found -- the old timer even recalls individual names of members of the Sikh community.

King's family was close to the Sikh community -- when the mill burnt and the community moved to the coast, they left the King family the temple carpet.

In King's evidence, he remembers the Sikh's quite well, having eaten with them and having actually been inside their temple. He pinpointed the temple site for Hundle -- adjacent to the last remnants of the road as it cuts a corner down to the old mill site.

King identified one Hardit Singh for Hundle -- the local Sikh 'foreman' on the mill site who was leader of the community at the time.

Hundle says Singh moved to Victoria in 1927 and raised a family there. He consequently became a millionaire from operating a mill -- and his two sons are believed to be still living in that city

Hundle wrote Premier Bill Bennett on June 2nd. He is requesting, on behalf of the local Sikh community, that the premier "help us obtain land to build our own temple in Golden".

On June 5th, Hundle also wrote MLA Jim Chabot requesting assistance.

Hundle requests assistance from Chabot in the land matter, saying that 70 families in Golden in addition to 20 other families from Radium want the temple.

Hundle writes "I request you as our MLA to support us in this effort at least give our land back to us so that we can construct our own temple."

Several visits to the Municipal Office has also unearthed the fact that the temple sat on Lot 11, Plan 5874 -- formerly land owned by the Columbia River Lumber Company, and since reverted back to the crown.

Hundle argues that since history indicates the Sikhs have had their temple perhaps as early as 100 years ago, they are entitled to claim the same land back from the government.

Hundle has also approached the Mayor of Golden twice now. The Mayor has told the Sikhs that the Town can help only through rezoning and by the standard tax write-off for churches.

The crown land site is situated on low lying flood plains quite close to the Columbia River. Hundle says though, that his research into the history shows that the early temple had a walkway constructed four or five feet above the ground. The Sikhs could live with a flood covenant, and building plans would have to be adjusted accordingly he said.

Investigations into the matter have resulted in several tape recordings of the oral history from early residents such as Billy Wenman and the Wixon family.

Hundle says that the Sikh community temple committee drafted him to carry out the research while other community members are busy discussing fund raising and building construction plans.

East Indian settlement in this valley in this century began in the mid-1950's and Hundle says he can't understand why the community hasn't bothered to trace their early history earlier.

Certainly the quest to find a temple site -- preferably on the old site, has been the latest spark of interest. Hundle says that if the government denies the community their historic right the community will then have to purchase their own land.

Ray Hundle is a man with a mission, the temple investigation is only part of his drive to retain portions of the East Indian culture.

He believes that it is important for the Sikhs to remember their own background and culture, even though they must adapt to Western society.

Hundle says that he and other volunteers are [illegible] punjab language, as well as other East Indian dialects. Volunteers will provide free tutoring and books for any interested community members - contacts may be made through the local librarian.

Recent literature explaining the history of the Sikh religion says that its development in 1699 marked the "social regeneration and political awakening in that country as a whole". In the new order established by Sikh founder Guru Bo Gobind Singh all castes were abolished.

The Sikh community decided to call their temple the Golden Sikh Temple this April, and have started gathering a building fund of money -- for whatever construction is located.

Sri Satguru Jagjit Singh Ji eLibrary NamdhariElibrary@gmail.com

Sikhs seek temple site

First Sikh temple in Golden in 1880

In researching the history of Sikhism in Golden, Ray Hundle, a member of the Sikh community in Golden, has discovered that one of the earliest buildings in Golden was a Sikh temple, built here in 1880, on a site south of the Oldham's Transport warehouse in what is now part of a slough.

The Sikh community: currently comprising about 70 families in Golden, is not only looking for a site on which to construct a temple for regular weekly worship according to Sikh traditions but is also concerned to show the people of Golden that they are not recent immigrants. but have, in fact, as long a history in Golden as anyone else.

To this end, Ray Hundle has taped interviews with various long-time residents of Golden including Billy Wenman, Jack Henderson and Norm King.

Norm remembers the earlier Sikh temple well for it existed until the C.R.L. mill closed down in 1927. He recollects many of the early Sikhs who worked at the mill and worshipped at the temple, too. Their boss was Hardit Singh whose son, Piara Singh is now living in Victoria. Watan Singh, Hari Singh, Arjan Singh and Kartar Singh were four other Sikhs that Norm remembers. All of them had come from the Punjab in India to work at the C.R.L. mill. Three of them returned to India to marry in 1923 or 24 and came back to Golden with their brides and bearing gifts, including slippers and scarves for Norm's mother, the late Mrs. Tom King, remembers Norm: Several of their children were born in Golden, but when forest fire destroyed C.R.L.'s logging business and the mill had to close down, all 45-50 Punjabs moved away. Before they did so they dismantled their temple, giving the carpet from it to the Kings with whom they had been friendly, buying their milk cows from the King farm.

They were all good citizens and good workers, affirmed Norm in the taped interview. The first of the present generation of Sikhs in Golden was Gurdial Singh Dhani who came here in 1962.

The Sikh families presently in Golden are mainly from the Punjab, the home of Sikhism in India. They meet together once a month at the Sno-Kings Kastle to worship. They are aiming to raise approximately $100,000 with which to construct their temple. At a Sikh service at the Sno-Kings Kastle featured in both local papers: recently over $2,000 was donated to the altar for the new temple.

The Khun Khun family looks after the Holy Book from which Surinder Khun Khun gives readings during the service. This Holy Book will go into the new temple when it is built. Unlike Christian churches in which every member of the congregation has a copy of the Bible of their own, there is only one Holy Book in each Sikh congregation. It is, of course, written in Punjabi, the language of Sikhism.

The historical site of the original Sikh temple is apparently now Crown land, outside the present boundaries of the Town of Golden.

Ray Hundle will be taking his research and a request from the Golden Sikh community for a site for their church to Victoria, where he hopes to see appropriate ministers with a view to being granted a temple site in lieu of the original one. If highway by-pass plans come into effect and that part of the slough can be back-filled and is accessible from the by-pass the Sikhs would, of course, be pleased to rebuild a temple on the original site.

Sri Satguru Jagjit Singh Ji eLibrary NamdhariElibrary@gmail.com

SUMMARY OF SIKH PRESENCE IN GOLDEN

PIONEERS: 1880 - 1927
ABSENT: 1927 - 1962
CURRENT: 1962 - PRESENT

PIONEERS:

Articles from the Golden Star:

1893 - May 13; article speaks uneasily of trainloads of immigrants passing through

1906 - Sept. 1; "four high caste Hindoos arrived in Golden last Saturday will go to work for the CRL Co . . ."

1910 - March 26 "Sargan Singh has left for the coast to hire about 100 Hindus for the C R L Co."

1911 - Sept 23; reports "Hindoo (accidently) killed at C R L Co. Mill

1914 - May 2, 23, 28, June 4, July 6, 23; articles re the Komagata Maru incident
-May 5; article listing ethnic origins of Goldenites, incl. "Hindus"

1915 - August 21; list of donators to the Canadian Patriotic fund, incl. four sikh names

1919 - Jan 9; article honouring Bugler Harry Singh, wounded in WW I.

1991 - historical article tracing Sikh presence and the first Gurudwara

1991, Oct. 11 - World Sikh News; article re Sikh presence in golden, states first Gurudwara build in 1890, refers to Kinbasket Country: the story of Golden and the Columbia Valley, Golden Historical Society, 1972

1890 - Kinbasket Country: the story of Golden and the Columbia Valley, Golden Historical Society, 1958 edition. States that a "Hindu temple" was built in Golden around 1890

Sri Satguru Jagjit Singh Ji eLibrary NamdhariElibrary@gmail.com

TELEGRAMS, POLICE RECORDS:

1902: JULY 20 - telegram sent by one Geha Singh via Small & Bucklin for $1000.00

1904: Acting Chief Constable Sutherland, responds to inquiries from Inder Singh of Auckland NZ, re his son Bactour Singh. Bactour was confirmed as working at the C L R Co. mill

1913: property register, signatures to receiving all back (police register?) includes three Sikh signatures in Gurmikhi Script

1913: Police record for Oct. 13 entry names four Sikh men

HOSPITAL RECORDS:

1907 - So Singh, m., 36 yrs. bronchitis
- Golyar Singh, m., 40 yrs. influenza

1908 - Hari Singh, m., 24 yrs. influenza
- " " grippe

records continue to 1926

Sri Satguru Jagjit Singh Ji eLibrary NamdhariElibrary@gmail.com

ਬਹੁਤ ਸਾਰੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ 1897 ਵਿਚ ਜਦੋਂ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਲੰਡਨ ਵਿਚ ਮਨਾਈ ਗਈ ਉਸ ਸਮੇਂ ਭਾਰਤ ਤੋਂ ਸਿੱਖ ਰਜਮੈਂਟ ਅਤੇ ਰਸਾਲੇ ਦੇ ਕੁਝ ਜਵਾਨ ਜੁਬਲੀ ਦੇ ਜਸ਼ਨਾਂ ਦੀ ਸ਼ਾਨ ਵਿਚ ਵਾਧਾ ਕਰਨ ਲਈ ਆਏ। ਉਨ੍ਹਾਂ ਨੂੰ ਕੈਨੇਡਾ ਦੀ ਸੈਰ ਲਈ ਲਿਆਂਦਾ ਗਿਆ। ਉਨ੍ਹਾਂ ਵਿਚੋਂ ਕੁਝ ਇਥੋਂ ਦੀ ਆਬੋ ਹਵਾ ਤੇ ਰੋਟੀ ਰੋਜ਼ੀ ਦੇ ਜ਼ਿਆਦਾ ਸਾਧਨ ਵੇਖ ਕੇ ਇਥੇ ਹੀ ਰਹਿ ਗਏ। ਫੌਜੀ ਨੌਕਰੀ ਨਾਲੋਂ ਜ਼ਿਆਦਾ ਧਨ ਕਮਾਉਣ ਦੀ ਲਾਲਸਾ ਨੇ ਉਨ੍ਹਾਂ ਨੂੰ ਇਥੇ ਰਹਿਣ ਲਈ ਪ੍ਰੇਰਿਆ। ਜੋ ਵਾਪਸ ਗਏ ਉਨ੍ਹਾਂ ਨੇ ਰਾਹ ਵਿਚ ਪੈਂਦੇ ਟਾਪੂਆਂ ਵਿਚ ਰਹਿੰਦੇ ਸਿੱਖਾਂ ਨੂੰ ਕੈਨੇਡਾ ਵਿਚ ਜ਼ਿਆਦਾ ਮਜ਼ਦੂਰੀ ਮਿਲਣ ਤੇ ਰਹਿਣ ਸਹਿਣ ਲਈ ਚੰਗੇ ਵਾਤਾਵਰਨ ਤੇ ਖੁਲ੍ਹੀਆਂ ਜ਼ਮੀਨਾਂ ਬਾਰੇ ਗੱਲਾਂ ਕੀਤੀਆਂ। ਉਥੋਂ ਵੀ ਫੇਰ ਸਿੱਖ ਇਧਰ ਆਏ। ਜਦੋਂ ਉਹ ਫੌਜੀ ਸਿੱਖ ਪੰਜਾਬ ਦੇ ਆਪਣੇ ਪਿੰਡਾਂ ਵਿਚ ਗਏ ਤਾਂ ਉਨ੍ਹਾਂ ਉਥੇ ਵੀ ਕੈਨੇਡਾ ਬਾਰੇ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਸੁਣ ਕੇ ਕਈ ਲੋਕਾਂ ਨੇ ਇਥੇ ਆਉਣ ਦਾ ਮਨ ਬਣਾ ਲਿਆ। ਜਿਹੜੇ ਸਿੱਖ ਕੈਨੇਡਾ ਵੇਖ ਕੇ ਗਏ ਸੀ ਉਨ੍ਹਾਂ ਵਿਚੋਂ ਵੀ ਕੁਝ ਕੈਨੇਡਾ ਮੁੜ ਆਏ ਤੇ ਹੋਰਨਾਂ ਨੂੰ ਵੀ ਨਾਲ ਲਿਆਏ। [2]



ਮਹਾਂਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੇ ਜਸ਼ਨਾਂ 'ਚ ਸ਼ਾਮਲ ਸ਼ਾਹੀ ਸਿੱਖ ਰੈਜਮੈਂਟ ਅਤੇ ਰਸਾਲੇ ਦੇ ਜਵਾਨ, ਲੰਡਨ, 1897

Sri Satguru Jagjit Singh Ji eLibrary NamdhariElibrary@gmail.com




ਮਹਾਂਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਜਸ਼ਨਾਂ 'ਚ ਸ਼ਾਮਲ ਸਿੱਖ ਫੌਜੀ ਅਫਸਰ




ਮਹਾਂਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਜਸ਼ਨਾਂ 'ਚ ਸ਼ਾਮਲ ਸਿੱਖ ਫੌਜੀਆਂ ਦੀ ਪ੍ਰੇਡ ਦਾ ਇਕ ਦ੍ਰਿਸ਼

Sri Satguru Jagjit Singh Ji eLibrary NamdhariElibrary@gmail.com




THE ROYAL PROCESSION CROSSING WESTMINSTER BRIDGE.



THE ESCORT OF INDIAN CAVALRY PASSING THROUGH THE HORSE GUARDS FOLLOWED BY THE QUEEN'S CARRIAGE

Sri Satguru Jagjit Singh Ji eLibrary NamdhariElibrary@gmail.com



ਮਹਾਂਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਜਸ਼ਨਾਂ 'ਚ ਸ਼ਾਮਲ ਹੋਣ ਤੋਂ ਬਾਦ ਸਿੱਖ ਰੈਜਮੈਂਟ ਵੈਨਕੂਵਰ 'ਚ



Sri Satguru Jagjit Singh Ji eLibrary NamdhariElibrary@gmail.com

ਕਰਤਾਰ ਸਿੰਘ (ਦੁਕੀ) ਲਤਾਲਾ ਦੇ ਬਿਆਨ ਮੁਤਾਬਕ ਸਭ ਤੋਂ ਪਹਿਲਾਂ ਕੈਨੇਡਾ ਪਹੁੰਚਣ ਵਾਲੇ ਸਿੱਖ ਨੂੰ ਇਕ ਅਮਰੀਕਨ ਥੀਏਟਰ ਕੰਪਨੀ ਸ਼ੰਘਈ ਤੋਂ ਲਿਆਈ ਸੀ ਜੋ ਬੀਨ ਵਜਾਉਂਦਾ ਸੀ। ਉਹ ਆਪ ਵੀ ਉੱਤਰੀ ਅਮਰੀਕਾ ਵਿਚ ਰਿਹਾ ਤੇ ਹੋਰ ਬੰਦੇ ਉਸ ਦੇ ਆਸਰੇ ਨਾਲ ਇਧਰ ਆਏ। ਰਜਨੀ ਕਾਂਤਾ ਦਾਸ ਆਪਣੀ 1923 ਵਿਚ ਲਿਖੀ ਕਿਤਾਬ ਦੇ ਸਫਾ 10 ਉੱਤੇ ਉਸ ਦਾ ਨਾਮ ਬਖ਼ਸ਼ੀਸ਼ ਸਿੰਘ ਅਤੇ ਆਉਣ ਦਾ ਸਮਾਂ 1899 ਦੱਸਦਾ ਹੈ।



The Dhillon family in Astoria about 1916. Seated 2nd and 3rd from left in middle row are : Rattan Kaur (mother) and Bakhshish Dhillon (father). Children from left to right : Kapur, Karm, Katar, Budh. The three unidentified men are Sikh friends.

Sri Satguru Jagjit Singh Ji eLibrary NamdhariElibrary@gmail.com


—San Francisco Chronicle April 6, 1899, p. 10

Sikhs Allowed to Land.

The four Sikhs who arrived on the Nippon Maru the other day were permitted yesterday to land by the immigration officials. The quartet formed the most picturesque group that has been seen on the Pacific Mail dock for many a day. One of them, Bakshied Singh, speaks English with fluency, the others just a little. They are all fine-looking men, Bakshied Singh in particular being a marvel of physical beauty. He stands 6 feet 2 inches and is built in proportion. His companions—Bood Singh, Variam Singh and Suhava Singh—are not quite so big. All of them have been soldiers and policemen in China. They were in the Royal Artillery, and the tall one with the unpronounceable name was a police sergeant in Hongkong prior to coming to this country. They hope to make their fortunes here and return to their homes in the Lahore district, which they left some twenty years ago.

Sri Satguru Jagjit Singh Ji eLibrary NamdhariElibrary@gmail.com

1902 ਵਿਚ ਐਡਵਰਡ ਅੱਠਵੇਂ ਦੀ ਤਾਜਪੋਸ਼ੀ ਲੰਡਨ ਵਿਚ ਹੋਈ। ਹਾਂਗ ਕਾਂਗ ਤੋਂ ਮਿਲੇ ਜੁਲੇ ਫੌਜੀਆਂ ਦੀ ਇਕ ਰਜਮੈਂਟ ਤਾਜਪੋਸ਼ੀ ਜਸ਼ਨਾਂ ਵਿਚ ਹਿੱਸਾ ਲੈਣ ਲਈ ਆਈ। ਉਨ੍ਹਾਂ ਵਿਚ ਵੀ ਬਹੁਤ ਸਾਰੇ ਸਿੱਖ ਸਨ। ਉਹ ਰਜਮੈਂਟ 3 ਜੂਨ 1902 ਨੂੰ 'ਇਮਪ੍ਰੈਸ ਆਫ ਜਾਪਾਨ' ਨਾਮੀ-ਸਮੁੰਦਰੀ ਜਹਾਜ਼ ਰਾਹੀਂ ਵਿਕਟੋਰੀਆ ਬੀ. ਸੀ. ਪੁੱਜੀ ਸੀ। ਵੈਨਕੂਵਰ ਪੁੱਜਣ 'ਤੇ ਉਨ੍ਹਾਂ ਦਾ ਫੌਜੀ ਰਸਮੋਂ-ਰਿਵਾਜ਼ ਮੁਤਾਬਿਕ ਨਿੱਘਾ ਸਵਾਗਤ ਤੇ ਇੱਜ਼ਤਮਾਣ ਕੀਤਾ ਗਿਆ। ਸਿੱਖ ਸਿਪਾਹੀ ਵੈਨਕੂਵਰ ਤੋਂ ਰੇਲ ਗੱਡੀ ਰਾਹੀਂ ਮਾਂਨਟਰੀਅਲ ਤੱਕ ਸੈਰ ਕਰਨ ਲਈ ਭੇਜੇ ਗਏ। ਮਾਂਨਟਰੀਅਲ ਤੋਂ ਪਾਣੀ ਦੇ ਜ਼ਹਾਜ਼ ਰਾਹੀਂ ਉਹ ਫੇਰ ਇੰਗਲੈਂਡ ਪੁੱਜੇ ਤੇ ਫਿਰ ਵਾਪਸ ਕੈਨੇਡਾ ਦੇ ਹੋਰ ਫੌਜੀਆਂ



ਕਿੰਗ ਐਡਵਰਡ 8ਵੇਂ ਦੀ ਤਾਜ਼ਪੋਸ਼ੀ ਦੇ ਜਸ਼ਨਾਂ 'ਚ ਸ਼ਾਮਲ ਮਿਲੇ ਜੁਲੇ ਫੌਜੀਆਂ ਦੀ ਇਕ ਰੈਜਮੈਂਟ ਜਿਸ 'ਚ ਬਹੁਤ ਸਾਰੇ ਸਿੱਖ ਸਨ ਜੋ 'ਇਮਪ੍ਰੈਸ ਆਫ ਜਾਪਾਨ' ਸਮੁੰਦਰੀ ਜਹਾਜ਼ ਰਾਹੀਂ ਵਿਕਟੋਰੀਆ ਪੁੱਜੇ ਸਨ

Sri Satguru Jagjit Singh Ji eLibrary NamdhariElibrary@gmail.com


ਨਾਲ ਇੰਗਲੈਂਡ ਤੋਂ ਵਾਪਸ ਵੈਨਕੂਵਰ ਆਏ। ਵੈਨਕੂਵਰ ਤੋਂ ਫਿਰ ਪਾਣੀ ਦੇ ਜਹਾਜ਼ ਰਾਹੀਂ 8 ਸਤੰਬਰ 1902 ਨੂੰ ਹਾਂਗਕਾਂਗ ਪੁੱਜੇ। ਉਨ੍ਹਾਂ ਨੇ ਵੀ ਕੈਨੇਡਾ ਦੀ ਚੰਗੀ ਆਰਥਿਕ ਹਾਲਤ ਬਾਰੇ ਜਾ ਕੇ ਦੱਸਿਆ। ਉਨ੍ਹਾਂ ਤੋਂ ਗੱਲਾਂ ਸੁਣ ਕੇ ਵੀ ਕੁਝ ਲੋਕ ਇਧਰ ਆਏ ਤੇ ਕਈ ਫੌਜੀ ਵੀ ਨੌਕਰੀ ਛਡ ਕੇ ਆ ਗਏ। [3]

ਹਾਂਗਕਾਂਗ ਵਿਚ ਰਹਿੰਦੇ ਹੋਏ ਪੰਜਾਬੀਆਂ ਨੇ ਦੋ ਟਾਪੂਆਂ ਅਸਟਰੇਲੀਆ ਤੇ ਅਮਰੀਕਾ ਬਾਰੇ ਸੁਣਿਆ ਹੋਇਆ ਸੀ ਕਿ ਉਥੇ ਹਾਂਗ ਕਾਂਗ ਨਾਲੋਂ ਧਨ ਕਮਾਉਣ ਦੇ ਜ਼ਿਆਦਾ ਮੌਕੇ ਹਨ। 1880 ਵਿਚ ਪੰਜਾਬੀ ਸਿੱਖ ਅਸਟੇਰੀਲਆ ਪੁੱਜੇ। 1901 ਵਿਚ ਏਸ਼ੀਅਨ ਲੋਕਾਂ ਦਾ ਉਥੇ ਜਾਣਾ ਤੇ ਰਹਿਣਾ ਕਾਨੂੰਨੀ ਤੌਰ 'ਤੇ ਬੰਦ ਹੋ ਗਿਆ। ਉਸ ਸਮੇਂ ਕੁਝ ਲੋਕ ਉਥੋਂ ਕੈਨੇਡਾ ਨੂੰ ਚੱਲ ਆਏ। ਵੀਰ ਸਿੰਘ ਮਝੈਲ (ਮੰਗਲ ਸਿੰਘ ਪਿੰਡ ਗੁਦੇ, ਜ਼ਿਲਾ ਅੰਮ੍ਰਿਤਸਰ, ਪੰਜਾਬ ਦੇ ਪਿਤਾ) ਕੁਝ ਸਾਥੀਆਂ ਸਮੇਤ 1902 ਵਿਚ ਕੈਨੇਡਾ ਪੁੱਜੇ ਸਨ।

ਅਰਜਨ ਸਿੰਘ ਚੰਦ ਦੀ ਡਾਇਰੀ ਵਿਚ ਲਿਖੇ 4 ਬੰਦੇ ਗੁਦੇ ਪਿੰਡ ਦੇ ਹਨ। ਹੋ ਸਕਦਾ ਹੈ ਉਹ ਵੀਰ ਸਿੰਘ ਨੇ ਬੁਲਾਏ ਹੋਣ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:-

1. ਸੰਤਾ ਸਿੰਘ ਪਿੰਡ ਗੁਦੇ ਜ਼ਿਲਾ ਅੰਮ੍ਰਿਤਸਰ, ਪੰਜਾਬ
2. ਭਗਤ ਸਿੰਘ ਪਿੰਡ ਗੁਦੇ ਜ਼ਿਲਾ ਅੰਮ੍ਰਿਤਸਰ, ਪੰਜਾਬ
3. ਮੇਲਾ ਸਿੰਘ ਪਿੰਡ ਗੁਦੇ ਜ਼ਿਲਾ ਅੰਮ੍ਰਿਤਸਰ, ਪੰਜਾਬ
4. ਸੰਧੀ ਤੇਲੀ ਪਿੰਡ ਗੁਦੇ ਜ਼ਿਲਾ ਅੰਮ੍ਰਿਤਸਰ, ਪੰਜਾਬ
5. ਜਵਾਲਾ ਸਿੰਘ ਖੜੋਦੀ ਜ਼ਿਲਾ ਹੋਸ਼ਿਆਰਪੁਰ, ਪੰਜਾਬ
6. ਇੰਦਰ ਸਿੰਘ ਸੁਰ ਸਿੰਘ
7. ਮੌਲਾ ਹਲਵਾਰਾ

ਸਿੱਖ ਪਹਿਲਾਂ ਸਿੰਘਾਪੁਰ, ਮਲਾਇਆ, ਹਾਂਗਕਾਂਗ, ਸ਼ੰਘਈ, ਚੀਨ ਦੀਆਂ ਬੰਦਰਗਾਹਾਂ, ਫਿਲਪਾਈਨ, ਆਸਟਰੇਲੀਆ, ਨਿਊਜ਼ੀਲੈਂਡ ਤੇ ਫੀਜੀ ਗਏ। ਅਮਰੀਕਾ ਕੈਨੇਡਾ ਤੋਂ ਹਾਂਗਕਾਂਗ ਸੰਘਾਈ ਅਤੇ ਫਿਲਪਾਈਨ ਦੀਆਂ ਬੰਦਰਗਾਹਾਂ ਤੇ ਜ਼ਹਾਜ਼ ਆਉਂਦੇ ਰਹਿੰਦੇ। ਪੰਜਾਬੀ ਸਿੱਖ ਇਨ੍ਹਾਂ ਟਾਪੂਆਂ ਵਿਚ ਦਰਬਾਨ, ਸਿਪਾਹੀ ਤੇ ਫੌਜ ਦੀ ਨੌਕਰੀ ਕਰਦੇ ਸਨ। ਇਨ੍ਹਾਂ ਨੇ ਆਮ ਮੁਸਫਰਾਂ ਤੇ ਸਿੱਖ



ਵੀਰ ਸਿੰਘ ਮਝੈਲ

Sri Satguru Jagjit Singh Ji eLibrary NamdhariElibrary@gmail.com

ਫੌਜੀਆਂ (ਜੋ ਕੈਨੇਡਾ ਹੋ ਆਏ ਸਨ) ਤੋਂ ਕੇਨੈਡਾ ਦੀ ਖੁਸ਼ਹਾਲੀ ਬਾਰੇ ਗੱਲਾਂ ਸੁਣੀਆਂ। ਉਹ ਲੋਕ ਪਹਿਲਾਂ ਦੋ ਦੋ ਚਾਰ ਚਾਰ ਕਰਕੇ ਕੈਨੇਡਾ ਆਏ। ਉਹ ਆਮ ਤੌਰ 'ਤੇ ਫੌਜੀ ਤੇ ਪੁਲਸੀਏ ਸਨ।[4] ਫੇਰ ਪੰਜਾਬ ਦੇ ਪਿੰਡਾਂ ਤੋਂ ਮੱਧ ਵਰਗ ਦੇ ਜੱਟਾਂ, ਰਾਜਪੂਤਾਂ ਤੇ ਹੋਰ ਜਾਤੀਆਂ ਦੇ ਮੁੰਡੇ ਜਥਿਆਂ ਦੇ ਰੂਪ ਵਿਚ ਆਉਣੇ ਸ਼ੁਰੂ ਹੋ ਗਏ। ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜਸ਼ੰਕਰ ਤਹਿਸੀਲ ਦੇ ਪਿੰਡ ਪਾਲਦੀ, ਸਕਰੂਲੀ, ਖੜੋਦੀ, ਖੇੜਾ ਨੰਗਲ, ਮਾਹਲਪੁਰ ਦੇ ਲੋਕ ਆਏ। ਜ਼ਿਲ੍ਹਾ ਜਲੰਧਰ ਦੀ ਨਵਾਂ ਸ਼ਹਿਰ, ਫਿਲੌਰ ਤਹਿਸੀਲ ਦੇ ਲੋਕ ਪਿੰਡ ਜੰਡਿਆਲਾ ਤੇ ਹੋਰ ਪਿੰਡਾਂ ਦੇ ਲੋਕ ਆਏ। ਫੇਰ ਸਾਰੇ ਪੰਜਾਬ ਚੋਂ ਮਝੈਲ, ਮਲਵਈ ਤੇ ਦੁਆਬੀਏ ਆਉਣੇ ਸ਼ੁਰੂ ਹੋ ਗਏ।[5]

1902 ਵਿਚ ਹਾਂਗਕਾਂਗ ਵਿਚੋਂ 6 ਪੁਲੀਸਮੈਨ ਆਪਣੇ ਹਮਵਤਨੀਆਂ ਨਾਲ ਆ ਸ਼ਾਮਲ ਹੋਏ। ਉਥੇ ਉਨ੍ਹਾਂ ਨੂੰ ਘੱਟ ਤਨਖਾਹ ਮਿਲਦੀ ਸੀ ਇਥੇ ਇਕ ਡਾਲਰ ਪੰਜਾਹ ਸੈਂਟ ਦਿਹਾੜੀ ਤੇ ਕੰਮ ਮਿਲ ਗਿਆ।[6]

ਮਹਿਕਮਾ ਆਵਾਸ ਦੇ ਰਿਕਾਰਡ ਮੁਤਾਬਕ 1903 ਵਿਚ 10 ਬੰਦੇ ਬੀ. ਸੀ. ਵਿਚ ਆਏ। 1904 ਵਿਚ ਪਹਿਲੀ ਜਨਵਰੀ ਤੋਂ 31 ਅਕਤੂਬਰ ਤੱਕ 57 ਭਾਰਤੀ ਆਏ। ਵਿੱਤੀ ਸਾਲ ਜੂਨ 1904 ਤੋਂ ਮਈ 1905 ਤੱਕ 45 ਭਾਰਤੀ ਆਏ।

ਇਕ ਹੋਰ ਅੰਦਾਜ਼ੇ ਮੁਤਾਬਕ 1903 ਦੇ ਆਖੀਰ ਤਕ 2500 ਭਾਰਤੀ ਬੀ. ਸੀ. ਵਿਚ ਪੁੱਜ ਗਏ ਸਨ। ਇਸ ਦਾ ਸਬੂਤ ਕੋਈ ਨਹੀਂ, ਸਿਰਫ ਲਿਖਿਆ ਹੈ। ਸਰਕਾਰ ਰਿਕਾਰਡ ਨਹੀਂ ਰੱਖਦੀ ਸੀ। ਜਦੋਂ ਕਾਫੀ ਗਿਣਤੀ ਵਿਚ ਲੋਕ ਆਏ ਉਹ ਜਥਿਆਂ ਦੇ ਰੂਪ ਵਿਚ ਪਿੰਡਾਂ ਤੋਂ ਤੁਰਦੇ ਸਨ। ਕੱਲਕਤੇ ਤੱਕ ਰੇਲ ਗੱਡੀ ਵਿਚ ਆਉਂਦੇ। ਕਲਕੱਤੇ ਤੋਂ ਪਾਣੀ ਵਾਲੇ ਜਹਾਜ਼ ਵਿਚ ਹਾਂਗਕਾਂਗ ਪੁੱਜਦੇ ਸਨ।[7] 1891 ਵਿਚ ਸੀ. ਪੀ. ਆਰ. ਨੇ ਕੈਨੇਡਾ ਤੋਂ ਹਾਂਗਕਾਂਗ ਤੱਕ ਸੇਵਾ ਸ਼ੁਰੂ ਕੀਤੀ ਸੀ। ਪਹਿਲੀ ਅਪ੍ਰੈਲ 1904 ਤਕ ਭਾਰਤੀ ਸਿੱਖ ਸੀ. ਪੀ. ਆਰ. ਦੇ ਪਾਣੀ ਦੇ ਜ਼ਹਾਜ਼ਾਂ ਰਾਹੀਂ ਬੀ. ਸੀ. ਪੁੱਜੇ ਸਨ।[8]

1906 ਤੇ 1907 ਵਿਚ ਪੰਜਾਬੀ ਸਿੱਖ ਤਿੰਨ ਵੱਡੇ ਜਥਿਆਂ ਦੇ ਰੂਪ ਵਿਚ ਵੈਨਕੂਵਰ ਪੁੱਜੇ ਸਨ।[9] ਕਰਨੈਲ ਸਿੰਘ ਜੌਹਲ, ਸਾਬਕਾ ਮੁਖ ਸੇਵਾਦਾਰ (ਪ੍ਰਧਾਨ 1972) ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਨਾਲ ਮੁਲਾਕਾਤ ਮੁਤਾਬਿਕ 1906 ਵਿਚ 'ਇਮਪ੍ਰੈਸ ਜਪਾਨ' ਰਾਹੀਂ ਉਨ੍ਹਾਂ ਦੇ ਪਿਤਾ ਨੰਦ ਸਿੰਘ ਪਿੰਡ ਜੰਡਿਆਲਾ ਜਿਲ੍ਹਾ ਜਲੰਧਰ, ਬਾਵਾ ਸਿੰਘ, (ਚੰਨਣ ਸਿੰਘ ਦੇ ਭਾਈ) ਚੰਨਣ ਸਿੰਘ, (ਨੰਦ ਸਿੰਘ ਦੇ ਭਾਈ) ਗਿਆਨ ਸਿੰਘ, ਤਰਲੋਚਨ ਸਿੰਘ, ਹਰਧਨ ਸਿੰਘ, ਹਰਦਿੱਤ ਸਿੰਘ, ਪ੍ਰਤਾਪ ਸਿੰਘ (ਆਸਾ ਸਿੰਘ ਜੌਹਲ, ਬਹੁਤ ਸਾਰੀਆਂ ਲੱਕੜ ਮਿੱਲਾਂ ਦੇ ਮਾਲਕ ਦੇ ਪਿਤਾ ਜੀ), ਜੁਆਲਾ ਸਿੰਘ ਇਹ ਸਾਰੇ ਪਿੰਡ ਜੰਡਿਆਲਾ ਦੇ ਸਨ। ਪ੍ਰਤਾਪ ਸਿੰਘ ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ (ਕਰਨੈਲ ਸਿੰਘ ਜੌਹਲ ਦੀ ਪਤਨੀ ਹਰਜਿੰਦਰ ਕੌਰ ਦੇ ਪਿਤਾ ਜੀ) ਤੇ ਕੁਝ ਹੋਰ ਆਦਮੀ ਭੀ ਨੰਦ ਸਿੰਘ ਹੁਰਾਂ ਦੇ ਨਾਲ ਹੀ ਆਏ ਸਨ।

ਪੰਡਤ ਬਾਲ ਮਕੰਦ ਦੇ ਨਾਲ ਮੁਲਾਕਾਤ ਮੁਤਾਬਿਕ ਉਹ ਭੀ ਇਸੇ ਜਹਾਜ਼ (3 ਅਕਤੂਬਰ 1906) 'ਇਮਪ੍ਰੈਸ ਜਾਪਾਨ' ਰਾਹੀਂ ਹੀ ਆਏ ਸਨ। ਉਨ੍ਹਾਂ ਦੇ ਨਾਲ ਪਿੰਡ ਸਕਰੂਲੀ ਜਿਲ੍ਹਾ ਹੁਸ਼ਿਆਰਪੁਰ ਦੇ ਵਰਿਆਮ ਸਿੰਘ ਜੌੜਾ, ਦਲੀਪ ਸਿੰਘ, ਦਸੌਂਧਾ ਸਿੰਘ, ਦਲੇਲ ਸਿੰਘ, ਰਖਾ, ਰਾਜਮਲ ਤੇ ਹਜ਼ਾਰਾ ਸਿੰਘ ਸੰਘਾ (ਸੋਹਣ ਸੁਰਿੰਦਰ ਸਿੰਘ ਦੇ ਬਾਬਾ ਜੀ, ਅਮਰ ਸਿੰਘ ਦੇ ਭਰਾ। ਅਮਰ ਸਿੰਘ ਕੈਨੇਡਾ ਵਿਚ ਪੰਜਾਬੀ ਸਿੱਖਾਂ ਦੀ ਮਾਲਕੀ ਵਾਲੀਆਂ ਲੱਤਕ ਮਿੱਲਾਂ ਦੇ ਬਾਨੀ ਸਨ, ਉਹ ਵਰਜੀਨੀਆਂ ਲੰਬਰ ਕੰਪਨੀ ਜਿਹੜੀ ਸਭ ਤੋਂ ਪਹਿਲਾਂ ਸਿੱਖਾਂ ਦੀ ਲਿਮਟਿਡ ਲੱਕੜੀ ਚੀਰਨ ਦੀ ਮਿੱਲ ਸੀ ਦੇ ਮੋਢੀ ਸਨ।) ਵੀ ਆਏ। ਪੰਡਤ ਬਾਲਮਕੰਦ ਦੇ ਲਿਖਤੀ ਬਿਆਨ ਦੇ ਮੁਤਾਬਿਕ ਜਦੋਂ ਉਹ ਦੂਜੀ ਵਾਰ 28 ਜੁਲਾਈ 1914 'ਚ ਆਵਾ ਮਾਰੂ ਪਾਣੀ ਦੇ ਜਹਾਜ਼ ਰਾਹੀਂ ਆਏ ਸਨ ਉਹ ਅਮਰ ਸਿੰਘ ਨੂੰ ਆਪਣੇ ਨਾਲ ਲਿਆਏ ਸਨ। ਅਮਰ ਸਿੰਘ ਦਾ ਇਕ ਹੋਰ ਭਾਈ ਬਾਵਾ ਸਿੰਘ ਸੰਘਾ 1913 ਵਿਚ ਵੈਨਕੂਵਰ ਆਇਆ ਸੀ। ਉਹ ਫੇਰ ਅਮਰੀਕਾ ਦੇ ਕੈਲੀਫੋਰਨੀਆਂ ਪ੍ਰਾਂਤ ਵਿਚ ਬਰਾਲੀ (ਮੈਕਸੀਕੋ ਦੀ ਹੱਦ 'ਤੇ ਇਮਪੀਰੀਅਲ ਵੈਲੀ) ਵਿਚ ਜਾ ਵਸਿਆ। ਉਹ ਗਦਰ ਪਾਰਟੀ ਦਾ ਪ੍ਰਧਾਨ ਵੀ ਰਿਹਾ। ਕਾਮਾਂਗਾਟਾਮਾਰੂ ਵੇਲੇ ਉਹ ਵੈਨਕੂਵਰ ਵਿਚ ਸੀ ਤੇ ਰਹੀਮ ਜਿਸ ਨੂੰ ਸ਼ਗਨ ਨਾਥ ਭੀ ਕਹਿੰਦੇ ਸਨ, ਦਾ ਸੱਜਾ ਹੱਥ ਸੀ। 1969 ਵਿਚ ਜਦ ਬਾਵਾ ਸਿੰਘ ਸਵਰਗਵਾਸ ਹੋਇਆ ਤਾਂ ਉਸ ਵੇਲੇ ਬਰਾਲੀ ਵਿਚ ਉਸ ਦਾ ਦੋ ਹਜ਼ਾਰ ਏਕੜ ਤੋਂ ਵੱਧ ਦਾ ਫਾਰਮ ਸੀ।

ਡਾ. ਅਰਚਨਾ ਵਰਮਾ ਦੇ ਥੀਸਜ਼ (ਪੰਜਾਬੀਜ਼ ਆਫ ਪਾਲਦੀ ਬੀ. ਸੀ. ਅਤੇ ਪਾਲਦੀ ਪੰਜਾਬ) ਦੇ ਸਫਾ 70 ਤੇ 71 ਉਤੇ ਪਾਲਦੀ ਦੇ ਪਰਵਾਸੀ ਜੋ ਸਭ ਤੋਂ ਪਹਿਲਾਂ 1906 ਵਿਚ ਜਥੇ ਦੀ ਸ਼ਕਲ ਵਿਚ ਆਏ ਸਨ ਦੇ ਨਾਂ ਇਸ ਪ੍ਰਕਾਰ ਹਨ: ਗਨੇਸ਼ਾ ਸਿੰਘ, ਗੰਡਾ ਸਿੰਘ, ਤਾਰਾ ਸਿੰਘ, ਪ੍ਰਤਾਪ ਸਿੰਘ, ਗੁਰਦੇਵ ਸਿੰਘ, ਪ੍ਰੀਤ ਸਿੰਘ, ਜੋਗਾ ਸਿੰਘ, ਨਿੱਕਾ ਸਿੰਘ, ਜੁਰਿੰਦਰ ਸਿੰਘ, ਚਰਨ ਸਿੰਘ, ਜਗਤਾਰ ਸਿੰਘ, ਪ੍ਰੱਬਾ ਸਿੰਘ, ਗੁਰਦਿੱਤ ਸਿੰਘ, ਛੱਜਾ ਸਿੰਘ, ਸੁਹੇਲ ਸਿੰਘ, ਠਾਕਰ ਸਿੰਘ, ਕਰਨੈਲ ਸਿੰਘ, ਗੁਰਦਿੱਤ ਸਿੰਘ, ਨਰਾਇਣ ਸਿੰਘ, ਦੁਮਨ ਸਿੰਘ (ਹਰਬ ਦੁਮਨ ਜਿਹੜੇ ਬਹੁਤ ਸਾਰੀਆਂ ਮਿੱਲਾਂ ਦੇ ਮਾਲਕ ਹਨ ਦੇ ਪਿਤਾ ਜੀ) ਅਤੇ ਮਈਆ ਸਿੰਘ ਜਿਹੜਾ 'ਮੇਓ ਮਿੱਲ' ਦੇ ਕਾਰਨ ਮਸ਼ਹੂਰ ਹੈ।

Sri Satguru Jagjit Singh Ji eLibrary NamdhariElibrary@gmail.com



ਬੀ. ਸੀ. ਵਿਚ ਲੱਕੜ ਮਿੱਲਾਂ ਦੇ ਬਾਨੀ
ਅਮਰ ਸਿੰਘ ਸੰਘਾ, ਸਕਰੂਲੀ



ਅਮਰ ਸਿੰਘ ਸੰਘਾ ਦੇ ਭਰਾ ਬਾਵਾ ਸਿੰਘ ਸਘਾ
ਜੋ 1913 ਵਿਚ ਵੈਨਕੂਵਰ ਆਏ

Sri Satguru Jagjit Singh Ji eLibrary NamdhariElibrary@gmail.com


B-40. **Bawa Singh (or Babu Singh),** son of Partap Singh, Village Sakrouli. P. S. Mahilpur, District **Hoshiarpur**. A cousin of Lachman Singh (L-6), formerly in Vancouver, B. C.; and had three brothers named Amar Sigh, Hazara Singh and Bakhshi. Amar Singh died in Canada in 1918; Hazara Singh went to America about 1905 and is still there; Bakhshi was also abroad for about 10 years and is now living in his village with Mst. Bhani, wife of Bawa Singh. Bawa Singh attended the D. A. V. College from 1902-03 and after working in a flour mill is believed to have gone to Cape Town in 1907. In 1912 he entered Canada and after working at the Rosedale Mill, Chilliwack, B.C., went to the U. S. A. in 1914. About 1917 he was reported to be the Secretary of the Stockton Gurdwara. At about the same time he sent a copy of the "Ghadr" from Seattle to one Devi Singh of Bochoi. Hoshiarpur, a second year student of the D. A. V. College, Lahore. In June 1920 he was elected first to the Sacramento local Committee of the Ghadr Party and then to the General Committee. Thenceforward he was a regular visitor to the Ghadr Ashram in San Francisco, until he and Jagat Singh (J-6), were suspected of misappropriating Ghadr Party funds. It was not until some years later that he was taken back into the Party when he once more became active, (about 1928). Towards the middle of 1921 he accompanied Bishan Singh Hindi (B-72) on a tour to collect subscriptions for the Amritsar Massacre Memorial. In 1922 and 1924 he served on the Committee of the Ghadr Party; and about this time is stated to have acted as President of the Party. He was then a regular quarterly subscriber to the Ghadr on behalf of the Kirti fund. In 1929-30 he was growing cotton at Delano, California, but is at present believed to be in the Imperial Valley. (Is not to be confused with one Bawa Singh, believed to be identical with Babu Singh *alias* Narinjan Singh, son of Ganga Ram, of Village Khera, P. S. Mahilpur, District Hoshiarpur, who was arrested at Union Island by the U.S. Immigration Authorities in 1931 for illegal entry in the U. S. A.).

Description : Wheat complexion; height about 5'-8"; age about 40 years; shaved his beard when he left his village; strong build.

Sri Satguru Jagjit Singh Ji eLibrary NamdhariElibrary@gmail.com



ਪੰਡਤ ਬਾਲਮਕੰਦ, ਸਕਰੂਲੀ ਜੋ 'ਇੰਪਰੈਸ ਜਾਪਾਨ' ਰਾਹੀਂ 1906 ਵਿਚ ਕੈਨੇਡਾ ਆਏ



ਹਜ਼ਾਰਾ ਸਿੰਘ ਸੰਘਾ, ਸਕਰੂਲੀ (ਅਮਰ ਸਿੰਘ ਸੰਘਾ ਦਾ ਭਰਾ) ਜੋ 'ਇੰਪਰੈੱਸ ਜਾਪਾਨ' ਰਾਹੀਂ ਹੀ 1906 ਵਿਚ ਕੈਨੇਡਾ ਪੁੱਜੇ

Sri Satguru Jagjit Singh Ji eLibrary NamdhariElibrary@gmail.com




ਵਰਿਆਮ ਸਿੰਘ ਜੋੜਾ, ਸਕਰੂਲੀ ਜੋ 'ਇੰਪਰੈੱਸ ਜਾਪਾਨ' ਰਾਹੀਂ 1906 ਵਿਚ ਵੈਨਕੂਵਰ ਆਏ




ਪ੍ਰਤਾਪ ਸਿੰਘ ਜੌਹਲ (ਆਸਾ ਸਿੰਘ ਜੌਹਲ ਦੇ ਪਿਤਾ) ਜੋ 'ਇੰਪਰੈੱਸ ਜਾਪਾਨ' ਰਾਹੀਂ 1906 ਵਿਚ ਵੈਨਕੂਵਰ ਆਏ

Sri Satguru Jagjit Singh Ji eLibrary NamdhariElibrary@gmail.com



ਪ੍ਰਤਾਪ ਸਿੰਘ ਜੌਹਲ ਆਪਣੇ ਪਰਿਵਾਰ ਨਾਲ (ਵੈਨਕੂਵਰ, ਕੈਨੇਡਾ)



ਕਰਨੈਲ ਸਿੰਘ ਜੌਹਲ ਆਪਣੇ ਪਰਿਵਾਰ ਨਾਲ-1924

Sri Satguru Jagjit Singh Ji eLibrary NamdhariElibrary@gmail.com

PD-H-3548 1MM. 311

CERTIFICATE OF REGISTRATION

Department of Mines and Resources, Immigration Branch

The bearer GURDIT SINGH s/o Gulab Singh hereby declares as follows:—

1. That he was born at Hari Pur, Village, Jullundur District East Punjab, India. Country;

2. That he entered Canada at the port of Vancouver, B.C.
ex SS "Monteagle" on December 1,1907 19.....;

3. That he has resided in Canada between the following dates:—

From Oct.14,1912 to Oct.3,1921 resided at Port Alberni,B.C.

From..... to..... resided at.....

From..... to..... resided at.....

From..... to..... resided at.....

4. That since his original entry to Canada he has resided in other countries as hereunder stated:—

From..... to..... resided at.....

From..... to..... resided at.....

From..... to..... resided at.....

5. That he intends returning to Canada on or before the valid as long as bearer retains Canadian Citizenship day of.....19.....

The above named will be permitted to re-enter Canada on or before the.....day of..... 19....., on presentation of this Registration Certificate, providing the statements made above are correct and on satisfying the Immigrant Officer-in-charge that he is the person to whom the Certificate was issued and prove the identity of this Registration Certificate, that correspond in all particulars with the duplicate, which shall be kept on file in the office of the District Superintendent at Vancouver, B.C.

In the event of mis-statement or misrepresentation being made in the above declaration this Certificate of Registration shall immediately become invalid.

Nationality Canadian Age 75 widower

Height 5'6"


Personal description scar left index finger

.....

Route and date of departure leaving for India by air Aug.16,1953 Tkt.No.175284 - Canadian Passport 3-58143 dated Nov.18 1947 renewed to Nov.18,1957 ਗੁਰਦਿੱਤ ਸਿੰਘ

.....

Signature of Registrant.
602 Burd St., Port Alberni,B.C.



Issued at Vancouver, B.C., this 14th day of August 1953 19....., by B Walker for District Superintendent

Sri Satguru Jagjit Singh Ji eLibrary NamdhariElibrary@gmail.com

Foreign Service Form No. 257
(Revised August 1942)

Application No. 305

AMERICAN FOREIGN SERVICE

At Bombay, India Date June 26, 1947

TRANSIT CERTIFICATE
APPLICATION FOR ~~NONIMMIGRANT VISA~~

I declare that the following statements are true and correct:

Name Gurbachan SINGH

Place of birth Haripur, Jullundur District, Punjab, India Date of birth September 14, 1913

Nationality British subject by birth

Travel document Passport no. 72964 dated October 18, 1938, issued by the Department of External Affairs, Ottawa, Canada, renewed by under Secretary to Govt. Punjab on Jan. 7, 1946 to be valid until Oct. 17, 1948

Accompanied by


Present legal residence Village Haripor P.O. Phillaur, Jullundur District, Punjab, India
(Street, city, and country)

Address (if any) in the United States in transit to Canada

Port of entry: San Francisco
Date of entry: July/August 1947

Purpose of entry in transit to Canada Port of departure: Seattle, Washington

Length of stay in transit to Canada Date of departure: About August 1947



a visa, deported, or excluded from admission into the United States.
plication for registration under the Alien Registration Act, 1940, are hereby
application.
d to depart from the United States at the end of my temporary sojourn.
ed to proceed to the United States I shall do so at my own risk and assume all
ch may result in the event I should not be permitted to depart from the United
should be delayed.

Gurbachan Singh

(Signature of applicant)

Subscribed and sworn to before me this 26th day of June, 1947

at Bombay, India

Albert A. Rabida

Vice Consul of the United States of America.

TRANSIT CERTIFICATE

Nonimmigration visa No. 305 issued June 26, 1947 under Section 3(3) of the Immigration Act of 1924. Service numbers

U. S. GOVERNMENT PRINTING OFFICE 10—17822-2

Sri Satguru Jagjit Singh Ji eLibrary NamdhariElibrary@gmail.com



ਗੁਰਦਿੱਤ ਸਿੰਘ ਜਵੰਦਾ (ਗੁਰਬਚਨ ਸਿੰਘ, ਅਮਰੀਕ ਸਿੰਘ ਤੇ ਬਲੀਵਰ ਸਿੰਘ ਜਵੰਦਾ ਦੇ ਪਿਤਾ) ਨਾਲ ਖੜ੍ਹੇ ਹਨ ਗੁਰਬਚਨ ਸਿੰਘ ਜਵੰਦਾ ਅਤੇ ਰਤਨ ਸਿੰਘ ਜਵੰਦਾ



ਖੱਬੇ ਤੋਂ ਸੱਜੇ ਪਹਿਲੀ ਕਤਾਰ–ਧੰਨ ਕੌਰ (ਬੰਤਾ ਸਿੰਘ ਦੀ ਪਤਨੀ) ਚਰਨਜੀਤ ਕੌਰ, ਬਖਸ਼ੀਸ਼ ਸਿੰਘ ਸਾਂਗਰਾ, ਬੰਤਾ ਸਿੰਘ ਸਾਂਗਰਾ, ਦੂਜੀ ਕਤਰਾ–ਸੁੱਚਾ ਸਿੰਘ, ਹਰੀ ਸਿੰਘ ਅਤੇ ਗੁਰਦਿਆਲ ਸਿੰਘ ਜੋ 1906 'ਚ ਕੈਨੇਡਾ ਆਏ

Sri Satguru Jagjit Singh Ji eLibrary NamdhariElibrary@gmail.com



ਦੁੰਮਣ ਸਿੰਘ (ਹਰਬ ਦੁੰਮਣ ਜਿਹੜੇ ਬਹੁਤ
ਸਾਰੀਆਂ ਮਿੱਲਾਂ ਦੇ ਮਾਲਕ ਹਨ, ਦੇ ਪਿਤਾ)
ਜੋ 1906 ਵਿਚ ਕੈਨੇਡਾ ਆਏ

ਭਾਨ ਸਿੰਘ ਪਾਲਦੀ, ਕਰਨੈਲ ਸਿੰਘ
ਤੇ ਗੁਰਦਿਆਲ ਸਿੰਘ ਦੇ ਬਾਬਾ ਜੀ



Sri Satguru Jagjit Singh Ji eLibrary NamdhariElibrary@gmail.com



ਅਮਾਨਤ ਅਲੀ ਖਾਨ (ਰਿਆਸਤ ਅਲੀ ਖਾਨ ਦੇ ਪਿਤਾ) ਜੋ 1912 ਵਿਚ ਕੈਨੇਡਾ ਆਏ




ਭਾਈ ਦਸੌਂਧਾ ਸਿੰਘ, ਵੈਨਕੂਵਰ ਸਿੱਖ ਟੈਂਪਲ ਦੇ ਗ੍ਰੰਥੀ ਜੋ 1906 ਵਿਚ ਕੈਨੇਡਾ ਆਏ

Sri Satguru Jagjit Singh Ji eLibrary NamdhariElibrary@gmail.com



ਆਸਾ ਸਿੰਘ ਖੜੌਦੀ (ਸੋਹਣ ਸਿੰਘ ਦਿਓ ਦੇ ਬਾਬਾ ਜੀ) ਜੋ 1908 ਵਿਚ ਕੈਨੇਡਾ ਆਏ ਤੇ ਇਥੋਂ ਛੇਤੀ ਹੀ ਅਮਰੀਕਾ ਨੂੰ ਚਲੇ ਗਏ




ਗਾਜਾ ਸਿੰਘ ਖੜੌਦੀ, ਜੋ 1907 ਵਿਚ ਵੈਨਕੂਵਰ ਆਏ। 1923 'ਚ ਗਦਰ ਪਾਰਟੀ ਨੇ ਇਨ੍ਹਾਂ ਨੂੰ ਮਾਰਕਸਵਾਦ ਪੜ੍ਹਨ ਲਈ ਰੂਸ ਭੇਜਿਆ ਸੀ

Sri Satguru Jagjit Singh Ji eLibrary NamdhariElibrary@gmail.com




ਭਗਤ ਸਿੰਘ ਧਾਲੀਵਾਲ, ਪਿੰਡ ਚੰਨਣਵਾਲ
(ਸੰਗਰੂਰ)



ਭਗਵਾਨ ਸਿੰਘ ਸਹੋਤਾ, ਬੜਾ ਪਿੰਡ–1906

Sri Satguru Jagjit Singh Ji eLibrary NamdhariElibrary@gmail.com



ਸ਼ਹੀਦ ਭਾਈ ਮੇਵਾ ਸਿੰਘ, ਲੋਪੋਕੇ ਜਿਨ੍ਹਾਂ ਨੂੰ ਜਨਵਰੀ 11,
1915 ਨੂੰ ਵੈਨਕੂਵਰ 'ਚ ਫਾਂਸੀ ਚਾੜ੍ਹਿਆ ਗਿਆ



ਭਾਈ ਭਾਗ ਸਿੰਘ, ਭਿੱਖੀਵਿੰਡ,
ਪ੍ਰਧਾਨ ਖਾਲਸਾ ਦੀਵਾਨ
ਸੁਸਾਇਟੀ ਵੈਨਕੂਵਰ ਤੇ
ਪ੍ਰਧਾਨ/ਮੈਨੇਜਿੰਗ ਡਾਇਰੈਕਟਰ
ਗੁਰੂ ਨਾਨਕ ਮਾਈਨਜ਼ ਐਂਡ ਟਰੱਸਟ ਕੰਪਨੀ,
ਆਪਣੇ ਪੁੱਤਰ ਜੋਗਿੰਦਰ ਸਿੰਘ ਨਾਲ

Sri Satguru Jagjit Singh Ji eLibrary NamdhariElibrary@gmail.com



ਧਰਮ ਸਿੰਘ ਗਿੱਲ, ਛੋਟਾ ਘੋਲੀਆ
ਜੋ 1908 ਵਿਚ ਕੈਨੇਡਾ ਆਏ



ਈਸ਼ਰ ਸਿੰਘ ਤਾਬੀਵਾਲਾ ਜੋ 1908
ਵਿਚ ਕੈਨੇਡਾ ਆਏ

Sri Satguru Jagjit Singh Ji eLibrary NamdhariElibrary@gmail.com



ਬਾਬਾ ਸਹੋਣ ਸਿੰਘ ਭੁੱਲਰ, ਖਾਲਸਾ ਦੀਵਾਨ ਸੁਸਾਇਟੀ, ਵਿਕਟੋਰੀਆ ਦੇ ਪਹਿਲੇ ਸਕੱਤਰ ਜੋ 1906 ਚ ਕੈਨੇਡਾ ਆਏ



ਬਾਬਾ ਬਚਨ ਸਿੰਘ ਢਿਲੋਂ, ਸੁਰ ਸਿੰਘ ਜੋ 1906 ਵਿਚ ਕੈਨੇਡਾ ਆਏ

Sri Satguru Jagjit Singh Ji eLibrary NamdhariElibrary@gmail.com



ਭਾਈ ਵਰਿਆਮ ਸਿੰਘ, ਗੁਰੂ ਨਾਨਕ ਮਾਈਨਜ਼ ਐਂਡ
ਟਰੱਸਟ ਕੰਪਨੀ ਲਿਮ. ਦੇ ਡਾਇਰੈਕਟਰ

ਮਹਾਨ ਸ਼ਹੀਦ ਅਤੇ ਇਨਕਲਾਬੀ ਭਾਈ ਬਲਵੰਤ ਸਿੰਘ,
ਖੁਰਦਪੁਰ, ਜਿਨ੍ਹਾਂ ਨੂੰ 16 ਮਾਰਚ 1917 ਨੂੰ ਲਾਹੌਰ ਵਿਚ
ਫਾਂਸੀ ਲਾਇਆ ਗਿਆ



Sri Satguru Jagjit Singh Ji eLibrary NamdhariElibrary@gmail.com

DAYSTAR
SUN

Sept. 11, 1907

Nine hundred Hindus reach this city today on the steamer Monteagle and nobody knows what is in the wind with them. The situation is tersely described in the following telegram, which Mayor Alexander Bethune has sent to Sir Wilfrid Laurier:

"Nine hundred Hindus arriving today on steamer *Monteagle*. Neither accommodation nor employment for them, nor is it possible to house them under sanitary conditions. Shall we house them in Drill Hall at Dominion government's expense?"

Meanwhile action is being taken by the people at city hall with a view to raising the sum of eight or nine thousand dollars to charter a train on which to ship the whole crowd to Ottawa.


Sri Satguru Jagjit Singh Ji eLibrary NamdhariElibrary@gmail.com

'ਅਮਰੀਕਾ ਵਿਚ ਹਿੰਦੁਸਾਤਨੀ' ਡਾ. ਗੰਡਾ ਸਿੰਘ ਦੀ ਸੰਪਾਦਿਤ ਕੀਤੀ ਕਿਤਾਬ ਵਿਚ ਭਾਈ ਕਰਤਾਰ ਸਿੰਘ ਨਵਾਂ ਚੰਦ ਦਾ ਬਿਆਨ ਵਿਸਥਾਰ ਨਾਲ ਦੱਸਦਾ ਹੈ ਕਿ ਆਮ ਪੇਂਡੂ ਲੋਕ ਕੈਨੇਡਾ ਕਿਵੇਂ ਪੁੱਜੇ। ਉਸ ਦੀ ਆਪਣੀ ਜ਼ੁਬਾਨੀ, "ਇਹ 1907 ਦੀ ਗੱਲ ਹੈ। ਕਈ ਦਿਨ ਪਿੰਡ ਵਿਚ ਸਲਾਹਾਂ ਹੁੰਦੀਆਂ ਰਹੀਆਂ ਕਿ ਅਮਰੀਕਾ ਖੁੱਲ੍ਹ ਗਿਆ ਹੈ। ਫੇਰ ਕੁਝ ਬੰਦੇ ਤਿਆਰ ਹੋਏ ਤੇ ਉਨ੍ਹਾਂ ਨੇ ਪੈਸੇ ਤੇ ਲੋੜੀਂਦਾ ਸਮਾਨ ਇੱਕਠਾ ਕੀਤਾ। ਉਹ ਦਸ ਜਣੇ ਲੁਧਿਆਣੇ ਸਟੇਸ਼ਨ ਤੇ ਪੁੱਜ ਗਏ। ਉਨ੍ਹਾਂ ਚੋਂ 3 ਸਟੇਸ਼ਨ ਤੋਂ ਹੀ ਮੁੜ ਗਏ। ਉਹ ਵਿਛੋੜਾ ਨਹੀਂ ਝੱਲ ਸਕਦੇ ਸਨ। ਘਰੋਂ ਪਰਦੇਸ ਨੂੰ ਤੁਰਨ ਵੇਲੇ ਉਹ ਸਾਰੇ ਉਦਾਸ ਸਨ। ਲੁਧਿਆਣੇ ਤੋਂ ਕਲਕੱਤੇ ਤੱਕ ਤਿੰਨ ਦਿਨ ਤਿੰਨ ਰਾਤਾਂ ਰੇਲ ਗੱਡੀ ਵਿਚ ਸਫਰ ਕੀਤਾ। ਕੱਲਕੱਤੇ ਤੋਂ ਸਿੰਘਾਪੁਰ ਜਾਣ ਲਈ ਪਾਣੀ ਦੇ ਜ਼ਹਾਜ਼ ਦੀਆਂ ਟਿਕਟਾਂ ਖਰੀਦੀਆਂ। ਪਹਿਲਾਂ ਕੋਇਲਾ ਘਾਟ ਦੇ ਨਜ਼ਦੀਕ ਸਾਡੀ ਡਾਕਟਰੀ ਹੋਈ। ਕੁਝ ਫੇਲ ਹੋ ਗਏ। ਉਥੋਂ ਹੀ ਮੁੜ ਗਏ। ਸਿੰਘਾਪੁਰੋਂ ਤੁਰਨ ਵਾਲੇ ਪਾਣੀ ਦੇ ਵੱਡੇ ਸਾਰੇ ਜ਼ਾਹਜ਼ ਵਿਚ 900 ਪੰਜਾਬੀ ਸਨ। ਜ਼ਹਾਜ਼ ਵਿਚ ਹੀ ਜਥਿਆਂ ਦੀ ਸ਼ਕਲ ਵਿਚ ਖਾਣਾ ਆਪ ਤਿਆਰ ਕੀਤਾ ਜਾਂਦਾ ਸੀ। ਸਿੰਘਾਪੁਰ ਤੋਂ ਸ਼ੰਘਾਈ ਪੁੱਜੇ। ਸ਼ੰਘਾਈ ਤੋਂ ਜਾਪਾਨ ਦੇ ਸ਼ਹਿਰ ਨਾਗਸਾਕੀ ਪੁੱਜੇ। ਜਾਪਾਨ ਤੋਂ ਕੈਨੇਡਾ ਦੇ ਪਹਿਲੇ ਘਾਟ ਵਿਕਟੋਰੀਆ ਦੇ ਨੇੜੇ ਪੁੱਜ ਗਏ।

ਜਹਾਜ਼ ਦਾ ਸਫਰ ਪੂਰੇ ਇਕ ਮਹੀਨੇ ਵਿਚ ਮੁਕਿਆ। ਬਾਕੀ ਸਾਰਿਆਂ ਦੀ ਮਾਮੂਲੀ ਡਾਕਟਰੀ ਹੋਈ ਪਰ ਵਿਕਟੋਰੀਆ ਉਤਰਨ ਵਾਲਿਆਂ ਨੂੰ ਬਹੁਤ ਚੰਗੀ ਤਰ੍ਹਾਂ ਵੇਖਿਆ। ਵਿਕਟੋਰੀਆ ਦੇ ਨੇੜੇ ਸਾਰੀ ਰਾਤ ਜ਼ਹਾਜ਼ ਖੜਾ ਰਿਹਾ। ਉਥੇ ਹੀ ਮਜ਼ਦੂਰਾਂ ਨੂੰ ਕੰਮ ਤੇ ਲਾਉਣ ਵਾਲੇ ਠੇਕੇਦਾਰ ਵੀ ਜ਼ਹਾਜ਼ ਵਿਚ ਆਏ। ਉਨ੍ਹਾਂ ਨੇ ਕੰਮ ਬਾਰੇ ਗੱਲਾਂ ਕੀਤੀਆਂ। ਸਵੇਰੇ ਜਹਾਜ਼ ਵੈਨਕੂਵਰ ਨੂੰ ਤੁਰਿਆ। ਇਕ ਡਾਕਟਰ ਉਥੋਂ ਹੀ ਜ਼ਹਾਜ਼ ਵਿਚ ਚੜ੍ਹ ਆਇਆ ਸੀ। ਡਾਕਟਰ ਨੇ ਜ਼ਹਾਜ਼ ਵਿਚ ਹੀ ਡਾਕਟਰੀ ਕਰਨੀ ਸ਼ੁਰੂ ਕਰ ਦਿੱਤੀ। 108 ਮੁਸਾਫਰ ਡਾਕਟਰੀ ਵਿਚੋਂ ਫੇਲ ਹੋ ਗਏ। ਜੋ ਪਾਸ ਹੋਏ ਉਹ ਜ਼ਹਾਜ਼ ਤੋਂ ਉਤਰ ਕੇ ਜਾਂਦੇ ਬਣੇ। ਇਕ ਬੰਗਾਲੀ ਬਾਬੂ ਦੋਭਾਸ਼ੀਏ ਦੇ ਤੌਰ 'ਤੇ ਜ਼ਹਾਜ਼ ਵਿਚ ਆ ਗਿਆ। ਉਹ ਸਭ ਨੂੰ ਧੀਰਜ ਦੇਣ ਲੱਗਾ। ਉਸ ਦਾ ਨਾਂ ਤਾਂ ਨਹੀਂ ਲਿਖਿਆ ਪਰ ਉਹ ਤਾਰਕ ਨਾਥ ਹੋ ਸਕਦਾ ਹੈ। ਉਸ ਨੇ ਦੱਸਿਆ ਮੈਂ ਗੁਰਦੁਆਰੇ ਵਾਲੇ ਸਿੰਘਾਂ ਵਲੋਂ ਆਇਆਂ ਹਾਂ। ਕਿਸੇ ਨੂੰ ਵੱਢੀ ਨਾ ਦਿਓ। ਕੋਈ ਫਿਕਰ ਨਾ ਕਰੋ। ਸਭ ਕੁਝ ਠੀਕ ਹੋ ਜਾਵੇਗਾ। ਤੁਹਾਡੇ ਉਤਾਰਨ ਲਈ ਪੂਰੀ ਵਾਹ ਲਾਵਾਂਗੇ। ਕੋਈ ਪੈਸਾ ਨਹੀਂ ਲੱਗੇਗਾ। ਜਿਹੜੇ 108 ਮੁਸਾਫਰ ਡਾਕਟਰੀ ਵਿਚੋਂ ਫੇਲ ਹੋਏ ਸਨ ਉਨ੍ਹਾਂ ਨੂੰ ਇਕ ਤਿੰਨ ਛੱਤੀ ਸਮੁੰਦਰ ਦੇ ਕੰਢੇ ਦੋ ਪਾਸਿਆਂ ਤੋ ਪਾਣੀ ਨਾਲ ਘਿਰੀ ਹੋਈ ਕੁਰਾਦੀਨ ਵਿਚ ਲੈ ਗਏ। ਉਥੇ ਇਕ ਸੰਤਰੀ ਦਾ ਪਹਿਰਾ ਸੀ। ਬਹੁਤ ਸਾਰੇ ਅੱਖਾਂ ਵਿਚ ਕੁਕਰੇ ਹੋਣ ਕਰਕੇ ਫੇਲ ਹੋਏ ਸਨ। ਕਈ ਦਿਨ ਅੱਖਾਂ ਵਿਚ ਦਵਾ ਪਾ ਕੇ 44 ਹੋਰ ਬੰਦੇ ਛੱਡ ਦਿੱਤੇ ਜਿਨ੍ਹਾਂ ਵਿਚ ਕਰਤਾਰ ਸਿੰਘ ਨਵਾਂ ਚੰਦ ਵੀ ਸੀ। ਉਹ ਜ਼ਹਾਜ਼ ਜਿਸ ਵਿਚ ਕਰਤਾਰ ਸਿੰਘ ਸੀ 11 ਸੰਤਬਰ 1907 ਨੂੰ ਵੈਨਕੂਵਰ ਪੁੱਜਾ ਸੀ। 4 ਅਕਤੂਬਰ ਨੂੰ ਕੁਰਾਦੀਨ ਤੋਂ ਖਲਾਸੀ ਹੋਈ ਸੀ। ਇਕ ਦਿਨ ਮੁਸਾਫਰ ਖਾਨੇ ਰਹਿ ਕੇ ਸ਼ਹਿਰ ਵਿਚ ਕੋਈ ਗੁਰਦੁਆਰੇ, ਕੋਈ ਆਪਣੇ ਪਹਿਲੇ ਜਾਣਦੇ ਸਾਥੀਆਂ ਪਾਸ ਪੁੱਜ ਗਿਆ ਤੇ ਸਾਰੇ ਕੰਮ ਦੀ ਭਾਲ ਵਿਚ ਜੁੱਟ ਗਏ।"



ਕਰਤਾਰ ਸਿੰਘ, ਨਵਾਂ ਚੰਦ ਜੋ 1907 ਚ ਵੈਨਕੂਵਰ ਆਏ



ਪੰਜਾਬ ਤੋਂ ਵੈਨਕੂਵਰ ਪੁੱਜਣ ਲਈ ਸਮੁੰਦਰੀ ਰਸਤੇ ਦਾ ਨਕਸ਼ਾ

Sri Satguru Jagjit Singh Ji eLibrary NamdhariElibrary@gmail.com


ਅੰਕੜਾਂ ਦੀ ਸ਼ੁਰੂਆਤ

ਜ਼ਰੂਰਤ ਈਜ਼ਾਦ ਦੀ ਮਾਂ ਹੈ। ਭਾਰਤੀ ਪੰਜਾਬੀ ਸਿੱਖਾਂ ਨੂੰ ਕੈਨੇਡਾ ਵਿਚ ਪੁੱਜ ਕੇ ਕੰਮ ਦੀ ਲੋੜ ਸੀ। ਕੰਮ ਕਰਕੇ ਕਿਤੇ ਆਰਾਮ ਕਰਨ ਲਈ ਲੋੜ ਸੀ ਤੇ ਪੇਟ ਭਰਨ ਦੀ ਲੋੜ ਸੀ। ਪੇਟ ਭਰ ਕੇ ਗੱਲਾਂ ਕਰਨ ਦੀ ਲੋੜ ਸੀ।


ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਜਥਿਆਂ ਵਿਚ ਰਹਿਣਾ ਪਿਆ। ਜਿਥੇ ਛੋਟੇ ਛੋਟੇ ਜਥਿਆਂ ਵਿਚ ਰਹਿੰਦੇ ਸਨ ਉਸ ਨੂੰ ਬੰਕ ਹਾਊਸ ਜਾਂ ਕੁੱਕ ਹਾਊਸ ਕਹਿੰਦੇ ਸਨ। ਉਨ੍ਹਾਂ ਦਾ ਇਕ ਜਥੇਦਾਰ ਹੁੰਦਾ ਸੀ ਜੋ ਥੋੜ੍ਹੀ ਬਹੁਤੀ ਅੰਗਰੇਜ਼ੀ ਜਾਣਦਾ ਹੁੰਦਾ ਸੀ ਤਾਂ ਕਿ ਜਿਥੇ ਕੰਮ ਕਰਦੇ ਸਨ ਉਨ੍ਹਾਂ ਨਾਲ ਗੱਲ ਕਰ ਸਕੇ ਕੰਮ ਲੱਭ ਸਕੇ ਤੇ ਖਾਣ ਪੀਣ ਦਾ ਸਮਾਨ ਖਰੀਦ ਸਕੇ। ਦੇਸ ਵਿਚ ਰਹਿੰਦੇ ਰਿਸਤੇਦਾਰਾਂ ਨੂੰ ਚਿੱਠੀਆਂ ਲਿਖ ਸਕੇ ਤੇ ਉਨ੍ਹਾਂ ਵਲੋਂ ਆਈਆਂ ਚਿੱਠੀਆਂ ਪੜ੍ਹ ਸਕੇ। ਇਕ ਜਥੇ ਦਾ ਜਥੇਦਾਰ ਇਕ ਗੁਰਸਿੱਖ ਅਰਜਨ ਸਿੰਘ ਮਲਕ, ਜ਼ਿਲ੍ਹਾ ਲੁਧਿਆਣਾ ਸੀ ਜਿਸ ਨੇ ਕੈਨੇਡਾ ਵਿਚ ਪਹਿਲੀ ਸਿੱਖ ਜਥੇਬੰਦੀ ਨੂੰ ਜਨਮ ਦਿੱਤਾ। [10]

ਜਦ ਲੋਕ ਇੱਕਠੇ ਪੁੱਜੇ ਸਨ ਤਾਂ ਉਨ੍ਹਾਂ ਨੂੰ ਰਹਿਣ ਦੀ ਵੀ ਤੰਗੀ ਸੀ ਅਤੇ ਖਾਣ ਦੀ ਵੀ। ਦੂਜੇ ਪਾਸੇ ਚਿੱਟੇ ਲੋਕਾਂ ਨੇ ਨਸਲੀ ਵਿਤਕਰਾ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਬਦਨੀਤੀ ਨਾਲ ਨਸਲੀ ਵਿਤਕਰਾ ਕਰਨ ਵਾਲਿਆਂ ਦੇ ਦਬਾ ਹੇਠ ਆ ਕੇ ਹੋਰ ਲੋਕ ਆਉਣੇ ਬੰਦ ਕਰ ਦਿੱਤੇ। ਜੋ ਆ ਗਏ ਸਨ ਉਨ੍ਹਾਂ ਨੂੰ ਇਥੇ ਟਿਕੇ ਰਹਿਣ ਲਈ ਸੰਘਰਸ਼ ਸ਼ੁਰੂ ਕਰਨਾ ਪਿਆ। ਨਸਲੀ ਵਿਤਕਰੇ ਦੇ ਮੁਕਾਬਲੇ ਲਈ ਜਥੇਬੰਦ ਹੋਣਾ ਜ਼ਰੂਰੀ ਬਣ ਗਿਆ।

Sri Satguru Jagjit Singh Ji eLibrary NamdhariElibrary@gmail.com



ਇਕ ਲੰਬਰ ਮਿੱਲ-1900 ਦੇ ਆਸ-ਪਾਸ




ਇਕ ਲੰਬਰ ਮਿੱਲ 'ਚ ਲੰਬਰ ਚੁੱਕਦੇ ਸਿੱਖ ਵਰਕਰ

Sri Satguru Jagjit Singh Ji eLibrary NamdhariElibrary@gmail.com




ਸਿੱਖ ਵਰਕਰ ਜ਼ਮੀਨ ਸਾਫ ਕਰਦੇ ਹੋਏ–1910




ਫਰੰਟ ਸਟਰੀਟ, ਨਿਊ ਵੈਸਟਮਨਿਸਟਰ–1910
ਫਰੇਜ਼ਰ ਵੈਲੀ ਤੋਂ ਹਰ ਸ਼ੁਕਰਵਾਰ ਸਵੇਰ ਨੂੰ ਕਿਸਾਨ ਆਪਣੀਆਂ ਚੀਜ਼ਾਂ ਵੇਚਣ ਵਾਸਤੇ ਇਸ ਮੰਡੀ 'ਚ ਲਿਆਉਂਦੇ ਸਨ

Sri Satguru Jagjit Singh Ji eLibrary NamdhariElibrary@gmail.com




ਮਸ਼ੀਨ 'ਤੇ ਕੰਮ ਕਰਦੇ ਹੋਏ ਕੁਝ ਸਿੱਖ



ਲੱਕੜ ਦੇ ਫੱਟਿਆਂ ਨੂੰ ਤਰਤੀਬ ਨਾਲ ਚਿਣਦੇ ਹੋਏ ਸਿੱਖ

Sri Satguru Jagjit Singh Ji eLibrary NamdhariElibrary@gmail.com



ਫੱਟੇ ਖਿੱਚਦੇ ਹੋਏ ਸਿੱਖ



ਕੁਈਨ ਸ਼ਾਰਲਟ ਆਈਲੈਂਡ 'ਤੇ ਇਕ ਆਰਾ ਮਿੱਲ 'ਚ ਕੰਮ ਕਰਦੇ ਹੋਏ ਸਿੱਖ

Sri Satguru Jagjit Singh Ji eLibrary NamdhariElibrary@gmail.com




ਮੱਛੀ ਉਤਾਰਦਾ ਹੋਇਆ ਇਕ ਸਿੱਖ



ਇਕ ਹੋਰ ਸਿੱਖ ਮੱਛੀ ਉਤਾਰਦਾ ਨਜ਼ਰ ਆ ਰਿਹਾ ਹੈ

Sri Satguru Jagjit Singh Ji eLibrary NamdhariElibrary@gmail.com



ਨੰਰਥ ਪੈਸਫਿਕ ਲੰਬਰ ਕੰਪਨੀ ਲਿਮ.-ਬਾਰਨਟ-1905
ਸਿੱਖ ਘੋੜੇ ਨਾਲ ਖਿੱਚੀ ਜਾਣ ਵਾਲੀ ਰੇੜ੍ਹੀ 'ਤੇ ਲੰਬਰ ਢੋਅ ਰਹੇ ਹਨ

Sri Satguru Jagjit Singh Ji eLibrary NamdhariElibrary@gmail.com



ਰੇਲਵੇ ਲਾਇਨ ਦੇ ਨਾਲ ਨਾਲ ਸਿੱਖ ਜ਼ਮੀਨ ਸਾਫ ਕਰ ਰਹੇ ਹਨ–1905



ਸਿੱਖ ਵਰਕਰ ਘਰ ਬਣਾ ਰਹੇ ਹਨ ਜਦੋਂ ਕਿ ਗੋਰੇ ਘੋੜਿਆਂ ਨਾਲ ਚੱਲਣ ਵਾਲੇ ਹੱਲ ਨਾਲ ਜ਼ਮੀਨ ਵਾਹ ਰਹੇ ਹਨ–1911

Sri Satguru Jagjit Singh Ji eLibrary NamdhariElibrary@gmail.com




ਕੈਨੇਡਾ ਵਿਚ ਨਵੇਂ ਆਏ ਸਿੱਖ ਆਪਣੇ ਸਮਾਨ ਦੇ ਟਰੰਕਾਂ 'ਤੇ ਬਿਸਤਰਿਆਂ ਸਮੇਤ-ਫਰੈਂਕ, ਅਲਬਰਟਾ, 1903

Sri Satguru Jagjit Singh Ji eLibrary NamdhariElibrary@gmail.com




ਸਿੱਖ ਰੇਲਵੇ ਵਰਕਰ ਟਰੱਕ ਤੋਂ ਟੁੱਟ-ਭੱਜ ਲਾਉਂਦੇ ਹੋਏ-ਫਕੈਂਕ ਅਲਬਰਟਾ, 1903

Sri Satguru Jagjit Singh Ji eLibrary NamdhariElibrary@gmail.com




ਸਟੈਨਲੇ ਪਾਰਕ ਵੈਨਕੂਵਰ ਦੇ ਕੋਲ ਹਾਰਬਲ ਬ੍ਰਿਜ ਤੋਂ ਦੁਪਹਿਰ ਬਾਅਦ ਦੇ ਬੈਂਡ ਕੰਨਸਰਟ ਮਗਰੋਂ ਲੰਘਦੇ ਹੋਏ – 1904




ਸਿੱਖ ਵਰਕਰ ਆਰਾ ਮਿੱਲ ਦੇ ਦਫਤਰ ਸਾਹਮਣੇ ਲਾਇਨ ਬਣਾ ਕੇ ਖੜ੍ਹੇ ਹਨ ਸ਼ਾਇਦ ਤਨਖਾਹ ਦਾ ਦਿਨ ਹੋਵੇ

Sri Satguru Jagjit Singh Ji eLibrary NamdhariElibrary@gmail.com



411 ਮੇਨ 'ਤੇ ਸਥਿਤ ਮਾਰਕਿਟ ਹਾਲ
ਸਿੱਖ ਸੜਕ ਪਾਰ ਕਰਦੇ ਹੋਏ ਨਜ਼ਰ ਆ ਰਹੇ ਹਨ

Sri Satguru Jagjit Singh Ji eLibrary NamdhariElibrary@gmail.com




ਗਰੈਨਵਿਲ ਅਤੇ ਹੇਸਟਿੰਗ 'ਤੇ ਸਥਿਤ ਵਿਲੀਅਮਜ਼ ਬਿਲਡਿੰਗ–ਫੇਅਰਫੀਲਡ ਬਿਲਡਿੰਗ–1908
ਸਿੱਖ ਸੜਕ ਪਾਰ ਕਰਦੇ ਹੋਏ



ਮਿੱਲ 'ਚ ਕੰਮ ਕਰਦੇ ਹੋਏ ਸਿੱਖ

Sri Satguru Jagjit Singh Ji eLibrary NamdhariElibrary@gmail.com



ਸੀ. ਪੀ. ਰੇਲ ਦੇ ਸਿੱਖ ਵਰਕਰ ਰੇਲ ਇੰਜਣ ਸਾਹਮਣੇ ਖੜ੍ਹੇ–1910

Sri Satguru Jagjit Singh Ji eLibrary NamdhariElibrary@gmail.com



ਦੋ ਸਿੱਖ ਗੁਰੁਦਆਰਾ ਸਾਹਿਬ ਜਾਣ ਵਾਸਤੇ ਸ਼ੂਟ-ਬੂਟ ਪਾ ਕੇ ਤਿਆਰ ਖੜ੍ਹੇ ਨਜ਼ਰ ਆ ਰਹੇ ਹਨ-1908

Sri Satguru Jagjit Singh Ji eLibrary NamdhariElibrary@gmail.com




ਇਕ ਸਿੱਖ ਭਾਰੀ ਲੰਬਰ ਢੋਅ ਰਿਹਾ–1910

Sri Satguru Jagjit Singh Ji eLibrary NamdhariElibrary@gmail.com




ਸਿੱਖ ਮਿੱਲ ਵਰਕਰ-1908



ਸਿੱਖ ਮਿੱਲ ਵਰਕਰ ਫੋਟਿਆਂ ਦੇ ਢੇਰਾਂ ਸਾਹਮਣੇ ਖੜ੍ਹੇ ਹੋਏ-1908

Sri Satguru Jagjit Singh Ji eLibrary NamdhariElibrary@gmail.com




ਫੱਟਿਆਂ ਦੇ ਢੇਰਾਂ ਸਾਹਮਣੇ ਖੜ੍ਹੇ ਸਿੱਖ ਤੇ ਹੋਰ ਮਿੱਲ ਵਰਕਰ–1908




ਤਨਖਾਹ ਵਾਲੇ ਦਿਨ ਆਰਾ ਮਿੱਲ ਦੇ ਦਫਤਰ ਸਾਹਮਣੇ ਤਨਖਾਹ ਲੈਣ ਲਈ ਖੜ੍ਹੇ ਸਿੱਖ ਵਰਕਰ

Sri Satguru Jagjit Singh Ji eLibrary NamdhariElibrary@gmail.com




ਨਵੇਂ ਆਏ ਸਿੱਖ ਆਪਣਾ ਮਾਲ ਅਸਬਾਬ ਘੋੜਿਆਂ ਨਾਲ ਖਿੱਚਣ ਵਾਲੀਆਂ ਰੇੜ੍ਹੀਆਂ 'ਤੇ ਲੱਦਦੇ ਹੋਏ–1907



ਵੈਨਕੂਵਰ ਨੇੜੇ ਜ਼ਮੀਨ ਸਾਫ ਕਰਦੇ ਹੋਏ–1908

Sri Satguru Jagjit Singh Ji eLibrary NamdhariElibrary@gmail.com




ਲੱਕੜੀ ਦੇ ਗੱਠਿਆਂ ਨੂੰ ਤਰਤੀਬ ਅਨੁਸਾਰ ਚਿਣਦੇ ਹੋਏ ਸਿੱਖ ਵਰਕਰ



ਨਵੇਂ ਆਏ ਸਿੱਖ ਇਮੀਗਰੈਂਟ ਐਬਟ ਅਤੇ ਕਾਰਨਲ ਸਟਰੀਟ ਦੇ ਵਿਚਕਾਰ ਹੇਸਟਿੰਗ ਸਟਰੀਟ 'ਤੇ, ਜਿਥੇ ਉਨ੍ਹਾਂ ਨੂੰ ਸਿਟੀ ਕਰਮਚਾਰੀਆਂ ਵਲੋਂ ਡੌਕਿਆ ਗਿਆ, ਖਾਣੇ ਵਾਸਤੇ ਚਾਵਲ ਬਣਾਉਂਦੇ ਹੋਏ–1905

Sri Satguru Jagjit Singh Ji eLibrary NamdhariElibrary@gmail.com



ਨੌਰਥ ਪੈਸੇਫਿਕ ਲੰਬਰ ਕੰਪਨੀ, ਬਰਨਟ



ਢਾਡੀ ਜਥਾ

Sri Satguru Jagjit Singh Ji eLibrary NamdhariElibrary@gmail.com

ਅਰਜਨ ਸਿੰਘ ਮਲਕ

ਅਰਜਨ ਸਿੰਘ ਮਲਕ ਅੰਗਰੇਜ਼ੀ ਬੋਲ ਲੈਂਦਾ ਸੀ। ਲੱਕੜੀ ਦੇ ਕਾਰਖਾਨਿਆਂ ਵਿਚ ਕੰਮ ਭਾਲਣ ਲਈ ਉਹ ਆਰੂ ਦਾ ਵੀ ਕੰਮ ਕਰਦਾ ਸੀ ਤੇ ਦੋਭਾਸ਼ੀਏ ਦਾ ਕੰਮ ਵੀ। ਇਕ ਮਿੱਲ ਵਿਚ ਮਜ਼ਦੂਰਾਂ ਦੀ ਲੋੜ ਸੀ ਅਰਜਨ ਸਿੰਘ ਨੇ 20 ਦੇ ਕਰੀਬ ਬੰਦੇ ਲਿਜਾ ਕੇ ਪਹਿਲੇ ਦਿਨ ਐਸੇ ਤਰੀਕੇ ਤੇ ਜ਼ੋਰ ਨਾਲ ਕੰਮ ਕਰਵਾਇਆ। ਸਿੱਖਾਂ ਦੀ ਧਾਂਕ ਪੈ ਗਈ। ਕਿਸੇ ਅਖਬਾਰ ਵਿਚ ਵੀ ਆ ਗਿਆ ਕਿ ਨਵੇਂ ਸਿੱਖ ਆਏ ਦੋ ਜਾਂ ਤਿੰਨ ਬੰਦਿਆਂ ਦਾ ਕੰਮ ਇਕ ਬੰਦਾ ਹੀ ਕਰ ਲੈਂਦਾ ਹੈ। ਜਿਹੜੀ ਲੱਕੜ ਦੀਆਂ ਗੋਲੀਆਂ ਨੂੰ 8 ਜਾਂ 10 ਗੋਰੇ ਇਕ ਥਾਂ ਤੋਂ ਦੂਜੀ ਥਾਂ ਤਕ ਲਿਜਾਂਦੇ ਸਨ ਉਨ੍ਹਾਂ ਦੀ ਥਾਂ ਸਿੱਖ ਹੀ ਕੰਮ ਕਰੀ ਜਾਂਦੇ ਸਨ। ਮੈਨੇਜਰ ਤੇ ਮਿੱਲਾਂ ਦੇ ਮਾਲਕ ਖੁਸ਼ ਹੋ ਗਏ। ਅਰਜਨ ਸਿੰਘ ਨੂੰ ਹੋਰ ਬੰਦੇ ਲਿਆਉਣ ਲਈ ਆਖ ਦਿੱਤਾ। ਕੁਝ ਉਥੇ ਕੰਮ ਕਰਦੇ ਰਹੇ। ਮਿੱਲ ਦਾ ਕੰਮ ਬਹੁਤ ਸੋਹਣਾ ਚੱਲ ਗਿਆ। ਇਕ ਦਿਨ ਰੇਲ ਗੱਡੀ ਦੇ ਮੁਸਾਫਰਾਂ ਤੇ ਕੈਨੇਡੀਅਨ ਪੈਸਫਿਕ ਰੇਲਵੇ ਦੇ ਮੈਨੇਜਰ ਨੇ ਮਿੱਲ ਵਿਚ ਕੰਮ ਕਰਦੇ ਸਿੱਖ ਕਾਮਿਆਂ ਦਾ ਕੰਮ ਗੱਡੀ ਰੁਕਵਾ ਕੇ ਵੇਖਿਆ ਜਿਸ ਨਾਲ ਉਹ ਬਹੁਤ ਪ੍ਰਭਾਵਤ ਹੋਏ। ਇਸੇ ਰੇਲਵੇ ਕੰਪਨੀ ਦੇ ਪਾਣੀ ਵਾਲੇ ਜ਼ਹਾਜ਼ ਵੀ ਪੰਜਾਬੀਆਂ ਨੂੰ ਹਾਂਗਕਾਂਗ ਤੋਂ ਕੈਨੇਡਾ ਲਿਆਉਂਦੇ ਸਨ। ਕਰਤਾਰ ਸਿੰਘ ਨਵਾਂ ਚੰਦ ਦੇ ਬਿਆਨ ਮੁਤਾਬਕ ਸੀ. ਪੀ. ਆਰ. ਨੇ 15 ਹਜ਼ਾਰ ਪੰਜਾਬੀਆਂ ਨੂੰ ਕੰਮ ਤੇ ਲਾਉਣ ਦੀ ਹਾਮੀ ਭਰੀ ਸੀ। ਕਿਉਂਕਿ ਉਨ੍ਹਾਂ ਨੂੰ ਦੋਹਰਾ ਫਾਇਦਾ ਸੀ। ਇਕ ਉਨ੍ਹਾਂ ਦੇ ਪਾਣੀ ਵਾਲੇ ਜ਼ਹਾਜ਼ ਦੇ ਟਿਕਟ ਵਿਕਦੇ ਸਨ। ਦੂਜਾ ਸਿੱਖ ਜ਼ਿਆਦਾ ਕੰਮ ਕਰਕੇ ਉਨ੍ਹਾਂ ਲਈ ਧਨ ਪੈਦਾ ਕਰਦੇ ਸਨ।

ਡਾਕਟਰ ਕੇਸ਼ੋਰਾਮ ਪਿੰਡ ਪਖੋਵਾਲ ਜ਼ਿਲ੍ਹਾ ਲੁਧਿਆਣਾ ਦੇ ਕਹੇ ਕਹਾਏ ਇਕ ਆਦਮੀ ਨੂੰ ਕੰਮ 'ਤੇ ਹਟਾਉਣ ਕਰ ਕੇ ਮੈਨੇਜਰ ਤੇ ਅਰਜਨ ਸਿੰਘ ਦੀ ਖੱਟਾ ਪਟੀ ਹੋ ਗਈ। ਜਿਤਨੇ ਵੀ ਪੰਜਾਬੀ ਉਥੇ ਕੰਮ ਕਰਦੇ ਸਨ; ਸਭ ਕੰਮ ਤੋਂ ਹਟ ਗਏ। ਮੈਨੇਜਰ ਨੇ ਹੋਰ ਗੋਰੇ, ਚੀਨੇ ਤੇ ਜਾਪਾਨੀ ਕੰਮ ਤੇ ਲਾ ਲਏ। ਉਤਪਦਾਨ ਬਹੁਤ ਘੱਟ ਗਿਆ। ਮਿੱਲ ਦੇ ਮਾਲਕਾਂ ਨੇ ਮੈਨੇਜਰ ਨੂੰ ਹਟਾ ਦਿੱਤਾ। ਅਰਜਨ ਸਿੰਘ ਦੀ ਪ੍ਰਭਤਾ ਹੋਰ ਵੱਧ ਗਈ। ਕਿਸੇ ਹੋਰ ਮਿੱਲ ਵਿਚ ਜਿਥੇ ਅਰਜਨ ਸਿੰਘ ਤੇ ਉਸ ਦੇ ਸਾਥੀ ਕੰਮ ਤੇ ਲੱਗੇ ਸਨ ਉਸ ਮੈਨੇਜਰ ਕੋਲੋਂ ਇਕ ਦਿਨ ਅਰਜਨ ਸਿੰਘ ਅੱਧੇ ਦਿਨ ਦੀ ਛੁੱਟੀ ਲੈਣ ਗਿਆ। ਅਰਜਨ ਸਿੰਘ ਨੇ ਛੁੱਟੀ ਲੈ ਕੇ ਕੋਈ ਆਪਣਾ ਕੰਮ ਨਹੀਂ ਸੀ ਕਰਨਾ ਸਗੋਂ ਉਹ ਆਪਣੇ ਸਾਥੀਆਂ ਦੇ ਕੰਮ ਕਰਦਾ ਸੀ। ਕਿਸੇ ਨਾਲ ਡਾਕਟਰ ਕੋਲ ਜਾਣਾ ਪੈਂਦਾ ਸੀ, ਕਿਸੇ ਨਾਲ ਬੈਂਕ ਵਿਚ ਜਾਣਾ ਪੈਂਦਾ, ਕਿਸੇ ਨਾਲ ਡਾਕਖਾਨੇ ਜਾਣਾ ਪੈਂਦਾ। ਮੈਨੇਜਰ ਨੇ ਉਸ ਨੂੰ ਪੁੱਛਿਆ ਕਿ ਅਰਜਨ ਸਿੰਘ ਤੂੰ ਬਹੁਤ ਵਾਰ ਕੰਮ ਦੇ ਘੰਟੇ ਭੰਨਦਾ ਏਂ, ਇਸ ਦਾ ਕੀ ਕਾਰਨ ਹੈ? ਅਰਜਨ ਸਿੰਘ ਨੇ ਦੱਸ ਦਿੱਤਾ ਕਿ ਮੈਂ ਤਾਂ ਆਪਣੇ ਸਾਥੀਆਂ ਦੇ ਕੰਮ ਕਰਦਾ ਹਾਂ। ਮੈਨੇਜਰ ਨੇ ਫੇਰ ਪੁੱਛਿਆ ਕਿ 'ਉਨ੍ਹਾਂ ਤੋਂ ਤੂੰ ਪੈਸੇ ਲੈ ਕੇ ਕੰਮ ਕਰਦਾ ਹੈਂ? ਅਰਜਨ ਸਿੰਘ ਦਾ ਜਵਾਬ ਸੀ ਕਿ ਨਹੀਂ। ਇਹ ਤਾਂ ਮੇਰਾ ਸਿੱਖ ਹੋਣ ਦੇ ਨਾਤੇ ਇਕ ਫਰਜ਼ ਹੈ। ਮੈਨੇਜਰ ਇਹ ਗੱਲ ਸੁਣ ਕੇ ਪ੍ਰਭਾਵਤ ਵੀ ਹੋਇਆ ਤੇ ਹੈਰਾਨ ਵੀ। ਹੈਰਾਨੀ ਉਸ ਨੂੰ ਇਸ ਗੱਲ ਦੀ ਸੀ ਕਿ ਹੋਰ ਚੀਨੇ ਤੇ ਜਾਪਾਨੀ ਦੁਭਾਸ਼ੀਆ ਕਰਨ ਦੇ ਆਪਣੇ ਬੰਦਿਆਂ ਤੋਂ ਪੈਸੇ ਲੈਂਦੇ ਸਨ। ਕੰਮ ਤੇ ਰਖਾਉਣ ਦੇ ਵੀ ਪੈਸੇ ਲੈਂਦੇ ਸਨ। ਮੈਨੇਜਰ ਨੇ ਕੋਈ ਬੰਦਾ ਹਾਲੇ ਨਿਸ਼ਕਾਮ ਸੇਵਾ ਕਰਦਾ ਵੇਖਿਆ ਹੀ ਨਹੀਂ ਸੀ। ਉਸ ਨੇ ਅਰਜਨ ਸਿੰਘ ਬਾਰੇ ਹੋਰ ਕਾਮਿਆਂ ਤੋਂ ਪੁੱਛਿਆ ਕਿ ਅਰਜਨ ਸਿੰਘ ਪੈਸੇ ਲੈ ਕੇ ਕੰਮ ਕਰਦਾ ਹੈ? ਉਨ੍ਹਾਂ ਦਾ ਜਵਾਬ ਸੀ ਉਹ ਸਿਰਫ ਕੰਮ ਮੁਫਤ ਹੀ ਨਹੀਂ ਕਰਦੇ ਸਗੋਂ ਕਿਸੇ ਵੇਲੇ ਆਪਣੀ ਜੇਬ ਵਿਚੋਂ ਵੀ ਸਾਡੇ ਲਈ ਪੈਸੇ ਖਰਚਦਾ ਹੈ। ਉਨ੍ਹਾਂ ਦੇ ਜਵਾਬ ਨੇ ਮੈਨੇਜਰ ਦੇ ਦਿਲ ਵਿਚ ਅਰਜਨ ਸਿੰਘ ਪ੍ਰਤੀ ਧਾਂਕ ਜਮਾ ਦਿੱਤੀ। ਸਾਰੀ ਬੇਰੰਗ ਡਾਕ ਜੋ ਭਾਰਤ ਤੋਂ ਆਉਂਦੀ ਹੈ ਉਸ ਦੇ ਪੈਸੇ ਉਹ ਡਾਕਖਾਨੇ ਵਾਲਿਆਂ ਨੂੰ ਦਿੰਦਾ ਹੈ। ਡਾਕਖਾਨੇ ਕਿਸੇ ਦੇ ਵੀ ਚਿੱਠੀ ਪੱਤਰ ਦਾ ਕੰਮ ਉਹ ਮੁਫਤ ਕਰਦਾ। ਮੈਨੇਜਰ ਨੇ ਅਰਜਨ ਸਿੰਘ ਨੂੰ ਸੱਦ ਕੇ ਡਾਕਖਾਨੇ ਦਾ ਖਰਚ ਕੰਪਨੀ ਵਲੋਂ ਦੇਣ ਦਾ ਵਾਅਦਾ ਕੀਤਾ। ਉਸ ਨੂੰ ਸਾਂਝੇ ਕੰਮਾਂ ਲਈ ਛੁੱਟੀ ਕਰਨੀ ਯਕੀਨੀ ਬਣਾ ਦਿੱਤੀ। ਅਰਜਨ ਸਿੰਘ ਪਰਉਪਕਾਰੀ ਤੇ ਨਿਸ਼ਕਾਮ ਸੇਵਕ ਹੋਣ ਦੇ ਨਾਲ ਗੁਰਬਾਣੀ ਦੇ ਰਸੀਏ ਵੀ ਸਨ। ਜਦ ਉਹ 1904 ਦੇ ਕਰੀਬ ਆਏ ਸਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾਲ ਲਿਆਏ ਸਨ। ਜਿਥੇ ਉਹ ਰਹਿੰਦੇ ਸਨ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰਦੇ ਸਨ। ਉਨ੍ਹਾਂ ਦੇ ਮਨ ਵਿਚ ਗੁਰਦੁਆਰਾ ਸਾਹਿਬ ਬਣਾਉਣ ਦਾ ਸੰਕਲਪ ਆਇਆ। ਸਭ ਤੋਂ ਪਹਿਲਾਂ ਪੋਰਟ ਮੂਡੀ ਵਿਚ ਇਕ ਮਕਾਨ ਕਿਰਾਏ ਤੇ ਲੈ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਰ ਐਤਵਾਰ ਨੂੰ ਸੰਗਤ ਇੱਕਤਰ ਹੋਣ ਲੱਗੀ। ਗੁਰੂ ਦਾ ਜਸ ਵੀ ਗਾਇਆ ਜਾਂਦਾ ਤੇ ਆਪਣੇ ਦੁੱਖ ਤਕਲੀਫਾਂ ਵੀ ਸਾਂਝੇ ਕੀਤੇ ਜਾਂਦੇ। ਭਾਈ ਅਰਜਨ ਸਿੰਘ ਮਲਕ ਨੇ ਸੰਗਤ ਦੀ ਸਲਾਹ ਨਾਲ ਗੁਰਦੁਆਰਾ ਬਣਾਉਣ ਲਈ ਜ਼ਮੀਨ ਵੀ ਖਰੀਦ ਲਈ ਸੀ। ਜਿਵੇਂ ਪਿੱਛੇ ਲਿਖਿਆ ਹੈ ਕਿ ਅਰਜਨ ਸਿੰਘ ਨੇ ਉਨ੍ਹਾਂ ਦੇ ਸਾਥੀ ਜਿਥੇ ਪਹਿਲਾਂ ਕੰਮ ਕਰਦੇ ਸਨ ਉਥੋਂ ਕੰਮ ਛੱਡ ਕੇ ਵੈਨਕੂਵਰ ਆ ਗਏ ਸਨ। ਵੈਨਕੂਵਰ ਸ਼ਹਿਰ ਕੇਂਦਰ ਵਿਚ ਸੀ। ਜਿਥੇ ਅਰਜਨ ਸਿੰਘ ਹੁਣੀਂ ਕੰਮ ਕਰਦੇ ਸਨ ਉਸ ਦੇ ਨੇੜੇ ਹੀ ਜ਼ਮੀਨ ਸਿੰਘਾਂ ਦੀ ਸਲਾਹ ਨਾਲ ਗੁਰਦੁਆਰਾ ਬਣਾਉਣ ਲਈ ਖਰੀਦ ਲਈ ਗਈ ਸੀ। ਪੋਰਟ ਮੂਡੀ ਵਾਲੀ ਜ਼ਮੀਨ ਜਿਸ ਕੀਮਤ ਤੇ ਖਰੀਦੀ ਸੀ ਉਤਨੇ ਹੀ ਮੁੱਲ ਵਿਚ ਵੇਚ ਦਿੱਤੀ ਗਈ। ਤਦ ਤੱਕ ਵੈਨਕੂਵਰ ਵਿਚ ਹੀ ਇਕ ਮਕਾਨ ਕਿਰਾਏ ਤੇ ਲੈ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ। ਉਹ ਗੁਰੂ ਘਰ ਬਣ ਗਿਆ। ਅਰਜਨ ਸਿੰਘ ਦੀ ਅਗਵਾਈ ਵਿਚ ਗੁਰਦੁਆਰਾ ਬਣਾਉਣ ਲਈ ਮਾਇਆ ਇੱਕਤਰ ਹੋਣ ਲੱਗੀ। ਸਪਤਾਹਿਕ ਦੀਵਾਨਾਂ ਵਿਚ ਉਗਰਾਹੀ ਹੁੰਦੀ

Sri Satguru Jagjit Singh Ji eLibrary NamdhariElibrary@gmail.com

ਸੀ। ਜੋ ਪ੍ਰਬੰਧ ਕਮੇਟੀ 22 ਜੁਲਾਈ 1906 ਨੂੰ ਬਣੀ ਉਸ ਕਮੇਟੀ ਦੇ ਸੱਜਣਾਂ ਦੇ ਨਾਂ ਹੇਠਾਂ ਦਿੱਤੇ ਜਾਂਦੇ ਹਨ-

1. ਅਰਜਨ ਸਿੰਘ ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
2 ਭਾਈ ਵਰਿਆਮ ਸਿੰਘ ਪਿੰਡ ਨਥੋਕੇ, ਜ਼ਿਲਾ ਫਿਰੋਜ਼ਪੁਰ, ਪੰਜਾਬ, ਭਾਰਤ
3. ਭਾਈ ਭਾਗ ਸਿੰਘ ਭਿੱਖੀ ਵਿੰਡ, ਜ਼ਿਲ੍ਹਾ ਲਾਹੌਰ, ਪੰਜਾਬ, ਭਾਰਤ
4. ਭਾਈ ਬਲਵੰਤ ਸਿੰਘ ਜੀ ਗ੍ਰੰਥੀ, ਪਿੰਡ ਖਰੁਦਪੁਰ, ਜ਼ਿਲ੍ਹਾ ਜਲੰਧਰ, ਪੰਜਾਬ, ਭਾਰਤ
5. ਭਾਈ ਭੋਲਾ ਸਿੰਘ ਪਿੰਡ ਚੀਮਾਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
6. ਭਾਈ ਭੋਲਾ ਸਿੰਘ ਲੰਮਾ ਪਿੰਡ ਬੁੜਾ ਗੁਜਰ, ਜ਼ਿਲਾ ਫਿਰੋਜ਼ਪੁਰ, ਪੰਜਾਬ, ਭਾਰਤ
7. ਭਾਈ ਸੇਵਾ ਸਿੰਘ ਪਿੰਡ ਗੁੱਦੇ, ਜ਼ਿਲ੍ਹਾ ਲਾਹੌਰ, ਪੰਜਾਬ, ਭਾਰਤ

ਕਮੇਟੀ ਦੇ ਮੈਂਬਰ ਤੇ ਹੋਰ ਹਿੰਦੂ ਤੇ ਮੁਸਲਮਾਨ ਵੀ ਵੈਨਕੂਵਰ ਤੋਂ ਬਾਹਰ ਰਹਿੰਦੇ ਭਾਰਤੀਆਂ ਤੋਂ ਮਾਇਆ ਇਕੱਤਰ ਕਰਨ ਜਾਂਦੇ। ਵੈਨਕੂਵਰ ਗੁਰਦੁਆਰਾ ਬਣਾਉਣ ਲਈ ਜੋ ਜ਼ਮੀਨ ਖਰੀਦੀ ਗਈ ਸੀ ਉਸ ਦੀ ਸਫਾਈ ਵੀ ਆਪ ਹੀ ਭਾਰਤੀ ਪੰਜਾਬੀਆਂ ਨੇ ਸ਼ੁਰੂ ਕਰ ਦਿੱਤੀ। ਗੁਰਦੁਆਰੇ ਲਈ ਬਿਲਡਿੰਗ ਬਣਾਉਣ ਲਈ ਟੈਂਡਰ ਲਏ ਗਏ। ਹਾਂਗਕਾਂਗ ਦੇ ਗੁਰਦੁਆਰੇ ਵਰਗਾ ਨਕਸ਼ਾ ਇਕ ਛੱਤਾ ਤੇ ਦੋ ਛੱਤਾ ਠੇਕੇਦਾਰਾਂ ਨੇ ਪੇਸ਼ ਕੀਤਾ। ਦੋ ਛੱਤਾਂ ਵਾਲਾ ਗੁਰਦੁਆਰਾ ਬਣਾਉਣ ਲਈ ਦੁੱਗਣੇ ਪੈਸੇ ਖਰਚ ਆਉਂਦੇ ਸਨ। ਸੰਗਤ ਵਿਚ ਬੈਠੇ ਚੰਨਣ ਸਿੰਘ ਚੱਕਰ ਜ਼ਿਲ੍ਹਾ ਲੁਧਿਆਣਾ ਨੇ ਉੱਠ ਕੇ ਗੁਰਮਤਾ ਪੇਸ਼ ਕੀਤਾ ਕਿ ਇਮਾਰਤ ਦੋ ਛੱਤੀ ਬਣਾਈ ਜਾਵੇ। ਆਪਣੇ ਚੰਦੇ ਦੀ ਪਹਿਲੀ ਰਕਮ ਨੂੰ ਦੁੱਗਣਾ ਕਰ ਦਿੱਤਾ ਜਾਵੇ। ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। [11]

ਭਾਈ ਸਾਹਿਬ ਭਾਗ ਸਿੰਘ ਜੀ ਭਿੱਖੀਵਿੰਡ, ਜ਼ਿਲ੍ਹਾ ਲਾਹੌਰ ਉਗਰਾਹੀ ਲਈ ਕੈਨੇਡਾ ਤੋਂ ਹੋ ਕੇ ਅਮਰੀਕਾ ਵੀ ਗਏ। ਗੁਰਦੁਆਰੇ ਦੀ ਇਮਾਰਤ ਦਾ ਠੇਕਾ ਅਕਤੂਬਰ 1907 ਦੇ ਮੁੱਢਲੇ ਦਿਨ ਵਿਚ ਦਿੱਤਾ ਗਿਆ ਸੀ। ਅਕਤੂਬਰ ਦੇ ਅਖੀਰ ਵਿਚ ਗੁਰਦੁਆਰੇ ਦੀ ਨੀਂਹ ਰੱਖੀ ਗਈ।

ਗੁਰਦੁਆਰਾ ਪ੍ਰਬੰਧ ਕਮੇਟੀ ਨੇ ਇਮਾਰਤ ਬਣਾਉਣ ਸਬੰਧੀ ਆਗਿਆ ਲੈਣ ਵਾਸਤੇ ਨਕਸ਼ਾ ਸ਼ਹਿਰ ਕਮੇਟੀ ਕਾਰਪੋਰੇਸ਼ਨ ਨੂੰ ਭੇਜ ਦਿੱਤਾ। ਪਰ ਇਸ ਗੁਰਦੁਆਰੇ ਦੇ ਥਾਂ ਦੇ ਲਾਗੇ ਰਹਿੰਦੇ ਦੋ ਗੋਰਿਆਂ ਨੇ ਤਿੰਨ ਸੌ ਦੀ ਗਿਣਤੀ ਵਿਚ ਕਾਰਪੋਰੇਸ਼ਨ ਨੂੰ ਦਰਖਾਸਤ ਦੇ ਦਿੱਤੀ ਕਿ ਹਿੰਦੁਸਤਾਨੀਆਂ ਨੂੰ ਏਥੇ ਗੁਰਦੁਆਰਾ ਬਣਾਉਣ ਦੀ ਆਗਿਆ ਨਾ ਦਿੱਤੀ ਜਾਵੇ ਕਿਉਂਕਿ ਇਹ ਲੋਕ ਗੁਰਦੁਆਰੇ ਦੇ ਅੰਦਰ ਨੰਗੀਂ ਲੱਤੀਂ ਫਿਰਿਆ ਕਰਨਗੇ। ਨਾ ਇਹ ਆਪ ਸੌਣਗੇ ਅਤੇ ਨਾ ਗਵਾਢੀਆਂ ਨੂੰ ਸੌਣ ਦੇਣਗੇ ਕਿਉਂਕਿ ਇਹ ਢੋਲਕੀ ਛੈਣੇ ਵਜਾ ਕੇ ਗਾਉਂਦੇ ਰਹਿਣਗੇ। ਇਸ ਅਰਜ਼ੀ ਦੀ ਸ਼ਹਿਰ ਦੀ ਕਾਰਪੋਰੇਸ਼ਨ ਨੇ ਕੋਈ ਪ੍ਰਵਾਹ ਨਾ ਕੀਤੀ ਅਤੇ ਗੁਰਦੁਆਰਾ ਬਣਾਉਣ ਦੀ ਆਗਿਆ ਦੇ ਦਿੱਤੀ ਗਈ।

* * * * *

* * *

* *

Sri Satguru Jagjit Singh Ji eLibrary NamdhariElibrary@gmail.com

ਅਰਜਨ ਸਿੰਘ ਦਾ ਅਕਾਲ ਚਲਾਣਾ

ਅਰਜਨ ਸਿੰਘ ਤਿੰਨ ਸਾਲ ਦੇ ਕਰੀਬ ਮਨ, ਤਨ ਤੇ ਧਨ ਨਾਲ ਭਾਰਤੀ ਪੰਜਾਬੀ ਸਿੱਖਾਂ ਦੀ ਨਿਸ਼ਕਾਮ ਸੇਵਾ ਕਰਦੇ ਰਹੇ। ਛੋਟੀ ਉਮਰ ਵਿਚ ਹੀ 22 ਜੁਲਾਈ 1907 ਨੂੰ ਉਹ ਚੜ੍ਹਾਈ ਕਰ ਗਏ। ਜੋ ਗੁਰੂਘਰ ਬਣਾਉਣ, ਉਸ ਦੀ ਸੇਵਾ ਸੰਭਾਲ ਲਈ, ਹੋਰ ਭਾਰਤੀਆਂ (ਹਿੰਦੂ, ਮੁਸਲਮਾਨਾਂ ਤੇ ਸਿੱਖਾਂ) ਨੂੰ ਸਾਮਜਿਕ, ਰਾਜਨੀਤਕ ਤੇ ਇਥੇ ਟਿੱਕੇ ਰਹਿਣ ਲਈ ਮਸਲੇ ਦਰਪੇਸ਼ ਸਨ, ਉਨ੍ਹਾਂ ਤੇ ਵਿਚਾਰ ਕਰਨ ਤੇ ਉਨ੍ਹਾਂ ਦੇ ਹਲ ਲੱਭਣ, ਉਹਨਾਂ ਤੋਂ ਉਪਜੇ ਸੰਘਰਸ਼ ਕਰਨ ਲਈ ਜੋ ਕਮੇਟੀ/ਸੁਸਾਇਟੀ (ਖਾਲਸਾ ਦੀਵਾਨ) ਸੁਸਾਇਟੀ ਬਣਾਈ, ਉਸ ਸੁਸਾਇਟੀ ਨੂੰ ਬਣਾਉਣ ਲਈ ਜੋ ਗੁਰਮਤਾ 22 ਜੁਲਾਈ 1906 ਵਿਚ ਪਾਸ ਹੋਇਆ, ਉਸ ਗੁਰਮਤੇ ਨੂੰ ਪਾਸ ਕਰਵਾਉਣ ਵਾਲਾ ਅਰਜਨ ਸਿੰਘ ਮਲਕ ਪੂਰੇ ਇਕ ਸਾਲ ਬਾਅਦ 22 ਜੁਲਾਈ 1907 ਨੂੰ ਗੁਰੂ ਨੂੰ ਪਿਆਰਾ ਹੋ ਗਿਆ।

ਉਸ ਵੇਲੇ ਕੈਨੇਡਾ ਨਿਵਾਸੀ ਹਿੰਦੂ, ਮੁਸਲਮਾਨ ਤੇ ਸਿੱਖਾਂ ਨੇ ਉਨ੍ਹਾਂ ਦੇ ਬੇਮੌਕਾ ਚਲਾਣੇ ਦਾ ਬਹੁਤ ਅਫਸੋਸ ਮਨਾਇਆ। ਆਪ ਦੇ ਮ੍ਰਿਤਕ ਸਰੀਰ ਦਾ ਸਸਕਾਰ ਕੀਰਤਨ ਕਰਦਿਆਂ ਬੜੀ ਸ਼ਾਨ ਤੇ ਧੂਮਧਾਮ ਨਾਲ ਕੀਤਾ ਗਿਆ। ਆਪ ਦੇ ਵਿਛੋੜੇ ਕਾਰਨ ਵੈਨਕੂਵਰ ਦੇ ਹਿੰਦੁਸਤਨੀਆਂ ਦੇ ਸਾਂਝੇ ਕੌਮੀ ਕੰਮਾਂ ਨੂੰ ਬੜਾ ਧੱਕਾ ਲੱਗਾ। ਜੋ ਪਹਿਲੀ ਔਕੜ ਗੁਰਦੁਆਰਾ ਕਮੇਟੀ ਨੂੰ ਆਈ ਗੁਰਦੁਆਰਾ ਬਣਾਉਣ ਦਾ ਠੇਕਾ ਦੇਣਾ ਸੀ। ਜੋ ਮਾਇਆ ਗੁਰੂਘਰ ਬਣਾਉਣ ਲਈ ਹੁਣ ਤਕ ਇੱਕਤਰ ਹੋਈ ਸੀ ਉਹ ਭਾਈ ਸਾਹਿਬ ਨੇ ਸਿੱਖ ਟੈਂਪਲ ਦੇ ਨਾਂ ਤੇ ਬੈਂਕ ਵਿਚ ਜਮ੍ਹਾਂ ਕਰਵਾਈ ਹੋਈ ਸੀ। ਭਾਈ ਸਾਹਿਬ ਤੋਂ ਬਿਨਾਂ ਹੋਰ ਕਿਸੇ ਨੂੰ ਪੈਸੇ ਕਢਵਾਉਣ ਦਾ ਅਧਿਕਾਰ ਸੁਸਾਇਟੀ ਨੇ ਨਹੀਂ ਦਿੱਤਾ ਸੀ। ਭਾਈ ਸਾਹਿਬ ਨੇ ਇਕ ਮੋਹਰ ਬਣਾਈ ਹੋਈ ਸੀ ਅਤੇ ਆਪਣੇ ਦਸਖਤ ਗੁਰਮੁਖੀ ਵਿਚ ਕਰਦੇ ਸਨ। ਬੈਂਕ ਵਾਲੇ ਭਾਈ ਅਰਜਨ ਸਿੰਘ ਨੂੰ ਹੀ ਸਿੱਖ ਟੈਂਪਲ ਸਮਝਦੇ ਸਨ। ਭਾਈ ਸਾਹਿਬ ਨੇ ਗੁਰਦੁਆਰੇ ਦੀ ਜ਼ਮੀਨ ਦੀ ਰਜਿਸਟਰੀ ਵੀ ਸਿੱਖ ਟੈਂਪਲ ਦੇ ਨਾਂ ਹੇਠ ਕਰਵਾਈ ਸੀ। ਉਹ ਵੀ ਉਨ੍ਹਾਂ ਪਾਸ ਸੀ। ਰਜਿਸਟਰੀ ਕਰਨ ਵਾਲੇ ਵੀ ਭਾਈ ਸਾਹਿਬ ਨੂੰ ਹੀ ਸਿੱਖ ਟੈਂਪਲ ਸਮਝਦੇ ਸਨ। ਖਾਲਸਾ ਦੀਵਾਨ ਸੁਸਾਇਟੀ ਦੇ ਸੇਵਕਾਂ ਨੇ ਦੁਭਾਸ਼ੀਆ ਤੇ ਵਕੀਲਾਂ ਰਾਹੀਂ ਗੁਰਦੁਆਰੇ ਦੀਆਂ ਰਸੀਦਾਂ ਦਾ ਸਬੂਤ ਦੇ ਕੇ ਬੈਂਕ ਚੋਂ ਪੈਸੇ ਕਢਵਾਏ। ਰਜਿਸਟਰੀ ਵੀ ਨਵੇਂ ਸੇਵਾਦਾਰਾਂ ਦੇ ਨਾਂ ਬਣਾਈ। 'ਖਾਲਸਾ ਦੀਵਾਨ ਸੁਸਾਇਟੀ' ਦੇ ਨਾਂ ਨਵਾਂ ਬੈਂਕ ਹਿਸਾਬ ਖਾਤਾ ਖੋਲ੍ਹਿਆ ਗਿਆ।


ਸਸਕਾਰ ਕਰਨ ਦੀ ਸਮੱਸਿਆ

ਜਿਸ ਵੇਲੇ ਪੰਜਾਬੀ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਸੰਖਿਆ ਹਜ਼ਾਰਾਂ ਵਿਚ ਹੋ ਗਈ, ਇਥੇ ਰਹਿਣ, ਜੀਊਣ ਤੇ ਵੱਸਣ ਲਈ ਸਾਝੀਆਂ ਸਮੱਸਿਆਵਾਂ ਨੇ ਜਨਮ ਲਿਆ। ਮਰਨ ਤੋਂ ਬਾਅਦ ਸਸਕਾਰ ਕਰਨ ਦਾ ਮਸਲਾ ਸਭ ਤੋਂ ਪਹਿਲਾ ਸੀ। ਇਥੇ ਸ਼ਮਸ਼ਾਨਘਾਟ ਨਹੀਂ ਸੀ ਜਿਥੇ ਸਸਕਾਰ ਕੀਤਾ ਜਾਵੇ। ਉਸ ਵੇਲੇ ਮੇਅਰ ਸ਼ਹਿਰ ਦੀ ਹੱਦ ਅੰਦਰ ਸਸਕਾਰ ਕਰਨ ਦੀ ਇਜ਼ਾਜਤ ਨਹੀਂ ਸੀ ਦਿੰਦਾ। ਈਸਾਈ ਮਿਸ਼ਨਰੀ ਮੁਰਦੇ ਨੂੰ ਦਬਾਉਣ ਤੇ ਜ਼ੋਰ ਪਾਉਂਦੇ ਸਨ। ਪਰ ਇਹ ਵੀ ਨਹੀਂ ਚਾਹੁੰਦੇ ਸਨ ਕਿ ਗੋਰੇ ਤੇ ਹਿੰਦੂ (ਸਿੱਖ) ਇਕੱਠੇ ਇਕ ਕਬਰਸਤਾਨ ਵਿਚ ਹੀ ਦਬਾਏ ਜਾਣ। 1.11. 1906 ਨੂੰ ਇਕ ਭਾਈ ਚਲਾਣਾ ਕਰ ਗਿਆ। ਉਸ ਦੇ ਸਰੀਰ ਦਾ ਸਸਕਾਰ ਬਹੁਤ ਹੀ ਮੁਸ਼ਕਲ ਨਾਲ ਅੱਧੀ ਰਾਤ ਨੂੰ ਦੂਰ ਜੰਗਲ ਵਿਚ ਜਾ ਕੇ ਬਰਫ ਥੱਲੇ ਦੱਬੀਆਂ ਲੱਕੜੀਆਂ ਨੂੰ ਅੱਗ ਲਾ ਕੇ ਕੀਤਾ ਗਿਆ। ਭਾਈ ਅਰਜਨ ਸਿੰਘ ਮਲਕ ਦੀ ਅਗਵਾਈ ਹੇਠ ਕੈਨੇਡਾ ਦੀ ਸਰਕਾਰ ਤੋਂ ਮੰਗ ਕੀਤੀ ਗਈ ਸੀ ਕਿ ਹੋਰ ਕੌਮਾਂ ਦੀ ਤਰ੍ਹਾਂ ਸਿੱਖਾਂ (ਭਾਰਤੀਆਂ) ਨੂੰ ਸ਼ਮਸ਼ਾਨਘਾਟ ਲਈ ਜਗਾ ਦਿੱਤੀ ਜਾਵੇ। ਕਾਫੀ ਲਿਖਾਪੜੀ ਤੋਂ ਬਾਅਦ ਅੰਟਵਾ ਤੋਂ ਗਵਰਨਰ ਦੇ ਹੁਕਮ ਨਾਲ ਸਿੱਖਾਂ ਨੂੰ ਸ਼ਮਸ਼ਾਨਘਾਟ ਬਣਾਉਣ ਲਈ ਜ਼ਮੀਨ ਮਿਲ ਗਈ। ਇਹ ਮੋਰਚਾ ਗੁਰੂਘਰ ਬਣਨ ਤੋਂ ਪਹਿਲਾਂ ਫਤਹਿ ਹੋ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com



ਇਕ ਮ੍ਰਿਤਕ ਸਿੱਖ ਦਾ ਅੰਤਮ ਸਸਕਾਰ–1907




ਇਕ ਮ੍ਰਿਤਕ ਸਿੱਖ ਵਰਕਰ ਦਾ ਜੰਗਲ ਵਿਚ ਅੰਤਮ ਸਸਕਾਰ ਕਰਦੇ ਹੋਏ ਹੋਰ ਸਿੱਖ–1907

Sri Satguru Jagjit Singh Ji eLibrary NamdhariElibrary@gmail.com

ਪਹਿਲਾ ਨਗਰ ਕੀਰਤਨ

19 ਜਨਵਰੀ 1908 ਨੂੰ ਨਵੇਂ ਬਣੇ ਗੁਰਦੁਆਰੇ (1866 ਡਬਲਿਊ- ਸੈਕਿੰਡ ਐਵੀਨਿਊ) ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ 6 ਘੋੜਿਆਂ ਵਾਲੀ ਬੱਘੀ ਵਿਚ ਕਿਰਾਏ 'ਤੇ ਲਏ ਗੁਰੁਦਆਰੇ ਤੋਂ ਨਵੇਂ ਗੁਰਦੁਆਰੇ ਵਿਚ ਬਹੁਤ ਹੀ ਸ਼ਾਨ ਨਾਲ ਨਗਰ ਕੀਰਤਨ ਦੀ ਸ਼ਕਲ ਵਿਚ ਲਿਆਂਦੀ ਗਈ। ਇਸ ਸਮਾਗਮ ਵਿਚ ਤਕਰੀਬਨ ਸਾਰੇ ਬੀ. ਸੀ. ਵਿਚੋਂ ਸੰਗਤ ਆਈ ਹੋਈ ਸੀ। ਬਹੁਤ ਸਾਰੇ ਸਿੱਖ ਫੌਜੀ ਹੋਣ ਕਰਕੇ ਪਰੇਡ ਅਨੁਸ਼ਾਸ਼ਨ ਪੱਖੋਂ ਬਹੁਤ ਪ੍ਰਭਾਵਸ਼ਾਲੀ ਸੀ। ਉਤਰੀ ਅਮਰੀਕਾ ਵਿਚ ਪਹਿਲਾ ਗਰਘਰ ਖੱਲਾ ਸੀ। ਇਸ ਗਰਘਰ ਦੀ ਸੇਵਾ ਸੰਭਾਲ ਲਈ ਜੋ ਸਸਾਇਟੀ ਬਣਾਈ ਗਈ ਉਸ ਦਾ ਨਾਂ ਖਾਲਸਾ ਦੀਵਾਨ ਸੁਸਾਇਟੀ ਰੱਖਿਆ ਗਿਆ। 13 ਮਾਰਚ 1909 ਨੂੰ ਇਹ ਸੁਸਾਇਟੀ ਹੀ ਰਜਿਸਟਰ ਕਰਵਾਈ ਗਈ। ਇਸ ਇਤਿਹਾਸਕ ਸੁਸਾਇਟੀ ਦਾ ਇਤਿਹਾਸ ਹੀ ਦਰਅਸਲ ਕੈਨੇਡਾ ਵਿਚ ਸਿੱਖਾਂ ਦਾ ਇਤਿਹਾਸ ਹੈ। ਜਿੰਨੇ ਵੀ ਸੰਘਰਸ਼ ਸਿੱਖਾਂ ਨੇ ਇਥੇ ਵੱਸਣ ਲਈ ਤੇ ਭਾਰਤ ਦੀ ਆਜ਼ਾਦੀ ਲਈ ਕੀਤੇ, ਉਨ੍ਹਾਂ ਸਭਨਾਂ ਦੀ ਅਗਵਾਈ ਖਾਲਸਾ ਦੀਵਾਨ ਸੁਸਾਇਟੀ ਨੇ ਕੀਤੀ।



19 ਜਨਵਰੀ 1908 ਨੂੰ ਸੈਕਿੰਡ ਐਵੇਨਿਊ ਵਾਲੇ ਗੁਰਦੁਆਰੇ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਮੇਂ ਨਗਰ ਕੀਰਤਨ ਦਾ ਦ੍ਰਿਸ਼

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰਪ੍ਰਸਾਦਿ।

ਜਿਸਕਾ ਕਾਰਜ ਤਿਨ ਹੀ ਕੀਆ
ਮਾਨਸ ਕਿਆ ਵੇਚਾਰਾ ਰਾਮ।

ਹੋਇ ਇਕੱਤ੍ਰ ਮਿਲਹੁ ਮੇਰੇ ਭਾਈ। ਦੁਬਿਧਾ ਦੂਰ ਕਰਹੁ ਲਿਵ ਲਾਇ।

ਰੀਪੋਰਟ

ਖਾਲਸਾ ਦੀਵਾਨ ਵੈਨਕੂਵਰ ਬੀ. ਸੀ

੨੨ ਜੁਲਾਈ ੧੯੦੬ ਤੋਂ ੨੦ ਅਕਤੂਬਰ ੧੯੦੯ ਤਕ।

ਵਜ਼ੀਰ ਹਿੰਦ ਪਰੈਸ ਅੰਮ੍ਰਿਤਸਰ ਵਿਚ ਛਾਪੇ ਕਾਬਲ ਸਿੰਘ ਮੈਨੇਜਰ ਦੇ ਯਤਨ ਨਾਲ ਛਪੀ।

Sri Satguru Jagjit Singh Ji eLibrary NamdhariElibrary@gmail.com

ਹਵਾਲੇ ਤੇ ਟਿੱਪਣੀਆਂ:


1. ਰੇ ਹੁੰਦਲ ਦਾ ਲਿਖਤੀ ਬਿਆਨ.
2. Narinder Singh, Canadian Sikhs, 1994, P. 29
3. Ibid.29
4. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, (ਪਹਿਲਾ ਹਿੱਸਾ) 1961, ਸਫਾ 20
5. W.H. Macleod, The Sikhs, 1989, P. 137
6. Joan M.Jenson, Passage From India, 1988, P. 59
7. ਉਪਰੋਕਤ, ਸਫਾ 59
8. Rajni Kanta Das, Hindustani, 1923 P. 4
9. Hugh Johnston, The East Indians In Canada, 1984, P. 6
10. ਰਿਪੋਰਟ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਬੀ. ਸੀ. 22 ਜੁਲਾਈ 1906 ਤੋਂ 20 ਅਕਤੂਬਰ 1909 ਤੱਕ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ ਛਪੀ।
11. ਗੰਡਾ ਸਿੰਘ, ਅਮਰੀਕਾ ਵਿਚ ਸਿੱਖ, "ਕਰਤਾਰ ਸਿੰਘ ਨਵਾਂ ਚੰਦ ਦਾ ਬਿਆਨ"

Sri Satguru Jagjit Singh Ji eLibrary NamdhariElibrary@gmail.com

ਔਕੜਾਂ ਦਾ ਸਾਹਮਣਾ

ਵੀਹਵੀਂ ਸਦੀ ਦੇ ਆਰੰਭ ਵਿਚ ਜਦੋਂ ਭਾਰਤੀ ਲੋਕ ਅਮਰੀਕਾ ਤੇ ਕੈਨੇਡਾ ਦੇ ਪੱਛਮੀ ਤੱਟ 'ਤੇ ਆਉਣੇ ਸ਼ੁਰੂ ਹੋਏ ਉਸ ਵੇਲੇ ਅਮਰੀਕਾ ਤੇ ਕੈਨੇਡਾ ਦਾ ਪੱਛਮੀ ਪਾਸਾ ਅਜੇ ਆਬਾਦ ਹੋ ਰਿਹਾ ਸੀ। ਇਹ ਜੰਗਲ ਸਾਫ ਕਰਕੇ ਆਬਾਦ ਕੀਤਾ ਜਾ ਰਿਹਾ ਸੀ। ਖੇਤ ਬਣਾਏ ਜਾ ਰਹੇ ਸਨ, ਪੱਛਮੀ ਪਾਸੇ ਨੂੰ ਪੂਰਬੀ ਪਾਸੇ ਨਾਲ ਰੇਲਾਂ ਰਾਹੀਂ ਜੋੜਿਆ ਜਾ ਰਿਹਾ ਸੀ। ਰੇਲਾਂ ਤੇ ਸੜਕਾਂ ਬਣ ਰਹੀਆਂ ਸਨ। ਇਨ੍ਹਾਂ ਕੰਮਾਂ ਲਈ ਸਖਤ ਜਾਨ ਕਾਮਿਆਂ ਦੀ ਲੋੜ ਸੀ। ਇਸ ਨੂੰ ਚੀਨਿਆਂ, ਜਾਪਾਨੀਆਂ ਤੇ ਹਿੰਦੀਆਂ ਨੇ ਪੂਰਾ ਕੀਤਾ। ਪੰਜਾਬੀ ਕਾਮੇ ਤਾਕਤਵਰ ਸਰੀਰ ਤੇ ਮਿਹਨਤੀ ਸੁਭਾਅ ਹੋਣ ਕਰਕੇ, ਗੋਰੇ ਕਾਮਿਆਂ 'ਤੇ ਛਾ ਗਏ। ਇਸ ਜਿਸਮਾਨੀ ਕੰਮ ਦੀ ਉਜਰਤ ਦੇਸ਼ ਨਾਲੋਂ ਜ਼ਿਆਦਾ ਸੀ। ਪਰ ਗੋਰੇ ਕਾਮਿਆਂ ਦੇ ਮੁਕਾਬਲੇ ਤੇ ਘਟ ਸੀ। ਇਸ ਕਰਕੇ ਕੰਮ ਕਰਵਾਉਣ ਵਾਲਿਆਂ ਨੂੰ ਪੰਜਾਬੀ ਕਾਮੇ ਚੰਗੇ ਲੱਗਦੇ ਸਨ। ਉਨ੍ਹਾਂ ਨੇ ਗੋਰਿਆਂ ਨੂੰ ਕੰਮਾਂ ਤੋਂ ਹਟਾ ਕੇ ਪੰਜਾਬੀ ਸਿੱਖਾਂ ਨੂੰ ਕੰਮ ਦੇਣਾ ਸ਼ੁਰੂ ਕਰ ਦਿਤਾ। ਦੂਜੇ ਪਾਸੇ ਕੰਮ ਘੱਟ ਗਏ। ਪੰਜਾਬੀ ਸਿੱਖਾਂ ਦੇ ਚੰਗੀ ਤਦਾਦ ਵਿਚ ਇੱਥੇ ਪੁੱਜਣ ਕਰਕੇ ਕੰਮ ਕਰਨ ਵਾਲੇ ਸਿੱਖ ਵੱਧ ਗਏ। ਸਰਮਾਏਦਾਰ ਆਬਾਦਕਾਰ ਗੋਰੇ ਮਜ਼ਦੂਰਾਂ ਨਾਲੋਂ, ਏਸ਼ੀਆਈ ਮਜ਼ਦੂਰਾਂ ਨੂੰ ਤੇ ਉਨ੍ਹਾਂ 'ਚੋਂ ਵੀ ਪੰਜਾਬੀ ਸਿੱਖਾਂ ਨੂੰ ਕੰਮ ਦੇਣ ਵਿਚ ਤਰਜੀਹ ਦੇਂਦੇ। ਅਮਰੀਕਨ ਤੇ ਕੈਨੇਡੀਅਨ ਸਰਮਾਏਦਾਰ ਦੀ ਇਹ ਤਮਾ ਦੀ ਨੀਤੀ ਰੰਗ ਲਿਆਈ ਤੇ ਇਸ ਨੇ ਗੋਰੇ ਮਜ਼ਦੂਰਾਂ ਵਿਚ ਈਰਖਾ ਬੀਜ ਦਿੱਤੀ। ਈਰਖਾ ਨੇ ਗੋਰੀ ਤੇ ਕਾਲੀ ਚਮੜੀ ਦਾ ਸਵਾਲ ਖੜ੍ਹਾ ਕਰ ਦਿੱਤਾ। ਇਸ ਸਵਾਲ ਨੇ ਨਸਲੀ ਵਿਤਕਰੇ ਨੂੰ ਜਨਮ ਦਿੱਤਾ। ਇਹ ਗੱਲ ਇਥੋਂ ਤਕ ਵੱਧ ਗਈ ਕਿ ਗੋਰੇ ਮਜ਼ਦੂਰਾਂ ਨੇ ਏਸ਼ੀਆਈ ਕਾਮਿਆਂ ਨੂੰ ਮਾਰ ਕੁੱਟ ਕੇ ਦੇਸ਼ ਤੋਂ ਬਾਹਰ ਕੱਢਣ ਦੀ ਲਹਿਰ ਚਲਾ ਦਿੱਤੀ। ਏਸ਼ੀਐਟਿਕ ਐਕਸਕਲੂਜ਼ਿਨ' ਨਾਂ ਦੀ ਜਥੇਬੰਦੀ 12 ਅਗਸਤ 1907 ਨੂੰ ਬਣਾਈ ਗਈ ਜਿਸ ਨੇ ਏਸ਼ੀਆਈ ਕਾਮਿਆਂ ਵਿਰੁੱਧ ਇਕ ਉਪੱਦਰ ਚੁੱਕ ਲਿਆ।[1] ਸਭ ਤੋਂ ਪਹਿਲਾਂ ਕੈਨੇਡਾ ਦੀ ਸਰਹੱਦ ਲਾਗੇ ਅਮਰੀਕੀ ਹੱਦ ਅੰਦਰ ਸਮੁੰਦਰ ਦੇ ਕੰਢੇ ਇਕ ਕਸਬੇ ਬੈਲਿੰਗਹੈਮ ਵਿਚ ਜਿਥੇ ਪੰਦਰਾਂ ਕੁ ਸੌ ਏਸ਼ੀਆਈ ਮਜ਼ਦੂਰ ਆਰਾ ਮਿੱਲਾਂ ਵਿਚ ਕੰਮ ਕਰਦੇ ਸਨ, 5 ਸੰਤਬਰ 1907 ਨੂੰ ਛੇ ਸੌ ਹਥਿਆਰਬੰਦ ਗੋਰੇ ਮਜ਼ਦੂਰਾਂ ਨੇ ਜਪਾਨੀਆਂ ਤੇ ਹਿੰਦੀਆਂ ਉੱਤੇ ਜਥੇਬੰਦ ਹਮਲਾ ਕਰ ਦਿੱਤਾ। ਇਥੇ ਸੱਤ ਸੌ ਜਪਾਨੀ, ਚਾਰ ਕੁ ਸੌ ਦੇ ਕਰੀਬ ਹਿੰਦੀ ਤੇ ਬਾਕੀ ਚੀਨੇ ਕੰਮ ਕਰਦੇ ਸਨ। ਇਨ੍ਹਾਂ ਏਸ਼ਆਈ ਮਜ਼ਦੂਰਾਂ ਨੂੰ ਮਾਰਕੇ ਕੁਝ ਕੁ ਨੂੰ ਸਮੁੰਦਰ ਵਿਚ ਉਤਰਨ ਤੇ ਮਜ਼ਬੂਰ ਕਰ ਦਿੱਤਾ ਤੇ ਬਾਕੀਆਂ ਨੂੰ ਧਰਤੀ ਉਤੋਂ ਦੀ ਕੈਨੇਡਾ ਵੱਲ ਧੱਕ ਦਿੱਤਾ।[2]

ਫੇਰ ਕੋਈ 30 ਆਦਮੀ ਬੈਲਿੰਗਹੈਮ (ਅਮਰੀਕਾ) ਤੋਂ ਕੈਨੇਡਾ ਦੀ ਹੱਦ ਪਾਰ ਕਰਕੇ ਵੈਨਕੂਵਰ ਆ ਪਹੁੰਚੇ। ਹੋਰ ਸ਼ਰਾਰਤੀ ਉਨ੍ਹਾਂ ਨਾਲ ਆ ਰਲੇ। ਇਕ ਜਲੂਸ ਦੀ ਸ਼ਕਲ ਵਿਚ ਜਾ ਰਹੇ ਮੁੰਡਿਆਂ ਨੇ ਚੀਨਿਆਂ ਦੀਆਂ ਦੁਕਾਨਾਂ ਤੇ ਸਟੋਰ ਲੁੱਟ ਲਏ। ਉਨ੍ਹਾਂ ਦੀਆਂ ਦੁਕਾਨਾਂ ਤੇ ਘਰਾਂ ਨੂੰ ਅੱਗ ਲਾ ਦਿੱਤੀ। ਸਿੱਖ ਭੀ ਉਨ੍ਹਾਂ ਦੀ ਮਾਰ ਥੱਲੇ ਆ ਗਏ। ਟੋਰਾਂਟੋ ਦੇ ਇਕ ਅਖਬਾਰ ਨੇ 7 ਸਤੰਬਰ 1907



A Sikh man (Left) Surveys the damage done to Asian shops in the aftermath of an anti Asian riot, Powel street, Vancouver. 1907. (U.B.C.) $ 36,000 worth of damage to property.

Sri Satguru Jagjit Singh Ji eLibrary NamdhariElibrary@gmail.com

ਦੇ ਦੰਗਿਆਂ ਬਾਰੇ ਲਿਖਿਆ ਕਿ ਕਿਵੇਂ ਬਾਰਡਰ ਪਾਰੋਂ ਆਏ ਅਮਰੀਕਨਾਂ ਨੇ ਏਸ਼ੀਆਈਆਂ ਵਿਰੁੱਧ ਲੁੱਟਮਾਰ ਕੀਤੀ।

A 'Toronto Globe' reporter on hand to observe the riot of sep 7, 1907 came up with the following explanation for the riot:

"The campaign against the orientals labour has taken on a new sinister turn in this city-Vancouver. Last evening a gang of men from Bellingham across the border of America-Canada came to Vancouver & organised a parade with the intention of making trouble. There were some 30 of them & they were reinforced by a large number of hoodlums who began to raid the stores and assault the orientals." [3]

ਅਮਰੀਕਨ ਮਜ਼ਦੂਰਾਂ ਦੀ ਜਥੇਬੰਦੀ (ਇੰਡੀਸਟਰੀਅਲ ਵਰਕਰਜ਼ ਆਫ ਦੀ ਵਰਲਡ) ਭਾਵ ਦੁਨੀਆਂ ਦੇ ਸਨਅਤੀ ਮਜ਼ਦੂਰ ਨਾਂ ਦੀ ਮਜ਼ਦੂਰ ਜਥੇਬੰਦੀ ਦੇ ਲੀਡਰ ਇਸ ਮਾਰਾ ਮਾਰੀ ਦੇ ਮੋਢੀ ਤੇ ਪਰਚਾਰਕ ਸਨ। ਉਨ੍ਹਾਂ ਨੇ ਅਮਰੀਕਾ ਵਿਚ ਵੀ ਇਹ ਅੱਗ ਭੜਕਾਈ ਹੋਈ ਸੀ। ਉਹ ਵੈਨਕੂਵਰ ਵੀ ਆਉਂਦੇ ਰਹੇ ਤੇ ਉਨ੍ਹਾਂ ਇਥੋਂ ਆਈ. ਡਬਲਿਊ. ਡਬਲਿਊ. ਜਥੇਬੰਦੀ ਨੂੰ ਏਸ਼ਆਈਆਂ ਨਾਲ ਈਰਖਾ ਕਰਨ ਵਿਚ ਸਰਗਰਮ ਕੀਤਾ। ਕੈਨੇਡਾ ਦੀਆਂ ਮਜ਼ਦੂਰ ਮੀਟਿੰਗਾਂ ਨੇ ਏਸ਼ੀਆਈਆਂ ਵਿਰੁੱਧ ਘ੍ਰਿਣਾ ਦੇ ਨਾ ਸਿਰਫ ਮਤੇ ਹੀ ਪਾਸ ਕੀਤੇ ਸਗੋਂ ਵੈਨਕੂਵਰ ਤੇ ਵਿਕਰਟੋਰੀਆ ਵਿਚ ਏਸ਼ੀਆਈ ਮਜ਼ਦੂਰਾਂ ਤੇ ਹਮਲੇ ਵੀ ਕੀਤੇ ਤੇ ਲੁੱਟ ਮਾਰ ਵੀ ਕੀਤੀ।

ਬੈਲਿੰਗਹੈਮ ਸ਼ਹਿਰ 'ਚ ਏਸ਼ੀਆਈ ਮਜ਼ਦੂਰਾਂ ਦੀ ਹਾਰ ਹੋਣ ਕਰਕੇ ਤੇ ਵੈਨਕੂਵਰ ਸ਼ਹਿਰ ਵਿਚ ਇਨ੍ਹਾਂ ਦਾ ਮਾਲੀ ਨੁਕਸਾਨ ਹੋਣ ਕਰਕੇ ਨਸਲੀ ਗੋਰਿਆਂ ਦੇ ਹੌਂਸਲੇ ਹੋਰ ਵੱਧ ਗਏ। ਬਰਨਟ ਦੇ ਗੋਰੇ ਮਜ਼ਦੂਰਾਂ ਨੇ ਵੀ ਹਿੰਦੋਸਤਾਨੀਆਂ ਨੂੰ ਉਥੋਂ ਕੱਢਣ ਦਾ ਨੋਟਿਸ ਦੇ ਦਿੱਤਾ। ਨੋਟਿਸ ਦੀ ਤਾਰੀਖ ਤੋਂ ਇਕ ਦਿਨ ਪਹਿਲਾਂ ਹੀ ਸਾਰੇ ਹਿੰਦੀ ਮਜ਼ਦੂਰ ਖਿੰਡ ਪੁੰਡ ਗਏ। ਇਹ ਅਮਰੀਕਾ ਵਿਚ ਹਿੰਦੁਸਤਾਨੀਆਂ ਉਪਰ ਦੂਜਾ ਹਮਲਾ ਸੀ ਜੋ ਫਰਵਰੀ 1908 ਵਿਚ ਹੋਇਆ।

ਮੈਰਿਸਵਿਲ ਨਾਮੀ ਕਸਬੇ ਦੇ ਨੇੜੇ 20 ਪੰਜਾਬੀ ਸਿੱਖ ਮਜ਼ਦੂਰਾਂ ਦਾ ਜਥਾ ਰੇਲ ਪੱਟੜੀ ਬਣਾਉਣ ਦਾ ਕੰਮ ਕਰਦਾ ਸੀ। ਇਨ੍ਹਾਂ ਦਾ ਆਗੂ ਭਾਈ ਵੀਰ ਸਿੰਘ ਦਾਤੋ ਕੋਟੀਆ ਸੀ। [4] ਇਸ ਜਥੇ ਨੂੰ ਵੀ ਉਥੇ ਦੇ ਗੋਰੇ ਮਜ਼ਦੂਰਾਂ ਨੇ ਇਕ ਮਹੀਨੇ ਦੇ ਅੰਦਰ ਅੰਦਰ ਕੰਮ ਛੱਡ ਕੇ ਚਲੇ ਜਾਣ ਦਾ ਨੋਟਿਸ ਦੇ ਦਿੱਤਾ ਅਤੇ ਇਹ ਵੀ ਧਮਕੀ ਦਿੱਤੀ ਜੇ ਕੰਮ ਛੱਡ ਕੇ ਨਹੀਂ ਜਾਉਗੇ ਤਾਂ ਕੁੱਟ ਕੁੱਟ ਕੇ ਜ਼ਬਰਦਸਤੀ ਕੱਢ ਦਿੱਤੇ ਜਾਉਗੇ। ਹੁਣ ਸਿੱਖਾਂ ਲਈ ਫੈਸਲੇ ਦੀ ਘੜੀ ਸੀ। ਆਪਣਾ ਦੇਸ਼ ਛੱਡ ਕੇ ਰੋਟੀ ਤੇ ਰੋਜ਼ੀ ਕਮਾਉਣ ਵਾਲੇ ਕਿਧਰ ਨੂੰ ਜਾਣ। ਕੰਮ ਤੋਂ ਹੱਟ ਕੇ ਇਕੱਠੇ ਰੋਟੀ ਤਿਆਰ ਕਰਦੇ ਹੱਸਦੇ, ਖੇਡਦੇ ਦੇਸ਼ ਦੀਆਂ ਗੱਲਾਂ ਕਰਦੇ, ਪਾਠ ਪੂਜਾ ਕਰਦੇ। ਦੁੱਖ ਸੁਖ ਵੀ ਇਕ ਦੂਜੇ ਨਾਲ ਸਾਂਝਾ ਕਰਦੇ। ਇਕ ਸ਼ਾਮ ਨਵੀਂ ਆਈ ਆਫਤ ਦੇ ਦੁੱਖ ਸੁੱਖ ਦੀ ਵਿਚਾਰ ਕਰਨ ਲਈ ਉਹ ਸਾਰੇ ਇਕੱਠੇ ਹੋਏ। ਭਾਈ ਵੀਰ ਸਿੰਘ ਨੇ ਗੋਰੇ ਮਜ਼ਦੂਰਾਂ ਵਲੋਂ ਆਏ ਨੋਟਿਸ ਵਾਲੀ ਚਿੱਠੀ ਪੜ੍ਹ ਕੇ ਸੁਣਾਈ। ਗੋਰਿਆਂ ਦੇ ਪਹਿਲੇ ਦੋ ਹੱਲਿਆਂ ਦੀ ਖਬਰ ਪਹਿਲਾਂ ਸਾਰੇ ਸੁਣ ਚੁੱਕੇ ਸਨ। ਉਨ੍ਹਾਂ ਹੱਲਿਆਂ ਵਿਚ ਹੋਏ ਨੁਕਸਾਨ ਤੋਂ ਵੀ ਭਲੀ ਭਾਂਤ ਜਾਣਦੇ ਸਨ। 'ਜਬੈ ਬਾਣ ਲਾਗੈ ਤਬੈ ਰੋਸ ਜਾਗੈ' ਇਕੱਠ ਵਿਚ ਸਾਰੇ ਪਹਿਲੂਆਂ ਤੇ ਵਿਚਾਰ ਹੋਈ। ਸਭ ਵਾਧੇ ਘਾਟੇ ਸੋਚ ਕੇ ਪੰਜਾਬੀਆਂ ਨੇ ਛਾਤੀ ਡਾਹ ਕੇ ਗੋਰਿਆਂ ਨਾਲ ਟਾਕਰਾ ਕਰਨ ਦਾ ਮਤਾ ਸੋਧ ਦਿੱਤਾ। ਇਹ ਗੱਲ ਵੀ ਤੈਅ ਹੋ ਗਈ ਜਿਸ ਕਿਸਮ ਦੇ ਹਥਿਆਰ ਉਹ (ਗੋਰੇ) ਵਰਤਣ ਉਸ ਦਾ ਜਵਾਬ ਉਸ ਕਿਸਮ ਦੇ ਹਥਿਆਰਾਂ ਨਾਲ ਦਿੱਤਾ ਜਾਵੇ। ਭਾਵ ਇੱਟ ਦਾ ਜਵਾਬ ਪੱਥਰ ਨਾਲ ਨਾ ਦਿੱਤਾ ਜਾਏਗਾ। ਜਥਾ ਮਰੇ ਬਿਨਾਂ ਮੈਦਾਨ ਨਹੀਂ ਛੱਡੇਗਾ। ਜੋ ਸੱਜਣ ਇਸ ਮਤੇ ਨਾਲ ਸਹਿਮਤ ਨਾ ਹੋਵੇ, ਉਹ ਅੱਜ ਹੀ ਜਾਂ ਮਿਥੇ ਦਿਨ ਤੋਂ ਇਕ ਦਿਨ ਪਹਿਲਾਂ ਪੱਤਰਾ ਵਾਚ ਜਾਏ। ਇਹ ਵੀ ਪਾਸ ਹੋਇਆ ਕਿ ਲਾਗੇ ਚਾਗੇ ਦੇ ਸਿੱਖਾਂ ਅਤੇ ਹੋਰ ਹਿੰਦੁਸਾਤਾਨੀਆਂ ਨੂੰ ਮਦਦ ਲਈ ਸੱਦਾ ਪੱਤਰ ਭੇਜਿਆ ਜਾਏ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੂੰ ਪਤਾ ਕੀਤਾ ਗਿਆ ਤੇ ਮਦਦ ਲਈ ਬੇਨਤੀ ਕੀਤੀ ਗਈ। ਦੂਜੇ ਦਿਨ ਭਾਈ ਵੀਰ ਸਿੰਘ ਨੂੰ ਰੇਲਵੇ ਅਫਸਰ ਨੇ ਦੱਸਿਆ ਕਿ ਰੇਲਵੇ ਅਫਸਰਾਂ ਨੂੰ ਗੋਰੇ ਮਜ਼ਦੂਰਾਂ ਨੇ ਇਕ ਮਹੀਨੇ ਦਾ ਨੋਟਿਸ ਦਿੱਤਾ ਹੈ ਕਿ 'ਹਿੰਦੂ ਮਜ਼ਦੂਰ ਹਟਾ ਦਿਓ, ਨਹੀਂ ਅਸੀਂ ਫਸਾਦ ਕਰਾਂਗੇ। ਬਣੀ ਹੋਈ ਰੇਲਵੇ ਪਟੜੀ ਵੀ ਪੁੱਟ ਦਿਆਂਗੇ।' ਭਾਈ ਵੀਰ ਸਿੰਘ ਨੂੰ ਰੇਲਵੇ ਅਫਸਰ ਨੇ ਪੁੱਛਿਆ ਕਿ 'ਤੁਹਾਡੀ ਕੀ ਸਲਾਹ ਹੈ।' ਭਾਈ ਵੀਰ ਸਿੰਘ ਨੇ ਜੋ ਮਤਾ ਪਾਸ ਹੋਇਆ ਉਹ ਦਸ ਦਿੱਤਾ ਤੇ ਕੰਪਨੀ ਦੀ ਸਲਾਹ ਅਫਸਰ ਤੋਂ ਪੁੱਛੀ। ਰੇਲਵੇ ਅਫਸਰ ਨੇ ਕਿਹਾ ਕਿ ਕੰਪਨੀ ਨੂੰ ਤਾਂ ਕੰਮ ਪਿਆਰਾ ਹੈ, ਚੰਮ ਤੇ ਰੰਗਤ ਪਿਆਰੀ ਨਹੀਂ। ਕੰਪਨੀ ਦਾ ਹੁਕਮ ਆ ਚੁੱਕਾ ਹੈ ਕਿ ਗੋਰੇ ਮਜ਼ਦੂਰਾਂ ਦੀਆਂ ਧਮਕੀਆਂ ਤੋਂ ਡਰ ਕੇ ਕੰਪਨੀ ਹਿੰਦੁਸਤਾਨੀ ਮਜ਼ਦੂਰਾਂ ਨੂੰ ਹਟਾਏਗੀ ਨਹੀਂ। ਰੇਲਵੇ ਅਫਸਰ ਨੇ ਇਖਲਾਕੀ ਇਮਦਾਦ ਦਾ ਵਚਨ ਵੀ ਦਿੱਤਾ। ਜਿਹੜੇ ਵੀ ਪੰਜਾਬੀ ਲੋਕ ਪਹਿਲਾਂ ਕੈਨੇਡਾ ਆਏ ਸਨ ਉਨ੍ਹਾਂ 'ਚੋਂ ਬਹੁਤਿਆਂ ਨੇ ਪਹਿਲਾਂ ਫੌਜ ਅਤੇ ਪੁਲਸ ਦੀ ਨੌਕਰੀ ਕੀਤੀ ਹੋਈ ਸੀ। ਸੋ ਭਾਈ ਵੀਰ ਸਿੰਘ ਨੇ ਸਾਰੇ ਜਥੇ ਨੂੰ ਹਮਲਾ ਰੋਕਣ ਤੇ ਹਮਲਾ ਕਰਨ ਦੇ ਕੁਝ ਢੰਗ ਹੋਰ ਦੱਸ ਦਿੱਤੇ। ਦੋ ਬੰਦੇ ਸੰਤਰੀਆਂ ਦੀ ਸ਼ਕਲ ਵਿਚ ਪਹਿਰੇ ਤੇ ਲਾ ਦਿੱਤੇ। ਆਪਣੇ ਆਪ ਨੂੰ ਹਥਿਆਰਬੰਦ ਵੀ ਕਰ ਲਿਆ। ਖਾਲਸਾ ਦੀਵਾਨ ਵੈਨਕੂਵਰ ਨੇ ਵੀ ਉਸ ਜਥੇ ਨੂੰ ਮਦਦ ਦਾ ਇਕਰਾਰ ਕੀਤਾ। ਮਹਿਕਮਾ ਇਮੀਗਰੇਸ਼ਨ ਨੇ ਬੰਦੇ ਤਾਂ ਨਹੀਂ ਆਉਣ ਦਿੱਤੇ, ਪਰ ਮਾਲੀ ਮਦਦ ਦੇ ਨਾਲ ਅੰਗਰੇਜ਼ੀ ਪੜ੍ਹੇ ਲਿਖੇ ਪ੍ਰੋਫੈਸਰ ਤੇਜਾ ਸਿੰਘ ਐਮ. ਏ. ਜੋ ਵੈਨਕੂਵਰ ਆਉਣ ਵਾਲੇ ਸਨ, ਹੁਣਾਂ ਨੂੰ ਲੋੜ ਪੈਣ ਤੇ ਭੇਜਣ ਦਾ ਵਚਨ ਦੇ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਕੁਝ ਹੋਰ ਥਾਵਾਂ ਤੋਂ ਜਥੇ ਦੀ ਮਦਦ ਲਈ ਬੰਦੇ ਪੁੱਜ ਗਏ।

ਦੂਜੇ ਪਾਸੇ ਗੋਰੇ ਮਜ਼ਦੂਰਾਂ ਨੇ ਜਲਸੇ ਕਰ ਕੇ ਅਖਬਾਰਾਂ ਰਾਹੀਂ ਹਿੰਦੁਸਤਾਨੀਆਂ ਵਿਰੁੱਧ ਬਹੁਤ ਜ਼ਹਿਰ ਘੋਲਿਆ ਤੇ ਲੜਨ ਲਈ ਗੋਰੇ ਲੋਕਾਂ ਨੂੰ ਉਕਸਾਇਆ। ਗੋਰੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀਆਂ ਦੇ ਨਿੱਕੇ ਜਿਹੇ ਜਥੇ ਵੱਲ ਮੂੰਹ ਕਰਕੇ ਤੁਰ ਪਏ। ਜਦ ਦੋਵੇਂ ਧਿਰਾਂ ਆਹਮਣੇ ਸਾਹਮਣੇ ਹੋਈਆਂ ਤਾਂ ਗੋਰਿਆਂ ਦੇ ਆਗੂ ਨੇ ਆਖਿਆ ਕਿ ਤੁਮ ਇਸ ਜਗਾ ਕੋ ਛੋੜ ਕੇ ਚਲੇ ਜਾਓ ਨਹੀਂ ਤੋ ਲੜਾਈ ਕੇ ਲੀਏ ਤਿਆਰ ਹੋ ਜਾਓ। ਵੀਰ ਸਿੰਘ ਨੇ ਜਵਾਬ ਦਿੱਤਾ ਕਿ "ਸਾਡਾ ਦੇਸ਼ ਬਹੁਤ ਦੂਰ ਹੈ ਸਮੁੰਦਰ ਤੋਂ ਪਾਰ ਅਸੀਂ ਉਥੇ ਮੁੜ ਕੇ ਵਾਪਸ ਜਾਣ ਲਈ ਨਹੀਂ ਆਏ। ਲੜਾਈ ਅਸੀਂ ਕਰਨੀ ਨਹੀਂ ਚਾਹੁੰਦੇ। ਪਰ ਅਸੀਂ ਤੁਸਾਂ ਤੋਂ ਡਰਦੇ ਭੀ ਨਹੀਂ।" ਗੋਰੇ ਆਗੂ ਨੇ ਆਪਣੇ ਬੰਦਿਆਂ ਨੂੰ ਲੜਾਈ ਦਾ ਆਦੇਸ਼ ਦੇ ਦਿੱਤਾ। ਪਹਿਲਾਂ ਇਕ ਸਿੱਖ ਦੇ ਇਕ ਗੋਰੇ ਨੇ ਇੱਟ ਮਾਰੀ ਤੇ ਪੰਜਾਬੀਆਂ ਨੇ ਸਲੋਤਰ (ਲਾਠੀਆਂ) ਚਲਾਉਣੇ ਸ਼ੁਰੂ ਕਰ ਦਿੱਤੇ। ਇਕ ਸਿੱਖ ਨੇ ਹੀ ਪੰਜ ਛੇ ਗੋਰੇ ਸਲੋਤਰ ਨਾਲ ਮੂਹਰੇ ਲਾ ਲਏ, ਦੂਜੇ ਸਿੱਖ ਨੇ ਹੋਰ ਪੰਜਾਂ ਛੇਆਂ ਦੇ ਲਾਠੀਆਂ ਜੜ ਦਿੱਤੀਆਂ ਤੇ ਉਹ ਡਿੱਗ ਪਏ ਬਾਕੀ ਸਾਰੀ ਗੋਰਿਆਂ ਦੀ ਭੀੜ ਸਿੰਘਾਂ ਦੇ ਮੂਹਰੇ ਲਗ ਤੁਰੀ। ਸਿੰਘਾਂ ਨੇ ਸ਼ਹਿਰ ਤੱਕ ਪਿੱਛਾ ਕੀਤਾ। ਸ਼ਹਿਰ ਵਿਚ ਸਿੰਘਾਂ ਨੇ ਆਪਣੀ ਹਥਿਆਰਬੰਦ ਤਾਕਤ ਦਾ ਮੁਜ਼ਾਹਰਾ ਤਾਂ ਕੀਤਾ ਪਰ ਗੋਰਿਆਂ ਵਾਂਗ ਸ਼ਹਿਰ ਵਿਚ ਲੁੱਟ ਮਾਰ ਨਹੀਂ ਕੀਤੀ। ਇਸ ਗੱਲ ਦਾ ਸਮਝਦਾਰ ਗੋਰਿਆਂ ਤੇ ਚੰਗਾ ਅਸਰ ਪਿਆ। ਇਸ ਜਥੇ ਦੀ ਬਹਾਦਰੀ, ਗੋਰੇ ਮਜ਼ਦੂਰਾਂ ਦੀ ਹਾਰ ਦੇ ਸਮਾਚਾਰ ਅਮਰੀਕਾ ਦੀਆਂ ਅਖਬਾਰਾਂ ਵਿਚ ਛਪ ਗਏ। ਯੂਲੋਲੈਂਡ ਨਾਮੇ ਸ਼ਹਿਰ ਵਿਚ ਵੀ ਨਸਲੀ ਗੋਰਿਆਂ ਨੂੰ ਸਬਕ ਸਿਖਾ ਦਿੱਤਾ ਕਿ ਮੁੜ ਲੜਾਈ ਨਹੀਂ ਕਰਨੀ। ਇਸ ਜਿੱਤ ਦਾ ਉਸ ਵੇਲੇ ਇਹ ਅਸਰ ਪਿਆ ਕਿ ਗੋਰੇ ਮਜ਼ਦੂਰਾਂ ਨੇ ਪੰਜਾਬੀਆਂ ਤੇ ਫੇਰ ਜਥੇਬੰਦ ਹਮਲਾ ਕਰਨ ਦੀ ਹਿੰਮਤ ਨਹੀਂ ਕੀਤੀ। ਫੇਰ ਲੜਾਈ ਦਾ ਰੁਖ ਅਖਬਾਰਾਂ ਵੱਲ ਹੋ ਗਿਆ। ਲਿਖ ਕੇ ਜਾਂ ਬੋਲ ਕੇ (ਜਲਸੇ ਵਿਚ) ਪੰਜਾਬੀਆਂ ਨੂੰ ਬਦਨਾਮ ਕਰਨ ਦਾ ਸੰਘਰਸ਼ ਸ਼ੁਰੂ ਹੋ ਗਿਆ।

ਨਸਲੀ ਵਿਤਕਰੇ ਦੀ ਲੜਾਈ 'ਏਸ਼ੀਆਟਕ ਐਕਸਕਲੂਜ਼ਿਨ ਲੀਗ' ਨੇ ਸ਼ੁਰੂ ਕੀਤੀ। ਏ. ਈ. ਐੱਲ 12 ਅਗਸਤ 1907 ਨੂੰ ਸਥਾਪਤ ਹੋਈ। ਇਸ ਦਾ ਮੰਤਵ ਪੂਰਬੀ ਏਸ਼ੀਆ ਭਾਰਤ ਚੀਨ ਅਤੇ ਜਾਪਾਨ ਵਿਚੋਂ ਆਏ ਲੋਕਾਂ ਨੂੰ ਕੈਨੇਡਾ ਤੋਂ ਬਾਹਰ ਕੱਢਣਾ ਸੀ।[5] ਉਨ੍ਹਾਂ ਦਾ ਇਰਾਦਾ ਕੈਨੇਡਾ ਨੂੰ ਸਦਾ ਗੋਰਿਆਂ ਦਾ ਮੁਲਕ ਰੱਖਣ (ਵਾਈਟ ਕੈਨੇਡਾ ਫਾਰ ਐਵਰ) ਦਾ ਸੀ। ਨਸਲੀ ਵਿਤਕਰੇ ਅਧੀਨ ਗੋਰੀ ਕੌਮ ਦੇ ਲੋਕ ਚਾਹੁੰਦੇ ਸਨ ਕਿ ਕੈਨੇਡਾ ਵਿਚ ਸਿਰਫ ਗੋਰੀ ਨਸਲ ਦੇ ਲੋਕ ਹੀ ਵੱਸਣ। ਇਸ ਦੇਸ਼ ਦੀ ਮਾਲਕੀ ਦਾ ਹੱਕ ਵੀ ਸਾਡਾ (ਗੋਰੀ ਕੌਮ) ਹੀ ਹੈ। ਉਹ ਲੋਕ ਜਲਸਿਆਂ ਤੇ ਜਲੂਸਾਂ ਵਿਚ ਗਰੁੱਪਾਂ ਦੀ ਸ਼ਕਲ ਵਿਚ ਕਈ ਤਰ੍ਹਾਂ ਦੇ ਨਸਲ ਪ੍ਰਸਤੀ ਤੇ ਘ੍ਰਿਣਾ ਭਰਪੂਰ ਗੀਤ ਗਾਉਂਦੇ ਫਿਰਦੇ ਰਹਿੰਦੇ ਸਨ। ਇਹ ਗੀਤ ਕੁਝ ਇਸ ਤਰ੍ਹਾਂ ਦੇ ਪ੍ਰਭਾਵ ਪ੍ਰਗਟਾਉਂਦੇ:

This the Voice of the West and Speaks to the World,
The rights that our fathers have given
We'll hold by right and maintain by might
Till the foe is backward driven,
We welcome as brothers all white men still
But the Shifty Yellow race,
Whose word is vain, who oppress the weak must find another place

ਭਾਵ ਇਹ ਸਾਡੀ ਪੱਛਮੀ ਲੋਕਾਂ ਦੀ ਆਵਾਜ਼ ਹੈ-ਅਸੀਂ ਸੰਸਾਰ ਦੇ ਲੋਕਾਂ ਨੂੰ ਕਹਿੰਦੇ ਹਾਂ ਸਾਡੇ ਬੁਜ਼ਰਗਾਂ ਨੇ ਜੋ ਸਾਨੂੰ ਹੱਕ ਦਿੱਤਾ ਹੈ ਅਸੀਂ ਆਪਣੀ ਤਾਕਤ ਨਾਲ ਸੰਭਾਲਾਂਗੇ। ਜਿੰਨ੍ਹਾਂ ਚਿਰ ਦੁਸ਼ਮਣ ਨੂੰ ਬਾਹਰ ਨਹੀਂ ਕੱਢ ਦਿੰਦੇ। ਚਿਟੀ ਚਮੜੀ ਵਾਲੇ ਗੋਰੇ ਭਾਈਆਂ ਨੂੰ ਜੀ ਆਇਆ ਆਖਦੇ ਹਾਂ। ਪਰ ਪੀਲੀ ਚਮੜੀ (ਚੀਨੀ ਜਾਪਾਨੀ) ਦੇ ਫਰੇਬੀ ਲੋਕ ਫਜ਼ੂਲ ਗੱਲਾਂ ਵਾਲੇ ਗਰੀਬਾਂ ਨੂੰ ਸਤਾਉਣ ਵਾਲੇ ਉਨ੍ਹਾਂ ਨੂੰ ਆਪਣੇ ਟਿਕਾਣੇ ਦੀ ਕੋਈ ਹੋਰ ਥਾਂ ਲੱਭਣੀ ਪੈਣੀ ਹੈ।

CHORUS

Then let us stand United all
and show our fathers might
That won the home we call our own
For white Man's land we fight
To oriential grasp & Greed

Sri Satguru Jagjit Singh Ji eLibrary NamdhariElibrary@gmail.com

We'll surrender no never
Our watchword be 'God save the king'
White Canada for ever.

ਭਾਵ

ਆਓ ਆਪਾਂ ਮਿਲ ਕੇ ਡਟ ਜਾਈਏ,
ਆਪਣੇ ਵਡੇਰਿਆਂ ਦੇ ਬਲ ਨੂੰ ਉਜਾਗਰ ਕਰ ਦਈਏ
ਜਿਨਾਂ ਨੇ ਸਾਡੇ ਲਈ ਦੇਸ਼ ਫਤਿਹ ਕੀਤਾ ਹੈ
ਜਿਸ ਨੂੰ ਅਸੀਂ ਆਪਣਾ ਘਰ ਕਹਿ ਸਕਦੇ ਹਾਂ।
ਗੋਰਿਆਂ ਦੇ ਦੇਸ਼ ਲਈ ਅਸੀਂ ਲੜਾਂਗੇ
ਪੂਰਬ ਵਾਸੀਆਂ ਦੇ ਲੋਭ ਲਾਲਚ ਅੱਗੇ
ਕਦੀ ਵੀ ਨਹੀਂ ਝੁਕਾਂਗੇ
ਸਾਡਾ ਨੀਤੀ ਵਚਨ ਇਹੀ ਹੈ ਰੱਬ ਬਾਦਸ਼ਾਹ ਨੂੰ ਸਲਾਮਤ ਰੱਖੇ।
ਦੇਸ਼ ਕੈਨੇਡਾ ਸਦਾ ਹੀ ਗੋਰਿਆਂ ਲਈ ਰਹੇ। [6]

ਕੈਨੇਡਾ ਵਿਚ 1907 ਵਿਚ ਬਹੁਤ ਮੰਦਾ ਆ ਗਿਆ। ਮੰਦਵਾੜੇ ਕਾਰਨ ਰੋਜ਼ਗਾਰ ਮਿਲਣਾ ਮੁਸ਼ਕਲ ਹੋ ਗਿਆ। ਮਜ਼ਦੂਰੀ ਦੇ ਰੇਟ ਵੀ ਘੱਟ ਗਏ। ਭਾਰਤ ਤੋਂ ਗੋਰੇ ਫੌਜੀ ਅਫਸਰ ਪੜ੍ਹੇ ਲਿਖੇ ਜੋ ਆਏ ਹੋਏ ਸਨ ਉਨ੍ਹਾਂ ਨੂੰ ਮੰਦੇ ਕਰਕੇ ਕੰਮ ਵੀ ਨਹੀਂ ਮਿਲਦਾ ਸੀ। ਜੇ ਕਿਤੇ ਮਿਲ ਜਾਂਦਾ ਸੀ ਤਾਂ ਪੰਜਾਬੀਆਂ ਦੇ ਬਰਾਬਰ ਜਾਂ ਥੱਲੇ ਕੰਮ ਕਰਨਾ ਪੈਂਦਾ ਸੀ। ਭਾਰਤ ਵਿਚ ਇਹ ਪੰਜਾਬੀ, ਉਨ੍ਹਾਂ ਦੇ ਗੁਲਾਮ ਸਨ। ਉਨ੍ਹਾਂ ਫੌਜੀ ਅਫਸਰਾਂ ਨੂੰ ਇਨ੍ਹਾਂ ਥੱਲੇ ਕੰਮ ਕਰਨ ਦੀ ਸ਼ਰਮ ਆਉਂਦੀ। ਇਨ੍ਹਾਂ ਅਫਸਰਾਂ ਨਾਲੋਂ ਪੰਜਾਬੀ ਲੋਕ ਜ਼ਿਆਦਾ ਕੰਮ ਕਰਦੇ। ਮਿਲ ਮਾਲਕ ਕੰਮ ਉੱਤੇ ਗੋਰਿਆਂ ਨੂੰ ਪਸੰਦ ਨਹੀਂ ਸਨ ਕਰਦੇ। ਉਨ੍ਹਾਂ ਨੂੰ ਚੰਮ ਨਹੀਂ ਕੰਮ ਪਿਆਰਾ ਸੀ। ਭਾਰਤ ਤੋਂ ਆਏ ਫੌਜੀ ਗੋਰਿਆਂ ਨੇ ਵਿਹਲੜ ਗੋਰਿਆਂ ਵਿਚ ਆਪਣੀ ਭਲ ਬਣਾਉਣ ਖਾਤਰ ਭਾਰਤੀ ਪੰਜਾਬੀਆਂ ਵਿਰੁੱਧ ਅਖਬਾਰਾਂ ਵਿਚ ਲੇਖਾਂ ਰਾਹੀਂ ਪ੍ਰਚਾਰ ਸ਼ੁਰੂ ਕਰ ਦਿੱਤਾ। ਸਰਕਾਰੀ ਅਫਸਰਾਂ, ਪਾਰਲੀਮੈਂਟ ਦੇ ਮੈਂਬਰਾਂ ਤੇ ਵਜ਼ੀਰਾਂ ਨੂੰ ਡੈਪੂਟੇਸ਼ਨਾਂ ਰਾਹੀਂ ਮਿਲ ਕੇ ਭਾਰਤੀਆਂ ਦੀ ਇਮੀਗਰੇਸ਼ਨ ਬੰਦ ਕਰਵਾਉਣ ਵੱਲ ਚੱਲ ਪਏ। ਜਿਹੜੇ ਭਾਰਤੀ ਇਥੇ ਪੁੱਜ ਚੁੱਕੇ ਸਨ ਉਨ੍ਹਾਂ ਨੂੰ ਕੈਨੇਡਾ ਵਿਚੋਂ ਕੱਢਣ ਦੀਆਂ ਸਕੀਮਾਂ ਤਿਆਰ ਹੋਣ ਲੱਗ ਪਈਆਂ। ਠੰਡੀ ਜੰਗ ਸ਼ੁਰੂ ਹੋ ਗਈ।

ਕੁਝ ਰੁਜ਼ਗਾਰ ਦੇਣ ਵਾਲੇ ਮਾਲਕ ਵੀ ਨਸਲਵਾਦੀ ਸਨ। ਕੁਝ ਭਾਰਤੀ ਪੰਜਾਬੀ ਸਿੱਖ ਜਿੰਨ੍ਹਾਂ ਨੂੰ ਆਮ ਤੌਰ 'ਤੇ ਉਸ ਵੇਲੇ ਹਿੰਦੂ ਆਖਿਆ ਜਾਂਦਾ ਸੀ ਕਾਰਬੋ ਮਾਇਨ ਤੇ ਰੇਲਵੇ ਟਰੈਕਾਂ ਤੇ ਕੰਮ ਕਰਦੇ ਸਨ। ਉਨ੍ਹਾਂ ਨੂੰ ਕੰਮ ਦੇ ਨਾਕਾਬਲ ਕਰਾਰ ਦੇ ਕੇ ਕੰਮ ਤੋਂ ਹਟਾ ਦਿੱਤਾ। ਫਰਵਰੀ 1907 ਦੇ ਪਹਿਲੇ ਹਫਤੇ ਇਹ ਸਾਰੇ ਪੰਜਾਬੀ ਸਿੱਖ ਵੈਨਕੂਵਰ ਵਿਚ ਵੇਖੇ ਗਏ। ਡੀ. ਕੇ. ਕੈਂਬਲ ਜਿਹੜਾ ਕੰਪਨੀ ਦਾ ਜਨਰਲ ਮੈਨਜਰ ਸੀ, ਦੇ ਹਵਾਲੇ ਨਾਲ 29 ਜਨਵਰੀ 1907 ਦੇ ਰੋਜ਼ਾਨਾ 'ਪ੍ਰੋਵਿੰਸ' ਅਖਬਾਰ ਵਿਚ ਖਬਰ ਲੱਗੀ, "ਉਹ ਲੋਕ ਰੇਲਵੇ ਦੇ ਕੰਮ ਵਾਸਤੇ ਕਾਬਲ ਨਹੀਂ ਸਨ। ਅਸੀਂ ਉਨ੍ਹਾਂ ਨੂੰ ਕਈ ਹੋਰ ਤਰ੍ਹਾਂ ਦੇ ਕੰਮਾਂ 'ਤੇ ਲਗਾ ਕੇ ਵੇਖਿਆ। ਉਨ੍ਹਾਂ ਦੇ ਤਜ਼ਰਬੇ ਰਹਿਤ ਹੋਣ ਨੂੰ ਵੀ ਧਿਆਨ 'ਚ ਰੱਖਿਆ ਗਿਆ ਪਰ ਫਿਰ ਵੀ ਉਹ ਔਸਤਨ ਗੋਰੇ ਕਾਮੇ ਵਾਂਗ ਕੰਮ ਨਹੀਂ ਕਰ ਸਕੇ। ਉਹ ਬਹੁਤ ਹੌਲੀ ਕੰਮ ਕਰਦੇ ਹਨ ਤੇ ਉਨ੍ਹਾਂ 'ਚ ਕੰਮ ਪ੍ਰਤੀ ਕੋਈ ਉਤਸ਼ਾਹ ਵੀ ਨਹੀਂ। ਇਸ 'ਚ ਸ਼ੱਕ ਨਹੀਂ ਕਿ ਉਨ੍ਹਾਂ ਨੂੰ ਇਥੋਂ ਦੇ ਠੰਡੇ ਮੌਸਮ ਨੇ ਪ੍ਰਭਾਵਿਤ ਕੀਤਾ ਹੈ। ਉਹ ਚੰਗੀ ਤਰ੍ਹਾਂ ਕਪੜੇ ਨਹੀਂ ਪਹਿਨਦੇ। ਉਹ ਹਿੰਦੂ ਦੁਭਾਸ਼ੀਏ 'ਮਿਸਟਰ ਸਿੰਘ' ਦੀਆਂ ਹਦਾਇਤਾਂ ਅਨੁਸਾਰ ਚੱਲਦੇ ਹਨ ਜਿਹੜਾ ਭਾਰਤ ਦੀ ਭਾਸ਼ਾ ਵੀ ਚੰਗੀ ਤਰ੍ਹਾਂ ਜਾਣਦਾ ਹੈ। ਉਹ ਸ਼ਾਇਦ ਮਿੱਲ ਕਾਮਿਆਂ ਦੇ ਤੌਰ 'ਤੇ ਚੰਗੇ ਹੋਣ ਪਰ ਉਹ ਗੋਰੇ ਕਾਮਿਆਂ ਦੇ ਮੁਕਾਬਲੇ ਸ਼ਾਇਦ ਪੂਰੇ ਨਾ ਉਤਰ ਸਕਣ।"

"Those men were evidently not suited to railway contract work. We gave them a fair trial on different kinds of work, but even allowing for their inexperience, they could not do nearly as well as the average white labourer. They are too slow and do not seem to have any ambition. No doubt the cold weather affected them to a certain degree. They did not clothe well. They were under the direction of one Mr. Singh, the 'Hindu' interpreter who understands the language of India well. They might be alright for mill work but cannot compete with a white man in handling a pick and shovel."[7]

Sri Satguru Jagjit Singh Ji eLibrary NamdhariElibrary@gmail.com

ਸਾਮਾਜਿਕ-ਰਾਜਨੀਤਕ ਵਿਤਕਰੇ

ਉਨ੍ਹਾਂ ਦਿਨਾਂ ਵਿਚ ਕੈਨੇਡਾ ਬੀ. ਸੀ. ਦੀ ਸਰਕਾਰ ਪਾਸ ਏਸ਼ੀਅਨ ਆਵਾਸੀਆਂ ਨੂੰ ਸੂਬੇ ਅਤੇ ਮਿਉਂਸਪਲ ਚੋਣਾਂ ਵਿਚ ਵੋਟ ਦੇਣ ਦਾ ਮਸਲਾ ਵਿਚਾਰ ਅਧੀਨ ਸੀ। ਜਿਥੇ ਜਿਥੇ ਅੰਗਰੇਜ਼ ਦਾ ਰਾਜ ਸੀ ਉਨ੍ਹਾਂ ਦੇਸ਼ਾਂ ਦੇ ਵਾਸੀਆਂ ਨੂੰ ਬਰਤਾਨਵੀਂ ਪਰਜਾ ਆਖਿਆ ਜਾਂਦਾ ਸੀ। ਯੂ. ਕੇ. ਦੇ ਵਾਸੀ ਹੀ ਯੂ. ਕੇ. ਦੇ ਸਿਟੀਜ਼ਨ ਨਹੀਂ ਸੀ ਹੁੰਦੇ ਸਗੋਂ ਉਥੇ ਰਹਿਣ ਵਾਲਾ ਹਰ ਬਸ਼ਰ ਬਰਤਾਨਵੀ ਪਰਜ਼ਾ ਹੁੰਦਾ ਸੀ। ਸਾਰੀ ਬਰਤਾਨਵੀ ਪਰਜ਼ਾ ਦੇ ਇਕੋ ਜਿਹੇ ਅਧਿਕਾਰ ਸਨ। ਇਸ ਦਾ ਭਾਵ ਕਿ ਭਾਰਤੀ ਲੋਕ ਜੋ ਕੈਨੇਡਾ ਆਏ ਹੋਏ ਸਨ ਉਹ ਬਰਤਾਨਵੀ ਪਰਜ਼ਾ ਹੋਣ ਦੇ ਨਾਤੇ ਗੋਰਿਆਂ ਦੇ ਬਰਾਬਰ ਹੱਕ ਰੱਖਦੇ ਸਨ। ਕਿਉਂਕਿ ਕੈਨੇਡਾ ਵਿਚ ਅੰਗਰੇਜ਼ਾਂ ਦਾ ਰਾਜ ਸੀ ਤੇ ਭਾਰਤ ਵੀ ਅੰਗਰੇਜ਼ਾਂ ਦੇ ਅਧੀਨ ਸੀ। ਦੂਜੇ ਸ਼ਬਦਾਂ ਵਿਚ ਦੋਹੀਂ ਥਾਈਂ ਬਰਤਾਨਵੀਂ ਸਾਮਰਾਜ ਇੰਗਲੈਂਡ ਕਰਾਊਨ ਦੇ ਨਾਂ ਥੱਲੇ ਰਾਜ ਕਰਦਾ ਸੀ। ਸਭ ਤੋਂ ਭੱਦਾ ਮਖੌਲ ਭਾਰਤੀਆਂ ਨਾਲ ਇਹ ਕੀਤਾ ਗਿਆ ਕਿ ਵੋਟ ਦੇ ਮਾਮਲੇ ਵਿਚ ਭਾਰਤੀਆਂ ਨੂੰ ਚੀਨਿਆਂ ਤੇ ਜਾਪਾਨੀਆਂ (ਜਿਹੜੇ ਬ੍ਰਿਟਿਸ਼ ਸਬਜੈਕਟ ਨਹੀਂ ਸਨ) ਦੀ ਜਮਾਤ ਵਿਚ ਹੀ ਖੜ੍ਹੇ ਕਰ ਦਿੱਤਾ। ਚੀਨਿਆਂ ਤੇ ਜਾਪਾਨੀਆਂ ਨੂੰ ਬਰਤਾਨਵੀ ਪਰਜ਼ਾ ਨਾ ਹੋਣ ਦੇ ਨਾਤੇ ਵੋਟ ਦਾ ਹੱਕ ਹਾਸ਼ਲ ਨਹੀਂ ਸੀ।

ਮਿਸਟਰ ਬੋਸਰ, ਜਿਹੜਾ ਅੰਦਰੂਨੀ ਮਾਮਲਿਆਂ ਦਾ ਵਜ਼ੀਰ ਸੀ ਉਸ ਨੇ ਬੀ. ਸੀ. ਸੂਬੇ ਦੀ ਅਸੈਂਬਲੀ ਵਿਕਟੋਰੀਆ ਵਿਖੇ ਇਕ ਬਿੱਲ ਪੇਸ਼ ਕੀਤਾ ਜਿਸ ਅਨੁਸਾਰ ਭਾਰਤੀਆਂ ਨੂੰ ਬਰਤਾਨਵੀ ਪਰਜ਼ਾ ਹੋਣ ਦੇ ਬਾਵਜੂਦ ਵੀ ਵੋਟ ਦੇ ਹੱਕ ਤੋਂ ਵਾਂਝਿਆਂ ਰੱਖਿਆ ਗਿਆ।1903 ਅਤੇ 1904 ਦੇ ਕਾਨੂੰਨਾਂ ਦੇ 17 ਵੇਂ ਚੈਪਟਰ ਅਨੁਸਾਰ ਚੀਨੀ ਅਤੇ ਜਪਾਨੀ ਲੋਕ ਇਸ ਹੱਕ ਤੋਂ ਵਾਂਝੇ ਰੱਖੇ ਗਏ ਸਨ ਤੇ ਹੁਣ ਇਸ ਬਿੱਲ, ਜਿਹੜਾ ਬੀ. ਸੀ. ਦੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਵਲੋਂ ਪੇਸ਼ ਕੀਤਾ ਗਿਆ, ਅਨੁਸਾਰ ਭਾਰਤੀਆਂ ਨੂੰ ਵੀ ਹੋਰ ਏਸ਼ੀਅਨਾਂ ਨਾਲ ਸ਼ਾਮਲ ਕਰ ਦਿੱਤਾ ਗਿਆ ਹੈ। ਬਿੱਲ ਵਿਚ ਸਬੰਧਿਤ ਮੱਦ ਅਨੁਸਾਰ "ਹਿੰਦੂ" ਦਾ ਅਰਥ ਭਾਰਤ ਦਾ ਰਹਿਣ ਵਾਲਾ ਹੋਵੇਗਾ, ਐਂਗਲੋ-ਸੈਕਸਨ ਮਾਪਿਆਂ ਤੋਂ ਜੰਮਿਆਂ ਹੋਇਆ ਨਹੀਂ। ਕਿਸੇ ਵੀ ਚੀਨੀ ਜਪਾਨੀ ਜਾਂ ਭਾਰਤੀ ਦਾ ਨਾਂ ਕਿਸੇ ਵੀ ਚੋਣ ਜਿਲ੍ਹੇ 'ਚ ਵੋਟਰਾਂ ਦੇ ਰਜਿਸਟਰ ਵਿਚ ਦਰਜ ਨਹੀਂ ਹੋਵੇਗਾ ਅਤੇ ਨਾ ਹੀ ਉਹ ਕਿਸੇ ਵੀ ਚੋਣ ਵਿਚ ਵੋਟ ਪਾ ਸਕਣਗੇ। [8]

1907 ਵਿਚ ਭਾਰਤੀ ਬੀ. ਸੀ. ਤੋਂ ਬਿਨਾਂ ਕੈਨੇਡਾ ਦੇ ਕਿਸੇ ਹੋਰ ਸੂਬੇ ਵਿਚ ਨਹੀਂ ਵਸੇ ਹੋਏ ਸਨ। ਸਰਕਾਰੀ ਰਿਕਾਰਡ ਅਨੁਸਾਰ ਬੀ. ਸੀ. ਵਿਚ ਭਾਰਤੀ ਪੰਜਾਬੀਆਂ ਦੀ ਗਿਣਤੀ 2,124 ਸੀ। 1200 ਦੇ ਕਰੀਬ ਪੰਜਾਬੀ ਸਿੱਖ ਅਮਰੀਕਾ ਵੱਲ ਚਲ ਗਏ ਸਨ।

"Gave notice to the motion to introduce the bill at the provincial legislature in Victoria. According to the bill, the 'Hindu' was denied of the right to vote though he was a British subject. The Chinese and Japanese were specially legislated against by Chapter 17 of the Statues of 1903 and 1904 , and now by this Bill introduced with the rest of the Asians. In the Bill that was now introduced, the concerned clause said, that:

" The expression 'Hindu' shall mean the native of India -not born of Anglo-Saxon parents..... No Chinese, Japanese or East Indians shall have the name on the register of voters for any electoral district or be entitled to vote at any election....."

ਇੰਜ਼ ਬੀ. ਸੀ. ਦੇ ਹਿੰਦੂਆਂ (ਭਾਵ ਸਿੱਖਾਂ) ਨੂੰ ਵੋਟ ਦੇ ਹੱਕ ਤੋਂ ਵਾਂਝਿਆਂ ਕਰ ਦਿੱਤਾ ਗਿਆ। ਬੀ. ਸੀ. ਦੀ ਸਰਕਾਰ ਦੇ ਮੁਤਾਬਿਕ

" The 'Hindu' shall not vote, they said. Though a British subject, and though becomes a permanent resident of British Columbia, he shall not be permitted to exercise his franchise." The House unitedly and unanimously approved the idea of defranchising of Hindu and vote accordingly.

"A whiteman's Country"?

Amending the Election Act and speaking in connection with that, the Interior Minister said that, "I regret exceedingly that the Federal Government have taken a very strong stand in regard to a legislation of this character.....But I ask the Liberals of this House to break away from the party alliance in this and keep British Columbia a whiteman's country to the extent that is in power."

The opposition members greeted this statement with smiles. The Leader of the Opposition, W. Macdonald, said in that connection stating that:

Sri Satguru Jagjit Singh Ji eLibrary NamdhariElibrary@gmail.com

"I do not say what he (Mr. Bowser) takes the right view of the question. It has a very important imperial aspect. The Hindu, as we all know, is a British subject, and the imperial Goverment will look upon this kind of legislation with great care. It invites the serious consideration both of Ottawa and London. I agree in keeping foreigners out of our voter's list. A Hindu, though a British subject, not one in one hundred among them can speak our language nor are they familiar with our laws and customs..... I would suggest that the Goverment revise our election laws, and while depriving those Hindus and naturalized foreigners of franchise, exclude also others who are unable to read even a ballot paper. Until such action is taken, I propose-I vote for this measure-laughter." [9]

ਬੀ. ਸੀ. ਦੀ ਉਦੋਂ ਦੀ ਸਰਕਾਰ ਨੇ 'ਨੈਟਲ ਐਕਟ' ਦੇ ਤਹਿਤ ਕਰ ਤਾਰਨ ਵਾਲੇ ਤੇ ਕਾਨੂੰਨ ਦੀ ਇੱਜ਼ਤ ਕਰਨ ਵਾਲੇ ਏਸ਼ੀਅਨਾਂ ਨੂੰ ਸੂਬੇ ਤੇ ਸ਼ਹਿਰ ਦੀ ਕਮੇਟੀ ਦੀਆਂ ਚੋਣਾਂ ਵਿਚ ਵੋਟਾਂ ਪਾਉਣ ਤੋਂ ਵਰਜ਼ਿਤ ਕਰ ਦਿੱਤਾ। ਜਿਹੜੇ ਏਸ਼ੀਅਨ ਜ਼ਮੀਨਾਂ ਵਪਾਰ ਤੇ ਘਰ ਵੀ ਖਰੀਦਦੇ ਉਨ੍ਹਾਂ ਨੂੰ ਰਜਿਸਟਰ ਕਰਵਾਉਣ ਵੇਲੇ ਦਸਖਤਾਂ ਦੀ ਥਾਂ ਅੰਗੂਠੇ ਲਾਉਣੇ ਜ਼ਰੂਰੀ ਕਰ ਦਿੱਤੇ ਜਿਵੇਂ ਉਹ ਅਪਰਾਧੀ ਹੋਣ। ਸ਼ਹਿਰ ਦੇ ਕੁਝ ਹਿੱਸਿਆਂ ਵਿਚ ਉਹ ਜਾਇਦਾਦ ਨਹੀਂ ਖਰੀਦ ਸਕਦੇ ਸਨ, ਜਿਵੇਂ ਬ੍ਰਿਟਿਸ਼ ਪ੍ਰਾਪਰਟੀਜ਼ ਇਲਾਕਾ ਜੋ ਇੰਗਲੈਂਡ ਤੋਂ ਆਏ ਗੋਰਿਆਂ ਲਈ ਰਾਖਵਾਂ ਸੀ। ਉਹ ਜਿਊਰੀ ਵਜੋਂ ਨਹੀਂ ਬੈਠ ਸਕਦੇ ਸਨ। ਕਿਸੇ ਵੀ ਕਾਰੋਬਾਰ ਜਾਂ ਸਰਕਾਰੀ ਨੌਕਰੀ ਆਦਿ ਵਿਚ ਸ਼ਾਮਲ ਨਹੀਂ ਸਨ ਹੋ ਸਕਦੇ ਤੇ ਨਾ ਹੀ ਦੇਸ਼ ਦੇ ਕਾਨੂੰਨੀ ਨਾਗਰਿਕਾਂ ਵਾਂਗ ਕੋਈ ਸਰਕਾਰੀ ਠੇਕਾ ਲੈ ਸਕਦੇ ਸਨ।

ਹਵਾਈ ਤੋਂ ਇਕ ਮਜ਼ਦੂਰਾਂ ਦਾ ਠੇਕੇਦਾਰ ਜੋ ਬੀ. ਸੀ. ਤੋਂ ਮਜ਼ਦੂਰ ਲੈਣ ਆਇਆ ਸੀ ਨੇ ਬਿਆਨ ਦਿੱਤਾ ਕਿ ਉਹ ਯੂਰਪੀਨ ਕਾਮਿਆਂ ਜਿਵੇਂ ਪੁਰਤਗੇਜ਼ਾਂ ਜਾਂ ਸਪੇਨੀਆਂ ਨੂੰ ਵਧੇਰੇ ਪਸੰਦ ਕਰੇਗਾ। ਉਹ ਸਾਨੂੰ ਨੀਵੀਂ ਪੱਧਰ ਦੇ ਰਿਹਾਇਸ਼ੀ ਮਿਆਰ ਵਾਲੇ ਹਿੰਦੂਆਂ ਨਾਲੋਂ ਚੰਗੇ ਹਨ। ਸਾਡਾ ਵਿਸ਼ਵਾਸ਼ ਹੈ ਕਿ ਅਮਰੀਕੀ ਮਹਾਂਦੀਪ ਨੂੰ ਖਾਸ ਤੌਰ 'ਤੇ ਗੋਰੇ ਲੋਕਾਂ ਦੀ ਵਸੋਂ ਵਾਲੇ ਇਲਾਕੇ ਵਜੋਂ ਸੁਰੱਖਿਅਤ ਰੱਖਿਆ ਜਾਵੇ ਅਤੇ ਪੂਰਬੀਆਂ ਦੇ ਇਥੇ ਆਉਣ ਨੂੰ ਰੋਕ ਦਿੱਤਾ ਜਾਵੇ।

" We could much prefer European labourers such as the Portuguese and the Spaniards. They are preferable to 'Hindus' whose low standard of living do not appeal to us..... We believe that the American continent should be preserved as the exclusive heritage of the whites..... and the Oriental immigration be prohibited.[10]

ਇਕ ਹੋਰ ਗੋਰੇ ਮਜ਼ਦੂਰ ਵਲੋਂ ਕੈਨੇਡਾ ਨੂੰ ਗੋਰਿਆਂ ਦਾ ਦੇਸ਼ ਰੱਖਣ ਲਈ ਵੈਨਕੂਵਰ ਦੇ ਰੋਜ਼ਾਨਾ ਅਖਬਾਰਾਂ ਵਿਚ ਇਕ ਆਰਟੀਕਲ ਛਪਾਇਆ ਗਿਆ ਜਿਸ 'ਚ ਆਖਿਆ ਗਿਆ ਕਿ ਬ੍ਰਿਟਿਸ਼ ਕੁਲੰਬੀਆ ਵਿਚ ਏਸ਼ੀਆਈ ਕਾਮਿਆਂ ਦੀ ਕੋਈ ਲੋੜ ਨਹੀਂ। ਇਨ੍ਹਾਂ ਕਾਮਿਆਂ ਦੇ ਇਥੇ ਆਉਣ ਨੇ ਪ੍ਰਾਂਤ ਦਾ ਬਹੁਤ ਨੁਕਸਾਨ ਕੀਤਾ ਹੈ। ਇਨ੍ਹਾਂ ਵਲੋਂ ਘੱਟ ਮਜ਼ਦੂਰੀ 'ਤੇ ਕੰਮ ਕਰਨ ਦੇ ਰੁਝਾਨ ਨੇ ਗੋਰੇ ਲੋਕਾਂ ਲਈ ਨੌਕਰੀਆਂ ਲੱਭਣੀਆਂ ਮੁਸ਼ਕਲ ਕਰ ਦਿੱਤੀਆਂ ਹਨ। ਬ੍ਰਿਟਿਸ਼ ਕੁਲੰਬੀਆ ਅਤੇ ਵੈਨਕੂਵਰ ਨੂੰ ਪੂਰਬ ਨਾਲ ਵਪਾਰ ਤੇ ਨਿਰਭਰ ਹੋਣਾ ਹੀ ਪਵੇਗਾ। ਬ੍ਰਿਟਿਸ਼ ਕੁਲੰਬੀਆ ਦੇ ਲੋਕਾਂ ਨੂੰ ਇਸ ਸੁਆਲ ਉਪਰ ਦਲੀਲ ਨਾਲ ਸੋਚਣਾ ਪਵੇਗਾ ਕਿ ਇਨ੍ਹਾਂ ਬਦੇਸ਼ੀਆਂ ਤੋਂ ਆਪਣੀ ਮਰਜ਼ੀ ਅਨੁਸਾਰ ਕੰਮ ਕਿਵੇਂ ਲਿਆ ਜਾਵੇ।

" There can be no doubt in the mind of anyone in British Columbia that from what might be termed the sentimental standpoint, Asiatic labour is undesirable. That an unrestricted influx of such labour is liable to do great harm to the province, that it will have a tendency of lower wages and make it difficult for white man to find jobs..... British Columbia, and above all Vancouver, must depend on trade with the Orient..... They are cheap labour.....Let the people of British Columbia examine the question logically as to how these foreigners could do work here as we want....." [11]

ਹਰਬਰਟ ਐੱਚ. ਸਟੀਵਨਸ ਜਿਹੜਾ ਵੈਨਕੂਵਰ ਸਿਟੀ ਕੌਂਸਲ ਦਾ ਮੈਂਬਰ ਅਤੇ ਏਸ਼ੀਆਟਕ ਐਕਸਕਲੂਜ਼ਨ ਲੀਗ ਦਾ ਆਗੂ ਸੀ, ਨੇ ਨਵੰਬਰ 1907 ਵਿਚ ਆਖਿਆ ਕਿ ਜਿੱਥੋਂ ਤੱਕ ਕੈਨੇਡਾ ਦਾ ਤੁਅਲੱਕ ਹੈ ਇਸ ਨੂੰ ਗੋਰਿਆਂ ਦਾ ਦੇਸ਼ ਹੀ ਰੱਖਿਆ ਜਾਵੇ ਅਤੇ ਹਿੰਦੂਆਂ ਜਾਂ ਹੋਰ ਪੂਰਬੀਆਂ ਲਈ ਇੱਥੋਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ।

" As for as Canada is concerned, it shall remain white, and our doors shall be closed to Hindus as well as other Orientals." [12]

ਕੁਝ ਕੁ ਨੂੰ ਛੱਡ ਕੇ ਗੋਰੇ ਇੱਕਮੁੱਠ ਹੋ ਕੇ ਭਾਰਤੀਆਂ ਦੀ ਇਮੀਗੇਰਸ਼ਨ ਬਿਲਕੁਲ ਬੰਦ ਕਰਾਓਣ ਲਈ ਤੁਲੇ ਹੋਏ ਸਨ।

Sri Satguru Jagjit Singh Ji eLibrary NamdhariElibrary@gmail.com

ਭਾਰਤੀ ਪੰਜਾਬੀ ਸਿੱਖਾਂ ਦੇ ਖਿਲਾਫ ਭੰਡੀ ਪ੍ਰਚਾਰ ਤੇ ਝੂਠੀਆਂ ਗੱਲਾਂ ਦਾ ਪ੍ਰਾਪੇਗੰਡਾ ਜ਼ੋਰ ਸ਼ੋਰ ਨਾਲ ਕੀਤਾ ਜਾਂਦਾ ਸੀ।ਜਿਵੇਂ:

1. ਇਹ ਸਾਫ ਨਹੀਂ ਰਹਿੰਦੇ। ਇਹ ਬਿਮਾਰੀਆਂ ਨਾਲ ਗ੍ਰਸਥ ਹਨ।

2. ਇਹ ਮੁਕਰਰ ਹੋਈ ਮਜ਼ਦੂਰੀ ਤੋਂ ਘੱਟ ਪੈਸੇ ਪ੍ਰਵਾਨ ਕਰ ਲੈਂਦੇ ਹਨ।

3. ਇਹ ਇਖਲਾਕ ਦੇ ਨੀਵੇਂ ਹਨ। ਛੜੇ ਹੋਣ ਕਰਕੇ ਗੋਰੀਆਂ ਵੱਲ ਬੁਰੀ ਨਜ਼ਰ ਰੱਖਦੇ ਹਨ।

4. ਇਨ੍ਹਾਂ ਦੇ ਇਥੇ ਰਹਿਣ ਨਾਲ ਸਾਡੀ ਨਸਲ ਦੇ ਵਿਗੜਨ ਦਾ ਖਤਰਾ ਹੈ। ਇਨ੍ਹਾਂ ਨੇ ਗੋਰੀਆਂ ਔਰਤਾਂ ਨਾਲ ਵਿਆਹ ਕਰਾ ਕੇ ਦੋਗਲੇ ਬੱਚੇ ਪੈਦਾ ਕਰ ਦੇਣੇ ਹਨ।

5. ਇਹ ਰੁਪਇਆ ਬਚਾ ਕੇ ਆਪਣੇ ਦੇਸ਼ ਭੇਜੀ ਜਾਂਦੇ ਹਨ। ਆਪਣੇ ਲੋੜਵੰਦ ਭਾਈਆਂ ਤੇ ਖਰਚ ਕਰ ਦਿੰਦੇ ਹਨ। ਇਸ ਕਰਕੇ ਇਨ੍ਹਾਂ ਦਾ ਰਹਿਣ ਸਹਿਣ ਦਾ ਪੱਧਰ ਬਹੁਤ ਨੀਵੇਂ ਦਰਜੇ ਦਾ ਹੈ। ਇਨ੍ਹਾਂ ਕਾਰਨਾਂ ਕਰਕੇ ਪੰਜਾਬੀ ਸਿੱਖਾਂ ਦੀ ਇਮੀਗੇਰਸ਼ਨ ਬੰਦ ਕੀਤੀ ਜਾਵੇ ਤੇ ਜਿਹੜੇ ਆ ਗਏ ਹਨ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ ਜਾਂ ਕਿਸੇ ਢੰਗ ਨਾਲ ਕਿਸੇ ਹੋਰ ਥਾਂ ਜਿਵੇਂ ਹਾਂਡੂਰਸ ਭੇਜ ਦਿੱਤਾ ਜਾਵੇ।

ਕੈਨੇਡਾ ਸਰਕਾਰ (ਹਰ ਪੱਧਰ ਭਾਵ ਸ਼ਹਿਰੀ, ਸੂਬਾਈ ਤੇ ਫੈਡਰਲ) ਨੇ ਵਿਰੋਧੀ ਪ੍ਰਾਪੇਗੰਡੇ ਦੇ ਦਬਾਓ ਹੇਠ ਆ ਕੇ ਭਾਰਤੀ ਪੰਜਾਬੀ ਸਿੱਖਾਂ ਨੂੰ ਏਥੋਂ ਆਉਣ ਤੋਂ ਰੋਕਣ ਦੇ ਤਰੀਕੇ ਸੋਚਣੇ ਸ਼ੁਰੂ ਕਰ ਦਿੱਤੇ।

ਪੰਜਾਬੀ ਸਿੱਖਾਂ ਨੂੰ ਹਾਲੇ ਥੋੜ੍ਹੇ ਸਾਲ ਹੀ ਇਥੇ ਆਇਆਂ ਨੂੰ ਹੋਏ ਸਨ ਕਿ ਗੋਰੇ ਮਜ਼ਦੂਰਾਂ, ਨਸਲਵਾਦੀ ਗੋਰਿਆਂ ਤੇ ਸਰਕਾਰੀ ਅਹਿਲਕਾਰਾਂ ਦੀ ਅੱਖ ਵਿਚ ਇਨ੍ਹਾਂ ਦੀ ਹੋਂਦ ਦੀ ਰੜਕ ਪੈਣੀ ਸ਼ੁਰੂ ਹੋ ਗਈ। ਅਕਤੂਬਰ 1906 ਨੂੰ ਇਕ ਪਾਣੀ ਵਾਲਾ ਜਹਾਜ਼ ਜਿਸ ਵਿਚ ਕਾਫੀ ਭਾਰਤੀ ਪੰਜਾਬੀ ਸਿੱਖ ਸਨ ਵੈਨਕੂਵਰ ਦੇ ਘਾਟ 'ਤੇ ਲੱਗਾ। ਉਸ ਜਹਾਜ਼ ਨੂੰ ਵਿਕਟੋਰੀਆ ਜਾਣ ਦਾ ਹੁਕਮ ਹੋ ਗਿਆ ਕਿਉਂਕਿ ਵੈਨਕੂਵਰ ਦੇ ਮੇਅਰ ਨੇ ਘਾਟ ਤੇ ਲੱਗਣ ਦੀ ਆਗਿਆ ਨਹੀਂ ਦਿੱਤੀ ਸੀ।

ਵੈਨਕੂਵਰ ਦੇ ਟਾਊਨ ਹਾਲ ਵਿਚ 18 ਅਕਤੂਬਰ 1906 ਨੂੰ ਭਾਰਤੀਆਂ ਦੇ ਵੈਨਕੂਵਰ ਆਉਣ 'ਤੇ ਰੋਕ ਲਾਉਣ ਲਈ ਇਕ ਮੀਟਿੰਗ ਹੋਈ ਜਿਸ ਵਿਚ ਮਤਾ ਪਾਸ ਹੋਇਆ ਕਿ ਅੱਗੇ ਤੋਂ ਭਾਰਤੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਦਾ ਯਤਨ ਸ਼ੁਰੂ ਕੀਤਾ ਜਾਵੇ। ਇਕ ਤਾਰ ਵਿਨਸਟਨ ਚਰਚਿਲ ਜਿਹੜਾ ਉਸ ਸਮੇਂ ਬਸਤੀਆਂ ਦਾ ਸਕੱਤਰ ਸੀ ਉਸਨੂੰ ਤੇ ਸਰ ਵਿਲਫਰੈਡ ਲੌਰੀਅਰ ਨੂੰ ਦਿੱਤੀ ਗਈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਭੇਜੇ ਸੁਨੇਹੇ ਵਿਚ ਆਖਿਆ ਗਿਆ ਕਿ ਵੈਨਕੂਵਰ ਸ਼ਹਿਰ ਅਗਾਂਹ ਤੋਂ ਭਾਰਤੀਆਂ ਦੇ ਇਥੇ ਆਉਣ ਨੂੰ ਸਹਿਣ ਨਹੀਂ ਕਰੇਗਾ।

ਇਕ ਜਲਸੇ ਵਿਚ ਤਕਰੀਰਾਂ ਕਰਕੇ ਹਿੰਦੂ ਤੇ ਸਿੱਖ ਧਰਮ, ਉਨ੍ਹਾਂ ਦੇ ਰਿਵਾਜ਼ ਤੇ ਰਹਿਣ-ਸਹਿਣ ਦੇ ਤਰੀਕਿਆਂ ਨੂੰ ਨਿੰਦਿਆ ਗਿਆ। ਗੋਰਿਆਂ ਵਲੋਂ ਅਖਬਾਰਾਂ ਵਿਚ ਆਰਟੀਕਲ ਛਾਪੇ ਗਏ। ਇਕ ਆਰਟੀਕਲ 'ਦਿ ਹਿੰਦੂ ਇਨਵੈਯਜ਼ਨ' ਦੇ ਸਿਰਲੇਖ ਹੇਠ ਫਰੈਂਡ ਲੈਂਕੀ ਵਲੋਂ ਲਿਖਿਆ ਗਿਆ ਜੋ 'ਪੈਸਫਿਕ' ਮਾਸਕ ਵਿਚ ਛਪਿਆ।[13]

ਕੁਝ ਸਿਆਣੇ ਤੇ ਈਮਾਨਦਾਰ ਗੋਰਿਆਂ ਨੇ ਸਿੱਖਾਂ ਦੇ ਹੱਕ ਵਿਚ ਵੀ ਆਵਾਜ਼ ਉਠਾਈ ਜਿਵੇ ਹੈਨਰੀ ਐੱਚ ਗਲੈਡਸਟੋਨ ਜਿਸ ਨੇ ਭਾਰਤ ਵਿਚ 15 ਸਾਲ ਨੌਕਰੀ ਕੀਤੀ ਸੀ ਨੇ ਆਖਿਆ, "ਸਿੱਖ ਖਾਸ ਤੌਰ 'ਤੇ ਸਾਫ ਸੁਥਰੇ ਲੋਕ ਹਨ ਅਤੇ ਮੈਂ ਉਨ੍ਹਾਂ ਦਾ ਮਨੁੱਖਾਂ ਦੀ ਬਹੁਤ ਵਧੀਆ ਨਸਲ ਦੇ ਤੌਰ 'ਤੇ ਸਤਿਕਾਰ ਕਰਦਾ ਹਾਂ।"

ਜਿਹੜੇ ਇਲਜ਼ਾਮ ਸਿੱਖਾਂ ਤੇ ਲਾਏ ਸਨ ਕਿ ਸਰੀਰਕ ਤੌਰ ਤੇ ਇਹ ਕੰਮ ਕਰਨ ਦੇ ਕਾਬਲ ਨਹੀਂ (ਇਸ ਦੇ ਉਲਟ ਕਾਫੀ ਗੋਰੇ ਮਾਲਕ ਸਿੱਖਾਂ ਨੂੰ ਸਰੀਰ ਦੇ ਰਿਸ਼ਟ ਪੁਸ਼ਟ ਤੇ ਈਮਾਨਦਾਰੀ ਨਾਲ ਕੰਮ ਕਰਨ ਵਾਲੇ ਤੇ ਗੋਰੇ ਮਜ਼ਦੂਰਾਂ ਦੇ ਮੁਕਾਬਲੇ 'ਤੇ ਜ਼ਿਆਦਾ ਕੰਮ ਕਰਨ ਕਰਕੇ ਪਸੰਦ ਕਰਦੇ ਸਨ), ਬੀ. ਸੀ. ਦੀ ਆਬੋਹਵਾ ਇਹਨਾਂ ਦੇ ਮਾਫਕ ਨਹੀਂ। ਇਹ ਖਿਆਲ ਕੈਨੇਡਾ ਦੀ ਸਰਕਾਰ ਦੇ ਧਿਆਨ ਵਿਚ ਲਿਆਂਦੇ ਗਏ ਸਨ। ਇਸ ਦੇ ਜਵਾਬ ਵਿਚ ਡਾ. ਐੱਸ. ਐੱਚ. ਲਾਸਨ ਐਮ. ਡੀ. (ਬੀ. ਸੀ.) ਜਿਹੜਾ ਕੈਨੇਡੀਅਨ ਪੈਸਫਿਕ ਰੇਲਵੇ ਸਟੀਮਰ 'ਚ ਸ਼ਿਪ ਸਰਜਨ ਸੀ ਨੇ ਲਿਖਿਆ ਕਿ ਹਾਂਗਕਾਂਗ 'ਚ ਹਰ ਆਵਾਸੀ ਦੀ ਸਰੀਰਕ ਜਾਂਚ ਕਰਨਾ ਮੇਰੀ ਡਿਊਟੀ ਸੀ ਅਤੇ ਭਾਵੇਂ ਮੈਂ ਪਹਿਲਾਂ ਉਨ੍ਹਾਂ ਦੇ ਖਿਲਾਫ ਸੀ ਪਰ ਮੇਰੀ ਇਹ ਖਿਲਾਫਤ ਛੇਤੀ ਹੀ ਦੂਰ ਹੋ ਗਈ ਜਦੋਂ ਮੇਰੇ ਹੱਥੀਂ ਹਜ਼ਾਰਾਂ ਲੋਕ ਉਸ ਜਾਂਚ ਚੋਂ ਗੋਰਿਆਂ ਦੇ ਮੁਕਾਬਲੇ ਜਿਨ੍ਹਾਂ ਨੂੰ ਮੈਂ ਐਟਲਾਂਟਿਕ 'ਤੇ ਵੇਖਿਆ ਸੀ, ਵਧੇਰੇ ਸਫਲਤਾ ਨਾਲ ਪਾਸ ਹੋ ਕੇ ਨਿਕਲੇ। ਮੈਂ ਇਹ ਖਾਸ ਤੌਰ 'ਤੇ ਸਿੱਖਾਂ ਬਾਰੇ ਆਖ ਰਿਹਾ ਹਾਂ ਤੇ ਇਸ 'ਚ ਕੋਈ ਵਧਾ ਚੜ੍ਹਾ ਕਿ ਆਖੀ ਗਈ ਗੱਲ ਸ਼ਾਮਲ ਨਹੀਂ ਕਿ ਉਹ ਆਪਣੀਆਂ ਆਦਤਾਂ ਅਤੇ ਬਿਮਾਰੀਆਂ ਤੋਂ ਰਹਿਤ ਹੋਣ ਵਿਚ ਸਟੀਮਰ ਦੇ ਯੂਰਪੀ ਯਾਤਰੀਆਂ ਨਾਲੋਂ ਸੌ ਪ੍ਰਤੀਸ਼ਤ ਵਧੇਰੇ ਸਾਫ ਸੁਥਰੇ ਸਨ। ਮੇਰੇ ਮਾਈਨਿੰਗ ਕੈਂਪ ਵਿਚਲੇ ਨਵੇਂ ਤਜ਼ਰਬੇ, ਜਿਥੇ ਹਜ਼ਾਰਾਂ ਗੋਰੇ ਆਦਮੀ ਵੀ ਸਨ, ਨੇ ਸਿੱਖਾਂ ਲਈ ਮੇਰੇ ਮਨ 'ਚ ਹੋਰ ਇੱਜ਼ਤ ਵਧਾ ਦਿੱਤੀ ਹੈ।" [14]

**

Sri Satguru Jagjit Singh Ji eLibrary NamdhariElibrary@gmail.com

ਭਾਰਤੀਆਂ ਨੂੰ ਰੋਕਣ ਲਈ ਕਾਨੂੰਨਸਾਜ਼ੀ

ਭਾਰਤੀ ਸਿੱਖਾਂ ਦਾ ਬਰਤਾਨਵੀਂ ਰਾਜ਼ ਦੀ ਪਰਜਾ ਹੋਣ ਦੇ ਨਾਤੇ ਉਹਨਾਂ ਦੇ ਆਵਾਸ ਨੂੰ ਰੋਕਣਾ ਕੈਨੇਡਾ ਦੀ ਸਰਕਾਰ ਲਈ ਗੁੰਝਲਦਾਰ ਮਸਲਾ ਬਣ ਗਿਆ। ਕਿਉਂਕਿ ਉਹ ਭਾਰਤ ਵਿਚ ਆਪਣਾ ਰਾਜ ਕਾਇਮ ਰੱਖਣ ਲਈ ਇਸ ਗੱਲ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕਦੇ ਕਿ ਦੁਨੀਆਂ ਦੇ ਹਰ ਹਿੱਸੇ ਵਿਚ ਜਿਥੇ ਬਰਤਾਨੀਆਂ ਸਰਕਾਰ ਹੋਵੇ ਉਥੇ ਹਰ ਦੇਸ਼ ਦੀ ਬਰਤਾਨਵੀ ਪਰਜ਼ਾ ਨਾਲ ਇਕੋ ਜਿਹਾ ਸਲੂਕ ਕੀਤਾ ਜਾਵੇਗਾ। ਇਸ ਦੇ ਫਲ ਸਰੂਪ ਬੀ. ਸੀ. ਦੀ ਸਰਕਾਰ ਨੂੰ ਆਵਾਸ ਬੰਦ ਕਰਨ ਦਾ ਕਾਨੂੰਨ ਬਣਾਉਣ ਲਈ ਕੈਨੇਡਾ ਦੀ ਫੈਡਰਲ ਸਰਕਾਰ ਦੀ ਸਲਾਹ ਲੈਣੀ ਜ਼ਰੂਰੀ ਸੀ। ਕੈਨੇਡਾ ਦੀ ਫੈਡਰਲ ਸਰਕਾਰ ਨੂੰ ਅੱਗੇ ਯੂ. ਕੇ. ਦੀ ਸਰਕਾਰ ਨਾਲ ਗੱਲ ਕਰਨੀ ਬਣਦੀ ਸੀ। ਯੂ. ਕੇ. ਦੀ ਸਰਕਾਰ ਨੂੰ ਭਾਰਤ ਦੀ ਬਰਤਾਨਵੀਂ ਸਰਕਾਰ ਨਾਲ ਗੱਲ ਕਰਨੀ ਪੈਂਦੀ ਸੀ। ਸੋ ਕੈਨੇਡਾ ਨੂੰ ਭਾਰਤੀ ਆਵਾਸ ਦੀ ਨੀਤੀ ਘੜਨ ਲਈ ਵੈਨਕੂਵਰ, ਵਿਕਟੋਰੀਆ, ਔਟਵਾ, ਲੰਡਨ ਤੇ ਕੱਲਕਤਾ ਨਾਲ ਸਲਾਹ ਮਸ਼ਵਰੇ ਕਰਨੇ ਜ਼ਰੂਰੀ ਸਨ।[15] ਕੱਲਕਤਾ, ਲੰਡਨ, ਤੇ ਔਟਵਾ ਦੀਆਂ ਸਰਕਾਰਾਂ ਨੇ ਬੀ. ਸੀ. ਨੂੰ ਭਾਰਤੀਆਂ ਦੇ ਆਵਾਸ ਨੂੰ ਰੋਕਣ ਦਾ ਕਾਨੂੰਨ ਬਣਾਉਣ ਦੀ ਆਗਿਆ ਦੇ ਦਿੱਤੀ ਪਰ ਨਾਲ ਇਹ ਸਲਾਹ ਦਿੱਤੀ ਕਿ ਇਹ ਸਾਬਤ ਨਾ ਹੋ ਸਕੇ ਕਿ ਭਾਰਤੀਆਂ ਨਾਲ ਵਿਤਕਰਾ ਹੋ ਰਿਹਾ ਹੈ।

ਸੋ ਪਹਿਲਾਂ ਬੀ. ਸੀ. ਸਰਕਾਰ ਨੇ ਸਰੀਰਕ ਅਰੋਗਤਾ, ਮਾਲੀ ਹਾਲਤ ਚੰਗਾ, ਕਾਰੀਗਰ ਹੋਣ ਤੇ ਭਾਰਤ ਤੋਂ ਸਿੱਧੇ ਆਉਣ ਜਿਹੇ ਕਾਨੂੰਨ ਬਣਾਏ।

Consequentl Tortuous Regulations Reuring satandards of physical fitness, financial and professional ability and the manner of travel were passed with the sole object of keeping Indians out of the country.

ਬੀ. ਸੀ. ਸਰਕਾਰ ਨੇ ਜੋ ਵੀ ਕਾਨੂੰਨ ਬਣਾਏ ਉਨ੍ਹਾਂ ਨੂੰ ਜਦੋਂ ਅਦਾਲਤਾਂ ਵਿਚ ਵੰਗਾਰਿਆ ਗਿਆ ਤਾਂ ਅਦਾਲਤਾਂ ਨੇ ਉਨ੍ਹਾਂ ਨੂੰ ਰੱਦ ਕਰ ਦਿੱਤਾ। 1908 ਵਿਚ ਕੁਝ ਪੰਜਾਬੀਆਂ ਨੂੰ ਉਨ੍ਹਾਂ ਕਾਨੂੰਨਾਂ ਦੇ ਤਹਿਤ ਜਦੋਂ ਕਸੂਰਵਾਰ ਸਿੱਧ ਕੀਤਾ ਗਿਆ ਤਾਂ ਹੈਬੀਅਸ ਕਾਰਪਸ ਪਟੀਸ਼ਨ ਦੇ ਰਾਹੀਂ ਉਨ੍ਹਾਂ ਨੂੰ ਛੁਡਾ ਲਿਆ ਗਿਆ। ਇਹ ਗੱਲ ਵੇਖ ਕੇ ਕੈਨੇਡਾ ਦੀ ਫੈਡਰਲ ਸਰਕਾਰ ਨੇ ਸਿੱਧਾ ਭਾਰਤ ਦੀ ਸਰਕਾਰ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਤਾਂ ਕਿ ਭਾਰਤ ਦੀ ਸਰਕਾਰ ਨੂੰ ਪ੍ਰੇਰਿਆ ਜਾਵੇ ਕਿ ਉਹ ਭਾਰਤ ਤੋਂ ਭਾਰਤੀਆਂ ਦੇ ਕੈਨੇਡਾ ਆਉਣ ਉੱਤੇ ਰੋਕ ਲਾ ਦੇਵੇ। [16]

Sir Wilfred Laurier, prime minister of Canada, repeated the allegation that the Indians were "unsuited to live in the climatic condtions of British Columbia and were a serious disturbance to industrial and ecnomic condtion in portions of the Dominions." In a letter to the viceroy, Lord Minto, Sir Wilfred wrote, " strange to say, the Hindus.... are looked upon by our people in British Columbia with still more disfavour than Chinese. They seem to be less adoptable to ours ways and manners than all others Oriental races that came to us.

1908 ਦੇ ਬਹਾਰ ਦੇ ਮੌਸਮ ਵਿਚ ਮਿਸਟਰ ਮੈਕੇਨਜ਼ੀ ਕਿੰਗ (ਜੋ ਬਾਅਦ 'ਚ ਕੈਨੇਡਾ ਦਾ ਪ੍ਰਧਾਨ ਮੰਤਰੀ ਵੀ ਬਣਿਆ) ਜਿਹੜਾ ਪੂਰਬੀਆਂ ਦੇ ਆਵਾਸ ਬਾਰੇ ਕਾਫੀ ਜਾਣਕਾਰੀ ਰੱਖਦਾ ਸੀ, ਲੰਡਨ ਨੂੰ ਗਿਆ। ਉਸ ਨੇ ਆਵਾਸ ਦੇ ਮਸਲੇ ਬਾਰੇ ਕਲੋਨੀਆਂ ਦੇ ਰਾਜ ਸਕੱਤਰ ਲਾਰਡ ਐਲਗਿਨ, ਭਾਰਤ ਦੇ ਰਾਜ ਸਕੱਤਰ ਜੌਹਨ ਮੌਰਲੇ ਅਤੇ ਬਦੇਸ਼ ਸਕੱਤਰ ਐਡਵਰਡ ਗਰੇਅ ਨਾਲ ਸਲਾਹ ਮਸ਼ਵਰਾ ਕੀਤਾ। ਹੋਰ ਸਲਾਹਾਂ ਕਰਨ ਲਈ ਉਹ ਭਾਰਤ ਤੇ ਚੀਨ ਨੂੰ ਵੀ ਗਿਆ। ਮਿਸਟਰ ਕਿੰਗ ਦੇ ਭਾਰਤ ਸਰਕਾਰ ਨਾਲ ਮਸ਼ਵਰੇ ਦੇ ਨਤੀਜੇ ਵਜੋਂ ਭਾਰਤ ਸਰਕਾਰ ਨੇ ਭਾਰਤੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਦੇ ਮੰਤਵ ਨਾਲ ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਡਰਾਇਆ ਕਿ ਕੈਨੇਡਾ ਵਿਚ ਰੁਜ਼ਗਾਰ ਬਿਲਕੁਲ ਨਹੀਂ ਹੈ। ਜਹਾਜ਼ੀ ਕੰਪਨੀਆਂ ਨੂੰ 'ਕੈਨੇਡਾ ਜਾਣ ਲਈ ਸਹੂਲਤਾਂ ਦੇਣ ਦੇ ਪਰਚਾਰ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ।

The goverment of India also involed in the Provisions of the Emigration Act (xxi of 1883) was passed to safegurad the interests of indentured labour, to prevent Indians leaving for Canada under the Act, , immigration was only allowed to countries which passed legislation to protect the intrests of immigrants and were listed in the schedule. Canada was not listed in the schedule, and since it did not desire Indian immigrants. It was not anxious to pass legislation for their protection.

Sri Satguru Jagjit Singh Ji eLibrary NamdhariElibrary@gmail.com

ਜਿਹੜੇ ਲੋਕ ਭਾਰਤ ਤੋਂ ਬਾਹਰ ਹੋਰਨਾਂ ਮੁਲਕਾਂ ਜਿਵੇਂ ਹਾਂਗਕਾਂਗ ਆਦਿ ਵਿਚ ਰਹਿੰਦੇ ਸਨ ਉਨ੍ਹਾਂ ਨੂੰ ਕੈਨੇਡਾ ਜਾਣੋ ਰੋਕਣ ਦਾ ਮਸਲਾ ਹਾਲੇ ਉਸੇ ਤਰ੍ਹਾਂ ਖੜ੍ਹਾ ਸੀ। ਉਸ ਮਸਲੇ ਨੂੰ ਹੱਲ ਕਰਨ ਲਈ ਕੈਨੇਡਾ ਦੀ ਸਰਕਾਰ ਨੇ ਦੋ ਹੁਕਮ ਜਾਰੀ ਕੀਤੇ।

1. One raised the sum of money requried to be in the person of intending immigrant from $ 25 to $ 200.

2. Other authorises the minister of the immigration to prohibit the landing in Canada of immigrant, Unless they came from the country of their birth or citizenship by continous journey and on through tickets purchased before leaving the country of their birth or citizenship.

ਪਹਿਲੇ ਮਤੇ ਅਨੁਸਾਰ ਕੈਨੇਡਾ ਵਿਚ ਦਾਖਲੇ ਦੇ ਚਾਹਵਾਨ ਵਿਅਕਤੀ ਕੋਲ ਲੋੜੀਂਦੇ ਪੈਸਿਆਂ ਦੀ ਰਕਮ 25 ਡਾਲਰਾਂ ਤੋਂ ਵਧਾ ਕੇ 200 ਡਾਲਰ ਕਰ ਦਿੱਤੀ। ਦੂਜਾ ਮਤਾ ਅੰਦਰੂਨੀ ਮਾਮਲਿਆਂ ਦੇ ਮੰਤਰੀ ਨੂੰ ਇਹ ਅਧਿਕਾਰ ਦਿੰਦਾ ਸੀ ਕਿ ਉਹ ਕਿਸੇ ਵੀ ਵਿਅਕਤੀ ਨੂੰ ਕੈਨੇਡਾ 'ਚ ਉਤਰਨ ਤੋਂ ਰੋਕ ਸਕਦਾ ਸੀ। ਜਿਹੜਾ ਵਿਅਕਤੀ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਮੁਲਕ ਤੋਂ ਸਿੱਧੀ ਟਿਕਟ ਲੈ ਕੇ ਲਗਾਤਾਰ ਯਾਤਰਾ ਦੁਆਰਾ ਇੱਥੋਂ ਤੱਕ ਨਹੀਂ ਸੀ ਪਹੁੰਚਦਾ।

ਚੀਨੀਆਂ, ਜਪਾਨੀਆਂ ਨਾਲ ਜਦੋਂ ਇਸ ਕਿਸਮ ਦਾ ਵਿਤਕਰਾ ਹੁੰਦਾ ਸੀ ਤਾਂ ਉਨ੍ਹਾਂ ਦੀਆਂ ਸਰਕਾਰਾਂ ਇਸ ਮਾਮਲੇ ਨੂੰ ਕੈਨੇਡਾ ਦੀ ਸਰਕਾਰ ਪਾਸ ਉਠਾਉਂਦੀਆਂ ਤੇ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਦੀਆਂ ਪਰ ਇਸ ਤੋਂ ਉਲਟ ਭਾਰਤ ਦੀ ਸਰਕਾਰ ਜਿਸ ਨੇ ਆਪਣੇ ਸ਼ਹਿਰੀਆਂ ਦੇ ਹੱਕਾਂ ਦੀ ਰਾਖੀ ਕਰਨੀ ਸੀ ਆਪਣੇ ਹੀ ਲੋਕਾਂ ਦੇ ਖਿਲਾਫ ਬਣੇ ਕਾਨੂੰਨ ਦੀ ਪ੍ਰੋੜਤਾ ਕਰਦੀ ਸੀ।

Lord Minto wrote, " we hold the view that continuos passage and the $200 regulation are likely to prove Minto effective in putting stop to immigration of Indians labours. We have published the conditions imposed by Canada widely, with the result that immigration has ceased altogether and consider there practically no chance of Its being reopen . We raised no objection to the methods adopted by Canada and we have not any intention of raising any questions regarding them.....

We propose telling the secretary of state for India the result of Mr. King's vist and we shall take the opportunity of expressing to him our appreciation in the manner in which your government has treated the whole of this difficult bussiness. You heve all along kept in view the postion that faces us here and avoided any thing that might look like individual action against British India.[17]

ਦੋਵੇਂ ਹੁਕਮ ਖਾਸ ਤੌਰ 'ਤੇ ਭਾਰਤੀਆਂ ਦੇ ਖਿਲਾਫ ਸਨ। ਚੀਨੇ ਤੇ ਜਾਪਾਨੀ 200 ਡਾਲਰ ਵਾਲੀ ਮੱਦ ਤੋਂ ਰਹਿਤ ਕਰ ਦਿੱਤੇ ਗਏ ਕਿਉਂਕਿ ਉਨ੍ਹਾਂ ਦੀਆਂ ਸਰਕਾਰਾਂ ਦਾ ਕੈਨੇਡਾ ਦੀ ਸਰਕਾਰ ਨਾਲ ਸਮਝੌਤਾ ਹੋ ਗਿਆ ਸੀ। 'ਲਗਾਤਾਰ ਸਫਰ' ਵਾਲਾ ਕਾਨੂੰਨ ਵੀ ਸਿਰਫ ਭਾਰਤੀਆਂ ਦੇ ਖਿਲਾਫ ਸੀ। ਇਹ ਹਰ ਕੋਈ ਜਾਣਦਾ ਸੀ ਕਿ ਭਾਰਤ ਤੋਂ ਕੈਨੇਡਾ ਨੂੰ ਕਿਸੇ ਵੀ ਕੰਪਨੀ ਦੇ ਜਹਾਜ਼ ਨਹੀਂ ਚਲਦੇ ਤੇ ਨਾ ਹੀ ਭਾਰਤ ਕੋਲ ਕੋਈ ਜਹਾਜ਼ ਹੈ ਜੋ ਕੈਨੇਡਾ ਜਾਂਦਾ ਆਉਂਦਾ ਹੈ। ਮਿਸਟਰ ਐੱਸ. ਐੱਚ. ਸਟੀਵਨਸ ਜੋ ਵੈਨਕੂਵਰ ਤੋਂ ਪਾਰਲੀਮੈਂਟ ਦਾ ਮੈਂਬਰ ਸੀ, ਤੇ ਜਿਸ ਨੇ ਭਾਰਤੀਆਂ ਦੇ ਖਿਲ਼ਾਫ ਮੁਹਿੰਮ ਚਲਾਈ ਸੀ, ਨੇ ਬੜ੍ਹੇ ਫਖਰ ਨਾਲ ਆਖਿਆ ਸੀ ਕਿ ਜਿਸ ਵਜ਼ੀਰ ਨੇ ਸਰਕਾਰ ਦੇ ਹੁਕਮਾਂ ਦਾ ਖਰੜਾ ਤਿਆਰ ਕੀਤਾ ਸੀ ਉਹ ਜਾਣਦਾ ਸੀ ਕਿ ਭਾਰਤ ਤੋਂ ਕੈਨੇਡਾ ਨੂੰ ਕੋਈ ਸਿੱਧਾ ਪਾਣੀ ਵਾਲਾ ਜਹਾਜ਼ ਨਹੀਂ ਚਲਦਾ। ਇਹ ਕਾਨੂੰਨ ਸਿਰਫ ਹਿੰਦੂਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਹੀ ਬਣਾਇਆ ਗਿਆ ਹੈ। ਇਸ ਦੇ ਨਾਲ ਕੈਨੇਡਾ ਦੀ ਸਰਾਕਰ ਉਤੇ ਇਹ ਉੱਝ ਨਹੀਂ ਆ ਸਕਦੀ ਕਿ ਉਹ ਹਿੰਦੂਆਂ, ਜਿਹੜੇ ਬਰਤਾਨੀਆਂ ਦੀ ਹੀ ਪਰਜ਼ਾ ਹਨ, ਦੇ ਖਿਲਾਫ ਹੈ। [18]

ਇਨ੍ਹਾਂ ਹੁਕਮਾਂ ਦੇ ਪਹਿਲੇ 'ਬਲੀ ਦੇ ਬੱਕਰੇ' ਉਹ 200 ਭਾਰਤੀ ਬਣੇ ਜਿਨ੍ਹਾਂ ਵਿਚੋਂ ਬਹੁਤੇ ਸਿੱਖ ਸਨ ਤੇ ਜੋ ਮਾਰਚ 1908 'ਚ ਮੈਨਟੀਗੋਲ ਜ਼ਹਾਜ਼ ਰਾਹੀਂ ਵੈਨਕੂਵਰ ਆਏ ਸਨ। ਉਨ੍ਹਾਂ ਵਿਚੋਂ 18 ਨੂੰ ਇਸ ਕਰਕੇ ਉਤਰਨ ਤੋਂ ਰੋਕ ਦਿੱਤਾ ਕਿ ਉਹ ਸਿੱਧੇ ਭਾਰਤ ਤੋਂ ਜ਼ਹਾਜ਼ ਉਤੇ ਨਹੀਂ ਚੜ੍ਹੇ ਸਨ ਸਗੋਂ ਹਾਂਗਕਾਂਗ ਜਹਾਜ਼ ਚੜਨ ਦਾ ਇੰਤਜ਼ਾਰ ਕਰਦੇ ਸਨ। 105 ਨੂੰ ਇਸ ਕਰਕੇ ਰੋਕਿਆ ਗਿਆ ਤੇ ਵਾਪਸ ਕੀਤਾ ਗਿਆ ਕਿ ਉਹ ਸਾਬਤ ਨਹੀਂ ਕਰ ਸਕੇ ਉਹ ਕੱਲਕੱਤੇ ਤੋਂ ਜ਼ਹਾਜ਼ ਚੜ੍ਹੇ ਸਨ। ਜਦੋਂ ਕਿ ਸੱਚਾਈ ਇਹ ਸੀ ਕਿ ਉਹ ਸਿੱਧੇ ਭਾਰਤ ਤੋਂ ਹੀ ਆਏ ਸਨ। [19]

ਇਹ ਹੁਕਮ 1906 ਦੇ ਇਮੀਗਰੇਸ਼ਨ ਐਕਟ 'ਚ ਸੋਧ ਕਰਕੇ ਕਾਨੂੰਨ ਬਣਾ ਦਿੱਤੇ ਗਏ ਅਤੇ ਨਵਾਂ ਇਮੀਗਰੇਸ਼ਨ ਐਕਟ 9 ਮਈ 1910 ਨੂੰ ਪਾਸ ਕੀਤਾ ਗਿਆ ਜਿਸ ਨੇ 200 ਡਾਲਰਾਂ ਅਤੇ ਲਗਾਤਾਰ ਸਫਰ ਦੀਆਂ ਸ਼ਰਤਾਂ ਨੂੰ ਆਪਣੇ ਵਿਚ ਸਮੇਟ ਲਿਆ।

Sri Satguru Jagjit Singh Ji eLibrary NamdhariElibrary@gmail.com

ਇਸ ਕਾਨੂੰਨ ਦੇ ਤਹਿਤ ਕੋਈ ਇਕ ਹਜ਼ਾਰ ਪੰਜਾਬੀ ਵਾਪਸ ਭਾਰਤ ਮੋੜਿਆ ਗਿਆ। ਇਸ ਤੋਂ ਵੀ ਦੁੱਗਣੇ ਅਮਰੀਕਾ ਵੱਲ ਜਾ ਉਤਰੇ। ਫੇਰ ਵੀ ਕੈਨੇਡਾ ਸਰਕਾਰ ਦੇ ਕਹਿਣ ਦੇ ਮੁਤਾਬਿਕ ਭਾਰਤੀਆਂ ਨਾਲ ਕੋਈ ਵਿਤਕਰਾ ਨਹੀਂ ਸੀ ਹੋ ਰਿਹਾ। ਇਸ ਦੇ ਨਤੀਜੇ ਵਜੋਂ ਬੀ. ਸੀ. ਵਿਚ ਭਾਰਤੀਆਂ ਦੀ ਗਿਣਤੀ 1908 ਵਿਚ ਜਿਹੜੀ ਪੰਜ ਹਜ਼ਾਰ ਤੋਂ ਉਪਰ ਟੱਪ ਗਈ ਸੀ 1911 ਵਿਚ ਇਸ ਤੋਂ ਅੱਧੀ ਰਹਿ ਗਈ। [20]

ਕੈਨੇਡੀਅਨ ਸਰਕਾਰ ਨੇ ਭਾਰਤੀਆਂ ਦੀ ਕੈਨੇਡਾ ਵਿਚ ਆਮਦ ਬੰਦ ਕਰ ਦਿੱਤੀ ਅਤੇ ਜਿਹੜੇ ਇਥੇ ਆਏ ਹੋਏ ਸਨ ਉਨ੍ਹਾਂ ਨੂੰ ਇਥੋਂ ਕੱਢਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਇਸ ਗੱਲ ਨੇ ਭਾਰਤੀ ਪੰਜਾਬੀ ਸਿੱਖਾਂ ਜਿਹੜੇ ਬਹੁਤੇ ਫੌਜੀ ਸਨ, ਦੀ ਅੰਗਰੇਜ਼ੀ ਸਰਕਾਰ ਦੀ ਵਫਾਦਾਰੀ ਤੇ ਵਿਸ਼ਵਾਸ਼ ਨੂੰ ਲੀਰ ਲੀਰ ਕਰ ਦਿੱਤਾ। ਭਾਰਤੀਆਂ ਦੀ ਕੈਨੇਡਾ ਆਉਣ ਤੇ ਵੱਸਣ ਦੇ ਹੱਕ ਹਾਸਲ ਕਰਨ ਦੀ ਲੜਾਈ ਨੇ ਰਾਜਨੀਤਕ ਰੁਖ ਅਖਤਿਆਰ ਕਰ ਲਿਆ। ਕੈਨੇਡਾ ਵਿਚ ਪੁੱਜ ਚੁੱਕੇ ਭਾਰਤੀਆਂ ਦੇ ਦਿਲਾਂ ਵਿਚ ਅੰਗਰੇਜ਼ ਸਰਕਾਰ ਵਾਸਤੇ ਨਫਰਤ ਨੇ ਜਨਮ ਲੈ ਲਿਆ ਤੇ ਦੇਸ਼ ਭਗਤੀ ਦਾ ਬੀਜ ਉੱਗ ਪਿਆ। ਖਾਲਸਾ ਦੀਵਾਨ ਸੁਸਾਇਟੀ ਇਸ ਬੇਨਿਯਮੀ ਦੇ ਖਿਲਾਫ ਡਟ ਕੇ ਖੜੋ ਗਈ।

**

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹਾਂਡੂਰਸ ਭੇਜਣ ਦੀ ਸਾਜ਼ਿਸ਼

ਕੈਨੇਡੀਅਨ ਸਰਕਾਰ ਦੇ ਘੋਰਗੀ ਮਹਿਕਮੇ ਦੇ ਸੱਕਤਰ ਜ. ਬ. ਹਾਰਕਿਨ ਨੇ ਰਿਪੋਰਟ ਕੀਤੀ ਕਿ ਭਾਰਤੀਆਂ ਦੀ ਇਥੇ ਬੁਰੀ ਦਸ਼ਾ ਹੈ। ਉਹ ਠੰਢੇ ਮੌਸਮ ਦੇ ਆਦੀ ਨਹੀਂ, ਪਾਲੇ ਨਾਲ ਠਰੂੰ ਠਰੂੰ ਕਰਦੇ ਹਨ। 1500 ਦੇ ਕਰੀਬ ਬੇਕਾਰ ਹਨ ਤੇ ਭੁੱਖੇ ਮਰਦੇ ਤੇ ਨੰਗੇ ਹਨ। ਇਹਨਾਂ ਦੀ ਮੰਦੀ ਹਾਲਤ ਜਰੀ ਨਹੀਂ ਜਾਂਦੀ, ਜਿਸ ਨੂੰ ਵੇਖ ਕੇ ਸਾਡਾ ਦਿਲ ਭਰ ਆਉਂਦਾ ਹੈ ਇਸ ਲਈ ਇਹਨਾਂ ਨੂੰ ਇਥੋਂ ਕੱਢ ਕੇ ਕਿਸੇ ਗੁਲਾਮ ਮਜ਼ਦੂਰੀ ਵਾਲੇ ਅੰਗੇਰਜ਼ੀ ਟਾਪੂ ਵਿਚ ਭੇਜ ਦਿੱਤਾ ਜਾਵੇ।

ਉਸ (ਹਾਰਕਿਨ) ਨੇ ਬਸਤੀਆਂ ਦੇ ਲੰਡਨ ਦਫਤਰ ਪਾਸੋਂ ਇਕ ਗੁਲਾਮ ਮਜ਼ਦੂਰਾਂ ਨੂੰ ਲੈ ਜਾਣ ਵਾਲਾ ਜਹਾਜ਼ ਵੀ ਮੰਗਵਾ ਲਿਆ ਤੇ ਆਖਿਆ ਕਿ ਹਿੰਦੁਸਤਾਨ ਵਿਚੋਂ ਭਰਤੀ ਕਰਕੇ ਲਿਜਾਣ ਨਾਲੋਂ ਇਥੋਂ ਇਕ ਜਹਾਜ਼ ਭਰ ਕੇ ਲਿਜਾਇਆ ਜਾਵੇ। ਬਸਤੀਆਂ ਦੇ ਲੰਡਨ ਵਾਲੇ ਦਫਤਰ ਨਾਲ ਗੱਲ ਕਰਕੇ ਇਹ ਟਾਪੂ ਹਾਂਡੂਰਸ ਮਿਥਿਆ ਸੀ। [21]

ਇਸ ਰਿਪੋਰਟ ਦੀ ਬੇਨਤੀ 'ਤੇ ਕੈਨੇਡੀਅਨ ਸਰਕਾਰ ਤੇ ਬਰਤਾਨਵੀ ਸਰਕਾਰ ਨੇ ਮਿਲ ਕੇ ਹਾਂਡੂਰਸ ਦੀ ਸਰਕਾਰ ਨਾਲ ਹਿੰਦੀਆਂ ਨੂੰ ਹਾਂਡੂਰਸ ਭੇਜਣ ਦਾ ਸੌਦਾ ਕਰ ਲਿਆ। ਸੌਦੇ ਮੁਤਾਬਿਕ ਪਹਿਲੇ ਇਕ ਸਾਲ ਦਾ ਠੇਕਾ ਤਹਿ ਹੋਇਆ ਇਕ ਸ਼ਲਿੰਗ (ਇਕ ਰੁਪਿਆ ਸਵਾ ਪੰਜ ਆਨੇ) ਦਿਹਾੜੀ ਤੇ ਰਾਸ਼ਨ ਮੁਫਤ। ਕੈਨੇਡਾ ਵਿਚ (ਪੰਜ ਰੁਪਏ) ਨਾਲੋਂ ਵੱਧ ਦਿਹਾੜੀ ਮਿਲਦੀ ਸੀ। ਲੰਡਨ ਦੀ ਸਰਕਾਰ ਦੇ ਜ਼ੋਰ ਲਾਉਣ ਉਤੇ ਵੀ ਹਾਂਡੂਰਸ ਦੀ ਸਰਕਾਰ ਇਹਨਾਂ ਹਿੰਦੀਆਂ ਵਾਸਤੇ ਗੁਲਾਮੀ ਦੀਆਂ ਸ਼ਰਤਾਂ ਨਰਮ ਕਰਨ ਲਈ ਤਿਆਰ ਨਹੀਂ ਸੀ ਹੋਈ। [22]

ਫੇਰ ਵੀ ਕੈਨੇਡਾ ਦੀ ਸਰਕਾਰ ਨੇ ਭਾਰਤੀਆਂ ਨੂੰ **ਹਾਂਡੂਰਸ ਭੇਜਣ ਲਈ** ਹਾਪਕਿੰਸਨ ਦੇ ਰਾਹੀਂ ਭਾਰਤੀ ਆਗੂਆਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਉਸ ਵੇਲੇ ਕੈਨੇਡਾ ਵਿਚ ਮੰਦਾ ਸੀ। **ਕੁਝ ਆਗੂ** ਗੱਲ ਕਰਨ ਲਈ ਰਾਜ਼ੀ ਹੋ ਗਏ। ਉਹ ਗੱਲ ਨਾ ਕਰਨ ਲਈ ਜ਼ਵਾਬ ਵੀ ਨਹੀਂ ਸੀ ਦੇ ਸਕਦੇ।

16 ਅਕਤੂਬਰ 1908 ਬੁੱਧਵਾਰ ਵਾਲੇ ਦਿਨ ਪਾਦਰੀ ਰਾਇਟ ਨੇ ਹਾਪਕਿੰਸਨ (ਜੋ ਕੱਲਕੱਤੇ ਪੁਲਸ ਇੰਨਸਪੈਕਟਰ ਸੀ ਤੇ ਤਾਰਕ ਨਾਥ ਨੂੰ ਗ੍ਰਿਫਤਾਰ ਕਰਨ ਦੇ ਵਾਰੰਟ ਲੈ ਕੇ ਆਇਆ ਸੀ ਤੇ ਪੰਜਾਬੀ ਹਿੰਦੀ ਜਾਣਦਾ ਸੀ।) ਨੂੰ ਨਾਲ ਲੈ ਕੇ ਇਕ ਗਿਰਜੇ ਵਿਚ ਭਾਰਤੀ ਆਗੂਆਂ ਨਾਲ ਕਾਨਫ਼ਰੰਸ ਕੀਤੀ। ਉਨ੍ਹਾਂ ਨੂੰ ਹਾਂਡੂਰਾਸ ਜਾਣ ਬਾਰੇ ਸਰਕਾਰੀ ਸਕੀਮ ਦੱਸੀ। ਭਾਰਤੀਆਂ ਵਲੋਂ ਉਸ ਕਾਨਫਰੰਸ ਵਿਚ ਭਾਈ ਭਾਗ ਸਿੰਘ ਭਿਖੀਵਿੰਡ, ਭਾਈ ਬਲਵੰਤ ਸਿੰਘ ਖੁਰਦ ਪੁਰ, ਗਰੰਥੀ ਭਾਈ ਪਿਆਰਾ ਸਿੰਘ ਲੰਗੇਰੀ, ਪੰਡਤ ਬਾਲ ਮੁਕੰਦ ਸਕਰੂਲੀ, ਭਾਈ ਸੂਬਾ ਸਿੰਘ, ਸ੍ਰੀ ਹਰਨਾਮ ਸਿੰਘ ਸਾਹਰੀ, ਸ੍ਰੀ ਮਹਿਰ ਸਿੰਘ, ਸ੍ਰੀ ਰਾਧਾ ਕ੍ਰਿਸ਼ਨ ਤੇ ਸ੍ਰੀ ਮੁਨਸ਼ੀ ਰਾਮ ਤੇ ਕੁਝ ਹੋਰ ਸ਼ਾਮਲ ਹੋਏ।

ਹਾਰਕਿਨ ਨੇ ਇਹ ਵੀ ਆਖਿਆ ਕਿ ਹਿੰਦੀ ਆਪਣੇ ਦੋ ਤਿੰਨ ਨੁਮਾਇੰਦੇ ਚੁਣ ਦੇਣ ਜੋ ਉਨਾਂ ਨਾਲ ਜਾ ਕੇ ਹਾਂਡੂਰਾਸ ਨੂੰ ਵੇਖ ਆਉਣ ਕਿ ਕਿੰਨੀ ਚੰਗੀ ਥਾਂ ਹੈ ਜੋ ਹਿੰਦੀਆਂ ਲਈ ਬਹਿਸ਼ਤ ਬਣ ਸਕਦੀ ਹੈ। ਹਿੰਦੀ ਆਗੂਆਂ ਨੇ ਆਖਿਆ ਇਹ ਸਭ ਕੁਝ ਗੁਰਦੁਆਰੇ ਸਾਰੀ ਸੰਗਤ ਨਾਲ ਸਲਾਹ ਕਰਕੇ ਹੋ ਸਕਦਾ ਹੈ। ਅਸੀਂ ਉਥੇ ਮੀਟਿੰਗ ਕਰਾਂਗੇ ਫੇਰ ਹੀ ਕੋਈ ਗੱਲ ਕਰ ਸਕਦੇ ਹਾਂ। ਤੁਸੀਂ ਐਤਵਾਰ ਨੂੰ ਪਤਾ ਕਰ ਲੈਣਾ।

20 ਅਕਤੂਬਰ 1908 ਨੂੰ ਗੁਰਦੁਆਰੇ (ਸੈਕਿੰਡ ਐਵੀਨਿਊ ਵੈਸਟ) ਵਿਖੇ ਭਾਰੀ ਇੱਕਠ ਹੋਇਆ ਸਾਰੇ ਹਿੰਦੂ ਸਿੱਖ ਤੇ ਮੁਸਲਮਾਨ ਪੁੱਜੇ ਸਨ। 16 ਅਕਤੂਬਰ ਵਾਲੀ ਮੀਟਿੰਗ ਦੀ ਸਾਰੀ ਕਾਰਵਾਈ ਸੰਗਤ ਨੂੰ ਦਸੀ ਗਈ। ਭਾਗ ਸਿੰਘ ਨੇ ਗੁਰਦੁਆਰਾ ਕਮੇਟੀ ਵਲੋਂ ਦੋ ਸੱਜਣਾਂ ਨੂੰ ਇਕ ਹਿੰਦੂ ਤੇ ਇਕ ਸਿੱਖ ਹਾਂਡੂਰਾਸ ਦੇ ਹਾਲਾਤ ਅੱਖੀਂ ਵੇਖਣ ਤੇ ਉਥੋਂ ਦਾ ਜਾਇਜ਼ਾ ਲੈਣ ਲਈ ਕਿ ਕੀ ਭਾਰਤੀਆਂ ਲਈ ਕੈਨੇਡਾ ਨਾਲੋਂ ਉਹ ਥਾਂ ਵਸੋਂ ਲਈ ਠੀਕ ਹੈ ਜਾਂ ਨਹੀਂ, ਭੇਜਣ ਦੀ ਤਜ਼ਵੀਜ਼ ਸੰਗਤਾਂ ਅਗੇ ਰੱਖੀ। ਉਹ ਸਾਰਿਆਂ ਨੇ ਮਨਜ਼ੂਰ ਕਰ ਲਈ। ਇਕ ਭਾਈ ਸਤਨਾਗਰ ਸਿੰਘ ਪਿੰਡ ਨੌਰੰਗਪੁਰ ਕੁਲਾਰ ਜ਼ਿਲ੍ਹਾ ਜਲੰਧਰ ਜੋ ਪੁਰਾਣੇ ਪਲਟਣੀ ਸਿਪਾਹੀ ਸਨ ਤੇ ਅੰਗਰੇਜ਼ੀ ਜਾਣਦੇ ਸਨ। (ਬਹੁਤੇ ਇਤਿਹਾਸ ਕਾਰ ਉਨ੍ਹਾਂ ਦਾ ਨਾਂ ਨਾਗਰ ਸਿੰਘ ਹੀ ਲਿਖਦੇ ਹਨ। ਖੁਸ਼ਵੰਤ ਸਿੰਘ ਨੇ ਸਤਨਾਗਰ ਸਿੰਘ ਲਿਖਿਆ ਹੈ) ਤੇ ਦੂਜੇ ਸੱਜਣ (ਸ਼ਾਮੀ) ਜਾਂ ਸ਼ਾਮ ਸਿੰਘ ਰਾਜਪੂਤ ਜੋ ਜਗਰਾਓਂ ਜ਼ਿਲ੍ਹਾ ਲੁਧਿਆਣਾ ਦੇ ਹਿੰਦੂ ਸਨ। ਉਹ ਵੀ ਅੰਗਰੇਜ਼ੀ ਜਾਣਦੇ ਸਨ। ਇਹ ਦੋਵੇਂ ਲੋਕਾਂ ਦੇ ਪਰਖੇ ਹੋਏ ਸਨ। ਇਹਨਾਂ ਦੋ ਸੱਜਣਾਂ ਨੂੰ ਦੀਵਾਨ ਵਲੋਂ ਹਾਪਕਿਨਸਨ ਤੇ ਮਿਸਟਰ ਹਾਰਕਿਨ ਨਾਲ ਹਾਂਡੂਰਾਸ ਜਾਣ ਤੇ ਆ ਕੇ ਦੀਵਾਨ ਨੂੰ ਰਿਪੋਰਟ ਕਰਨ ਦਾ ਮਤਾ ਪਾਸ ਹੋ ਗਿਆ। ਦੀਵਾਨ ਵਿਚ ਹਾਪਕਿਨਸਨ ਦੇਰ ਨਾਲ ਪੁੱਜਾ ਸੀ। ਭਾਈ ਭਾਗ ਸਿੰਘ ਨੇ ਦੀਵਾਨ ਦਾ ਫੈਸਲਾ ਉਸ ਨੂੰ ਦੱਸ ਦਿੱਤਾ।

25 ਅਕਤੂਬਰ ਨੂੰ ਮਿਸਟਰ ਹਾਰਕਿਨ ਤੇ ਹਾਪਕਿਨਸਨ, ਨਾਗਰ ਸਿੰਘ ਤੇ ਸ਼ਾਮ ਸਿੰਘ ਨੂੰ ਨਾਲ ਲੈ ਕੇ ਹਾਂਡੂਰਾਸ ਪੁੱਜ ਗਏ। ਉਥੇ ਤੇ ਵਾਪਸੀ ਵੇਲੇ ਹਾਪਕਿਨਸਨ ਨੇ ਇਨ੍ਹਾਂ ਨੂੰ ਪਿਆਰ ਨਾਲ, ਰੋਹਬ ਪਾ ਕੇ ਭੀ ਤੇ ਰਿਸ਼ਵਤ ਦੇਣ ਦੇ ਝਾਂਸੇ ਦੇ ਕੇ ਹਾਂਡੂਰਾਸ ਜਾਣ ਦੇ

Sri Satguru Jagjit Singh Ji eLibrary NamdhariElibrary@gmail.com

ਫੈਸਲੇ ਉਤੇ ਦਸਖਤ ਕਰਾਉਣ ਦੀ ਕੋਸ਼ਿਸ਼ ਕੀਤੀ। ਪਰ ਨਾਗਰ ਸਿੰਘ ਤੇ ਸ਼ਾਮ ਸਿੰਘ ਦੀਵਾਨ ਦੀ ਸਲਾਹ ਤੋਂ ਬਿਨਾਂ ਕੁਝ ਵੀ ਕਹਿਣ ਤੇ ਕਰਨ ਨੂੰ ਤਿਆਰ ਨਹੀਂ ਸਨ।

ਦੀਵਾਨ ਦੇ ਆਗੂਆਂ ਦਾ ਪਹਿਲੇ ਦਿਨ ਤੋਂ ਹੀ ਖਿਆਲ ਸੀ ਕਿ ਹਾਂਡੂਰਸ ਜਾਣਾ ਪੰਜਾਬੀਆਂ ਲਈ ਠੀਕ ਨਹੀਂ। ਉਨ੍ਹਾਂ ਨੂੰ ਤਾਰਕਨਾਥ ਨੇ ਸਲਾਹ ਦਿੱਤੀ ਸੀ ਕਿ ਕੈਨੇਡੀਅਨ ਸਰਕਾਰ ਦੇ ਹਾਂਡੂਰਾਸ ਭੇਜਣ ਦੇ ਵਿਛਾਏ ਜਾਲ ਵਿਚ ਨਾ ਫਸ ਜਾਣ ਕਿਉਂਕਿ ਇਹ ਕੈਨੇਡਾ, ਭਾਰਤ, ਇੰਗਲੈਂਡ ਤੇ ਹਾਂਡੂਰਾਸ ਦੀ ਅੰਗਰੇਜ਼ੀ ਸਰਕਾਰਾਂ ਦੀ ਮਿਲੀ ਭੁਗਤ ਹੈ। ਕੈਨੇਡਾ ਨੂੰ ਸਿਰਫ ਚਿੱਟਿਆਂ ਦਾ ਦੇਸ਼ ਬਣਾਈ ਰੱਖਣ ਦੀ ਚਾਲ ਹੈ। ਇਸ ਮਸਲੇ ਵਿਚ ਦੀਵਾਨ ਨੂੰ ਤੇਜਾ ਸਿੰਘ ਐਮ. ਏ. ਦੀ ਮਦਦ ਲੈਣੀ ਚਾਹੀਦੀ ਹੈ। ਉਹ ਪੜ੍ਹੇ ਲਿਖੇ ਸਿੱਖ ਹਨ ਜੋ ਨਿਊਯਾਰਕ ਪੜ੍ਹਨ ਆਏ ਹੋਏ ਸਨ। ਤਾਰਕ ਨਾਥ ਨੇ ਤੇਜਾ ਸਿੰਘ ਜੀ ਨੂੰ ਪ੍ਰੇਰਿਆ ਕਿ ਉਹ ਵੈਨਕੂਵਰ ਪੁੱਜ ਕੇ ਆਪਣੇ ਪੰਜਾਬੀ ਭਰਾਵਾਂ ਦੀ ਸਹਾਇਤਾ ਕਰਨ। ਸੋ ਤਾਰਕ ਨਾਥ ਦੀ ਪ੍ਰੇਰਨਾ ਤੇ ਭਾਗ ਸਿੰਘ ਤੇ ਬਲਵੰਤ ਸਿੰਘ ਖਾਲਸਾ ਦੀਵਾਨ ਦੀ ਬੇਨਤੀ ਤੇ 17 ਅਕਤੂਬਰ 1908 ਨੂੰ ਨਿਊਯਾਰਕ ਤੋਂ ਵੈਨਕੂਵਰ ਪੁੱਜ ਗਏ ਤੇ ਹਾਂਡੂਰਾਸ ਦੇ ਮਸਲੇ ਤੇ ਭਾਰਤੀਆਂ ਦੀ ਅਗਵਾਈ ਕੀਤੀ। ਉਸ ਦੇ ਨਾਲ ਹੀ ਤੇਜਾ ਸਿੰਘ ਤੇ ਤਾਰਕ ਨਾਥ ਦੀ ਸਲਾਹ ਨਾਲ 20 ਅਕਤੂਬਰ 1908 ਨੂੰ ਹੀ ਹਿੰਦ ਵਿਚ ਅੰਗਰੇਜ਼ੀ ਸਰਕਾਰ ਨੂੰ ਖਾਲਸਾ ਦੀਵਾਨ ਵਲੋਂ ਤਾਰ ਦਿੱਤੀ, ਜਿਸ ਵਿਚ ਹਾਂਡੂਰਾਸ ਭੇਜਣ ਦੇ ਖਿਲਾਫ ਸਖਤ ਰੋਸ ਪ੍ਰਗਟ ਕੀਤਾ। ਹਿੰਦ ਸਰਕਾਰ ਨੇ ਤਾਰ ਉੱਤੇ ਵਿਚਾਰ ਕੀਤੀ। ਭਾਰਤੀਆਂ ਦਾ ਗੁੱਸਾ ਵੱਧਣ ਤੋਂ ਰੋਕਣ ਲਈ ਭਾਰਤ ਸਰਕਾਰ ਨੇ ਇੰਡੀਆ ਆਫਸ ਲੰਡਨ ਨੂੰ ਤਾਰ ਦਿੱਤੀ ਕਿ ਸਾਡੀ ਮਨਜ਼ੂਰੀ ਤੋਂ ਬਿਨਾਂ ਹਿੰਦੀਆਂ ਨੂੰ ਹਾਂਡੂਰਾਸ ਨਾ ਭੇਜਿਆ ਜਾਏ।

7 ਨਵੰਬਰ ਨੂੰ ਇਹ ਡੈਲੀਗੇਸ਼ਨ ਵਾਪਸ ਆਇਆ। ਡੈਲੀਗੇਸ਼ਨ ਦੇ ਹਿੰਦੀ ਮੈਂਬਰਾਂ ਨੇ ਆ ਕੇ ਦੱਸਿਆ ਕਿ ਹਾਂਡੂਰਾਸ ਹਿੰਦੀਆਂ ਵਾਸਤੇ ਚੰਗਾ ਨਹੀਂ, ਉਥੇ ਮਲੇਰੀਆ, ਮੱਛਰ ਤੇ ਪੀਲੇ ਤਾਪ ਦਾ ਜ਼ੋਰ ਹੈ। ਗੁਲਾਮ ਮਜ਼ਦੂਰੀ ਕਰ ਰਹੇ ਦੱਖਣੀ ਹਿੰਦੀਆਂ ਦਾ ਬੁਰਾ ਹਾਲ ਹੈ। ਹਾਰਕਿਨ ਨੇ ਹਿੰਦੀ ਆਗੂਆਂ ਨੂੰ ਆਖਿਆ ਕਿ 'ਤੁਸੀਂ ਹਿੰਦੀਆਂ ਦਾ ਦੀਵਾਨ ਲਾਓ ਅਸੀਂ ਆਪ ਆ ਕੇ ਰਿਪੋਰਟ ਕਰਾਂਗੇ।'

22 ਨਵੰਬਰ 1908 ਨੂੰ ਗੁਰਦੁਆਰੇ ਉਪਰਲੀ ਛੱਤ 'ਤੇ ਦੀਵਾਨ ਸਜਿਆ। ਹਰ ਪਾਸੇ ਤੋਂ ਹਰ ਧਰਮ ਦੇ ਹਿੰਦੀ ਪੁੱਜੇ ਹੋਏ ਸਨ। ਨਾਗਰ ਸਿੰਘ ਤੇ ਸ਼ਾਮ ਸਿੰਘ ਨੇ ਵਿਸਥਾਰ ਨਾਲ ਹਾਂਡੂਰਾਸ ਦੀ ਹਾਲਤ ਬਾਰੇ ਦੱਸਿਆ ਕਿ ਉਹ ਥਾਂ ਸਾਡੇ ਲਈ ਮਾਆਫਕ ਨਹੀਂ। ਇਹ ਵੀ ਦੱਸਿਆ ਕਿ ਹਾਰਕਿਨ ਤੇ ਹਾਪਕਿਨਸਨ ਨੇ ਹਾਂਡੂਰਾਸ ਦੇ ਪਸੰਦ ਆ ਜਾਣੇ ਬਾਰੇ ਲਿਖੀ ਰਿਪੋਰਟ ਉਤੇ ਸਾਥੋਂ ਦਸਖਤ ਕਰਾਉਣ ਦਾ ਬੜਾ ਚਾਰਾ ਕੀਤਾ। ਸਾਨੂੰ ਵੱਢੀ ਵੀ ਪੇਸ਼ ਕੀਤੀ ਗਈ ਪਰ ਅਸੀਂ ਨਹੀਂ ਮੰਨੇ।

ਦੀਵਾਨ ਨੇ ਆਪਣੇ ਡੈਲੀਗੇਸ਼ਨ ਕੋਲੋਂ ਰਿਪੋਰਟ ਸੁਣਕੇ ਹਾਂਡੂਰਾਸ ਜਾਣ ਤੋਂ ਨਾਂਹ ਕਰ ਦਿੱਤੀ। ਹਾਰਕਿਨ, ਹਾਪਕਿਨਸਨ ਤੇ ਇਕ ਹੋਰ ਪਾਦਰੀ ਵੀ ਗੁਰਦੁਆਰੇ ਆਏ ਹੋਏ ਸਨ। ਉਹਨਾਂ ਹਿੰਦੀ ਲੀਡਰਾਂ ਨੂੰ ਗੱਲ ਕਰਨ ਵਾਸਤੇ ਹੇਠਾਂ (ਬੈਸਮੇਂਟ) 'ਚ ਸੱਦਿਆ। ਦੀਵਾਨ ਉਪਰਲੀ ਮੰਜ਼ਿਲ ਤੇ ਚਲ ਰਿਹਾ ਸੀ। ਪਰ ਸੰਗਤ ਨੇ ਉਹਨਾਂ (ਗੋਰਿਆਂ) ਨੂੰ ਉਪਰਲੀ ਛੱਤੇ ਦੀਵਾਨ ਵਿਚ ਆਉਣ ਲਈ ਆਖਿਆ। ਹਾਪਕਿਨਸਨ ਦੀ ਸਲਾਹ ਉਤੇ ਹਾਰਕਿਨ ਨੇ ਉੱਤੇ ਜਾਣਾ ਚੰਗਾ ਨਾ ਸਮਝਿਆ ਤੇ ਹੇਠੋਂ ਹੀ ਮੁੜ ਗਿਆ।

ਹਾਰਕਿਨ ਨੇ 23 ਨਵੰਬਰ ਨੂੰ ਘਰੇਗੀ ਮਹਿਕਮੇ ਦੇ ਡਿਪਟੀ ਵਜ਼ੀਰ ਨੂੰ ਤਾਰ ਦਿੱਤੀ ਕਿ 'ਹਿੰਦੀ ਡੈਲੀਗੇਸ਼ਨ ਨੇ ਸਾਡੇ ਹੱਕ ਵਿਚ ਰਿਪੋਰਟ ਨਹੀਂ ਦਿੱਤੀ।'[23]

ਹਿੰਦੀਆਂ ਨੂੰ ਹਾਂਡੂਰਾਸ ਭੇਜੇ ਜਾਣ ਦਾ ਸਵਾਲ ਉਦੋਂ ਹੀ ਲੰਡਨ ਵਿਚ ਵਿਚਾਰ ਲਿਆ ਗਿਆ ਸੀ ਜਦੋਂ ਮਿਸਟਰ ਮੈਕਨਜ਼ੀ ਕਿੰਗ ਲੰਡਨ ਛੁੱਟੀ ਉੱਤੇ ਗਏ ਹੋਏ ਸਨ। ਹਾਂਡੂਰਾਸ ਦੇ ਗਵਰਨਰ ਕਰਨਲ ਸਵੇਨ ਨਾਲ ਸਾਰੀ ਗੱਲ ਕਥ ਉਦੋਂ ਹੀ ਮੁਕਾ ਲਈ ਸੀ। ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ ਜਦ ਹਿੰਦੀਆਂ ਨੇ ਹਾਂਡੂਰਾਸ ਜਾਣਾ ਨਾ ਮੰਨਿਆਂ ਤਾਂ ਹਿੰਦੀਆਂ ਨੂੰ ਮਨਾਉਣ ਲਈ ਕਰਨਲ ਸਵੇਨ ਨੂੰ ਬ੍ਰਿਟਿਸ਼ ਕੁਲੰਬੀਆ ਭੇਜਿਆ ਗਿਆ। ਸਵੇਨ ਹਿੰਦੁਸਤਾਨੀ ਫੌਜ ਵਿਚ ਪੰਜਾਬ ਵਿਚ ਬੁਹਤ ਸਾਲ ਰਹਿ ਚੁੱਕਾ ਸੀ। ਉਹ ਹਿੰਦੀ ਤੇ ਪੰਜਾਬੀ ਬੋਲਣੀ ਜਾਣਦਾ ਸੀ। ਉਹ ਹਿੰਦੀਆਂ ਦੇ ਸਾਰਿਆਂ ਡੇਰਿਆਂ ਵਿਚ ਗਿਆ ਤੇ ਪੜਤਾਲ ਕਰਕੇ ਯਾਦ ਪੱਤਰ ਲੰਡਨ ਦੀ ਅੰਗਰੇਜ਼ੀ ਸਰਕਾਰ ਨੂੰ ਪੇਸ਼ ਕੀਤਾ।

"ਕੈਨਡੀਅਨ ਸਰਕਾਰ ਮੈਨੂੰ ਇਕ ਵੀ ਹਿੰਦੀ ਨਹੀਂ ਵਿਖਾ ਸਕੀ, ਜੋ ਬੇਕਾਰ ਹੋਵੇ। ਇਥੋਂ ਦੇ ਮਿੱਲਾਂ ਵਾਲੇ ਹਿੰਦੀਆਂ ਨੂੰ ਮਜ਼ਦੂਰੀ ਉਤੇ ਲਾ ਕੇ ਖੁਸ਼ ਹੁੰਦੇ ਹਨ। ਉਸ ਨੇ ਗੁਰਦੁਆਰੇ ਨੂੰ ਲੇਬਰ ਯੂਨੀਅਨ ਦੱਸਿਆ ਤੇ ਲਿਖਿਆ ਕਿ ਜੇ ਕੋਈ ਹਿੰਦੀ ਬੇਕਾਰ ਵੀ ਹੋਵੇ ਤਾਂ ਉਸ ਦੀ ਰੋਟੀ ਪਾਣੀ ਦਾ ਪ੍ਰਬੰਧ ਗੁਰਦੁਆਰਾ ਕਰਦਾ ਹੈ। ਸਰਕਾਰ ਉਤੇ ਬੋਝ ਨਹੀਂ ਪੈਂਦਾ। ਗੁਰਦੁਆਰਾ ਹਿੰਦੀਆਂ ਲਈ ਇਕ ਤਰ੍ਹਾਂ ਦਾ ਕੰਮ ਦਿਵਾਊ ਦਫਤਰ ਹੈ ਜਿਥੇ ਆ ਕੇ ਬੇਕਾਰ ਹਿੰਦੀ ਕੰਮ ਦਾ ਪਤਾ ਲੈ ਕੇ ਕੰਮ ਤੇ ਜਾ ਲੱਗਦੇ ਹਨ। ਪੰਜਾਬ ਵਿਚ ਵੈਨਕੂਵਰ ਨਾਲੋਂ ਜ਼ਿਆਦਾ ਠੰਡ ਹੁੰਦੀ ਹੈ। ਇਸ ਲਈ ਬੀ. ਸੀ. ਦੀ ਠੰਡ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ। ਇਹ ਬੇਕਾਰੀ ਤੇ ਪਾਲੇ ਮਰਨ ਦਾ ਰੌਲਾ ਨਿਰਮੂਲ ਹੈ। ਇਨ੍ਹਾਂ ਹਿੰਦੀਆਂ ਨੂੰ ਇਥੇ ਹੀ ਰਹਿਣ ਦਿਉ। ਦੇਸ਼ ਚਲੇ ਗਏ ਤਾਂ ਅੰਗਰੇਜ਼ੀ ਹਕੂਮਤ ਨੂੰ ਬਹੁਤ ਨੁਕਸਾਨ

Sri Satguru Jagjit Singh Ji eLibrary NamdhariElibrary@gmail.com

ਪੁਚਾਣਗੇ। ਗੋਰੇ ਲੋਕਾਂ ਵਿਚ ਇਹਨਾਂ ਦੇ ਖਿਲਾਫ ਘਿਰਨਾ ਨਹੀਂ ਹੈ। ਉਨ੍ਹਾਂ ਜ਼ਮੀਨਾਂ ਖਰੀਦ ਕੇ ਆਬਾਦ ਹੋਣ ਦੀਆਂ ਸਕੀਮਾਂ ਚਾਲੂ ਕੀਤੀਆਂ ਹਨ। ਬੇਸ਼ੱਕ ਗੋਰੇ ਮਜ਼ਦੂਰ ਈਰਖਾ ਕਰਦੇ ਹਨ ਪਰ ਇਹ ਈਰਖਾ ਹਿੰਦੁਸਤਾਨੀਆਂ ਵਿਚ ਇਮਪੀਰੀਅਲ (ਸਾਮਰਾਜੀ) ਸਰਕਾਰ ਵਾਸਤੇ ਬੜੀਆਂ ਮੁਸ਼ਕਲਾਂ ਪੇਸ਼ ਕਰ ਦੇਵੇਗੀ।' ਉਸ ਨੇ ਸਿਫਾਰਸ਼ ਕੀਤੀ ਕਿ ਅੱਗੇ ਨੂੰ ਹਿੰਦੀਆਂ ਦੇ ਕੈਨੇਡਾ ਆਉਣ ਨੂੰ ਬਹੁਤ ਹੱਦ ਤੱਕ ਘਟਾ ਦੇਣਾ ਚਾਹੀਦਾ ਹੈ। ਉਸ ਨੇ ਸਲਾਹ ਦਿੱਤੀ ਕਿ ਹਾਪਕਿਨਸਨ ਨੂੰ ਕੈਨੇਡਾ ਦੀ ਪੁਲਸ ਵਿਚ ਅਫਸਰ ਲਾ ਦੇਣਾ ਚਾਹੀਦਾ ਹੈ। ਉਹ ਵੈਨਕੂਵਰ ਰਹਿ ਕੇ ਕੰਮ ਕਰੇ।

ਬੇਸ਼ੱਕ ਹਾਰਕਿਨ ਨੂੰ 22 ਨਵੰਬਰ 1908 ਨੂੰ ਗੁਰਦੁਆਰੇ ਹੋਏ ਦੀਵਾਨ ਤੋਂ ਭਲੀਭਾਂਤ ਪਤਾ ਲੱਗ ਗਿਆ ਸੀ ਕਿ ਹਿੰਦੀ ਹਾਂਡੂਰਾਸ ਨੂੰ ਜਾਣ ਲਈ ਤਿਆਰ ਨਹੀਂ। ਇਸ ਬਾਰੇ ਤਾਰ ਰਾਹੀਂ ਹਾਰਕਿਨ ਨੇ ਘਰੋਗੀ ਮਹਿਕਮੇ ਦੇ ਡਿਪਟੀ ਵਜ਼ੀਰ ਨੂੰ ਇਤਲਾਹ ਵੀ ਦਿੱਤੀ ਸੀ। ਉਸ ਨੇ ਇਹ ਬਾਹਨਾ ਘੜ ਲਿਆ ਕਿ ਭਾਰਤੀਆਂ ਨੇ ਇੱਕਠ ਕਰਕੇ ਸੰਗਤ ਦਾ ਫੈਸਲਾ ਸਾਨੂੰ ਨਹੀਂ ਦੱਸਿਆ। ਨਾਲੇ ਚੋਰ ਤੇ ਨਾਲੇ ਚਤਰ ਦੀ ਕਹਾਵਤ ਮੁਤਾਬਕ ਮਿਸਟਰ ਹਾਪਕਿਨਸਨ ਅਤੇ ਹਾਰਕਿਨ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਨਾਂ ਨੋਟਿਸ ਭੇਜਿਆ ਕਿ ਤੁਸੀਂ ਆਪਣੇ ਇਕਰਾਰ ਮੁਤਾਬਕ ਹਿੰਦੁਸਤਾਨੀਆਂ ਦਾ ਇੱਕਠ ਕਰਕੇ ਫੈਸਲਾ ਕਰੋ ਕਿ ਤੁਹਾਡੀ ਹਾਂਡੂਰਾਸ ਜਾਣ ਬਾਰੇ ਕੀ ਸਲਾਹ ਹੈ। ਪ੍ਰੋ. ਤੇਜਾ ਸਿੰਘ ਜੀ ਨੇ ਕਮੇਟੀ ਵਲੋਂ ਅੰਗਰੇਜ਼ੀ ਚਿੱਠੀ ਦਾ ਉੱਤਰ ਭੇਜ ਦਿੱਤਾ। ਐਤਵਾਰ 6 ਦਸੰਬਰ 1908 ਨੂੰ ਕੈਨੇਡਾ ਨਿਵਾਸੀ ਸਿੱਖ, ਹਿੰਦੂ ਅਤੇ ਮੁਸਲਮਾਨ ਗੁਰਦੁਆਰੇ ਹੁੰਮ ਹੁਮਾ ਕੇ ਪੁੱਜ ਗਏ। ਦੀਵਾਨ ਸਜਾਇਆ ਗਿਆ। ਤੇਜਾ ਸਿੰਘ ਨੇ ਹਾਂਡੂਰਾਸ ਦੀ ਸਾਰੀ ਗੱਲ ਦੁਹਰਾਈ। ਹਾਰਕਿਨ, ਡਾਕਟਰ ਮੁਨਰੋ, ਦੋ ਪਾਦਰੀ ਤੇ ਤਿੰਨ ਦੋਭਾਸ਼ੀਏ ਲੈ ਕੇ ਗੁਰਦੁਆਰੇ ਆਇਆ। ਉਸ ਸਾਹਮਣੇ ਤੇਜਾ ਸਿੰਘ ਨੇ ਸਭ ਨੂੰ ਪੁੱਛਿਆ ਕਿ ਜਿਹੜੇ ਹਾਂਡੂਰਸ ਜਾਣਾ ਚਾਹੁੰਦੇ ਹਨ ਉਹ ਹੱਥ ਖੜ੍ਹੇ ਕਰ ਦੇਣ। ਕਿਸੇ ਨੇ ਵੀ ਹੱਥ ਖੜਾ ਨਹੀਂ ਕੀਤਾ। ਫੇਰ ਤੇਜਾ ਸਿੰਘ ਨੇ ਆਖਿਆ ਜਿਹੜੇ ਨਹੀਂ ਜਾਣਾ ਚਾਹੁੰਦੇ ਉਹ ਹੱਥ ਖੜ੍ਹੇ ਕਰਨ। ਸਾਰੀ ਸੰਗਤ ਨੇ ਦੋਵੇਂ ਹੱਥ ਖੜ੍ਹੇ ਕਰ ਦਿੱਤੇ।

ਹਾਰਕਿਨ ਨਿਮੋਝੂਣਾ ਹੋ ਕੇ ਚਲਾ ਗਿਆ। ਹਾਂਡੂਰਾਸ ਨੂੰ ਭੇਜਣ ਦਾ ਮਾਮਲਾ ਭਾਰਤੀਆਂ ਵਲੋਂ ਖਤਮ ਹੋ ਗਿਆ। ਲੇਬਰ ਯੂਨੀਅਨਾਂ ਦੇ ਲੀਡਰਾਂ ਦੇ ਚੁੱਕੇ ਚੁਕਾਏ ਸਰਕਾਰੀ ਅਫਸਰਾਂ ਤੀਜੀ ਵਾਰ ਸ਼ਹਿਰ ਵਿਚ ਮੀਟਿੰਗ ਕਰਕੇ ਗੁਰਦੁਆਰਾ ਕਮੇਟੀ ਨੂੰ ਸੱਦ ਕੇ ਪ੍ਰੇਰਨਾ ਚਾਹਿਆ ਕਿ ਕਿਸੇ ਤਰੀਕੇ ਇਹ ਲੋਕ ਉਥੇ ਜਾਣ ਲਈ ਰਜ਼ਾਮੰਦ ਹੋ ਜਾਣ। ਸ਼ਹਿਰ ਵਿਚ ਮੀਟਿੰਗ ਕਰਨ ਲਈ ਆਖਿਆ ਤੇ ਧਮਕੀ ਭੀ ਦਿੱਤੀ ਕਿ ਜੇ ਤੁਸੀਂ ਮੀਟਿੰਗ ਸ਼ਹਿਰ ਵਿਚ ਨਾ ਕਰੋਗੇ ਤਾਂ ਹਰਜਾਨੇ ਦਾ ਦਾਅਵਾ ਕੀਤਾ ਜਾਵੇਗਾ। ਦੂਜੇ ਦਿਨ ਇਕ ਨੋਟਿਸ ਰਜਿਸਟਰੀ ਕਰਕੇ ਸਪੈਸ਼ਲ ਡੀਲਿਵਰੀ ਰਾਹੀਂ ਭੇਜ ਦਿੱਤਾ। ਇਸ ਨੋਟਿਸ ਦਾ ਜੁਆਬ ਗੁਰਦੁਆਰਾ ਕਮੇਟੀ ਨੇ ਸੰਤ ਤੇਜਾ ਸਿੰਘ ਤੋਂ ਲਿਖਵਾ ਕੇ ਦਿੱਤਾ ਜਿਸ ਨਾਲ ਨਾਗਰ ਸਿੰਘ ਤੇ ਸ਼ਾਮ ਸਿੰਘ ਰਾਜਪੂਤ ਦੇ ਹਲਫੀਆਂ ਬਿਆਨ ਜਿਨ੍ਹਾਂ 'ਚ ਹਾਂਡੂਰਸ ਦਾ ਸਾਰਾ ਹਾਲ ਲਿਖਿਆ ਸੀ ਕਿ ਭਾਰਤੀਆਂ ਨੂੰ ਉਥੇ ਜਾਣਾ ਮਾਫਕ ਨਹੀਂ ਹੈ। ਨਾਲ ਹੀ ਉਨ੍ਹਾਂ ਨੇ ਹਲਫੀਆ ਬਿਆਨ ਵਿਚ ਦੱਸਿਆ ਕਿ ਹਾਪਕਿਨਸਨ ਨੇ ਉਨ੍ਹਾਂ ਨੂੰ 2 ਹਜ਼ਾਰ ਡਾਲਰ ਵੱਢੀ ਵਜੋਂ ਪੇਸ਼ ਕੀਤਾ ਕਿ ਤੁਸੀਂ ਲਿਖ ਦਿਓ ਕਿ ਹਾਂਡੂਰਸ ਸਾਨੂੰ ਪਸੰਦ ਹੈ, ਲਗਾਏ ਗਏ। ਗੁਰਦੁਆਰੇ ਵਿਚ ਦੋ ਵਾਰ ਜਿਹੜਾ ਮਤਾ ਪਾਸ ਹੋਇਆ ਸੀ ਕਿ ਕੋਈ ਭੀ ਭਾਰਤੀ ਹਾਂਡੂਰਸ ਨਹੀਂ ਜਾਣਾ ਚਾਹੁੰਦਾ ਭੀ ਭੇਜ ਦਿੱਤਾ ਤੇ ਇਹ ਵੀ ਲਿਖਿਆ ਕਿ ਜੇ ਅਜੇ ਵੀ ਸ਼ੱਕ ਹੈ ਤਾਂ ਹੋਰ ਕਾਨਫਰੰਸ ਸੱਦੀ ਜਾ ਸਕਦੀ ਹੈ। ਪਹਿਲੀ ਕਾਨਫਰੰਸ ਵਿਚ ਆਏ ਭਾਰਤੀਆਂ ਦਾ ਖਰਚਾ ਵੀ ਤੁਸੀਂ ਸਾਡੇ ਦੂਜੀ ਕਾਨਫਰੰਸ ਵਿਚ ਜੋ ਹਿੰਦੁਸਤਾਨੀ ਆਉਣਗੇ ਉਨ੍ਹਾਂ ਦਾ ਸਫਰ ਖਰਚ ਵੀ ਤੁਹਾਨੂੰ ਦੇਣਾ ਪਵੇਗਾ ਜੋ ਦੋ ਢਾਈ ਹਜ਼ਾਰ ਡਾਲਰ ਹੋਵੇਗਾ। ਪਹਿਲੀ ਕਾਨਫਰੰਸ (ਦੀਵਾਨ) ਵਿਚ ਨਾ ਬੈਠਣ ਦੀ ਤੁਸੀਂ ਭਾਰੀ ਭੁਲ ਕੀਤੀ ਹੈ। ਇਸ ਚਿੱਠੀ ਦੀਆਂ ਨਕਲਾਂ ਕੈਨੇਡਾ ਦੇ ਗਵਰਨਰ ਅਤੇ ਹੋਰ ਸਬੰਧੀ ਅਫਸਰਾਂ ਨੂੰ ਭੇਜ ਦਿੱਤੀਆਂ। ਹਾਪਕਿਨਸਨ ਨੇ ਮੁੱਕਦਮਾ ਤਾਂ ਕੀ ਕਰਨਾ ਸੀ ਉਸ ਵਲੋਂ ਹਿੰਦੁਸਤਾਨੀਆਂ ਦੇ ਡੈਲੀਗੇਸ਼ਨ ਨੂੰ ਵੱਢੀ ਦੇਣ ਵਾਲੀ ਗੱਲ ਦੀ ਬਦਨਾਮੀ ਉਸ ਲਈ ਨਾਖੁਸ਼ੀ ਦਾ ਕਾਰਨ ਬਣੀ।

ਉਪਰ ਲਿਖੇ ਸਾਰੇ ਹਾਲਾਤ ਉਤੇ ਲੰਡਨ, ਕੱਲਕਤਾ, ਹਾਂਡੂਰਾਸ ਤੇ ਕੈਨੇਡਾ ਦੀਆਂ ਸਰਕਾਰਾਂ ਨੇ ਮੁੜ ਵਿਚਾਰ ਕੀਤੀ। 10 ਦਸੰਬਰ 1908 ਨੂੰ ਕੈਨੇਡਾ ਦੀ ਸਰਕਾਰ ਨੇ ਹਿੰਦ ਸਰਕਾਰ ਦੇ ਲਿਖਣ ਉੱਤੇ ਪਾਸ ਕਰ ਦਿੱਤਾ ਕਿ ਹਿੰਦੀਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ (ਹਾਂਡੂਰਾਸ ਭੇਜਣ) ਦੇਣ ਦਾ ਕੋਈ ਵਿਚਾਰ ਨਹੀਂ ਹੈ। [24]

ਦੂਜੇ ਪਾਸੇ ਭਾਰਤੀਆਂ ਦੇ ਇਥੇ ਆਉਣ ਨੂੰ ਬੰਦ ਕਰਨ ਲਈ ਕਰੜੇ ਕਾਨੂੰਨ ਬਣਾ ਦਿੱਤੇ। ਜਿਨ੍ਹਾਂ ਦਾ ਇਤਿਹਾਸ ਪਹਿਲਾਂ ਲਿਖਿਆ ਹੈ।

ਭਾਰਤੀਆਂ ਨੂੰ ਅਗੰਰੇਜ਼ ਦੀ ਬਦਨੀਤੀ ਦਾ ਪਤਾ ਲੱਗ ਗਿਆ। ਨਾਲੇ ਉਨ੍ਹਾਂ ਦਾ ਵਿਸ਼ਵਾਸ਼ ਪੱਕਾ ਹੋ ਗਿਆ ਕਿ ਹੁਣ ਅੰਗਰੇਜ਼ ਦੇ ਖਿਲਾਫ, ਸਿੱਖ ਹਿੰਦੂ ਤੇ ਮੁਸਲਮਾਨ ਆਪਣੇ ਇੱਕਠ ਦੇ ਬਲਬੂਤੇ ਉੱਤੇ ਖਾਲਸਾ ਦੀਵਾਨ ਦੀ ਅਗਵਾਈ ਥੱਲੇ ਭਾਰਤ ਵਿਚ ਵੀ ਆਜ਼ਾਦੀ ਦੀ ਲੜਾਈ ਲੜ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਹਵਾਲਾ ਤੇ ਟਿੱਪਣੀਆਂ:

1. Muthana, I.M., People of India in North Amercia (part 1) 1975, p. 56
2. ਦੇਸ਼ ਭਗਤ ਯਾਦਗਰ ਕਮੇਟੀ, 'ਗਦਰ ਪਾਰਟੀ ਦਾ ਇਤਿਹਾਸ' 1969 ਸਫਾ 47
3. ਮਹਿੰਦਰ ਸਿੰਘ ਢਿਲੋਂ , 'ਕੈਨੇਡਾ ਵਿਚ ਸਿੱਖ' ਸਫਾ 80
4. ਪੰਜਾਬੀ ਟ੍ਰਿਬਿਊਨ ਵੈਨਕੂਵਰ, "ਭਾਈ ਕਰਤਾਰ ਸਿੰਘ ਨਵਾਂ ਚੰਦ ਦਾ ਬਿਆਨ" ਦਸੰਬਰ 14 ਤੋਂ 20, 1995 ਸਫਾ 33
5. ਮਹਿੰਦਰ ਸਿੰਘ ਢਿਲੋਂ , 'ਕੈਨੇਡਾ ਵਿਚ ਸਿੱਖ' ਸਫਾ 88-89
6. ਉਤ ਲਿਖਤ.
7. Muthana, I.M., People of India in North Amercia (part 1) 1975, p. 49
8. The Proceedings of B.C. Legislature March26, 1907
9. ਉਤ ਲਿਖਤ ਸਫਾ 51
10. The Daily Province, 20th Dec 1907
11. The Daily Province, Oct, 19 and Nov 27, 1907
12. 'Hindustan'- the Ghadar party, bulletin & the Province Nov. 1907
13. The Vancouver Sun Oct 19, 1906
14. Khushwant Singh and Satindra Singh,Ghadar, India's First Armed Revolution, 1915 page.4
15. 1911 ਤੱਕ ਅੰਗਰੇਜ਼ ਨੇ ਕਲਕੱਤੇ ਨੂੰ ਆਪਣੀ ਰਾਜਧਾਨੀ ਬਣਾਈ ਰੱਖਿਆ ਜੋ 1911 ਵਿਚ ਕਲੱਕਤੇ ਤੋਂ ਬਦਲ ਕੇ ਦਿੱਲੀ ਆ ਗਈ।
16. In 1907 Mr. McKenzie King heads the Royal Commission appointed to enquire into methods by which Oriental Labour had been inducted to migrate to Canada.
17. Letter, March 1, 1909 Kushwant Singh,page 8.
18. House of Commons debate, 1914 No 1233. page 9.
19. Kushwant Singh,page 9.
20. Census figure for 1911 was 2, 342 Hindu ਜਿਹੜੇ 27 ਤੋਂ ਬਿਨਾਂ ਸਾਰੇ ਬੀ. ਸੀ. ਵਿਚ ਸਨ।
21. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, ਸਫਾ, 50.
22. ਉਪ ਲਿਖਤ, ਸਹਿੰਸਰਾ ਸਫਾ 51
23. ਉਪ ਲਿਖਤ, ਸਹਿੰਸਰਾ ਸਫਾ 52
24. ਉਪ ਲਿਖਤ ਸਫਾ, 52

**

Sri Satguru Jagjit Singh Ji eLibrary NamdhariElibrary@gmail.com

ਸੰਘਰਸ਼ ਦੇ ਰਾਹ 'ਤੇ

ਸਰਕਾਰੀ ਅੰਕੜਿਆਂ ਦੇ ਮੁਤਾਬਿਕ 1908 ਦੇ ਸ਼ੁਰੂ ਵਿਚ ਭਾਰਤੀ ਪੰਜਾਬੀ ਸਿੱਖਾਂ ਦੀ ਆਬਾਦੀ ਕੈਨੇਡਾ ਵਿਚ (ਜੋ ਬੀ. ਸੀ. ਵਿਚ ਹੀ ਸੀ) 5179 ਸੀ।[1]

ਟੇਬਲ ਨੰਬਰ 1

ਕੈਨੇਡਾ ਦੇ ਵਿੱਤੀ ਸਾਲ 1904 ਤੋਂ 1907 ਤੱਕ

1904–5	45
1905–6	387
1906–7	2124
1907–8	2623
ਕੁਲ ਜੋੜ	5179

ਕੁਝ ਲੋਕ ਪਹਿਲਾਂ ਅਮਰੀਕਾ ਦੀਆਂ ਬੰਦਰਗਾਹਾਂ 'ਤੇ ਆਉਂਦੇ ਤੇ ਫੇਰ ਕੈਨੇਡਾ ਪੁੱਜ ਜਾਂਦੇ ਸਨ ਜੋ ਸਰਕਾਰੀ ਅੰਕੜਿਆਂ ਵਿਚ ਸ਼ੁਮਾਰ ਨਹੀਂ ਸਨ ਹੁੰਦੇ। ਇਸ ਕਰਕੇ ਹੋ ਸਕਦਾ ਹੈ ਆਬਾਦੀ ਉਸ ਵੇਲੇ ਛੇ ਸੱਤ ਹਜ਼ਾਰ ਦੇ ਕਰੀਬ ਹੋਵੇ।

ਇਥੇ ਪੁੱਜੇ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲੀ ਮੁਸ਼ਕਲ ਢਿੱਡ ਭਰ ਕੇ ਖਾਣ ਦੀ, ਜੋ ਦੇਸ਼ ਤੋਂ ਵੱਖਰਾ ਸੀ, ਤੇ ਦੂਜੀ ਸਿਰ ਢੱਕਣ ਦੀ ਭਾਵ ਮਕਾਨ ਦੀ ਸੀ। ਬਹੁਤੇ ਲੋਕ ਬੰਕ ਹਾਊਸ ਵਿਚ ਰਹਿੰਦੇ। ਪਹਿਲਾਂ ਪਹਿਲ ਘੋੜਿਆਂ ਦਿਆਂ ਬਾਰਨਾਂ ਵਿਚ ਭੀ ਗੁਜ਼ਾਰੇ ਕੀਤੇ। ਇਥੋਂ ਤੱਕ ਵੀ ਕਿ ਕਿਸੇ ਦਰਖਤ ਥੱਲੇ ਸਾਰੀ ਰਾਤ ਅੱਗ ਬਾਲ ਕੇ (ਸਖਤ ਠੰਡ ਤੋ ਬੱਚਣ ਲਈ) ਰਾਤਾਂ ਕੱਟੀਆਂ। ਤੀਜੀ ਮੁਸ਼ਕਲ ਸੀ ਕੰਮ ਲੱਭਣ ਦੀ (ਬੋਲੀ ਨਹੀਂ ਆਉਂਦੀ ਸੀ)। ਜਦ ਕੰਮ ਮਿਲ ਜਾਂਦਾ ਤਾਂ ਸਖਤ ਮਿਹਨਤ ਕਰਨੀ ਪੈਂਦੀ । ਉਹ ਕੰਮ ਕਾਇਮ ਰੱਖਣ ਦੀ ਮੁਸ਼ਕਿਲ ਹੁੰਦੀ ਸੀ। ਕੰਮ ਮਿਲਣ ਤੋਂ ਪਹਿਲਾਂ ਵੀ ਤੇ ਬਾਅਦ ਵੀ ਨਸਲੀ ਵਿਤਕਰਾ ਸ਼ੁਰੂ ਹੋ ਜਾਂਦਾ। ਉਸਦਾ ਮੁਕਾਬਲਾ ਬੜੇ ਹੌਂਸਲੇ ਨਾਲ ਕੀਤਾ ਜਾਂਦਾ। ਇਹ ਔਕੜਾਂ ਹਰ ਭਾਰਤੀ ਪੰਜਾਬੀ ਸਿੱਖ ਲਈ ਸਨ। ਇਨ੍ਹਾਂ ਦਾ ਮੁਕਾਬਲਾ ਕਲ ਦੁਕੱਲਾ ਨਹੀਂ ਸੀ ਕਰ ਸਕਦਾ। ਨਾ ਹੀ ਦਸ ਵੀਹ ਜਾਂ ਸੌ ਦੋ ਸੌ ਬੰਦਾ ਕਰ ਸਕਦਾ ਸੀ। ਇਸ ਲਈ ਸਾਂਝੀ ਜਥੇਬੰਦੀ ਦੀ ਲੋੜ ਸੀ। ਅਰਜਨ ਸਿੰਘ ਮਲਕ ਦੀਆਂ ਕੋਸ਼ਿਸ਼ਾਂ ਸਦਕਾ 22 ਜੁਲਾਈ 1906 ਨੂੰ ਖਾਲਸਾ ਦੀਵਾਨ ਨਾਂ ਦੀ ਜਥੇਬੰਦੀ ਨੇ ਜਨਮ ਲਿਆ। ਇਸ ਜਥੇਬੰਦੀ ਨੇ ਪਹਿਲਾ ਕੰਮ ਉੱਤਰੀ ਅਮਰੀਕਾ ਵਿਚ ਗੁਰਦੁਆਰਾ ਉਸਾਰਨ ਦਾ ਕੀਤਾ ਜੋ 1866 ਡਬਲਿਊ-2 ਐਵਨਿਊ ਵੈਨਕੂਵਰ ਵਿਚ 19 ਜਨਵਰੀ1908 ਨੂੰ ਮੁਕੰਮਲ ਹੋਇਆ। ਇਥੇ ਭਾਰਤੀਆਂ (ਮੁਸਲਮ, ਹਿੰਦੂ ਤੇ ਸਿੱਖ) ਨੂੰ ਆਉਂਦੀ ਹਰ ਔਕੜ 'ਤੇ ਵਿਚਾਰ ਹੋਣ ਲੱਗੀ। ਭਾਵ ਭਾਰਤੀਆਂ ਦੇ ਆਰਥਿਕ, ਸਮਾਜਿਕ, ਰਾਜਸੀ ਤੇ ਧਾਰਮਿਕ ਜੀਵਨ ਨਾਲ ਸਬੰਧਿਤ ਮੁਸ਼ਕਲਾਂ ਨੂੰ ਹੱਲ ਕਰਨ ਦੇ ਉਪਰਾਲੇ ਹੋਣ ਲੱਗੇ ਜਿਹੜੇ ਇਤਿਹਾਸਕ ਹੋ ਨਿਬੜੇ।

ਪਹਿਲਾ ਘੋਲ ਇਥੇ ਟਿਕੇ ਰਹਿਣ ਲਈ ਸੀ। ਗੋਰੇ ਮਜ਼ਦੂਰ, ਆਪਣੇ ਕੰਮ ਦੀ ਖਾਤਿਰ, ਨਸਲਵਾਦੀ, ਈਰਖਾ ਵਸ ਹੋ ਕੇ ਤੇ ਸਰਕਾਰ ਆਪਣੇ ਬਸਤੀਵਾਦੀ ਹਿੱਤਾਂ ਦੀ ਖਾਤਰ ਕੈਨੇਡਾ ਨੂੰ ਸਿਰਫ ਚਿਟਿਆਂ ਲਈ ਮੁਲਕ (ਦੇਸ਼) ਰੱਖਣਾ ਚਾਹੁੰਦੇ ਸਨ। ਇਸ ਗਲ ਨੂੰ ਅਮਲੀ ਜਾਮਾ ਦੇਣ ਲਈ ਸਭ ਨੇ ਰਲ ਕੇ ਸਾਰੇ ਭਾਰਤੀਆਂ ਨੂੰ ਹਾਂਡੂਰਸ ਭੇਜ ਕੇ ਇਨ੍ਹਾਂ ਤੋਂ ਖਲਾਸੀ ਪਾਉਣ ਦੀ ਸਕੀਮ ਬਣਾਈ। ਭਾਰਤੀਆਂ ਦੀ ਜਥੇਬੰਦੀ ਖਾਲਸਾ ਦੀਵਾਨ ਨੇ ਸੰਤ ਤੇਜਾ ਸਿੰਘ ਤੇ ਤਾਰਕਨਾਥ ਦੀ ਸੂਝਵਾਨ ਅਗਵਾਈ ਥੱਲੇ ਸਰਕਾਰ ਦੀ ਇਹ ਸਕੀਮ ਫੇਲ ਕਰ ਦਿੱਤੀ। 10 ਦਸੰਬਰ 1908 ਨੂੰ ਕੈਨੇਡਾ ਦੀ ਸਰਕਾਰ ਨੇ ਪਾਸ ਕਰ ਦਿੱਤਾ ਕਿ ਹਿੰਦੂਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦੇਣ ਦਾ ਕੋਈ ਵਿਚਾਰ ਨਹੀਂ। ਭਾਰਤੀਆਂ ਦੇ ਹੌਂਸਲੇ ਬੁਲੰਦ ਹੋ ਗਏ। ਹੋਰ ਘੋਲ ਕਰਨ ਲਈ ਤਿਆਰ ਹੋ ਗਏ। ਦੂਜੇ ਪਾਸੇ ਕੈਨੇਡਾ ਦੀ ਸਰਕਾਰ ਨੇ ਇਮੀਗਰੇਸ਼ਨ ਬੰਦ ਕਰਨ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ।


ਉਨ੍ਹਾਂ ਦਿਨਾਂ ਵਿਚ ਭਾਰਤ ਦੀ ਕਿਸੇ ਬੰਦਰਗਾਹ ਤੋਂ ਕੋਈ ਸਮੁੰਦਰੀ ਜਹਾਜ਼ ਮੁਸਾਫਰਾਂ ਦੀ ਢੋਅ-ਢੋਆਈ ਲਈ ਉਥੋਂ ਚਲਕੇ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ। 18 ਜਨਵਰੀ 1908 ਨੂੰ ਇਕ ਆਰਡਰ ਇਨ ਕੌਂਸਲ ਪਾਸ ਕੀਤਾ ਜਿਸ ਦਾ ਭਾਵ ਸੀ, ਕੈਨੇਡਾ ਆਉਣ ਵਾਲੇ ਸਾਰੇ ਲੋਕ ਆਪਣੀ ਜਨਮ ਭੂਮੀ ਤੋਂ ਸਿੱਧੇ ਟਿਕਟ ਲੈ ਕੇ ਤੇ ਉਥੋਂ ਹੀ ਸਵਾਰ ਹੋ ਕੇ ਕੈਨੇਡਾ ਨੂੰ ਆਉਣ ਵਾਲੇ ਜਹਾਜ਼ ਵਿਚ ਆ ਸਕਦੇ ਹਨ। ਉਸ ਹੁਕਮ ਦਾ ਸਪਸ਼ਟ ਅਰਥ ਸੀ ਕਿ ਹੁਣ ਸਿੱਖ ਭਾਰਤ ਤੋਂ ਆ ਨਹੀਂ ਸਕਣ ਗੇ। ਕਿਉਂਕਿ ਜੋ ਭੀ ਭਾਰਤੀ ਆਏ ਉਨ੍ਹਾਂ ਵਿਚੋਂ 95%ਸਿੱਖ ਸਨ ਜਿਨ੍ਹਾਂ ਵਿਚੋਂ 80% ਫੌਜੀ ਸਨ।

Sri Satguru Jagjit Singh Ji eLibrary NamdhariElibrary@gmail.com



ਸੰਤ ਤੇਜਾ ਸਿੰਘ

ਜਿਨ੍ਹਾਂ ਨੇ ਪੰਜਾਬੀਆਂ ਨੂੰ ਕੈਨੇਡਾ ਚੋਂ ਕੱਢ ਕੇ ਹਾਂਡੂਰਸ ਭੇਜਣ ਦੀ ਅੰਗਰੇਜ਼ੀ ਹਕੂਮਤ ਦੀ ਚਾਲ ਨੂੰ ਨਾਕਾਮ ਬਣਾਉਣ ਚ ਵਿਸ਼ੇਸ਼ ਰੋਲ ਅਦਾ ਕੀਤਾ।



ਤਾਰਕ ਨਾਥ ਦਾਸ

ਮਹਾਨ ਕ੍ਰਾਂਤੀਕਾਰੀ ਜਿਨ੍ਹਾਂ ਨੂੰ ਕੈਨੇਡਾ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਸਾਨਫਰਾਂਸਿਸਕੋ ਕੇਸ ਵਿਚ ਕੈਦ ਕੀਤਾ ਗਿਆ।

Sri Satguru Jagjit Singh Ji eLibrary NamdhariElibrary@gmail.com

ਇਸ ਆਰਡਰ ਦੇ ਜਾਰੀ ਹੋਣ ਨਾਲ ਕੈਨੇਡਾ ਦੀ ਫੈਡਰਲ ਸਰਕਾਰ ਦੀ ਤਸੱਲੀ ਨਾ ਹੋਈ। ਉਨ੍ਹਾਂ ਨੂੰ ਭਾਰਤੀ ਲੋਕਾਂ, ਖਾਸ ਕਰ ਸਿੱਖਾਂ ਦੀ ਆਰਥਿਕ ਹਾਲਤ ਦਾ ਪਤਾ ਸੀ ਕਿ ਕਿਸ ਤਰ੍ਹਾਂ ਇਹ ਲੋਕ 250-300 ਰੁਪਏ ਕਰਾਏ ਦਾ ਪ੍ਰਬੰਧ ਕਰਕੇ ਚੱਲਦੇ ਹਨ। ਕਈ ਤਾਂ ਆਪਣੀ ਰਹਿੰਦੀ ਖਹੁੰਦੀ ਜ਼ਮੀਨ ਦਾ ਟੁਕੜਾ ਸ਼ਾਹੂਕਾਰ ਕੋਲ ਗਹਿਣੇ ਰੱਖ ਕੇ ਕਰਾਏ ਜੋਗੇ ਪੈਸੇ ਲੈ ਕੇ ਆਏ ਸੀ। ਹੋਰਨਾਂ ਦੇ ਆਉਣ ਵਿਚ ਇਕ ਵੱਡੀ ਭਾਰੀ ਔਕੜ ਖੜ੍ਹੀ ਕਰਨ ਲਈ ਦੂਸਰਾ ਹੁਕਮ ਆਰਡਰ-ਇਨ-ਕੌਂਸਲ ਛੇ ਮਹੀਨੇ ਮਗਰੋਂ 3 ਜੂਨ 1908 ਨੂੰ ਜਾਰੀ ਕਰ ਦਿੱਤਾ ਜਿਸ ਦਾ ਭਾਵ ਇਹ ਸੀ ਕਿ ਹਰ ਨਵੇਂ ਆਉਣ ਵਾਲੇ ਕੋਲ 200 ਡਾਲਰ (ਲਗਭਗ 600 ਰੁਪਏ) ਨਕਦ ਹੋਰ ਹੋਵੇ। ਉਪਰੋਕਤ ਦੋਵੇਂ ਹੁਕਮਾਂ ਦੇ ਜਾਰੀ ਹੋਣ ਨਾਲ ਸਿੱਖਾਂ ਦਾ ਕੈਨੇਡਾ ਵਿਚ ਆਉਣਾ ਲਗਪਗ ਬੰਦ ਹੀ ਹੋ ਗਿਆ।

ਟੇਬਲ ਨੰਬਰ 2

ਹਿੰਦੁਸਤਾਨੀਆਂ ਦੀ ਕੈਨੇਡਾ ਵਿਚ ਇਮੀਗਰੇਸ਼ਨ

ਵਿੱਤੀ ਸਾਲ	ਗਿਣਤੀ
1909	6
1910	10
1911	5
1912	3
1913	5
1914	88
1915	0
1916	1
1907	0
1918	0
1919	0
1920	0
ਕੁਲ ਜੋੜ	118

ਭਾਵ ਅਗਲੇ ਸਾਲਾਂ ਵਿਚ ਸਿਰਫ 188 ਭਾਰਤੀ ਕੈਨੇਡਾ ਪੁੱਜ ਸਕੇ। [2]

ਟੇਬਲ ਨੰਬਰ 3

ਕੈਨੇਡਾ ਇਮੀਗਰੇਸ਼ਨ ਵਿਭਾਗ ਵਲੋਂ ਵਾਪਸ ਕੀਤੇ ਹਿੰਦੁਸਤਾਨੀਆਂ ਦੀ ਗਿਣਤੀ ਇਸ ਪ੍ਰਕਾਰ ਸੀ

ਸਾਲ	ਗਿਣਤੀ
1906	18
1907	120
1908	218
1909	4
1910	6
1911	0
1912	2
1913	8
1914	14
ਕੁਲ ਜੋੜ	390

Sri Satguru Jagjit Singh Ji eLibrary NamdhariElibrary@gmail.com

ਭਾਵ 9 ਸਾਲਾਂ ਵਿਚ 390 ਬੰਦਿਆਂ ਨੂੰ ਕੈਨੇਡਾ ਦੀਆਂ ਬੰਦਰਗਾਹਾਂ ਉਤੋਂ ਹੀ ਵਾਪਸ ਕੀਤਾ ਗਿਆ।[3]

ਇਨ੍ਹਾਂ ਸਾਲਾਂ ਵਿਚ ਹੀ ਕੁਝ ਬੰਦਿਆਂ ਨੂੰ ਜੋ ਕੈਨੇਡਾ ਵਿਚ ਦਾਖਲ ਹੋ ਗਏ ਸਨ ਵਾਪਸ ਕੀਤਾ ਗਿਆ ਭਾਵ, ਦੇਸ਼ ਨਿਕਾਲਾ ਦੇ ਦਿੱਤਾ।[4]

ਟੇਬਲ ਨੰਬਰ 4

ਕੈਨੇਡਾ ਤੋਂ ਵਾਪਸ ਕੀਤੇ ਗਏ ਹਿੰਦੁਸਤਾਨੀ

ਸਾਲ	ਗਿਣਤੀ
1908–9	24
1909–10	1
1911–11	1
1911–12	2
1912–13	1
1913–14	0
ਕੁਲ ਜੋੜ	29

ਸਰਕਾਰ ਦੀ ਗੁਪਤ ਰਿਪੋਰਟ ਦੇ ਮੁਤਾਬਿਕ ਭਾਰਤੀਆਂ ਨੂੰ ਕੈਨੇਡਾ ਵਿਚ ਨਾ ਦਾਖਲ ਹੋਣ ਦੇ ਵਰਤੇ ਤਰੀਕੇ ਦਾ ਤੀਰ ਟਿਕਾਣੇ ਲੱਗਾ। 1908 ਵਿਚ 2623 ਭਾਰਤੀ ਕੈਨੇਡਾ ਦਾਖਲ ਹੋਏ ਪਰ 1909 ਵਿਚ ਆਉਣ ਵਾਲਿਆਂ ਦੀ ਗਿਣਤੀ ਘੱਟ ਕੇ 6 ਰਹਿ ਗਈ।[5]

ਦੂਜੇ ਪਾਸੇ ਪਹਿਲੇ ਆਏ ਭਾਰਤੀਆਂ ਚੋਂ ਨਸਲੀ ਵਿਤਕਰੇ, ਕਾਨੂੰਨ ਦੀਆਂ ਸਖਤੀਆਂ, ਆਰਥਿਕ ਮੰਦਵਾੜਾ ਅਤੇ ਦੇਸ਼ ਵਿਚ ਪਰਿਵਾਰ ਦੇ ਰੁਲਣ (ਪਹਿਲੇ ਇਕੱਲੇ ਮਰਦ ਹੀ ਆਏ ਸਨ) ਕਰਕੇ ਲਗਭਗ ਅੱਧੇ ਆਪਣੇ ਦੇਸ਼ ਵਾਪਸ ਚਲੇ ਗਏ। ਕੁਝ ਅਮਰੀਕਾ ਜਾ ਵੜੇ। 1911 ਵਿਚ ਕੈਨੇਡਾ ਅੰਦਰ ਸਿਰਫ 2342 ਭਾਰਤੀ ਰਹਿ ਗਏ ਸਨ।

ਗੁਰੂ ਘਰ ਬਣਨ ਕਰਕੇ ਭਾਰਤੀਆਂ ਲਈ ਇਕੱਠੇ ਬੈਠ ਕੇ ਦੁੱਖ ਸੁਖ ਫਰੋਲਣ ਤੇ ਮਸਲਿਆਂ ਉਤੇ ਵਿਚਾਰ ਕਰਨ ਲਈ ਕੇਂਦਰ ਸਥਾਪਤ ਹੋ ਗਿਆ ਸੀ। ਇਸ ਨਵੇਂ ਸੰਗਰਾਮੀ ਜੀਵਨ ਨੇ ਉਨ੍ਹਾਂ ਵਿਚ ਲੀਡਰ ਭੀ ਪੈਂਦਾ ਕਰ ਦਿੱਤੇ ਸਨ। ਉਨ੍ਹਾਂ ਲੀਡਰਾਂ ਨੇ ਸਰਕਾਰ ਵਲੋਂ ਖੜ੍ਹੀਆਂ ਕੀਤੀਆਂ ਰੁਕਾਵਟਾਂ ਨੂੰ ਲੋਕਾਂ ਵਿਚ ਪ੍ਰਚਾਰਨ ਲਈ ਜਲਸੇ ਕਰਨੇ ਸ਼ੁਰੂ ਕੀਤੇ ਤਾਂਕਿ ਜਨਤਕ ਅਧਾਰ ਬਣ ਸਕੇ। ਅਜਿਹਾ ਇਕ ਜਲਸਾ 24 ਅਪ੍ਰੈਲ 1910 ਨੂੰ ਸ੍ਰੀ ਹਸਨ ਰਹੀਮ ਦੀ ਪ੍ਰਧਾਨਗੀ ਹੇਠ ਸਵਦੇਸ਼ ਸੇਵਕ ਹਾਲ ਵਿਚ ਹੋਇਆ। ਸ੍ਰੀ ਗੁਰੂ ਦੱਤ ਕੁਮਾਰ, ਇੰਦਰ ਸਿੰਘ, ਹਰਨਾਮ ਸਿੰਘ, ਪੰਡਤ ਸ਼ਿਵਦਿਆਲ ਰਾਜਾ ਸਾਂਸੀ, ਉਮਰਾਓ ਸਿੰਘ, ਸ਼ੇਰ ਸਿੰਘ, ਪੰਡਤ ਬਾਲ ਮਕੁੰਦ ਸਕਰੂਲੀ, ਨੱਥਾ ਸਿੰਘ, ਗੁਰਮੁਖ ਸਿੰਘ, ਭਾਗ ਰਾਮ, ਨਾਭੀ ਰਾਮ ਰਾਏਕੋਟ, ਕੇਹਰ ਸਿੰਘ, ਤਾਰਕਨਾਥ ਦਾਸ, ਹਜ਼ੂਰਾ ਸਿੰਘ ਤੇ ਹਰਨਾਮ ਸਿੰਘ ਕਾਹਰੀ-ਸਾਹਰੀ ਨੇ ਤਕਰੀਰਾਂ ਕੀਤੀਆਂ। ਹਿੰਦ ਦਫਤਰ ਲੰਡਨ ਨੂੰ ਇਕ ਯਾਦ ਪੱਤਰ ਭੇਜਿਆ ਗਿਆ, ਜਿਸ ਵਿਚ ਇੰਡੀਆ ਤੋਂ ਸਿੱਧੀਆਂ ਟਿਕਟਾਂ ਦੀ ਬੰਦਸ਼ ਚੁੱਕਣ, ਵਿਦਿਆਰਥੀਆਂ, ਵਪਾਰੀਆਂ ਤੇ ਹਿੰਦੀਆਂ ਦੇ ਟੱਬਰਾਂ ਨੂੰ ਲਿਆਉਣ ਦੀ ਅਗਿਆ ਮੰਗੀ ਗਈ।[6]

ਹੁਣ ਸਿੱਧੇ ਸਫਰ ਦੀਆਂ ਟਿਕਟਾਂ ਲੈਣ ਦੀ ਸ਼ਰਤ ਵਿਰੁੱਧ ਘੋਲ ਤੁਰ ਪਿਆ। ਵੈਨਕੂਵਰ ਦੀ 'ਹਿੰਦੁਸਤਾਨ ਐਸੋਸੀਏਸ਼ਨ' ਨੇ 30 ਜੂਨ 1910 ਨੂੰ ਲੰਡਨ ਦੇ ਹਿੰਦ ਦਫਤਰ ਅੱਗੇ ਇਕ ਤਾਰ ਰਾਹੀਂ ਇਹ ਸ਼ਿਕਾਇਤ ਕੀਤੀ ਕਿ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਮੁਸਲਮਾਨ ਵਪਾਰੀਆਂ ਨੂੰ ਗੈਰਕਾਨੂੰਨੀ ਤੌਰ 'ਤੇ ਦੇਸ਼ ਨਿਕਾਲਾ ਦੇ ਰਹੀ ਹੈ। ਇਸ ਤੋਂ ਮੁਰਾਦ ਸ੍ਰੀ ਹਸਨ ਰਹੀਮ ਸੀ।[7]

ਕਈ ਹਿੰਦੀਆਂ ਦੀ ਜਾਇਦਾਦ ਤੇ ਕੰਮਕਾਰ ਕੈਨੇਡਾ ਵਿਚ ਵੀ ਸਨ ਤੇ ਅਮਰੀਕਾ ਵਿਚ ਵੀ। ਜਦੋਂ ਉਹ ਅਮਰੀਕਾ ਚਲੇ ਜਾਂਦੇ ਸਨ ਤਾਂ ਉਨ੍ਹਾਂ ਨੂੰ ਕੈਨੇਡਾ ਨਹੀਂ ਸੀ ਆਉਣ ਦਿੱਤਾ ਜਾਂਦਾ। ਹਿੰਦੀਆਂ ਨੇ ਇਸ ਸਵਾਲ ਨੂੰ ਚੁੱਕਿਆ ਤੇ ਪ੍ਰਚਾਰਿਆ।

ਹਰ ਕੌਮ ਵਿਚ ਮੰਦੇ ਭੀ ਬੰਦੇ ਹੁੰਦੇ ਹਨ ਤੇ ਚੰਗੇ ਇਨਸਾਨ ਵੀ ਹੁੰਦੇ ਹਨ। ਕੁਝ ਮਨੁੱਖ ਹਿਤੈਸ਼ੀ, ਆਜ਼ਾਦੀ ਪਸੰਦ, ਸਰਬਤ ਦਾ ਭਲਾ ਚਾਹੁੰਣ ਵਾਲੇ ਮਹਾਂਪੁਰਸ਼ਾਂ ਨੇ 'ਹਿੰਦੁਸਤਾਨ ਮਿੱਤਰ ਸਭਾ' ਬਣਾਈ ਹੋਈ ਸੀ। ਇਸ ਦੀ ਇਕ ਬਰਾਂਚ ਸਾਨਫਰਾਂਸਿਸਕੋ ਤੇ ਦੂਜੀ ਵਿਕਟੋਰੀਆ ਵਿਚ ਸੀ। ਸਾਨਫਰਾਂਸਿਸਕੋ ਵਾਲੀ ਹਿੰਦੁਸਤਾਨ ਮਿੱਤਰ ਸਭਾ ਨੇ, ਜਿਸ ਦੇ ਸਕੱਤਰ ਸ. ਬ. ਵਾਲਟਰਜ ਸਨ ਆਪਣੇ ਦਫਤਰ ਨੰਬਰ 2 ਏ ਸਟਰੀਟ ਤੋਂ 3 ਅਕਤੂਬਰ 1910 ਨੂੰ ਕੈਨੇਡਾ ਵਿਚ ਕਾਰ ਵਿਹਾਰ ਰੱਖਣ ਵਾਲੇ ਅਮਰੀਕਾ ਵਿਚ ਗਏ 349 ਹਿੰਦੀਆਂ ਦੇ ਦਸਖਤਾਂ ਨਾਲ ਯਾਦ ਪੱਤਰ ਹਿੰਦੁਸਤਾਨ ਦੇ ਵਾਇਸਰਾਏ ਨੂੰ ਭੇਜਿਆ। ਇਸ ਵਿਚ ਲਿਖਿਆ ਸੀ ਕਿ ਉਨ੍ਹਾਂ ਨੂੰ ਕੈਨੇਡਾ ਵਿਚ ਆਪਣਾ ਕਾਰ ਵਿਹਾਰ ਵੇਖਣ ਜਾਣ ਤੇ ਮੁੜ ਆਉਣ ਦੀ ਆਗਿਆ ਹੋਣੀ ਚਾਹੀਦੀ ਹੈ। ਕਈ ਹਿੰਦੀ ਇਹ ਮੰਗ ਲੈ ਕੇ ਸਾਨਫਰਾਂਸਿਸਕੋ ਦੇ ਅੰਗਰੇਜ਼ ਕੌਂਸਲ ਨੂੰ ਭੀ ਮਿਲੇ ਸਨ।[8]

ਸਰਕਾਰ ਹਿੰਦ ਨੇ ਇਹ ਅਰਜ਼ੀਆਂ ਲੰਡਨ ਦੇ ਹਿੰਦ ਦਫਤਰ ਰਾਹੀਂ ਕੈਨੇਡਾ ਦੀ ਸਰਕਾਰ ਨੂੰ ਭੇਜੀਆਂ। 3 ਅਕਤੂਬਰ 1910 ਵਾਲੀ

Sri Satguru Jagjit Singh Ji eLibrary NamdhariElibrary@gmail.com



ਹਰਨਾਮ ਸਿੰਘ ਕਾਹਰੀ ਸਾਹਰੀ

ਇਹ ਮਹਾਨ ਸ਼ਖਸੀਅਤ ਜੋ "ਸੰਸਾਰ" ਨਾਮੀ ਰਸਾਲੇ ਦੇ ਸੰਪਾਦਕ ਸਨ ਅਤੇ 'ਗੁਰੂ ਨਾਨਕ ਮਾਈਨਜ਼ ਅਤੇ ਟਰੱਸਟ ਕੰਪਨੀ ਲਿਮ. ਵੈਨਕੂਵਰ' ਦੇ ਡਾਇਰੈਕਟਰ ਸਨ।

ਹਸਨ ਰਹੀਮ ਉਰਫ ਖੈਰਾਜ ਵਰਮਾ

ਮਹਾਨ ਕ੍ਰਾਂਤੀਕਾਰੀ ਜਿਨ੍ਹਾਂ ਨੇ ਕਾਮਾਗਾਟਾਮਾਰੂ ਵੇਲੇ ਸਰਗਰਮ ਰੋਲ ਅਦਾ ਕੀਤਾ।



Sri Satguru Jagjit Singh Ji eLibrary NamdhariElibrary@gmail.com

ਅਰਜ਼ੀ ਦਾ ਜਵਾਬ ਕੈਨੇਡਾ ਸਰਕਾਰ ਨੇ 6 ਅਪ੍ਰੈਲ 1911 ਨੂੰ ਦਿੱਤਾ ਕਿ ਅਮਰੀਕਾ ਦਾ ਘਾਟਾਂ ਦੇ ਮਹਿਕਮੇ ਦਾ ਕਾਨੂੰਨ ਬਹੁਤ ਸਖਤ ਹੈ। ਉਹ ਅਣਚਾਹੇ ਬੰਦਿਆਂ ਤੇ ਗੈਰ ਵਸਨੀਕਾਂ ਨੂੰ ਮੁੜ ਅਮਰੀਕਾ ਨਹੀਂ ਆਉਣ ਦਿੰਦਾ। ਸਾਡੀ ਸਰਕਾਰ ਪਾਸ ਕੋਈ ਤਾਕਤ ਨਹੀਂ ਕਿ ਜੋ ਕੈਨੇਡਾ ਆਏ ਹਿੰਦੀਆਂ ਨੂੰ ਮੁੜ ਅਮਰੀਕਾ ਭੇਜ ਸਕੇ। ਇਸ ਲਈ ਹਿੰਦ ਤੋਂ ਸਿੱਧੇ ਸਫਰ ਦੀਆਂ ਬੰਦਸ਼ਾਂ ਅਮਰੀਕਾ ਤੋਂ ਆ ਰਹੇ ਹਿੰਦੀਆ ਤੋਂ ਚੁੱਕੀਆ ਨਹੀਂ ਜਾ ਰਹੀਆਂ। ਐਸਾ ਸਾਮਰਾਜੀ ਲਾਭਾਂ ਨੂੰ ਸਥਿਰ ਰੱਖਣ ਲਈ ਕੀਤਾ ਜਾ ਰਿਹਾ ਹੈ। [9] ਬਾਕੀ ਮੰਗਾਂ ਦਾ ਕੋਈ ਜਵਾਬ ਨਾ ਦਿੱਤਾ।

27 ਅਕਤੂਬਰ 1910 ਨੂੰ ਸ੍ਰੀ ਰਹੀਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਲਜ਼ਾਮ ਲਾਇਆ ਗਿਆ ਕਿ ਗੈਰ ਕਾਨੂੰਨੀ ਤੌਰ 'ਤੇ ਕੈਨੇਡਾ ਦਾਖਲ ਹੋਇਆ ਸੀ। ਤਲਾਸ਼ੀ ਉੱਤੇ ਉਸ ਕੋਲੋਂ ਯੂਰਪ ਤੇ ਅਮਰੀਕਾ ਵਿਚ ਮੌਜੂਦ ਹਿੰਦੀ ਇਨਕਲਾਬੀਆਂ ਦੇ ਡਾਕ ਪਤੇ ਲੱਭੇ। ਉਸਨੂੰ ਨਜ਼ਾਇਜ਼ ਗ੍ਰਿਫਤਾਰੀ ਤੋਂ ਰਿਹਾਅ ਕਰਾਉਣ ਦੀ ਅਰਜ਼ੀ ਦਿੱਤੀ। ਗਈ। ਗ੍ਰਿਫਤਾਰੀ ਨੇ ਹਿੰਦੀਆਂ ਦੀ ਕੈਨੇਡਾ ਸਰਕਾਰ ਦੇ ਖਿਲਾਫ ਨਫਰਤ ਨੂੰ ਹੋਰ ਗਰਮ ਕੀਤਾ ਤੇ ਉਨ੍ਹਾਂ ਵਿਚ ਇਕ ਲਹਿਰ ਉੱਭਰ ਆਈ। ਲੋਕ-ਮੀਟਿੰਗਾਂ ਤੇ ਜਲਸੇ ਸ਼ੁਰੂ ਹੋ ਗਏ। ਅਦਾਲਤ ਦੇ ਦਰ ਭੀ ਖੜਕਾਏ। ਰਹੀਮ ਦਾ ਮੁਕੱਦਮਾ ਵੀ ਖਾਲਸਾ ਦੀਵਾਨ ਨੇ ਹੋਰ ਜਥੇਬੰਦੀਆਂ ਦੇ ਨਾਲ ਰਲ ਕੇ ਲੜਿਆ। 11 ਫਰਵਰੀ 1911 ਨੂੰ ਹਾਪਕਿਪਸਨ ਨੇ ਰਿਪੋਰਟ ਕੀਤੀ ਕਿ ਹਿੰਦੀ ਰਹੀਮ ਦਾ ਮੁਕੱਦਮਾ ਜਿੱਤ ਗਏ ਹਨ ਕੈਨੇਡੀਅਨ ਸਰਕਾਰ ਦਾ ਵਕਾਰ ਹਿੰਦੀਆਂ ਵਿਚ ਬਹੁਤ ਘਟ ਗਿਆ ਹੈ। [10]

ਸਿੱਧੇ ਸਫਰ ਦੀਆਂ ਟਿਕਟਾਂ ਲੈਣ ਵਾਲੇ ਕਾਨੂੰਨ ਨੂੰ ਹਟਾਉਣ ਲਈ ਇਕ ਹੋਰ ਅਰਜ਼ੀ ਖਾਲਸਾ ਦੀਵਾਨ ਵੈਨਕੂਵਰ ਤੇ ਹਿੰਦੁਸਤਾਨ ਐਸੋਸੀਏਸ਼ਨ ਵੈਨਕੂਵਰ ਵਲੋਂ 20 ਜੂਨ, 1910 ਨੂੰ ਹਿੰਦੁਸਤਾਨ ਦੇ ਗਵਰਨਰ ਜਨਰਲ ਨੂੰ ਮਿਲੀ, ਜਿਸ ਵਿਚ ਇਹ ਹਕੀਕਤਾਂ ਦਰਜ਼ ਸਨ ਕਿ ਪੱਛਮੀ ਕੈਨੇਡਾ ਵਿਚ 6000 ਹਿੰਦੂ ਹਨ। ਉਨ੍ਹਾਂ ਨੇ ਬੜੀ ਦੌਲਤ ਕਮਾਈ ਹੈ। 50 ਲੱਖ ਡਾਲਰ ਕੈਨੇਡਾ ਵਿਚ ਲਾਇਆ ਹੈ। ਉਹ ਬੜੇ ਸਬਰ ਵਾਲੇ, ਮਿਹਨਤੀ, ਭਰੋਸੇਯੋਗ, ਕਾਨੂੰਨ ਹੇਠ ਚੱਲਣ ਵਾਲੇ ਹਨ ਤੇ ਬੜੇ ਸਲੀਕੇ ਨਾਲ ਬੀਬੇ ਬਣ ਕੇ ਰਹਿੰਦੇ ਹਨ। ਉਨ੍ਹਾਂ ਵਿਚ ਗੰਦੀਆਂ ਤੇ ਭੈੜੀਆਂ ਆਦਤਾਂ ਨਹੀਂ। ਭਾਵੇਂ ਉਹ ਸੰਜਮੀ ਤੇ ਸਰਫਾਂ ਕਰਨ ਵਾਲੇ ਹਨ, ਪਰ ਕੰਜੂਸ ਨਹੀਂ। ਉਹ ਦਿਲ ਖੋਹਲਕੇ ਦਾਨ ਦਿੰਦੇ ਤੇ ਆਪਣੀ ਆਮਦਨੀ ਅਨੁਸਾਰ ਗੋਰਿਆਂ ਦੇ ਸਟੋਰਾਂ ਵਿਚੋਂ ਖਾਣ ਪੀਣ ਦੀਆਂ ਵਸਤਾਂ ਖਰੀਦਦੇ ਹਨ। [11]

ਹਵਾਲੇ ਤੇ ਟਿੱਪਣੀਆ:

1. Rajni Kanta Das, Hindustani workers on Pacific Coast Page 4.
2. ਉਤ ਲਿਖਤ ਸਫਾ 5
3. ਉਤ ਲਿਖਤ ਸਫਾ 5-6
4. ਉਤ ਲਿਖਤ ਸਫਾ 6
5. ਉਤ ਲਿਖਤ ਸਫਾ 4 ਤੇ 5.
6. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, (ਪਹਿਲਾ ਹਿੱਸਾ) 1961, ਸਫਾ 55 (ਘਾਟ (ਅ) ਜੂਨ, 1910 ਕਾਰਵਾਈ ਨੰ. 14-15
7. ਉਤ ਲਿਖਤ ਸਫਾ 56 ਘਾਟ (ਓ) ਅਕਤੂਬਰ 1910, ਕਾਰਵਾਈ ਨੰ. 47.
8. ਉਤ ਲਿਖਤ ਸਫਾ 56 ਘਾਟ (ਅ) ਫਰਵਰੀ 1911 ਕਾਰਵਾਈ ਨੰ. 4-9
9. ਉਤ ਲਿਖਤ ਸਫਾ 57 ਘਾਟ (ਓ) ਸਤੰਬਰ 1911, ਕਾਰਵਾਈ ਨੰ. 13-14
10. ਉਤ ਲਿਖਤ ਸਫਾ 57 ਘਾਟ (ਅ) ਅਪਰੈਲ 1911, ਕਾਰਵਾਈ ਨੰ. 10
11. ਉਤ ਲਿਖਤ ਸਫਾ 56 ਘਾਟ (ਅ) ਜੁਲਾਈ 1911, ਕਾਰਵਾਈ ਨੰ. 1-2

**

Sri Satguru Jagjit Singh Ji eLibrary NamdhariElibrary@gmail.com

ਜੱਦੋ-ਜਹਿਦ ਦਾ ਹੋਰ ਰੁਖ

ਕੈਨੇਡਾ ਦਾ ਘਾਟਾਂ ਦਾ ਕਾਨੂੰਨ ਇਸ ਗੱਲ ਦੀ ਆਗਿਆ ਦਿੰਦਾ ਹੈ ਕਿ ਜੇ ਬੰਦਾ ਲਗਾਤਾਰ ਤਿੰਨ ਸਾਲ ਕੈਨੇਡਾ ਵਿਚ ਰਹਿ ਲਵੇ ਉਸ ਨੂੰ ਵਸਨੀਕੀ (ਸ਼ਹਿਰੀ) ਹੱਕ ਪ੍ਰਾਪਤ ਹੋ ਸਕਦੇ ਹਨ ਅਤੇ ਉਹ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਮੰਗਵਾ ਕੇ ਰੱਖ ਸਕਦਾ ਹੈ। ਬਹੁਤੇ ਲੋਕਾਂ ਨੂੰ ਵਸੇਬੇ ਦਾ ਹੱਕ ਪ੍ਰਾਪਤ ਹੋ ਗਿਆ ਸੀ। ਜਿਹੜੇ ਵੀ ਲੋਕ ਪਹਿਲਾਂ ਆਏ ਸਨ ਉਹ ਸਾਰੇ ਮਰਦ ਸਨ। ਹੁਣ ਉਹ ਆਪਣੇ ਪਰਿਵਾਰ ਮੰਗਵਾਉਣ ਬਾਰੇ ਸੋਚਣ ਲੱਗ ਪਏ। ਮਨੁੱਖ ਦਾ ਇਹ ਮੁੱਢਲਾ ਹੱਕ ਹੈ ਕਿ ਉਹ ਆਪਣੇ ਪਰਿਵਾਰ ਵਿਚ ਰਹਿੰਦਾ ਹੋਇਆ ਗ੍ਰਿਹਸਥੀ ਜੀਵਨ ਬਤੀਤ ਕਰੇ। ਕੈਨੇਡਾ ਦੀ ਸਰਕਾਰ ਵਲੋਂ 8 ਜਨਵਰੀ 1908 ਨੂੰ ਸਿੱਧੇ ਟਿਕਟ ਲੈ ਕੇ ਆਉਣ ਵਾਲੀ ਜਾਰੀ ਕੀਤੀ ਸ਼ਰਤ ਭਾਰਤੀ ਪੰਜਾਬੀ ਸਿੱਖਾਂ ਦੇ ਮੁੱਢਲੇ ਹੱਕ (ਪਰਿਵਾਰ ਨਾਲ ਰਹਿਣਾ) ਉੱਤੇ ਹਮਲਾ ਸੀ ਕਿਉਂਕਿ ਇਹ ਸ਼ਰਤ ਉਨ੍ਹਾਂ ਦੇ ਪਰਿਵਾਰ ਮੰਗਵਾਉਣ ਵਿਚ ਰੁਕਾਵਟ ਸੀ। ਭਾਰਤ ਵਿਚ ਵੀ ਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ ਜਿਥੇ ਅੰਗਰੇਜ਼ਾਂ ਦਾ ਰਾਜ ਸੀ, ਸਰਕਾਰ ਇਹ ਢੋਲ ਪਿੱਟਦੀ ਸੀ ਕਿ ਸਾਰੀ ਬ੍ਰਿਟਿਸ਼ ਪਰਜ਼ਾ ਨਾਲ ਇਕੋ ਜਿਹਾ ਸਲੂਕ ਕੀਤਾ ਜਾਏਗਾ। ਇਹ ਇਕ ਬਾਦਸ਼ਾਹ ਦੀ ਪਰਜ਼ਾ ਹੈ।

ਜਿਵੇਂ ਪਹਿਲਾਂ ਦੱਸ ਆਏ ਹਾਂ, ਇਥੇ ਆਉਣ ਵਾਲੇ ਭਾਰਤੀ ਪੰਜਾਬੀ 95% ਸਿੱਖ ਸਨ। ਉਨ੍ਹਾਂ ਚੋਂ 80% ਫੌਜੀ ਸਨ। ਸਰਕਾਰ-ਏ-ਅੰਗਰੇਜ਼ੀ ਇਹ ਵੀ ਪ੍ਰਚਾਰ ਕਰਦੀ ਸੀ ਕਿ ਸਿੱਖ ਫੌਜੀਆਂ ਨੇ 1857 ਵੇਲੇ ਅੰਗਰੇਜ਼ ਦੀ ਮਦਦ ਕੀਤੀ ਸੀ ਇਸ ਕਰਕੇ ਸਿੱਖ ਭਾਰਤ ਵਿਚ ਬਾਕੀ ਕੌਮਾਂ ਨਾਲੋਂ ਉਨ੍ਹਾਂ ਦੇ ਚਾਹੇਤੇ ਹਨ। ਫੌਜਾਂ ਵਿਚ ਉਨ੍ਹਾਂ ਨੇ ਆਪਣੇ ਧਰਮ ਵਿਚ ਪੱਕੇ ਰਹਿਣ ਦੇ ਉਪਰਾਲੇ ਵੀ ਕੀਤੇ ਸਨ। ਦੂਜੇ ਪਾਸੇ ਇਥੇ ਆਏ ਫੌਜੀਆਂ ਨੂੰ ਵੀ ਭੁਲੇਖਾ ਸੀ ਕਿ ਸਰਕਾਰ ਨੇ ਉਨ੍ਹਾਂ ਨੂੰ ਤਗਮੇ ਤੇ ਅਫਸਰੀਆਂ ਦੇ ਕੇ ਨਿਵਾਜਿਆ ਹੈ। ਇਸ ਕਰਕੇ ਅਸੀਂ ਬਾਦਸ਼ਾਹ ਦੇ ਖੈਰਖਾਹ ਹਾਂ। ਬਾਦਸ਼ਾਹ ਦੀ ਪਰਜਾ ਹਾਂ। ਪਰ ਇਥੇ ਤਿੰਨ ਚਾਰ ਸਾਲ ਰਹਿ ਕੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਨਾਲ ਗੁਲਾਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ ਪਰਜਾ ਵਾਲਾ ਨਹੀਂ। ਸੰਸਾਰ ਵਿਚ ਕਿਸੇ ਕੌਮ ਨੂੰ ਵੀ ਕਿਸੇ ਬਾਦਸ਼ਾਹ ਨੇ ਗ੍ਰਿਹਸਤੀ ਜੀਵਨ ਬਤੀਤ ਕਰਨ ਦੇ ਹੱਕ ਤੋਂ ਵਾਂਝਾ ਨਹੀਂ ਸੀ ਰੱਖਿਆ ਹੋਇਆ। ਬਰਤਾਨੀਆਂ ਦੀ ਰਾਇ ਅਨੁਸਾਰ ਹਰ ਬੰਦੇ ਦਾ ਨਾ ਖੋਹਿਆ ਜਾਣ ਵਾਲਾ ਹੱਕ ਹੈ ਕਿ ਉਹ ਆਪਣਾ ਟੱਬਰ ਨਾਲ ਰੱਖੇ ਜਾਂ ਜਿਥੇ ਜਾਏ ਉਥੇ ਨਾਲ ਲੈ ਕੇ ਜਾਏ।

ਇਸ ਹੱਕ ਨੂੰ ਹਾਸਲ ਕਰਨ ਲਈ ਖਾਲਸਾ ਦੀਵਾਨ ਵੈਨਕੂਵਰ ਦੇ ਗੁਰੂ ਘਰ ਹਰ ਹਫਤੇ ਦੇ ਅੰਤ 'ਤੇ ਵਿਚਾਰਾਂ ਹੁੰਦੀਆਂ। 3 ਅਕਤੂਬਰ 1909 ਵਾਲੇ ਦਿਨ ਦੀਵਾਨ ਵਿਚ ਵਿਚਾਰ ਹੋ ਰਹੀ ਸੀ ਕਿ ਸਾਡੀ ਗੁਲਾਮੀ ਦੇ ਕੀ ਕਾਰਨ ਹਨ। ਉਨ੍ਹਾਂ ਨੂੰ ਦੂਰ ਕਰਕੇ ਅਸੀਂ ਕਿਵੇਂ ਹੱਕ ਪ੍ਰਾਪਤ ਕਰ ਸਕਦੇ ਹਾਂ। ਸਰਦਾਰ ਨੱਥਾ ਸਿੰਘ ਨੇ ਬੇਨਤੀ ਕੀਤੀ ਕਿ ਉਸ ਨੂੰ ਕੁਝ ਆਖਣ ਦੀ ਆਗਿਆ ਦਿੱਤੀ ਜਾਵੇ। ਸਕੱਤਰ ਨੇ ਉਸ ਦੀ ਬੇਨਤੀ ਪ੍ਰਵਾਨ ਕਰਕੇ ਉਸ ਨੂੰ ਬੋਲਣ ਲਈ ਬੇਨਤੀ ਕੀਤੀ। ਨੱਥਾ ਸਿੰਘ ਨੇ ਕੈਨੇਡਾ ਵਿਚ ਤੇ ਭਾਰਤ ਵਿਚ ਬਰਤਾਨੀਆਂ ਸਰਕਾਰ ਦੀ ਆਮ ਪਰਜਾ ਨਾਲ ਤੇ ਖਾਸ ਕਰਕੇ ਸਿੱਖ ਫੌਜੀਆਂ ਨਾਲ ਹੁੰਦੀ ਬੇਇਨਸਾਫੀ ਦਾ ਜ਼ਿਕਰ ਕੀਤਾ। ਗੁਲਾਮੀ ਦਾ ਕਾਰਨ ਦੱਸਦੇ ਹੋਏ ਨੱਥਾ ਸਿੰਘ ਨੇ ਆਖਿਆ ਕਿ 'ਜਿਹੜੇ ਤਗਮੇ ਅਸੀਂ ਬੜੇ ਫਖਰ ਨਾਲ ਹਿੱਕ 'ਤੇ ਲਟਕਾਈ ਫਿਰਦੇ ਹਾਂ, ਉਹ ਇਸ ਗੱਲ ਦੀ ਨਿਸ਼ਾਨੀ ਹਨ ਕਿ ਅਸੀਂ ਭਾੜੇ ਦੇ ਸਿਪਾਹੀ ਦੇ ਤੌਰ 'ਤੇ ਬਰਤਾਨਵੀ ਸਾਮਰਾਜ ਨੂੰ ਪੱਕਾ ਕਰਨ ਲਈ, ਉਸ ਦੀਆਂ ਮੰਡੀਆਂ ਵਿਚ ਵਾਧਾ ਕਰਨ ਲਈ, ਤੇ ਹੋਰ ਆਜ਼ਾਦ ਲੋਕਾਂ ਨੂੰ ਉਨ੍ਹਾਂ ਦੇ ਗੁਲਾਮ ਬਣਾਉਣ ਲਈ ਲੜੇ ਹਾਂ। ਇਹ ਸਿਰਫ ਅੰਗਰੇਜ਼ ਸਰਕਾਰ ਦੀ ਗੁਲਾਮੀ ਦਰਸਾਉਂਦੇ ਹਨ। ਕੁਝ ਹੋਰ ਦਲੀਲਾਂ ਦੇਣ ਤੋਂ ਬਆਦ ਸਰਦਾਰ ਨੱਥਾ ਸਿੰਘ ਨੇ ਇਕ ਮਤਾ ਪੇਸ਼ ਕੀਤਾ ਜਿਸ 'ਚ ਕਿਹਾ ਗਿਆ ਕਿ:

"Resolved that no member of the executive committee of Sikh temple (Khalsa Dewan) should wear any kind of medals, buttons, uniform or insignias which may singnify that the position of party wearing the article is nothing but a slave to the British supremacy, the medals acquired by serving in the British army ought to be regarded as medals of slavery." He proposed that the resolution be accepted unanimously.

ਖਾਲਸਾ ਦੀਵਾਨ ਸੁਸਾਇਟੀ ਦੀ ਕਾਰਜਕਰਨੀ ਦਾ ਕੋਈ ਵੀ ਮੈਂਬਰ ਕਿਸੇ ਕਿਸਮ ਦਾ ਕੋਈ ਤਗਮਾ, ਬਟਨ, ਵਰਦੀ ਜਾਂ ਕੋਈ ਹੋਰ ਚਿੰਨ੍ਹ ਨਹੀਂ ਪਹਿਨੇਗਾ ਜਿਨ੍ਹਾਂ ਦਾ ਮਤਲਬ ਕੇਵਲ ਇਹ ਹੈ ਕਿ ਪਹਿਨਣ ਵਾਲਾ ਵਿਅਕਤੀ ਹੋਰ ਕੁਝ ਨਹੀਂ ਸਗੋਂ ਬਰਤਾਨਵੀ ਉੱਚਤਾ ਦਾ ਗੁਲਾਮ ਹੈ। ਬਰਤਾਨਵੀ ਫੌਜ ਵਿਚ ਨੌਕਰੀ ਕਰਕੇ ਜਿਹੜੇ ਤਗਮੇ ਪ੍ਰਾਪਤ ਕੀਤੇ ਗਏ ਹਨ ਉਹ ਗੁਲਾਮੀ ਦੇ ਤਗਮੇ ਹਨ।[1] ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। ਸਰਦਾਰ ਗਰੀਬ ਸਿੰਘ (ਜਿਹੜੇ ਉਸ ਵੇਲੇ ਦੇ ਖਾਲਸਾ ਦੀਵਾਨ ਸੁਸਾਇਟੀ ਦੇ ਉਪ-ਪ੍ਰਧਾਨ ਸਨ ਤੇ 14 ਸਿੱਖ ਰਜਮੈਂਟ ਵਿਚ 2760 ਨੰਬਰ ਦੇ ਸਿਪਾਹੀ ਰਹੇ ਸਨ ਤੇ ਜਿਨ੍ਹਾਂ ਨੇ ਚੀਨ ਵਿਚ ਬੈਂਕਸਰ ਦੀ ਲੜਾਈ ਵੇਲੇ ਬ੍ਰਤਾਨੀਆਂ ਦੀ ਫੌਜ ਵਲੋਂ ਲੜਾਈ ਲੜ ਕੇ ਸੂਰਮਗਤੀ ਦਾ ਤਗਮਾ ਲਿਆ ਸੀ) ਨੇ ਆਖਿਆ ਕਿ ਉਹ ਅੱਜ ਤੋਂ ਕੋਈ ਤਗਮਾ ਨਹੀਂ ਪਹਿਨੇਗਾ ਤੇ ਨਾ ਹੀ ਕੋਈ ਵਰਦੀ ਪਾਵੇਗਾ ਜਿਹੜੀ ਬਰਤਾਨੀਆਂ ਦੀ ਸਰਬਉੱਚਤਾ ਨੂੰ ਦਰਸਾਉਂਦੀ ਹੋਵੇ।

Sri Satguru Jagjit Singh Ji eLibrary NamdhariElibrary@gmail.com

ਫੇਰ ਭਾਈ ਭਾਗ ਸਿੰਘ ਜਿਹੜੇ ਗੁਰਦੁਆਰਾ ਖਾਲਸਾ ਦੀਵਾਨ ਵੈਨਕੂਵਰ ਦੇ ਸਕੱਤਰ ਸਨ ਤੇ ਜਿਨ੍ਹਾਂ ਨੇ ਦੱਸਵੀਂ ਬੰਗਾਲ ਰੈਜ਼ਮੈਂਟ ਵਿਚ ਪੰਜ ਸਾਲ ਕੰਮ ਕੀਤਾ ਸੀ, ਨੇ ਵਧੀਆ ਕੰਮ ਕਰਨ ਲਈ ਮਿਲੀਆਂ ਸਨਦਾਂ ਅਗਨੀ ਭੇਂਟ ਚੜ੍ਹਾ ਦਿੱਤੀਆਂ। ਉਸੇ ਸ਼ਾਮ ਸਾਰੇ ਮੁਸਲਮਾਨ, ਹਿੰਦੂ ਤੇ ਸਿੱਖ ਫੌਜੀਆਂ ਨੇ ਗੁਲਾਮੀ ਦੀਆਂ ਨਿਸ਼ਾਨੀਆਂ ਦੀ ਲੋਹੜੀ ਜਲਾਈ। ਇਸ ਘਟਨਾ ਨਾਲ ਆਪਣੇ ਕੁਝ ਹੱਕ ਪ੍ਰਾਪਤ ਕਰਨ ਲਈ ਤੁਰੀ ਲਹਿਰ ਭਾਰਤ ਨੂੰ ਆਜ਼ਾਦ ਕਰਾਉਣ ਲਈ ਇਕ ਕਾਂਗ ਬਣ ਗਈ।

ਇਸ ਘਟਨਾ ਤੋਂ ਕੁਝ ਦੇਰ ਬਾਅਦ ਵੈਨਕੂਵਰ ਦੇ ਮੇਅਰ ਨੇ ਸਿੱਖ ਫੌਜੀਆਂ ਨੂੰ ਗਵਰਨਰ ਜਨਰਲ ਨੂੰ ਸਲਾਮੀ ਦੇਣ ਲਈ ਦਾਵਤ ਦਿੱਤੀ। ਪਰ ਗੁਰੂਦੁਆਰੇ ਦੇ ਪ੍ਰਧਾਨ ਭਾਗ ਸਿੰਘ ਨੇ ਜੁਆਬ ਦਿੱਤਾ ਕਿ ਸੇਵਾ ਮੁਕਤ ਫੌਜੀ ਹੁਣ ਇਹ ਕੰਮ ਨਹੀਂ ਕਰ ਸਕਣਗੇ। ਇਸ ਤੋਂ ਸਿੱਖ ਆਗੂਆਂ ਵਿਚ ਰਾਜਨੀਤਕ ਸੂਝ-ਬੂਝ ਹੋਣ ਦਾ ਪਤਾ ਲੱਗਦਾ ਹੈ। ਦੂਜੇ ਪਾਸੇ ਇੰਗਲੈਂਡ, ਭਾਰਤ ਤੇ ਕੈਨੇਡਾ ਦੀਆਂ ਸਾਮਰਾਜੀ ਸਰਕਾਰਾਂ ਨੂੰ ਵੀ ਕੰਨ ਹੋ ਗਏ ਕਿ ਕੈਨੇਡਾ ਦੇ ਸਿੱਖਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਤੁਰ ਪੈਣਾ ਹੈ। ਕੈਨੇਡਾ ਦੀ ਸਰਕਾਰ ਨੇ ਹਾਪਕਿਨਸਨ ਰਾਹੀਂ ਇਨ੍ਹਾਂ ਤਿੰਨਾਂ 'ਤੇ ਗੁਪਤ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਤੇ ਨਾਲੇ ਹੋਰਾਂ ਨੂੰ ਦੇਸ਼ ਤੋਂ ਆਉਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਇਥੇ ਰਹਿੰਦਿਆਂ ਨੂੰ ਪਰਿਵਾਰ ਮੰਗਵਾਉਣ ਲਈ ਮੁਸ਼ਕਲਾਂ ਪੈਦਾ ਕਰ ਦਿੱਤੀਆਂ।

ਗੁਰਦੁਆਰਾ ਖਾਲਸਾ ਦੀਵਾਨ ਦੀ ਸੰਗਤ ਨੇ ਇਹ ਫੈਸਲਾ ਕੀਤਾ ਕਿ ਦੇਸ਼ ਤੋਂ ਟੱਬਰ ਲਿਆਉਣ ਲਈ ਗੁਰਦੁਆਰਾ ਕਮੇਟੀ ਦੇ ਦੋ ਆਗੂ ਆਪ ਦੇਸ਼ ਜਾਣ ਤੇ ਟੱਬਰ ਲੈ ਕੇ ਆਉਣ। ਇਸ ਨਾਲ ਕਾਨੂੰਨ ਪਰਖਿਆ ਜਾਵੇਗਾ। ਜਦੋ-ਜਹਿਦ ਸ਼ੁਰੂ ਹੋ ਜਾਵੇਗੀ। ਦੋ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ, ਜਿਹੜੇ ਗੁਰਦੁਆਰੇ ਦੇ ਗ੍ਰੰਥੀ ਸਨ ਤੇ ਭਾਈ ਭਾਗ ਸਿੰਘ ਭਿਖੀਵਿੰਡ ਜਿਹੜੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਨ (ਦੋਵੇਂ ਉਸ ਵੇਲੇ ਲੋਕਾਂ ਦੇ ਹਰਮਨ ਪਿਆਰੇ ਆਗੂ ਸਨ। ਦੇਸ਼ ਭਗਤ ਤੇ ਸਿੱਖਾਂ ਲਈ ਸੰਤ ਸਿਪਾਹੀ ਸਨ। ਬਾਅਦ ਵਿਚ ਦੋਵੇਂ ਸ਼ਹੀਦ ਹੋਏ।) ਨੂੰ ਇਹ ਕੰਮ ਕਰਨ ਲਈ ਬੇਨਤੀ ਕੀਤੀ ਗਈ।

ਭਾਈ ਬਲਵੰਤ ਸਿੰਘ ਇਕ ਸਾਲ ਦੀ ਛੁੱਟੀ ਲੈ ਕੇ 28 ਅਕਤੂਬਰ 1909 ਨੂੰ ਭਾਰਤ ਨੂੰ ਤੁਰੇ। ਭਾਈ ਭਾਗ ਸਿੰਘ 20 ਅਪ੍ਰੈਲ ਤੇ 18 ਜੂਨ 1910 ਦੇ ਵਿਚਕਾਰ ਦੇਸ਼ ਨੂੰ ਜਾ ਸਕੇ।[2] ਭਾਈ ਹੀਰਾ ਸਿੰਘ ਤੇ ਭਾਈ ਹਾਕਮ ਸਿੰਘ ਜਗੀਰਦਾਰ ਵੀ ਟੱਬਰ ਲੈਣ ਲਈ 1910 ਦੇ ਅੰਤ ਜਾਂ 1911 ਦੇ ਸ਼ੁਰੂ ਵਿਚ ਭਾਰਤ ਨੂੰ ਰਵਾਨਾ ਹੋ ਗਏ। ਖਾਲਸਾ ਦੀਵਾਨ ਤੇ ਯੂਨਾਈਟਡ ਲੀਗ ਨੇ ਕੈਨੇਡਾ ਦੀ ਫੈਡਰਲ ਸਰਕਾਰ ਨਾਲ ਇਸ ਮਾਮਲੇ ਤੇ ਵਿਚਾਰ ਕਰਨ ਤੇ ਕਾਨੂੰਨ (ਭਾਰਤ ਤੋਂ ਸਿੱਧੇ ਟਿਕਟ ਖਰੀਦਣ ਦੀ ਸ਼ਰਤ) ਨੂੰ ਕੁਝ ਨਰਮ ਕਰਨ ਲਈ ਬੇਨਤੀ ਕਰਨ ਵਾਸਤੇ (ਤਾਂ ਕਿ ਪਰਿਵਾਰ ਆ ਸਕਣ) ਇਕ ਡੈਪੂਟੇਸ਼ਨ ਕੈਨੇਡਾ ਦੀ ਰਾਜਧਾਨੀ ਔਟਵਾ ਨੂੰ ਭੇਜਣ ਦਾ ਫੈਸਲਾ ਕੀਤਾ।

ਇਸ ਮੰਤਵ ਲਈ 13 ਦੰਸਬਰ 1911 ਨੂੰ ਪਹਿਲਾ ਡੈਪੂਟੇਸ਼ਨ ਜਿਸ ਵਿਚ ਸਰਦਾਰ ਤੇਜਾ ਸਿੰਘ ਮਸਤੂਆਣਾ, ਰਾਜਾ ਸਿੰਘ ਬਾੜੀਆਂ, ਡਾ. ਸੁੰਦਰ ਸਿੰਘ ਅਤੇ ਪਾਦਰੀ ਸੀ. ਭਬਲਿਊ. ਹਾਲ ਸ਼ਾਮਲ ਸਨ, ਔਟਵਾ ਨੂੰ ਰਵਾਨਾ ਹੋਇਆ।

MEMORANDUM

"We, the delegates of the United India League and the Khalsa Diwan Society, Vancouver, B.C., instructed by them, made the following representations to your honourable government for all Hindustanies domiciled in Canada or who may yet be domiciled."

These representations are made with the certainty that your govenment is prepared to recognise the solemn promises made by their Majesties Queen Victoria, King Edward and King George to India, which is an integral part of our Empire that all their subjects shall be treated alike.

Our first claim for consideration at the hands of your honourable government is that we are British subjects, of proven loyalty. More than 90% of the Hindustanies in Canada are Sikhs. With the same Sikh is linked up fidelity and heroic loyalty to the Empire. We instance the Indian Mutiny, Africa, Afghanistan, Burma and Somali land, in other words, whenever the Empire needed in the past or may in the future need loyal hearts to protect or preserve her honour. The Sikhs has always been ready in the past to give willing service to the Empire. A large number of these men now in Canada have been active service, and many among them have medals for special bravery. Our conclusion from the above claim, for which we respectfully request your acceptance, is that our status in Canada is wholly distinct and differentiated from that of Oriental immigrants, be they Japanese,, Chi-

Sri Satguru Jagjit Singh Ji eLibrary NamdhariElibrary@gmail.com

nese or others, as a matter of fact, we can not justly be classed as aliens.

As loyal British subjects, we come to press for redress for numerous restrictions that have gradually reduced our status as British subject below that of the most unfavourable nationalities of the orient.

The restrictions that most presses, and needs very immediate redress, is the prohibitions by regulations that make it impossible for wives and children of the Hindustanies residing in Canada joining them. The compulsory separation of families is punitive and in itself penal and can only lawfully be applied to criminals by any civilized nation. It is contrary to every human instinct and jeopardizes the existence of the family life, which is the very foundation of the British Empire as a whole. The regulation presses (Contrary to all preconceived ideas of British justice and fair play) hardest on the weaker of the two parties concerned, namely, the mother and the child. There are no good political, economic or racial reasons why this regulation should not be abolished. But, on the other hand, there are many cogent and weighty reasons, moral, economic and impircial, why it should be. There is not a mother of Canada, looking into the eyes of her child, who would not sanction its repeal. It is well to consider, from an imperial standpoint, the reflex action of this regulation on the Sikh communities of India, who are so closely united by the bonds of their religion, whether it fosters loyalty or otherwise. Any and all of the unfavourable nations of the orient, may bring their wives is it too much to expect or ask, that a British subject may also? For the honour and welfare of the Empire we hope not.

The next immigration regulation which we ask you to consider, with a view to modification or repeal, is the continuous journey restriction. First, because no law or restriction has any force which is impossible to observe. Continues Journey, as now defined is impossible. No other country asks its own subject to do that, which from the very nature of the case, they cannot. The thinking men of India and all who are directly or indirectly affected by this orders-in-council fail to understand its application, where loyal subjects of the crown are concerned, as a method of total restriction that is another matter. But, on the other hand, we would ask you to consider, is there any process of law or regulation that can be indirectly used to strip a loyal British subject of his inherent right to travel or reside in any part of the Empire. If not, then why this restrictions? Our common Sovereigns. their Majesties, have solemnly promised all subjects of the Empire, regardless of race, equality of treatment.

We reiterate our request that your honourable Government may consider the above regulation. First because it is not direct in its meaning and is practically construed and has the force of total Hindu restriction, by there practically legislating against British subjects, while fostering, in a measure, other Oriental nationalities, to the detriment of your own Empire, which means a house divided against itself.

The other reason we would urge are that the Hindustanies domiciled in Canada have economically made good as citizens and as producers, and that they cope with every condition in which they have been placed, intelligently and successfully. In the larger centres of British Columbia their holdings in land, houses and stocks, and their savings bank accounts for the time which they have been in the country exceed any other class of immigrants, and their faithful compliance with the law is now unquestioned.

Sri Satguru Jagjit Singh Ji eLibrary NamdhariElibrary@gmail.com

We claim for ourselves, while our language is different and customs are not the same, that we understand your laws, are more ready to give intelligent obedience to them than most European immigrants and all orientalist, and above all, we are already loyal and trained, subject of the same king, and we worship the same God, more over, that the Sikhs home- life is identical in all virtues as the Christian home.

We are prepared to co-operate with your Government as to undesirables. We will give bonds to the immigration authorities that no Hindustani shall become a public charge. In connection with this we ask that the amount required for Hindus entering Canada shall be uniform with other nationalities and not as at present, 200.

We request also that you remove restrictions, on students, merchants and tourists



Seated-L to R:- Prof. Teja Singh M.A.; L..L.B., Dr. Sunder Singh M.D.
Standing L to R:- L.W. Hall, Raja Singh Barhian.

entering Canada, and that they may be placed on the same footing as other nationalities at least. In the very near future the granting of this last clause will prove most advantageous from a commercial stand point.

The above representations which we desire you to carefully consider and afterwards discuss with the delegation with a view to a favourable solution of the same, as to the question involved are not local, as being purely Canadian they are in their very nature Empire questions, and hence must be dealt with from this broad standpoint. All East In-

Sri Satguru Jagjit Singh Ji eLibrary NamdhariElibrary@gmail.com

dian interest are bound up indirectly in the decisions that may follow on the matters presented by the delegations. There will either be one stand point or two, within the Empire of British subjects, interest and privileges. If the latter, Then it must the based on race privileges or superiority.

Hence India is looking to Canada most anxiously as to her own present and future status. As to the Sikhs particularly both in India and Canada they base their hopes on British gratitude and absolute reliance in British good faith in dealing with them. Hence, the presence of this delegation in the Capital at no little expense of time and money, to lay these facts before your honourable government through you as minister of the department which these matters belong to."

All of which is respectfully submitted

TEJA SINGH MA. L.L.B. RAJA SINGH

W.HALL SUNDER SINGH M.D.

ਇਸ ਡੈਪੂਟੇਸ਼ਨ ਨੇ 15 ਦਸੰਬਰ 1911 ਨੂੰ ਅੰਦਰੂਨੀ ਮਾਮਲਿਆਂ ਦੇ ਵਜ਼ੀਰ ਰੌਬਰਟ ਰੌਜਰਜ ਨਾਲ ਮੁਲਾਕਾਤ ਕਰਕੇ ਉਸ ਨੂੰ ਇਕ ਮੈਮੋਰੰਡਮ ਪੇਸ਼ ਕੀਤਾ ਜਿਸ ਦੀ ਇਕ ਕਾਪੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਮਿ. ਬੋਰਡਮ ਨੂੰ ਵੀ ਭੇਜੀ ਗਈ।[3]

ਮਿ. ਰੌਬਰਟ ਰੌਜਰਸ ਨੇ ਮੁਲਾਕਾਤ ਵੇਲੇ ਕਿਹਾ ਕਿ ਜਿਹੜੇ ਲੋਕ ਕੈਨੇਡਾ ਵਿਚ ਹਨ ਉਨ੍ਹਾਂ ਨੂੰ ਬਾਲ ਬੱਚੇ ਲਿਆਉਣ ਦੀ ਖੁੱਲ੍ਹ ਹੈ। ਇਹ ਗੱਲ ਜ਼ਬਾਨੀ ਕਲਾਮੀ ਹੀ ਕਹੀ ਸੀ। ਕੋਈ ਲਿਖਤੀ ਸਬੂਤ ਨਹੀਂ ਸੀ ਦਿੱਤਾ। ਹੋਰ ਗੱਲਾਂ ਬਾਰੇ ਮਗਰੋਂ ਉੱਤਰ ਭੇਜਣ ਲਈ ਆਖਿਆ ਗਿਆ। ਕਲਕੱਤੇ ਤੋਂ ਸਿੱਧੇ ਸਫਰ ਦੀ ਸ਼ਰਤ ਦੂਰ ਨਾ ਕੀਤੀ ਗਈ ਜਿਸ ਕਰਕੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ।

ਲੋਕਾਂ ਦੀ ਰਾਏ ਆਪਣੇ ਹੱਕ ਵਿਚ ਕਰਨ ਲਈ 28 ਦਸੰਬਰ 1911 ਨੂੰ ਕੈਨੇਡੀਅਨ ਕਲੱਬ ਟਰਾਂਟੋ ਵਿਚ ਡਾਕਟਰ ਸੁੰਦਰ ਸਿੰਘ ਨੇ ਇਕ ਪ੍ਰਭਾਵਸ਼ਾਲੀ ਲੈਕਚਰ ਦਿੱਤਾ।[4] 29 ਜਨਵਰੀ 1912 ਨੂੰ ਪੈਂਡਰ ਸਟਰੀਟ ਵੈਨਕੂਵਰ 'ਤੇ ਸਥਿਤ ਪੈਂਡਰ ਹਾਲ ਵਿਚ ਹਿੰਦੀਆਂ ਦਾ ਸਾਂਝਾ ਜਲਸਾ ਹੋਇਆ। ਲਗਭਗ 400 ਵਿਅਕਤੀ ਇਸ 'ਚ ਹਾਜ਼ਰ ਹੋਏ। ਅੰਟਵਾ ਡੈਪੂਟੇਸ਼ਨ ਦੇ ਮੈਂਬਰਾਂ ਨੇ ਵੀ ਆਪਣੀ ਮੁਲਕਾਤ ਦਾ ਸਭ ਹਾਲ ਦੱਸਿਆ। ਹੇਠ ਲਿਖੇ ਮਤੇ ਪਾਸ ਹੋਏ:-

ਮਤਾ ਨੰਬਰ 1 ਜੋ ਸੰਤ ਤੇਜਾ ਸਿੰਘ ਨੇ ਪੇਸ਼ ਕੀਤਾ, ਅਨੁਸਾਰ, "ਅਸੀਂ ਸਾਰੇ ਹਿੰਦੁਸਤਾਨੀ ਭਾਈ ਆਪਣੇ ਬਾਲਬੱਚੇ ਨੂੰ ਇਸ ਦੇਸ਼ ਵਿਚ ਲਿਆਉਣ ਦੇ ਹੱਕ ਪ੍ਰਾਪਤ ਕਰਨ ਅਤੇ ਹੋਰ ਸਾਰੀਆਂ ਰੁਕਾਵਟਾਂ ਦੂਰ ਕਰਨ ਬਾਬਤ, ਜਿਨ੍ਹਾਂ ਦੀ ਸਾਡੇ ਡੈਲੀਗੇਟ ਅੰਟਵਾ ਸਰਕਾਰ ਨੂੰ ਅਰਜ਼ ਕਰਕੇ ਆਏ ਹਨ, ਇਕ ਰਾਏ ਨਾਲ ਮੰਗ ਕਰਦੇ ਹਾਂ।" ਇਸ ਮਤੇ ਦੀ ਤਾਈਦ ਮਿ. ਰਹੀਮ ਨੇ ਕੀਤੀ ਤੇ ਸਰਬ ਸੰਮਤੀ ਨਾਲ ਮਤਾ ਪਾਸ ਹੋ ਗਿਆ।

ਮਤਾ ਨੰਬਰ 2 ਵੀ ਸੰਤ ਤੇਜਾ ਸਿੰਘ ਨੇ ਪੇਸ਼ ਕੀਤਾ ਜਿਸ ਅਨੁਸਾਰ, " ਇਸ ਮੁਲਕ ਵਿਚ ਰਹਿਣ ਵਾਲੇ ਸਭ ਭਾਈਆਂ ਦਾ ਫਰਜ਼ ਹੈ ਕਿ ਆਪਣੇ ਮਜ਼ਬੂਬੀ ਖਿਆਲਾਂ ਨੂੰ ਲਾਂਭੇ ਰੱਖਕੇ ਇਕੱਠੇ ਹੋ ਕੇ ਕੰਮ ਕਰੀਏ ਅਤੇ ਕੈਨੇਡਾ ਵਿਚ ਆਪਣੇ ਅਧਿਕਾਰ ਪ੍ਰਾਪਤ ਕਰੀਏ ਤੇ ਰੋਕਾਂ ਨੂੰ ਦੂਰ ਕਰਾਈਏ।" ਸਰਦਾਰ ਕਰਤਾਰ ਸਿੰਘ ਨਵਾਂ ਚੰਦ ਨੇ ਇਸ ਦੀ ਤਾਈਦ ਕੀਤੀ। ਇਹ ਮਤਾ ਵੀ ਸਰਬਸੰਮਤੀ ਨਾਲ ਪਾਸ ਹੋ ਗਿਆ। ਹੁਣ ਘੋਲ ਜਥੇਬੰਦਕ ਰੂਪ 'ਚ ਲੀਹ 'ਤੇ ਪੈ ਚੁੱਕਾ ਸੀ।

ਹਵਾਲੇ ਤੇ ਟਿੱਪਣੀਆਂ:

1. Josh, Sohan Singh, Hidustan Gadar Party (A Short Story), p. 72
2. Kasar Singh, Canadian Sikhs (Part One) And Komagata Maru Massacre, p. 66
3. ਢਿਲੋਂ, ਮਹਿੰਦਰ ਸਿੰਘ, ਕੈਨੇਡਾ ਵਿਚ ਸਿੱਖ, ਸਫਾ 109
4. Isabella, Ross Broad, An appeal for fair play for the Sikhs of Canada.ਉਪ ਲਿਖਤ ਸਫਾ ,112

Sri Satguru Jagjit Singh Ji eLibrary NamdhariElibrary@gmail.com

ਜਨਤਕ ਲਹਿਰ

ਪਰਿਵਾਰ ਮੰਗਾਉਣ ਲਈ ਕੈਨੇਡਾ ਦੀ ਫੈਡਰਲ ਸਰਕਾਰ ਅੱਗੇ ਬੇਨਤੀ ਕਰਨ ਲਈ ਜੋ ਡੈਪੂਟੇਸ਼ਨ ਅੰਟਵੇ ਗਿਆ ਸੀ ਖਾਲੀ ਹੱਥੀਂ ਵਾਪਸ ਆ ਗਿਆ। ਪਰ ਉਨ੍ਹਾਂ ਨੇ ਆਪਣੇ ਜਲਸੇ ਕਰਕੇ ਤੇ ਅਖਬਾਰਾਂ ਵਿਚ ਲੇਖ ਲਿਖ ਕੇ ਆਪਣਾ ਕੇਸ ਲੋਕਾਂ ਅੱਗੇ ਰੱਖਣਾ ਸ਼ੁਰੂ ਕੀਤਾ।

ਖਾਲਸਾ ਦੀਵਾਨ ਸੁਸਾਇਟੀ ਨੇ ਟੱਬਰ ਲਿਆਉਣ ਦੇ ਹੱਕ ਵਿਚ ਜਨਤਕ ਲਹਿਰ ਚਲਾ ਦਿੱਤੀ। 16 ਅਪ੍ਰੈਲ 1911 ਨੂੰ ਸਾਰੇ ਭਾਰਤੀਆਂ ਦੀ ਖਾਲਸਾ ਦੀਵਾਨ ਸੁਸਾਇਟੀ ਦੀ ਅਗਵਾਈ ਹੇਠ ਵੈਨਕੂਵਰ ਵਿਚ ਹੋਈ ਜਨਤਕ ਮੀਟਿੰਗ ਨੇ ਫੈਡਰਲ ਸਰਕਾਰ ਤੋਂ ਮੰਗ ਕੀਤੀ ਕਿ:

1. ਹਿੰਦੀਆਂ ਨੂੰ ਟੱਬਰ ਲਿਆਉਣ ਦੀ ਖੁੱਲ੍ਹ ਹੋਵੇ।
2. ਅਮਰੀਕਾ ਤੋਂ ਆਪਣੇ ਕੰਮ ਕਾਰ ਲਈ ਕੈਨੇਡਾ ਆਉਣ ਵਾਲਿਆਂ ਉਤੇ ਸਿੱਧੇ ਸਫਰ ਦੀ ਰੋਕ ਨਾ ਲਾਈ ਜਾਵੇ।
3. ਇਕ ਹੋਰ ਮਤੇ ਵਿਚ ਆਪਣੀ ਵਫਾਦਾਰੀ ਦਾ ਅਹਿਸਾਨ ਜਤਾਉਂਦਿਆਂ ਕਿਹਾ ਗਿਆ ਕਿ ਲੰਡਨ ਵਿਚ ਇਸ ਸਾਲ ਹੋਣ ਵਾਲੀ ਸਾਮਰਾਜੀ ਕਾਨਫਰੰਸ ਵਿਚ ਭਾਰਤੀਆਂ ਦਾ ਅੰਗਰੇਜ਼ੀ ਰਾਜ ਦੀਆਂ ਸਮੂਹ ਬਸਤੀਆਂ ਵਿਚ ਵਸਨੀਕੀ ਹੱਕ ਮੰਨ ਲਿਆ ਜਾਵੇ। ਮੀਟਿੰਗ ਵਿਚ ਹਾਜ਼ਰ ਮੁਸਲਿਮ ਹਿੰਦੀਆਂ ਨੇ ਇਕ ਮਤੇ ਰਾਹੀਂ ਐਲਾਨ ਕੀਤਾ ਕਿ ਉਹ ਸਮੂਹ ਹਿੰਦੀਆਂ ਦੇ ਨਾਲ ਹਨ ਤੇ ਇਹਨਾਂ ਮੰਗਾਂ ਦੀ ਪ੍ਰੋੜ੍ਹਤਾ ਕਰਦੇ ਹਨ। ਇਨ੍ਹਾਂ ਮਤਿਆਂ ਦੀਆਂ ਨਕਲਾਂ ਬਸਤੀਆਂ ਦੇ ਲੰਡਨ ਵਾਲੇ ਦਫਤਰ, ਕੈਨੇਡਾ ਦੇ ਗਵਰਨਰ ਜਨਰਲ, ਹਿੰਦ ਦੇ ਵਾਇਸਰਾਏ ਤੇ ਪੰਜਾਬ 'ਚ ਸਰ ਸ਼ਾਦੀ ਲਾਲ, ਉਮਰ ਹਯਾਤ ਖਾਂ ਟਿਵਾਨਾ, ਸਰ ਪ੍ਰਤਾਪ ਸਿੰਘ ਤੇ ਮਿ. ਗੋਖਲੇ ਨੂੰ ਭੇਜੀਆਂ ਗਈਆਂ।[1]

ਕੈਨੇਡਾ ਦੀ ਮਿੱਤਰ ਸੁਸਾਇਟੀ ਨੇ ਜਿਸ ਦੇ ਪ੍ਰਧਾਨ ਰਾਬਰਟ ਕਲਾਰਕ ਅਤੇ ਸਕੱਤਰ ਐਲ. ਡਬਲਿਊ. ਹਾਲ ਸਨ ਹਿੰਦ ਸਰਕਾਰ ਅਤੇ ਕੈਨੇਡਾ ਸਰਕਾਰ ਨੂੰ ਅਰਜ਼ੀਆਂ ਭੇਜੀਆਂ ਕਿ ਹਿੰਦੀਆਂ ਦੀਆਂ ਇਹ ਮੰਗਾਂ ਮੰਨ ਲਈਆਂ ਜਾਣ ਤਾਂ ਕਿ ਉਹ ਆਪਣੇ ਪਰਿਵਾਰ ਲਿਆ ਸਕਣ।

ਅੰਗਰੇਜ਼ ਸਾਮਰਾਜ ਦੁਨੀਆਂ ਦੀਆਂ ਮੰਡੀਆਂ ਤੇ ਆਪਣੇ ਹੇਠ ਦੱਬੇ ਹੋਏ ਦੇਸਾਂ ਦੀ ਹਾਲਤ ਉਪਰ ਵਿਚਾਰਾਂ ਕਰਨ ਤੇ ਸਾਂਝੇ ਫੈਸਲੇ ਲੈਣ ਲਈ ਦਸੀਂ ਬਾਰੀਂ ਸਾਲੀਂ ਲੰਡਨ ਵਿਚ ਸਾਮਰਾਜੀ ਕਾਨਫਰੰਸ ਦੇ ਨਾਂ ਹੇਠਾਂ ਆਪਣਾ ਇਕੱਠ ਕਰਦੇ ਸਨ ਜਿਸ ਵਿਚ ਬਰਤਾਨੀਆਂ ਦੀਆਂ ਬਸਤੀਆਂ ਦੇ ਵਜ਼ੀਰ ਹਾਜ਼ਰ ਹੁੰਦੇ ਸਨ ਤੇ ਹਿੰਦੁਸਤਾਨ ਵਲੋਂ ਵਜ਼ੀਰ ਹਿੰਦ ਜਾਂ ਉਸ ਦਾ ਕੋਈ ਕਾਰ-ਮੁਖਤਾਰ ਇਸ ਵਿਚ ਸ਼ਾਮਲ ਹੁੰਦਾ ਸੀ। 1897 ਦੀ ਪਹਿਲੀ ਕਾਨਫਰੰਸ ਤੋਂ ਬਾਅਦ ਦੂਸਰੀ ਕਾਨਫਰੰਸ ਜੂਨ 1911 ਦੇ ਆਖਰੀ ਹਫਤੇ ਲੰਡਨ ਵਿਚ ਸ਼ੁਰੂ ਹੋਈ।

11 ਨਵੰਬਰ 1910 ਨੂੰ ਲੰਡਨ ਦੀ ਮੁਸਲਿਮ ਲੀਗ ਨੇ ਮੰਗ ਕੀਤੀ ਕਿ ਇਸ ਕਾਨਫਰੰਸ 'ਚ ਸਾਮਰਾਜੀ ਬਸਤੀਆਂ ਵਿਚ ਹਿੰਦੀਆਂ ਦੇ ਦਾਖਲੇ ਦਾ ਸਵਾਲ ਵਿਚਾਰਿਆ ਜਾਵੇ ਤੇ ਇਸ ਵਿਚ ਹਿੰਦੁਸਤਾਨ ਦਾ ਵੀ ਕੋਈ ਪ੍ਰਤੀਨਿਧ ਲਿਆ ਜਾਵੇ।[2]

16 ਅਪ੍ਰੈਲ 1911 ਨੂੰ ਸ੍ਰੀ ਹਸਨ ਰਹੀਮ, ਜੀ. ਡੀ. ਕੁਮਾਰ, ਡਾਕਟਰ ਸੁੰਦਰ ਸਿੰਘ, ਕਰਤਾਰ ਸਿੰਘ, ਪੰਡਤ ਬਾਲਮੁਕੰਦ ਸਕਰੂਲੀ, ਸਰੇਂਦਰ ਮੋਹਣ ਬੋਸ ਤੇ ਪ੍ਰੀਤਮ ਸਿੰਘ ਆਦਿ ਵੈਨਕੂਵਰ ਦੇ ਹਿੰਦੀ ਲੀਡਰਾਂ ਨੇ ਵੀ ਇਕ ਮਤਾ ਪਾਸ ਕਰਕੇ ਵਜ਼ੀਰ ਹਿੰਦ ਨੂੰ ਘੱਲਿਆ ਕਿ ਇਮਪੀਰੀਅਲ ਦੇ ਕਾਨਫ਼ਰੰਸ ਵਿਚ ਇਸ ਮਤੇ ਉਤੇ ਧਿਆਨ ਦਿੱਤਾ ਜਾਏ। ਮਤੇ ਵਿਚ ਮੰਗ ਕੀਤੀ ਗਈ ਕਿ:

1. ਹਿੰਦੀਆਂ ਨੂੰ ਟੱਬਰਾਂ ਨੂੰ ਲਿਆਉਣ ਵਿਚ ਕੋਈ ਰੁਕਾਵਟ ਨਾ ਹੋਵੇ।
2. ਹਰ ਸਾਲ ਤਿੰਨ ਕੁ ਸੌ ਹਿੰਦੀ ਕੈਨੇਡਾ ਆਉਣ ਦਿੱਤੇ ਜਾਇਆ ਕਰਨ।
3. ਵਪਾਰੀਆਂ, ਕਾਰ-ਵਿਹਾਰੀ ਬੰਦਿਆਂ ਤੇ ਵਿਦਿਆਰਥੀਆਂ ਨੂੰ ਬਿਨਾਂ ਸ਼ਰਤ ਆਉਣ ਦਿੱਤਾ ਜਾਵੇ।
4. ਅਮਰੀਕਾ ਵਿਚ ਵੱਸ ਰਹੇ ਹਿੰਦੀਆਂ ਨੂੰ ਆਪਣਾ ਕਾਰ ਵਿਹਾਰ ਵੇਖਣ ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਲਈ ਕੈਨੇਡਾ ਤੇ ਕੈਨੇਡਾ ਵਾਲਿਆਂ ਨੂੰ ਅਮਰੀਕਾ ਆਉਣ ਜਾਣ ਦੀ ਖੁੱਲ੍ਹ ਹੋਵੇ।

ਇਸ ਤਰ੍ਹਾਂ ਹਿੰਦੀਆਂ ਦੇ ਕੈਨੇਡਾ ਵਿਚ ਦਾਖਲੇ ਉਤੇ ਪਾਬੰਦੀਆਂ ਦਾ ਸਵਾਲ ਇਮਪੀਰੀਲਅਲ ਕਾਨਫ਼ਰੰਸ ਦੇ ਏਜੰਡੇ ਦਾ ਵਿਸ਼ੇਸ਼ ਸਵਾਲ ਬਣ ਗਿਆ। ਇਸ ਕਾਨਫਰੰਸ ਦੇ ਫੈਸਲੇ ਤੋਂ ਸਭ ਸਾਮਰਾਜੀਆਂ ਦੀਆਂ ਮਾਮੀਆਂ ਫੁਫੀਆਂ ਇਕ ਹੋਣ ਦਾ ਭੇਦ ਖੁੱਲ੍ਹ ਗਿਆ। ਹਿੰਦ ਸਰਕਾਰ ਦੀਆਂ ਅਗਸਤ 1911 ਦੀ ਮਿਸਲ ਵਿਚ ਲੱਗੀਆਂ ਘਾਟਾਂ ਦੇ ਮਹਿਕਮੇ ਦੀਆਂ 2 ਤੋਂ 17 ਨੰਬਰ ਤਕ ਦੀਆਂ ਕਾਰਵਾਈਆਂ ਵਿਚੋਂ ਹਿੰਦੀਆਂ ਬਾਰੇ ਸਾਮਰਾਜੀ ਸਕੀਮ ਦਾ ਰੁਖ ਨਿਤਰਕੇ ਸਾਫ ਹੋ ਜਾਂਦਾ ਹੈ। ਮੁਸਲਿਮ ਲੀਗ ਲੰਡਨ ਦੀ ਹਿੰਦੀ ਨੁਮਾਇੰਦੇ ਵਾਲੀ ਮੰਗ ਦਾ ਜਵਾਬ ਇਹ ਦਿੱਤਾ ਗਿਆ ਕਿ 'ਕਾਨਫਰੰਸ ਕੇਵਲ ਵਜ਼ੀਰਾਂ ਦੀ ਹੀ ਹੋ ਰਹੀ ਹੈ। ਹਿੰਦੀ ਕੋਈ ਵਜ਼ੀਰ ਨਹੀਂ ਹੈ। ਇਸ ਲਈ ਕੋਈ ਹਿੰਦੀ ਇਸ ਵਿਚ ਸ਼ਾਮਲ ਨਹੀਂ ਹੋ ਸਕਦਾ।" (ਕਾਰਵਾਈ 2, ਸਫਾ।)

"ਹਿੰਦ ਸਰਕਾਰ ਨੇ ਸਵੈ-ਰਾਜ ਵਾਲੀਆਂ ਬਸਤੀਆਂ ਦੀ ਇਸ ਇੱਛਾ ਨੂੰ ਮੰਨ ਲਿਆ ਹੋਇਆ ਹੈ ਕਿ ਚਿੱਟੇ ਆਦਮੀਆਂ ਦੇ ਦੇਸ਼ ਉਨ੍ਹਾਂ (ਚਿੱਟਿਆਂ) ਲਈ ਹੀ ਮਖਸੂਸ ਰਹਿਣ।" (ਸਫਾ 3)

Sri Satguru Jagjit Singh Ji eLibrary NamdhariElibrary@gmail.com

"ਕੈਨੇਡਾ ਤੇ ਆਸਟਰੇਲੀਆ ਵਿਚੋਂ ਹਿੰਦੀਆਂ ਨੂੰ ਬਾਹਰ ਰੱਖਣ ਦੀ ਪਾਲਿਸੀ ਨਾਲ ਹਿੰਦ ਸਰਕਾਰ ਦੀ ਤਸੱਲੀ ਹੈ।" (ਸਫਾ 4)

5 ਮਈ 1911 ਨੂੰ ਹਿੰਦ ਸਰਕਾਰ ਨੇ ਵਜ਼ੀਰ ਹਿੰਦ ਦੀ ਇਸ ਸਲਾਹ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਕਾਨਫ਼ਰੰਸ ਦੀ ਕਾਰਵਾਈ ਖੁਫੀਆ ਰੱਖੀ ਜਾਏ, ਕਿਉਂਕਿ ਉਥੇ ਕਈ ਸਵਾਲ ਐਸੇ ਉੱਠ ਪੈਣੇ ਤੇ ਗੱਲਾਂ ਨਿਕਲ ਜਾਣੀਆਂ ਹਨ, ਜਿਨ੍ਹਾਂ ਦਾ ਹਿੰਦੀਆਂ ਉਤੇ ਬੁਰਾ ਅਸਰ ਪਏਗਾ ਤੇ ਹਿੰਦ ਦੇ ਗਰਮ ਧੜੇ ਦੀ ਪਾਰਟੀ ਇਸ "ਸਰਕਾਰ ਹਿੰਦ ਦੀ ਤਸੱਲੀ" ਵਾਲੀ ਗੱਲ ਨੂੰ ਪ੍ਰਚਾਰ ਵਾਸਤੇ ਵਰਤੇਗੀ। (ਕਾਰਵਾਈ 13, ਸਫਾ 8–9)

ਹਿੰਦ ਸਰਕਾਰ ਵਲੋਂ ਪੇਸ਼ ਕੀਤੇ ਗਏ ਯਾਦ ਪੱਤਰ ਵਿਚ ਇਹ ਤਰਮੀਮ ਕਰ ਦਿੱਤੀ ਗਈ ਕਿ "ਮੌਜੂਦਾ ਇੰਤਜ਼ਾਮ ਨਾਲ ਹਿੰਦ ਸਰਕਾਰ ਦੀ ਤਸੱਲੀ ਹੈ।" ਦੀ ਥਾਂ "ਮੌਜੂਦਾ ਇੰਤਜ਼ਾਮ ਉਤੇ ਹਿੰਦ ਸਰਕਾਰ ਨੇ ਇਤਰਾਜ਼ ਨਹੀਂ ਕੀਤਾ।" (ਉਪਰੋਕਤ ਸਫਾ 9)

ਹਿੰਦ ਸਰਕਾਰ ਨੇ 30 ਜੂਨ 1911 ਨੂੰ ਆਪਣਾ ਯਾਦ ਪੱਤਰ ਪੇਸ਼ ਕੀਤਾ ਜਿਸ ਵਿਚ ਹਿੰਦ ਸਰਕਾਰ ਨੇ ਬਸਤੀਆਂ ਦੇ ਚਿੱਟੇ ਵਸਨੀਕਾਂ ਦੇ ਇਸ ਦ੍ਰਿੜ ਇਰਾਦੇ ਨਾਲ ਹਮਦਰਦੀ ਪ੍ਰਗਟ ਕੀਤੀ ਕਿ ਉਹਨਾਂ ਦੇਸ਼ਾਂ ਵਿਚ ਸਭਿਅਤਾ, ਮਜ਼ਹਬ ਤੇ ਰਿਵਾਜ਼ਾਂ ਵਿਚ ਪਰਾਏ ਲੋਕ ਨਾ ਜਾਣ। ਇਹਨਾਂ ਦੇ ਜਾਣ ਨਾਲ ਚਿੱਟੇ ਮਜ਼ਦੂਰਾਂ ਦੇ ਹੱਕਾਂ ਨੂੰ ਨੁਕਸਾਨ ਪੁੱਜਦਾ ਹੈ।

"ਕਿਉਂਕਿ ਅਜਿਹੇ ਲੋਕਾਂ ਦੇ ਆਉਣ ਨੂੰ ਹਰ ਕੀਮਤ ਉਤੇ ਰੋਕਣਾ ਜ਼ਰੂਰੀ ਹੈ, ਇਸ ਲਈ ਅਸੀਂ ਇਸ ਤਰ੍ਹਾਂ ਦੇ ਲੋਕਾਂ ਦੇ ਆਉਣ ਉਤੇ ਰੋਕ ਲਗਾਉਣ ਦੀ ਕੋਈ ਵਿਰੋਧਤਾ ਨਹੀਂ ਕਰਾਂਗੇ ਪਰ ਬਾਦਸ਼ਾਹ ਸਲਾਮਤ ਨੂੰ ਬੜਾ ਹੀ ਦੁੱਖ ਹੋਵੇਗਾ ਜਦੋਂ ਨਸਲ ਤੇ ਰੰਗ ਦੇ ਲਿਹਾਜ਼ ਨਾਲ ਇਕ ਵਡਿਓਂ ਸਾਰੇ ਹਿੰਦੀਆਂ ਤੇ ਏਸ਼ੀਆਈਆਂ ਨੂੰ ਆਉਣੋ ਰੋਕ ਦਿੱਤਾ ਜਏ।" ਹਿੰਦ ਸਰਕਾਰ ਨੇ ਜ਼ੋਰ ਇਸ ਗੱਲ ਉਤੇ ਦਿੱਤਾ ਕਿ "ਮਜ਼ਦੂਰਾਂ ਤੇ ਦਸਤਕਾਰਾਂ ਉਤੇ ਰੋਕ ਲਾ ਦਿੱਤੀ ਜਾਏ, ਪਰ ਧਨੀ ਵਪਾਰੀਆਂ, ਰਾਜਿਆਂ, ਅਮੀਰਾਂ ਤੇ ਵਿਦਿਆਰਥੀਆਂ ਉਤੇ ਰੋਕ ਨਾ ਲਾਈ ਜਾਵੇ ਤਾਂ ਜੋ ਆਉਣੋ ਰੋਕਣ ਦਾ ਸਵਾਲ ਨਸਲ ਤੇ ਰੰਗ ਦਾ ਸਵਾਲ ਨਾ ਜਾਪੇ। ਨਸਲ ਤੇ ਰੰਗ ਦਾ ਸਵਾਲ ਅੰਗਰੇਜ਼ੀ ਰਾਜ ਵਾਸਤੇ ਬਹੁਤ ਖਤਰਨਾਕ ਹੈ।"

ਹਿੰਦ ਸਰਕਾਰ ਨੇ ਆਪਣੀ ਰਾਏ ਪ੍ਰਗਟ ਕੀਤੀ ਹੈ ਕਿ "ਨਸਲ ਤੇ ਰੰਗ ਦੇ ਆਧਾਰ 'ਤੇ ਲਾਈਆਂ ਪਾਬੰਦੀਆਂ ਦੇ ਸਵਾਲ ਉਤੇ ਫਸਾਦੀ ਐਜੀਟੇਟਰ (ਹਿੰਦ ਵਿਚ ਅੰਗਰੇਜ਼ ਰਾਜ ਦੇ ਦੁਸ਼ਮਣ ਭਾਵ 'ਦੇਸ਼ ਭਗਤ') ਤੇ ਅੰਗਰੇਜ਼ ਰਾਜ ਦੇ ਵਫਾਦਾਰ (ਦੇਸ਼ ਭਗਤਾਂ ਦੀ ਜੁਬਾਨ ਵਿਚ ਗਦਾਰ) ਇਕਮੁੱਠ ਹੋ ਜਾਣਗੇ।"

ਆਖਰਕਾਰ ਹਿੰਦ ਸਰਕਾਰ ਨੇ ਟੱਬਰਾਂ ਤੇ ਜ਼ਰੂਰੀ ਕੰਮ ਲਈ ਕਿਸੇ ਰਿਸ਼ਤੇਦਾਰ ਨੂੰ ਆਰਜ਼ੀ ਤੌਰ 'ਤੇ ਮਿਲਣ ਆਉਣ ਉਤੇ ਕੋਈ ਪਾਬੰਦੀ ਨਾ ਲਾਈ ਜਾਣ ਉੱਤੇ ਜ਼ੋਰ ਦਿੱਤਾ। (ਕਾਰਵਾਈ ਨੰਬਰ 17 ਸਫਾ 26–33) ਇਮਪੀਰੀਅਲ ਕਾਨਫ਼ਰੰਸ ਨੇ ਇਹ ਫੈਸਲਾ ਕਰ ਦਿੱਤਾ ਕਿ "ਬਸਤੀਆਂ ਅਜਿਹੇ ਬੰਦਿਆਂ ਨੂੰ ਨਾ ਆਉਣ ਦੇਣ, ਜਿਹਨਾਂ ਦਾ ਜੀਵਨ ਬਸਤੀਆਂ ਦੇ ਰਾਜਸੀ ਤੇ ਸਮਾਜੀ ਆਸ਼ਿਆਂ ਨਾਲ ਨਾ ਰਲਦਾ ਹੋਵੇ।" ਇਸ ਹਕੀਕਤ ਨੂੰ ਮੰਨ ਕੇ ਕੈਨੇਡਾ ਵਿਚ ਵਸ ਰਹੇ ਹਿੰਦੀਆਂ ਦੇ ਸਵਾਲ ਨੂੰ ਹਿੰਦ ਸਰਕਾਰ ਨੇ ਅਜਿਹੀ ਚਤਰਾਈ ਨਾਲ ਪੇਸ਼ ਕੀਤਾ ਕਿ ਇਹ ਸਵਾਲ ਨਸਲੀ ਜਾਂ ਰੰਗ ਦਾ ਸਵਾਲ ਨਾ ਦਿਸੇ। ਇਸ ਲਈ ਉਸ ਨੇ ਟੱਬਰਾਂ, ਤਕੜੇ ਵਪਾਰੀਆਂ, ਰਾਜਿਆਂ ਤੇ ਵਿਦਿਆਰਥੀਆਂ ਦੇ ਕੈਨੇਡਾ ਦਾਖਲ ਹੋਣ ਦੀ ਮੰਗ ਕੀਤੀ। ਕੈਨੇਡਾ ਦੇ ਹਿੰਦੀ ਲੀਡਰ ਭੀ ਤਕਰੀਬਨ ਇਸੇ ਹੀ ਮੰਗ ਉਤੇ ਖੜ੍ਹੇ ਸਨ। (ਸਾਫਾ 20) ਪਰ ਕੈਨੇਡਾ ਸਰਕਾਰ ਆਪਣੇ ਹੱਠ ਉਤੇ ਅੜੀ ਰਹੀ ਤੇ ਉਸ ਨੇ ਨਾ ਟੱਬਰਾਂ ਨੂੰ ਸਿੱਧੀਆਂ ਟਿਕਟਾਂ ਲੈਣ ਦਿੱਤੀਆਂ ਤੇ ਨਾ ਹੀ ਸੌਖੇ ਹੱਥ ਆਰਜ਼ੀ ਤੌਰ 'ਤੇ ਆਉਣ ਵਾਲਿਆਂ ਤੋਂ ਪਾਬੰਦੀਆਂ ਚੁੱਕੀਆਂ।

17 ਮਈ 1911 ਨੂੰ ਭਾਈ ਭਾਗ ਸਿੰਘ ਭਿਖੀਵਿੰਡ ਤੇ ਭਾਈ ਬਲਵੰਤ ਸਿੰਘ ਖੁਰਦਪੁਰ (ਜਿਹੜੇ ਖਾਲਸਾ ਦੀਵਾਨ ਸੁਸਾਇਟੀ ਦੇ ਆਗੂ ਸਨ ਤੇ ਟੱਬਰ ਲੈ ਕੇ ਵੈਨਕੂਵਰ ਜਾਣ ਲਈ ਸਿੱਧੇ ਟਿਕਟ ਲੈਣ ਦੀ ਕੋਸ਼ਿਸ਼ ਵਿਚ ਸਨ) ਨੇ ਕਲੱਕਤਿਓਂ ਵਾਇਸਰਾਇ ਹਿੰਦ ਨੂੰ ਤਾਰ ਦਿੱਤੀ ਕਿ ਕਲਕੱਤੇ ਵਿਚ ਜ਼ਹਾਜ਼ਾਂ ਦੀਆਂ ਕੰਪਨੀਆਂ ਇਨ੍ਹਾਂ ਨੂੰ ਕੈਨੇਡਾ ਦੀਆਂ ਸਿੱਧੀਆਂ ਟਿਕਟਾਂ ਨਹੀਂ ਦੇ ਰਹੀਆਂ ਹਨ।[3] ਹਿੰਦ ਸਰਕਾਰ ਨੇ ਜਵਾਬ ਦਿੱਤਾ ਕਿ ਹਿੰਦ ਸਰਕਾਰ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੀ, ਉਹ ਕੈਨੇਡਾ ਦੀ ਸਰਕਾਰ ਨੂੰ ਲਿਖਣ। ਕੈਨੇਡਾ ਦੀ ਸਰਕਾਰ ਨੇ ਵੀ ਭੇਜੀਆਂ ਤਾਰਾਂ ਦਾ ਕੋਈ ਜਵਾਬ ਨਾ ਦਿੱਤਾ। ਭਾਗ ਸਿੰਘ ਤੇ ਬਲਵੰਤ ਸਿੰਘ ਸਮੇਤ ਪਰਿਵਾਰ ਕਈ ਮਹੀਨੇ ਕਲੱਕਤੇ ਖੱਜਲ ਖੁਆਰ ਹੋ ਕੇ ਹਾਂਗਕਾਂਗ ਨੂੰ ਚੜ੍ਹ ਗਏ। ਹਾਂਗਕਾਂਗ ਤੋਂ ਵੀ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਟੱਬਰਾਂ ਨੂੰ ਕੈਨੇਡਾ ਦੀਆਂ ਟਿਕਟਾਂ ਨਾ ਦਿੱਤੀਆਂ ਗਈਆਂ। ਉਹ ਹਾਂਗਕਾਂਗ ਖੱਜਲ ਖੁਆਰ ਹੋਣ ਲੱਗੇ।

ਦੂਜੇ ਪਾਸੇ ਭਾਈ ਹੀਰਾ ਸਿੰਘ ਆਪਣੀ ਪਤਨੀ ਤੇ ਤਿੰਨ ਸਾਲ ਦੀ ਧੀ ਨੂੰ ਲੈ ਕੇ ਮੈਨਟੀਗਲ ਜਹਾਜ਼ ਰਾਹੀਂ 21 ਜੁਲਾਈ 1911 ਨੂੰ ਵੈਨਕੂਵਰ ਪੁੱਜ ਗਿਆ। ਵੈਨਕੂਵਰ ਉਤਰਨ ਲੱਗੇ ਤਾਂ ਇਮੀਗਰੇਸ਼ਨ ਦੇ ਮਹਿਕਮੇ ਨੇ ਰੋਕ ਲਿਆ। ਸਰਦਾਰਨੀ ਹੀਰਾ ਸਿੰਘ ਤੇ ਉਨ੍ਹਾਂ ਦੀ ਤਿੰਨ ਸਾਲਾ ਬੱਚੀ ਨਿਰੰਜਨ ਕੌਰ ਨੂੰ ਡੀਪੋਰਟ ਕਰਨ ਦਾ ਹੁਕਮ ਚਾੜ੍ਹ ਦਿੱਤਾ। ਜਦ ਤਕ ਜਹਾਜ਼ ਵਾਪਸ ਨਹੀਂ ਜਾਂਦਾ ਉਸ ਵੇਲੇ ਤੱਕ ਵਿਕਟੋਰੀਆ ਵਾਪਸ ਕਰਨ ਦਾ ਹੁਕਮ ਵੀ ਨਾਲ ਹੀ ਦੇ ਦਿੱਤਾ।

ਇਮੀਗਰੇਸ਼ਨ ਦੇ ਕਾਨੂੰਨ ਦੀ ਇਕ ਮੱਦ ਹੈ ਕਿ ਅੜਿੱਕੇ ਵਾਲੇ ਮੁਸਾਫਰ (ਜਿਸ ਨੂੰ ਰੋਕਿਆ ਗਿਆ ਹੋਵੇ) ਕੁਝ ਸਮੇਂ ਲਈ, ਭਾਵ ਜੇ ਜਹਾਜ਼ ਨੇ ਘਾਟ ਉਤੇ ਠਹਿਰਨਾ ਹੋਵੇ, ਜਾਂ ਜਹਾਜ਼ ਚਲਾ ਜਾਏ ਤਾਂ ਅਗਲੇ ਜਹਾਜ਼ ਦੇ ਤੁਰਨ ਤੱਕ, ਜ਼ਮਾਨਤ ਉੱਤੇ ਉੱਤਰ ਸਕਦਾ ਹੈ। ਇਸ ਕਾਨੂੰਨ ਦੀ ਧਾਰਾ ਨੇ ਭਾਰਤੀਆਂ ਨੂੰ ਕੇਸ ਲੜਨ ਦਾ ਮੌਕਾ ਦੇ ਦਿੱਤਾ। ਇਸ ਕਿਸਮ ਦਾ ਇਹ ਪਹਿਲਾ ਕੇਸ ਸੀ। ਕਾਨੂੰਨੀ

Sri Satguru Jagjit Singh Ji eLibrary NamdhariElibrary@gmail.com

ਲੜਾਈ ਸ਼ੁਰੂ ਹੋ ਗਈ।

ਭਾਈ ਹੀਰਾ ਸਿੰਘ ਦੇ ਪਰਿਵਾਰ ਨੂੰ ਜ਼ਮਾਨਤ ਉਤੇ ਉਤਾਰ ਲਿਆ ਗਿਆ। ਇਕ ਹਜ਼ਾਰ ਡਾਲਰ ਦੀ ਜ਼ਮਾਨਤ ਨਕਦ ਦਿੱਤੀ ਗਈ। ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ। ਕੇਸ ਦੇ ਫੈਸਲੇ ਤੱਕ ਹੁਕਮ ਇਮਤਨਾਈ ਲੈ ਲਿਆ ਗਿਆ। ਰਿਟ ਔਫ ਹੈਬੀਅਸ ਕੌਰਪਸ ਦੀ ਅਰਜ਼ੀ ਦੀ ਤਾਰੀਖ 1 ਅਗਸਤ 1911ਦਾਖਲ ਹੋ ਗਈ।

The immigration provides that passage for person from Indian port may be prepaid if a return passage is also deposited to service the company against loss in case of deportation.

ਭਾਈ ਹੀਰਾ ਸਿੰਘ ਆਪਣੀ ਧਰਮਪਤਨੀ ਤੇ ਤਿੰਨ ਸਾਲ ਦੀ ਧੀ ਦਾ ਦੋਹਰਾ ਕਿਰਾਇਆ ਰੱਖ ਕੇ ਆਇਆ ਸੀ, ਇਸ ਕਰਕੇ ਹੀਰਾ ਸਿੰਘ ਦੇ ਪਰਿਵਾਰ ਵਾਲਾ ਕੇਸ ਜਿਹੜਾ ਇਕ ਅਗਸਤ 1911 ਨੂੰ ਸੁਣਿਆ ਜਾਣਾ ਸੀ, ਉਸ ਉਪਰ ਆਧਰਿਤ ਹੀ ਇਮੀਗਰੇਸ਼ਨ ਵਿਭਾਗ ਨੇ ਫੈਸਲੇ ਕਰਨੇ ਸਨ।

The case of Hira Singh

The following letter appeared in the Victoria Daily Times and Colonidt of 26th July, 1911. A similar letter published in the Vancouver Province and News-Advertiser;

"To the Editor

Is it any wonder that the Hindus in British Columbia feel that they are not in reality living under British Rule?

On Friday last there arrived the S.S. Monteagle in Vancouver, and on that steamer were Hira Singh and his wife and three-year-old little girl.

The wife and girl were forcibly separated from the husband and father, and unless the federal authorities can be prevailed upon to act in their behalf they will be shipped back alone to India, while the husband and father stayed here to work and incidentally dwell over the fact that, as an old soldier of the King, a servant of the British Raj, and on British soil, he has been and is unjustly treated and oppressed.

Hira Singh came to Vancouver and worked hard for three years. He returned to India and has now come back, bringing his wife and daughter with him. He, as a Vancouver resident, is allowed to land, but Canadian law says that no Hindu unless coming direct from India can land here, and as all vessels come via China, this wife and child cannot legally accompany her husband and father ashore and so are held virtually prisoners. Today comes word that they have been released on bonds and they have to appear to receive their sentence on August Ist. In the meantime we can imagine what the feelings of Hira Singh must be. Are there any Christian politicians in Victoria or Vancouver will see the act of gross injustice is not perpetrated?

If these helpless ones are allowed to be shipped back in this heartless fashion, can we wonder if our fellow-subjects of India agitate against the government they suppose are doing this? And let us remember that in thus adding fuel to the fire it will be the people of the Dominion of Canada who are making as scourge for the back of the mother land, and some day should it fall we shall not go scot free.

Again for our own self-preservation, if for nothing else,let us give these men their family life. How would we feel if we immigrated to any eastern country and were not allowed to


Sri Satguru Jagjit Singh Ji eLibrary NamdhariElibrary@gmail.com

have our wives and children with us? There are over 6,000 Hindus in British Columbia, and I venture to assert that there are fewer criminals amongst them than any similar number of any other nationality.

There are today a number of women and children who are living lonely, wretched lives in Calcutta, whose husbands and fathers are waiting their arrival here. The steamship companies dare not bring them here, as the federal authorities will not allow them to land. In Hong King there are a number of relatives of men already here, and they are not allowed to come forward.

I am a strong Imperialist and long for the time to come when Great Britain, India, Canada,Australia,New Zealand, South Africa and the rest of the British Empire shall be really united. That a resident of one of the great dependencies, no matter what his color, shall be free to go to any other business may call him to.

Do we realize what our Indian troops have done for the Empire in the many wars of the past century that Great Britain has been engaged in? If they are not treated as British subjects in the great self-governing Dominions, how can we expect them to take their part in the future as they have done in the past?



ਰਾਮ ਸਿੰਘ ਧੁਲੇਤਾ

I would say to all who are lovers of justice to help our fellow subjects, who are so far from the land of their birth, to get their rights in the country of their adoption and to help them to get their wives and families here"

ਵੈਨਕੂਵਰ ਦੇ 27 ਮਈ 1911 ਦੇ ਹਫਤਾਵਾਰੀ ਪਰਚੇ, 'ਸੈਚਰਡੇਅ ਸਨਸੈੱਟ' ਵਿਚ ਇਸ ਕੇਸ ਦੀ ਪੈੜਤਾ ਕਰਦਾ ਇਕ ਲੇਖ ਛਪਿਆ, "ਹਿੰਦੂ ਇਥੇ ਹਨ, ਅੰਗਰੇਜ਼ੀ ਰਿਆਇਆ ਹਨ। ਬੜੀਆਂ ਬੜੀਆਂ ਜਾਇਦਾਦਾਂ ਦੇ ਮਾਲਕ ਹਨ। (1911 ਤੱਕ ਸਿੱਖਾਂ ਨੇ ਇਥੇ ਪੌਣੇ ਦੋ ਕਰੋੜ ਰੁਪਇਆ ਲਾਇਆ ਹੋਇਆ ਸੀ। ਇਕੱਲੇ ਰਾਮ ਸਿੰਘ ਧੁਲੇਤੀਏ ਕੋਲ ਇਕ ਲੱਖ ਪੱਚਾਸੀ ਹਜ਼ਾਰ ਦੀ ਜ਼ਮੀਨ ਸੀ।) ਜਦ ਤਕ ਉਹ ਕਾਨੂੰਨ ਨਹੀਂ ਭੰਗ ਕਰਦੇ ਉਨ੍ਹਾਂ ਨੂੰ ਇਥੇ ਆਪਣੇ ਢੰਗ ਨਾਲ ਆਪਣਾ ਜੀਵਨ ਭੋਗਣ ਦਾ ਹੱਕ ਹੈ। ਅਸਾਂ ਉਨ੍ਹਾਂ ਨੂੰ ਆਉਣ ਦਿੱਤਾ, ਜਾਇਦਾਦਾਂ ਬਣਾਉਣ ਦਿੱਤੀਆਂ ਤਾਂ ਫਿਰ ਅਸੀਂ ਉਨ੍ਹਾਂ ਨੂੰ ਗ੍ਰਹਿਸਤੀ ਜੀਵਨ ਭੋਗਣ ਦੀ ਆਗਿਆ ਕਿਉਂ ਨਹੀਂ ਦੇ ਰਹੇ? ਬਰਤਾਨੀਆਂ ਦੀ ਰਿਆਇਆ ਦੇ ਹਰ ਬੰਦੇ ਦਾ ਇਹ ਨਾ ਖੋਹਿਆ ਜਾਣ ਵਾਲਾ ਹੱਕ ਹੈ ਕਿ ਉਹ ਆਪਣਾ ਟੱਬਰ ਨਾਲ ਰੱਖੇ ਜਾਂ ਜਿਥੇ ਜਾਏ ਉਥੇ ਲੈ ਜਾਏ..... ਹੋਰ ਹਿੰਦੂ ਨਾ ਆਉਣ ਦਿਓ, ਪਰ ਆਇਆਂ ਹੋਇਆਂ ਦੇ ਤਾਂ ਸ਼ਹਿਰੀ ਤੇ ਬਰਤਾਨਵੀ ਰੱਯਤ ਹੋਣ ਦੇ ਹੱਕ ਮੰਨੋ ਤੇ ਉਨ੍ਹਾਂ ਨੂੰ ਆਪਣੇ ਟੱਬਰ ਲਿਆ ਕੇ ਆਪਣੀਆਂ ਖੁਸ਼ੀਆਂ ਵਿਚ ਵਾਧਾ ਕਰਨ ਦਿਓ। [4]

Sri Satguru Jagjit Singh Ji eLibrary NamdhariElibrary@gmail.com

ਕੈਨੇਡਾ ਸਰਕਾਰ ਨੇ ਲੋਕ ਰਾਏ ਆਪਣੇ ਖਿਲਾਫ ਵੇਖ ਕੇ ਤੇ ਅਦਾਲਤੀ ਫੈਸਲਾ ਆਪਣੇ ਖਿਲਾਫ ਹੁੰਦਾ ਵੇਖਕੇ ਟੱਬਰ ਨੂੰ ਐਕਟ ਆਫ ਗਰੇਸ ਕਹਿ ਕੇ ਉਤਰਨ ਦੀ ਆਗਿਆ ਦੇ ਦਿੱਤੀ ਤੇ ਮੁਕੱਦਮਾ ਖਾਰਜ ਹੋ ਗਿਆ। [5]

The Colonist, commenting editorially on this case, under date of 30th July, 1911, has this to say:

"The case of the Sikh woman and her daughter before the courts on an application for habeas corpus is one of the peculiar hardship. We do not propose to comment upon the legal aspect of the case, but we feel that it is only right to say that the case is one in which the Dominion Government would be fully justified in exercising its undoubted powers to permit the woman and her child to remain in the country. Her husband is a Sikh and a very deserving man, who have industry and thrift accumulated considerable property in Canada. Naturally he wanted to have his wife and child with him, and went to India for them. Now he finds himself confronted with the possibility that they may be sent back again. This will be grossly unjust if it is allowed to happen. It is not desirable that any considerable increase in the Hindu population of Canada should be permitted, but as a certain number have been allowed to come in, it is grossly unjust not to allow their wives and families to join them.There is no other part of the world where such inhumanity would be possible. Small wonder is it that the Sikhs are throwing away the medals, which they once wore with honor, but which now represent to them only a useless sacrifice."

Since going to press we learn that the Ottawa Government have ordered the Sikh lady and her child to stay as a matter of grace. THE ORDER-IN-COUNCIL DEBARRING HINDU WOMEN FROM ENTERING THE COUNTRY STILL REMAINS IN FORCE.

Mr. Hira Singh, an ex-soldier of the King, who has settled in Canada, came to India to take over his wife and child. On return he was admitted being a Vancouver resident but his wife and child were forcibly detained, although not deported, on proving a cash bond of 1,000 dollar (Rs. 3,000) till the decision of their case in the Supreme Court of British Columbia. After three months fight in the Court of law they were admitted as an ACT OF GRACE.

On thirteen June, 1912, in the Salvation Army Maternity Home at Vancouver, the second Hindu child in Canada was born to Mrs. and Mr. Hira Singh. Mrs. Hira Singh was allowed to remain in Canada as a matter of special clemency by order of the late government.

ਕੈਨੇਡਾ ਸਰਕਾਰ ਦੀ ਚਾਲਾਕੀ ਨਾਲ ਭਾਈ ਹੀਰਾ ਸਿੰਘ ਦੇ ਟੱਬਰ ਨੂੰ ਛੱਡ ਦੇਣ (ਉਤਰਨ ਦੀ ਇਜ਼ਾਜਤ ਦੇਣ) ਦਾ ਸਮੁੱਚੀ ਲਹਿਰ ਨੂੰ ਕੋਈ ਫਾਇਦਾ ਨਾ ਪਹੁੰਚਿਆ। ਜਹਾਜ਼ੀ ਕੰਪਨੀਆਂ ਨੇ ਹਕੂਮਤ ਦੇ ਡਰ ਤੋਂ ਕਿਸੇ ਨੂੰ ਵੀ ਸਿੱਧਾ ਟਿਕਟ ਨਾ ਦਿੱਤਾ। ਪਰ ਹੋਰ ਕੇਸ ਲੜਨ ਲਈ ਉਤਸ਼ਾਹ ਜ਼ਰੂਰ ਦਿੱਤਾ। ਭਾਗ ਸਿੰਘ ਤੇ ਬਲਵੰਤ ਸਿੰਘ ਨੂੰ ਹਾਂਗਕਾਂਗ ਤੋਂ ਵੀ ਸਿੱਧਾ ਟਿਕਟ ਨਾ ਮਿਲਿਆ। ਉਹ ਸਾਨਫ੍ਰਾਂਸਿਸਕੋ ਨੂੰ ਚੜ੍ਹ ਗਏ। ਉਥੇ ਵੀ ਅਮਰੀਕਾ ਵਾਲਿਆਂ ਨੇ ਉਤਰਨ ਦੀ ਇਜ਼ਾਜਤ ਨਾ ਦਿੱਤੀ।

"The U.S Immigration authonties said to them "that as the Candian provinces do not admit them which is a British Colony, Why should the U.S.A allows them to land."

ਉਨ੍ਹਾਂ ਨੂੰ ਪੈਸਾ ਤੇ ਵਕਤ ਖਰਾਬ ਕਰਨ ਤੋਂ ਬਾਅਦ ਵਾਪਸ ਹਾਂਗਕਾਂਗ ਆਉਣਾ ਪਿਆ। ਹਾਂਗਕਾਂਗ ਰਹਿਣ ਦੇ ਸਮੇਂ ਭਾਗ ਸਿੰਘ ਦੀ ਸੁਪਤਨੀ ਬੀਬੀ ਹਰਨਾਮ ਕੌਰ ਦੀ ਕੁੱਖੋਂ ਜੁਗਿੰਦਰ ਸਿੰਘ ਨੇ ਜਨਮ ਲਿਆ।

ਸਿਰਫ 'ਦਿ ਕੈਨੇਡੀਅਨ ਪੈਸਫਿਕ ਸਟੀਮਸ਼ਿਪ' ਕੰਪਨੀ ਦੇ ਜਹਾਜ਼ ਹੀ ਕੱਲਕੱਤੇ ਤੋਂ ਵੈਨਕੂਵਰ ਤੱਕ ਚੱਲਣ ਦਾ ਹੱਕ ਰੱਖਦੇ ਸਨ। ਪਰ ਉਨ੍ਹਾਂ ਨੂੰ ਹਿੰਦ ਦੇ ਵਾਇਸਰਾਏ ਦੇ ਦਫਤਰ ਦਾ ਹੁਕਮ ਸੀ ਕਿ ਉਹ ਕਿਸੇ ਵੀ ਭਾਰਤੀ ਨੂੰ ਉੱਤਰੀ ਅਮਰੀਕਾ ਦੇ ਕਿਸੇ ਵੀ ਮਹਾਂਦੀਪ ਦੀ ਟਿਕਟ ਨਾ ਦੇਣ। ਹੁਣ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਹਾਂਗਕਾਂਗ ਤੋਂ ਐਸੇ ਜਾਹਜ਼ ਉੱਤੇ ਚੜ੍ਹੇ, ਜਿਸ ਨੇ ਕੈਨੇਡਾ ਤੋਂ ਹੋ ਕੇ ਸਾਨਫਰਾਂਸਿਸਕੋ ਜਾਣਾ ਸੀ। ਉਹਨਾਂ ਸਾਨਫਰਾਂਸਿਸਕੋ ਦੇ ਟਿਕਟ ਲਏ ਤੇ ਵੈਨਕੂਵਰ ਆ ਗਏ। 21 ਜਨਵਰੀ 1912

Sri Satguru Jagjit Singh Ji eLibrary NamdhariElibrary@gmail.com



ਭਾਈ ਬਲਵੰਤ ਸਿੰਘ, ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ, ਪੁੱਤਰੀਆਂ ਊਧਮ ਕੌਰ, ਨਰਿੰਜਣ ਕੌਰ ਤੇ ਪੁੱਤਰ ਹਰਦਿਆਲ ਸਿੰਘ



ਭਾਈ ਭਾਗ ਸਿੰਘ ਭਿਖੀਵਿੰਡ, ਅਮ੍ਰਿਤਸਰ, ਪਤਨੀ ਬੀਬੀ ਹਰਨਾਮ ਕੌਰ ਅਤੇ ਸਪੁੱਤਰ ਜੁਗਿੰਦਰ ਸਿੰਘ

ਵਾਲੇ ਦਿਨ ਕੈਨੇਡਾ ਦੇ ਘਾਟਾਂ ਦੇ ਮਹਿਕਮੇ ਨੇ ਟੱਬਰਾਂ ਨੂੰ ਉਤਰਨ ਨਾ ਦਿੱਤਾ। ਲੱਗ ਭਗ 700 ਹਿੰਦੀ ਸਿੱਖ ਸੰਗਤ ਉਨ੍ਹਾਂ ਨੂੰ ਲੈਣ ਆਈ ਹੋਈ ਸੀ। ਪਰ ਆਦਮੀਆਂ ਨੂੰ ਉਤਰਨ ਦੀ ਆਗਿਆ ਦੇ ਦਿੱਤੀ ਗਈ ਅਤੇ ਬੀਬੀਆਂ ਤੇ ਬੱਚਿਆਂ ਨੂੰ ਡਿਪੋਰਟ ਕਰਕੇ ਇਕੱਲੇ ਦੇਸ਼ ਵਾਪਸ ਜਾਣ ਦਾ ਹੁਕਮ ਹੋ ਗਿਆ। [6] ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਨੇ ਉਸ ਵੇਲੇ ਮਿਨਸਟਰੀ ਆਫ ਇੰਨਟੀਰੀਅਰ ਦੇ ਕੇਸ ਦਰਜ ਕਰ ਦਿੱਤਾ। ਬੀਬੀਆਂ ਤੇ ਬੱਚੀਆਂ ਦੀ ਦੋ ਹਜ਼ਾਰ ਡਾਲਰ ਦੀ ਜ਼ਮਾਨਤ 6 ਫਰਵਰੀ 1912 ਤੱਕ ਭਰ ਦਿੱਤੀ। ਸਾਰੀ ਸੰਗਤ ਸਮੇਤ ਭਾਗ ਸਿੰਘ ਬਲਵੰਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਗੁਰਦੁਆਰੇ ਆ ਗਏ। ਸਭ ਨੇ ਪ੍ਰਣ ਕੀਤਾ ਕਿ ਇਹ ਕੇਸ ਸਾਂਝੇ ਤੌਰ 'ਤੇ ਲੜਨਾ ਹੈ। ਇਹ ਭਾਰਤੀ ਭਾਈਚਾਰੇ ਖਾਸ ਕਰਕੇ ਸਿੱਖਾਂ ਦੇ ਵੱਕਾਰ ਦਾ ਸਵਾਲ ਹੈ।

ਅਰਜ਼ੀਆਂ, ਪਰਚਿਆਂ ਤੇ ਮਤਿਆਂ ਦਾ ਹੜ੍ਹ ਲਿਆ ਦਿੱਤਾ ਗਿਆ ਪਰ ਕੈਨੇਡਾ ਦੀ ਹਕੂਮਤ ਟੱਸ ਤੋਂ ਮੱਸ ਨਾ ਹੋਈ। ਹਿੰਦੁਸਤਾਨ ਵਿਚ 22 ਸਤੰਬਰ 1911 ਨੂੰ ਵਾਇਸਰਾਏ ਦੀ ਕਾਨੂੰਨ ਘੜਨੀ ਕੌਂਸਲ ਵਿਚ ਸ੍ਰੀ ਸਚਦਾ ਨੰਦ ਸਿਨਹਾ ਨੇ ਸਵਾਲ ਕੀਤਾ, ਤਾਂ ਹਿੰਦ ਸਰਕਾਰ ਨੇ ਜਵਾਬ ਦਿੱਤਾ ਕਿ, "ਅਸੀਂ ਕੈਨੇਡਾ ਵਿਚ ਲਾਈਆਂ ਗਈਆਂ ਪਾਬੰਦੀਆਂ ਤੇ ਕੋਈ ਇਤਰਾਜ਼ ਨਹੀਂ ਕੀਤਾ। ਪਰ ਇਹ ਪਾਬੰਦੀਆਂ ਕੈਨੇਡਾ ਵਿਚ ਵੱਸਦੇ ਭਾਰਤੀਆਂ ਨੂੰ ਆਪਣੇ ਟੱਬਰ ਮੰਗਵਾਉਣ ਵਿਚ ਤਕਲੀਫ ਦੇ ਰਹੀਆਂ ਹਨ। ਹਿੰਦ ਸਰਕਾਰ ਆਰਜ਼ੀ ਤੌਰ 'ਤੇ ਸੱਚੀਂ ਮੁੱਚੀਂ ਕੰਮ ਕਾਰ ਲਈ ਕੈਨੇਡਾ ਜਾਣ ਵਾਲਿਆਂ ਉੱਤੇ ਪਾਬੰਦੀਆਂ ਨਰਮ ਕਰਨ ਲਈ ਲੰਡਨ ਦੇ ਹਿੰਦੀ ਦਫਤਰ (ਇੰਡੀਆ ਆਫਿਸ) ਨੂੰ ਲਿਖ ਰਹੀ ਹੈ।" [7]

ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਲੀਗ ਵਲੋਂ ਡਾ. ਸੁੰਦਰ ਸਿੰਘ, ਸੰਤ ਤੇਜਾ ਸਿੰਘ, ਰਾਜਾ ਸਿੰਘ ਬਾੜੀਆ (ਹੁਸ਼ਿਆਰਪੁਰ) ਤੇ ਪਾਦਰੀ ਲ. ਵ. ਹਾਲ ਜਦੋਂ ਦਸੰਬਰ 1911 ਵਿਚ ਕੈਨੇਡਾ ਸਰਕਾਰ ਨੂੰ ਮਿਲਣ ਔਟਵੇ (ਡੈਪੂਟੇਸ਼ਨ ਬਾਰੇ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ) ਗਏ ਸਨ ਤਾਂ ਉਹਨਾਂ ਨੇ ਜੋ ਯਾਦ ਪੱਤਰ ਪੇਸ਼ ਕੀਤਾ ਸੀ, ਉਸ ਵਿਚ ਕਿਹਾ ਗਿਆ ਸੀ ਕਿ ਕੈਨੇਡਾ ਦੇ ਹਿੰਦੀਆਂ ਨੂੰ ਟੱਬਰ ਲਿਆਉਣ ਦੀ ਆਗਿਆ ਹੋਣੀ ਚਾਹੀਦੀ ਹੈ ਹੋਰ ਨਹੀਂ ਤਾਂ ਹਾਲਾਂ ਉਨ੍ਹਾਂ ਟੱਬਰਾਂ ਨੂੰ, ਜੋ ਘੱਰੋ ਤੁਰ ਪਏ ਹਨ ਤੇ ਰਸਤੇ ਵਿਚ ਹਨ, ਉਤਰਨ ਦਿੱਤਾ ਜਾਏ। ਡੈਪੂਟੇਸ਼ਨ ਨੇ 15 ਦਸੰਬਰ 1911 ਨੂੰ ਅੰਦਰਲੇ ਮਾਮਲਿਆਂ ਦੇ ਮੰਤਰੀ ਮਿਸਟਰ ਰੌਜਰਸ ਨਾਲ

Sri Satguru Jagjit Singh Ji eLibrary NamdhariElibrary@gmail.com

ਫੇਰ ਮੁਲਾਕਾਤ ਕੀਤੀ। ਮਿ. ਰੌਜਰਸ ਨੇ ਯਕੀਨ ਦਿਵਾਇਆ ਕਿ ਰਾਹ ਵਿਚ ਤੁਰੇ ਆਉਂਦੇ ਟੱਬਰਾਂ (ਬੀਬੀ ਹਰਨਾਮ ਕੌਰ ਤੇ ਬੀਬੀ ਕਰਤਾਰ ਕੌਰ) ਜਿਨ੍ਹਾਂ ਨੂੰ ਭਾਈ ਬਲਵੰਤ ਸਿੰਘ ਤੇ ਭਾਈ ਭਾਗ ਸਿੰਘ ਹੋਰੀਂ ਲਿਆਏ ਸਨ ਉਤਰਨ ਦਿੱਤਾ ਜਾਏਗਾ। [8]

16 ਮਾਰਚ 1912 ਨੂੰ ਗੁਰਦੁਆਰੇ ਦੀਵਾਨ ਵਿਚ ਡੈਪੂਟੇਸ਼ਨ ਦੇ ਮੈਬਰਾਂ ਨੇ ਦੱਸਿਆ ਕਿ ਕੈਨੇਡਾ ਸਰਕਾਰ ਨੇ ਕੋਈ ਪਾਬੰਦੀ ਨਹੀਂ ਚੁੱਕੀ। ਇਮੀਗਰੇਸ਼ਨ ਅਫਸਰ ਮੈਕਗਿਲ ਨੇ 30 ਅਪਰੈਲ 1912 ਨੂੰ ਹੁਕਮ ਦਿੱਤਾ ਕਿ ਇਨ੍ਹਾਂ ਇਸਤਰੀਆਂ ਤੇ ਬੱਚਿਆਂ ਨੂੰ ਕੈਨੇਡਾ ਵਿਚੋਂ ਕੱਢਿਆ ਜਾਵੇ। ਇਸਤਰੀਆਂ ਤੇ ਬੱਚਿਆਂ ਨੂੰ ਫਿਰ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਹੈਬੀਅਸ ਕਾਰਪਸ ਕਾਨੂੰਨ ਦੁਆਰਾ ਰਾਤ ਦੇ 12 ਵਜੇ ਇਸਤਰੀਆਂ ਤੇ ਬੱਚਿਆਂ ਨੂੰ ਫੇਰ ਰਿਹਾ ਕਰਵਾ ਲਿਆ ਗਿਆ। ਹੁਕਮ ਇੰਤਾਹਾਈ ਹਾਸਲ ਕਰ ਲਿਆ ਗਿਆ।

6 ਮਈ 1912 ਨੂੰ ਦੀਵਾਨ ਲਾਇਆ ਗਿਆ ਜਿਸ ਵਿਚ ਸ੍ਰੀ ਰਾਜਾ ਸਿੰਘ ਬਾੜੀਆ (ਹੁਸ਼ਿਆਰਪੁਰ), ਡਾ. ਸੁੰਦਰ ਸਿੰਘ, ਬਾਬੂ ਹਰਨਾਮ ਸਿੰਘ ਤੇ ਜੀ. ਡੀ. ਕੁਮਾਰ ਬੋਲੇ ਤੇ 7 ਮਈ 1912 ਨੂੰ ਹਿੰਦ ਦਫਤਰ ਲੰਡਨ ਨੂੰ ਤਾਰ ਦਿੱਤੀ ਗਈ ਕਿ ਉਹ ਕੈਨੇਡਾ ਸਰਕਾਰ ਨੂੰ ਟੱਬਰਾਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕੇ।

"Khalsa Diwan Society and United India League, Vancouver implore your office to stop deportation orderded by the Dominion Goverment of this Sikh ladies and their childern under wrong interpretation of immigration laws. This is a gross breach of imperial unity by attack on Sikh homes."

10 ਮਈ 1912 ਨੂੰ ਹਾਪਕਿਨਸਨ ਨੇ ਸਰਕਾਰ ਨੂੰ ਰਿਪੋਰਟ ਕੀਤੀ ਕਿ ਜੱਜ ਮੋਰੀਸਨ ਟੱਬਰਾਂ ਦੀ ਦਰਖਾਸਤ ਨੂੰ ਮਨਜ਼ੂਰ ਕਰ ਲਵੇਗਾ ਤੇ ਘਾਟਾਂ ਦੇ ਐਕਟ ਦੇ ਮਾਤਹਿੱਤ ਗਵਰਨਰ ਜਨਰਲ ਦੇ ਸਿੱਧੇ ਸਫਰ ਵਾਲੇ ਹੁਕਮ ਨੂੰ ਗੈਰ-ਕਾਨੂੰਨੀ ਕਰਾਰ ਦੇ ਦੇਵੇਗਾ। ਜੱਜ ਨੇ ਸਾਫ ਕਹਿ ਦਿੱਤਾ ਸੀ ਕਿ ਉਹ ਰਹੀਮ ਦੇ ਮੁਕੱਦਮੇ ਵਿਚ ਪਹਿਲਾਂ ਹੀ ਲਿਖ ਚੁੱਕਾ ਹੈ ਕਿ 9 ਮਈ 1910 ਨੂੰ ਹਿੰਦੀਆਂ ਉਤੇ ਸਿਧੇ ਸਫਰ ਦੀ ਬੰਦਸ਼ ਵਾਲੇ ਜਾਰੀ ਕੀਤੇ ਗਏ ਹੁਕਮ ਵਿਚ ਗਵਰਨਰ ਜਨਰਲ ਆਪਣੇ ਮਿਲੇ ਹੋਏ ਅਧਿਕਾਰਾਂ ਤੋਂ ਅਗਾਂਹ ਲੰਘ ਗਿਆ ਹੈ।

ਜਦ ਹਾਪਕਿਨਸਨ ਤੇ ਇਮੀਗਰੇਸ਼ਨ ਅਫਸਰਾਂ ਦੀ ਇਸ ਕਿਸਮ ਦੀ ਰਿਪੋਰਟ ਘੋਰਗੀ ਮਹਿਕਮੇਂ ਦੇ ਡਿਪਟੀ ਵਜ਼ੀਰ ਵ. ਵ. ਕੋਰੀ ਕੋਲ ਪਹੁੰਚੀ ਤਾਂ ਉਸ ਨੇ 23 ਮਈ 1912 ਨੂੰ ਕੈਨੇਡਾ ਦੇ ਘਾਟਾਂ ਦੇ ਮਹਿਕਮੇ ਦੇ ਅਫਸਰ ਮੈਲਕਮ ਗੀਡ ਨੂੰ ਤਾਰ ਦਿੱਤੀ ਕਿ ਹਿੰਦੀ ਟੱਬਰਾਂ ਨੂੰ ਕੈਨੇਡਾ ਵਿਚ ਰਹਿਣ ਦਿੱਤਾ ਜਾਏ ਪਰ ਇਸ ਨੂੰ ਅੱਗੇ ਲਈ 'ਲੀਹ' ਨਾ ਸਮਝ ਲਿਆ ਜਾਵੇ। [9] ਕੈਨੇਡਾ ਸਰਕਾਰ ਨੇ ਆਖਿਆ ਕਿ ਇਹ ਕੇਵਲ ਇਸਤਰੀਆਂ ਲਈ ਇਕ ਮਿਹਰਬਾਨੀ ਦਾ ਹੁਕਮ ਹੈ। [10]

ਇਸ ਤਰ੍ਹਾਂ ਦੋ ਸਿੱਖ ਪਰਿਵਾਰਾਂ ਨੂੰ ਕੈਨੇਡਾ ਵਿਚ ਰਹਿਣ ਦੀ ਆਗਿਆ ਤਾਂ ਮਿਲ ਗਈ ਪਰ ਸਰਕਾਰ ਨੇ ਆਪਣੀ ਚਲਾਕੀ ਨਾਲ ਕਾਨੂੰਨੀ ਵਧੀਕੀ ਨੂੰ ਫਿਰ ਬਚਾ ਲਿਆ। ਬਾਕੀ ਟੱਬਰਾਂ ਨੂੰ ਲਿਆਉਣ ਦੀ ਆਮ ਖੁੱਲ੍ਹ ਤੇ ਆਰਜ਼ੀ ਤੌਰ 'ਤੇ ਕੈਨੇਡਾ ਆਉਣ ਵਾਲਿਆਂ ਨੂੰ ਆਉਣ ਜਾਣ ਦੀ ਛੁੱਟੀ ਲੈਣ ਦਾ ਮੋਰਚਾ ਉਵੇਂ ਹੀ ਰਹਿ ਗਿਆ। ਹਿੰਦੀਆਂ ਨੇ ਹਿੰਮਤਾਂ ਨਹੀਂ ਹਾਰੀਆਂ ਤੇ ਉਹ ਡੱਟ ਕੇ ਘੋਲ ਵਿਚ ਲੱਗੇ ਰਹੇ।

ਮਿ. ਏ. ਐਮ. ਹਾਰਪਰ ਸਿੱਖਾਂ ਵਲੋਂ 1 ਮਈ 1912 ਨੂੰ ਸੁਪੀਰਮ ਕੋਰਟ ਚੈਂਬਰਜ਼ ਵਿਚ ਹੈਬੀਅਸ ਕਾਰਪਸ ਦੀ ਅਰਜ਼ੀ ਲੈ ਕੇ ਪੇਸ਼ ਹੋਇਆ, ਜਿਸ ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਇਮੀਗੇਰਸ਼ਨ ਅਫਸਰਾਂ ਨੇ ਸਿੱਖ ਇਸਤਰੀਆਂ ਨੂੰ ਇਥੇ ਪੁੱਜਣ ਸਾਰ ਜੋ ਗ੍ਰਿਫਤਾਰ ਕਰ ਲਿਆ ਸੀ ਉਹ ਕਾਨੂੰਨ ਦੇ ਵਿਰੁੱਧ ਸੀ। ਵਕੀਲ ਨੇ ਇਹ ਵੀ ਲਿਖਿਆ ਸੀ ਕਿ ਡਿਪੋਰਟੇਸ਼ਨ ਦਾ ਹੁਕਮ ਵੀ ਕਾਨੂੰਨ ਦੀ ਉਲੰਘਣਾ ਹੈ ਜੋ ਅਖਤਿਆਰ ਦੀ ਹੱਦ ਤੋਂ ਬਾਹਰ ਹੈ। ਜਦ ਕਿ ਦੋਨੋਂ ਇਸਤਰੀਆਂ ਦੇ ਪਤੀ ਇਸ ਮੁਲਕ ਦੇ ਵਸਨੀਕ ਹਨ ਅਤੇ ਇਹ ਵੀ ਲਿਖਿਆ ਕਿ ਸਿੱਧੇ ਟਿਕਟ ਦੇ ਹੁਕਮ ਦਾ ਭਾਵ ਕੇਵਲ ਹਿੰਦੂ ਸਿੱਖ ਕਿਰਤੀ ਕਾਮਿਆਂ ਨੂੰ ਇਥੋਂ ਆਉਣ ਤੋਂ ਰੋਕਣ ਦਾ ਹੈ।

Dr. Sunder Singh M.D. editor 0f " The Aryan" monthly published the folowing news in the issue of August 1912:- " Last year (1911) there came to Canada 11, 932 Chinese and 2, 986 Japanese of whom 1, 037 were women. These figurs are given by the Dominion medical officer stationed at William Head, near Victoria B.C. Our Hindu readers will be glad to learn that one Hindu was allowed to land during the same period. "Whilist Canada shuts out Hindu' wives from joining their husbands here, 16 Japanese ladies arrived at Victoria on 25th May 1911by the Steamship Awa Maru. Four thousand Japanese ladies entred America last year Whilst in 1911 the famlies of two prominent Hindus were refused admission to the land at San-Francisco."

ਇਹ ਖਬਰ ਉਸ ਸਮੇਂ ਛਪੀ ਜਦੋਂ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਦੇ ਟੱਬਰਾਂ ਨੂੰ ਸਾਂਨਫਰਾਂਸਿਸਕੋ ਉਤਰਨ ਨਹੀਂ ਸੀ

Sri Satguru Jagjit Singh Ji eLibrary NamdhariElibrary@gmail.com

ਦਿੱਤਾ ਤੇ ਉਨ੍ਹਾਂ ਨੂੰ ਵਾਪਸ ਹਾਂਗਕਾਂਗ ਜਾਣਾ ਪਿਆ ਸੀ।

ਉਸ ਸਮੇਂ ਮਿ. ਸਟੀਵਨਜ਼ ਐਮ. ਪੀ. ਸਿੱਖਾਂ ਹਿੰਦੂਆਂ ਦੇ ਬਹੁਤ ਵਿਰੁੱਧ ਬੋਲਦਾ ਰਹਿੰਦਾ ਸੀ। ਉਨ੍ਹਾਂ 'ਤੇ ਕਈ ਤਰ੍ਹਾਂ ਦੇ ਝੂਠੇ ਦੋਸ਼ ਵੀ ਲਾਏ। ਉਸ ਨੇ 3 ਮਈ 1912 ਨੂੰ ਵੈਨਕੂਵਰ ਵਿਚ ਇਕ ਮੀਟਿੰਗ ਵਿਚ ਕਿਹਾ ਕਿ ਹਿੰਦੀ ਬਰਾਬਰ ਦੀ ਬ੍ਰਿਟਿਸ਼ ਰਿਆਇਆ ਤਾਂ ਹਨ ਪਰ ਬਰਾਬਰ ਦੇ ਸ਼ਹਿਰੀ ਨਹੀਂ ਹਨ। ਉਹ ਬ੍ਰਿਟਿਸ਼ ਸਲਤਨਤ ਦੀ ਰਿਆਇਆ ਹੋਣ ਕਰਕੇ ਖਾਸ ਹੱਕਾਂ ਤੇ ਲਾਭਾਂ ਦੇ ਭਾਈਵਾਲ ਤਾਂ ਹਨ ਪਰ ਸ਼ਹਿਰੀ ਹੋਣ ਦੇ ਨਾਤੇ ਨਹੀਂ। ਉਹ ਪਿਛਲੇ ਬੀਤ ਗਏ 2000 ਸਾਲਾਂ ਵਿਚ ਵੀ ਮਨੁੱਖਤਾ ਦੇ ਭਲੇ ਲਈ ਇਕ ਵੀ ਕੰਮ ਨਹੀਂ ਕਰ ਸਕੇ ਤੇ ਆਉਣ ਵਾਲੇ 2000 ਸਾਲਾਂ ਵਿਚ ਵੀ ਕੁਝ ਨਹੀਂ ਕਰ ਸਕਣਗੇ। ਉਸ ਨੇ ਇਹ ਵੀ ਕਿਹਾ ਕਿ ਇਹ ਗੱਲ ਆਖੀ ਜਾਂਦੀ ਹੈ ਕਿ ਜੇਕਰ ਕੁਝ ਇਸਤਰੀਆਂ ਨੂੰ ਆਉਣ ਦੀ ਆਗਿਆ ਦਿੱਤੀ ਜਾਵੇ ਤਾਂ ਕਿਸੇ ਨੂੰ ਕੀ ਦੁੱਖ ਹੋ ਸਕਦਾ ਹੈ। ਕੋਈ ਦੋ ਇਸਤਰੀਆਂ ਹੀ ਆ ਕੇ ਬੰਦ ਨਹੀਂ ਹੋ ਜਾਣਾ। ਅਸੀਂ ਉਨ੍ਹਾਂ ਦੇ ਮੰਗੀ ਜਾਣ ਵਾਲੇ ਸੁਭਾਓ ਨੂੰ ਜਾਣਦੇ ਹਾਂ। ਜੇਕਰ ਤੁਸੀਂ ਹੱਥ ਫੜਾਓ ਤਾਂ ਬਾਂਹ ਨਿਗਲਣ ਤਾਈਂ ਜਾਂਦੇ ਹਨ। ਜੇਕਰ ਉਹਨਾਂ ਨੂੰ ਆਉਣ ਦੀ ਖੁੱਲ੍ਹ ਦਿੱਤੀ ਗਈ ਤਾਂ ਦੇਸ ਲਈ ਸਦਾ ਦਾ ਖਤਰਾ ਬਣ ਜਾਵੇਗਾ।.....

ਐਮ. ਪੀ. ਦੇ ਅਜਿਹੇ ਬਿਆਨ ਸਿੱਖ ਤੇ ਹਿੰਦੂ ਚੁੱਪ ਕਰਕੇ ਸੁਣੀ ਜਾਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਵਿਚ ਵੀ ਚੰਗੇ ਪੜ੍ਹੇ ਲਿਖੇ ਸੂਝਵਾਨ ਪੁਰਸ਼ ਡਾ. ਸੁੰਦਰ ਸਿੰਘ, ਸਰਦਾਰ ਤੇਜਾ ਸਿੰਘ ਐਮ. ਏ, ਬਾਬੂ ਹਰਨਾਮ ਸਿੰਘ ਅਤੇ ਗੁਰੂ ਦੱਤ ਕੁਮਾਰ ਸਨ ਜੋ ਉਨ੍ਹਾਂ ਦੇ ਲੇਖਾਂ ਦਾ ਸਹੀ ਉੱਤਰ ਦਿੰਦੇ ਸਨ।

ਗੁਰੂਦੱਤ ਕੁਮਾਰ ਸਕੱਤਰ ਹਿੰਦੁਤਸਾਨ ਐਸੋਸੀਏਸ਼ਨ ਨੇ ਮਿ. ਸਟੀਵਨਜ਼ ਦੀਆਂ ਗੱਲਾਂ ਦੇ ਜੁਆਬ 'ਚ ਕਿਹਾ ਕਿ ਮਿਸਟਰ ਸਟੀਵਨਜ਼ ਨੂੰ ਬ੍ਰਿਟਿਸ਼ ਕੌਮ ਦਾ ਇਤਿਹਾਸ ਪੜ੍ਹ ਲੈਣਾ ਚਾਹੀਦਾ ਹੈ ਕਿ ਅੱਜ ਤੋਂ 2000 ਸਾਲ ਪਹਿਲਾਂ ਬਰਤਾਨੀਆਂ ਦੇ ਲੋਕ ਕਿਸ ਤਰ੍ਹਾਂ ਦੇ ਸਨ। ਪੁਰਾਣੇ ਅੰਗਰੇਜ਼ ਤਾਂ ਕਾਕੇਸ਼ੀਅਨ ਨਸਲ ਦੇ ਹੀ ਸਨ ਜੋ ਆਰੀਅਨ ਨਸਲ ਦੇ ਸਮਾਨ ਹਨ। ਸਾਨੂੰ ਇਸ ਗੱਲ ਦਾ ਗੌਰਵ ਹੈ ਕਿ ਅਸੀਂ ਉਸ ਨਸਲ (ਆਰੀਆਨ) ਨਾਲ ਸਬੰਧਤ ਹਾਂ ਜੋ ਉੱਤਮ ਸਭਿਅਤਾ ਦੀ ਮਾਲਕ ਸੀ। ਉਸ ਵੇਲੇ ਅੰਗਰੇਜ਼ ਅਤੇ ਯੂਰਪ ਦੇ ਲੋਕ ਕੇਵਲ ਜੰਗਲੀ ਹੀ ਸਨ। ਹਿੰਦੀ ਪਿਛਲੇ ਪੰਜ ਸਾਲਾਂ ਵਿਚ ਬ੍ਰਿਟਿਸ਼ ਕੁਲੰਬੀਆ ਵਿਚ ਇੰਗਲੈਂਡ, ਇਟਲੀ ਜਾਂ ਰੂਸ ਦੇ ਮਜ਼ਦੂਰਾਂ ਨਾਲੋਂ ਵਧੇਰੇ ਕੁਸ਼ਲਤਾ ਨਾਲ ਰਹਿ ਰਹੇ ਸਨ। ਉਹ ਖੁਸ਼ੀ ਨਾਲ ਕੈਨੇਡਾ ਦੇ ਗੈਰ ਆਬਾਦ ਇਲਾਕਿਆਂ ਵਿਚ ਜਾ ਕੇ ਖੇਤੀਬਾੜੀ ਕਰਨ ਲਈ ਤਿਆਰ ਹਨ। ਇਸੇ ਤਰ੍ਹਾਂ ਹੋਰ ਪੜ੍ਹੇ ਲਿਖੇ ਸੱਜਣਾ ਨੇ ਉਸ ਐਮ. ਪੀ. ਨੂੰ ਖਰੀਆਂ ਖਰੀਆਂ ਸੁਣਾਉਣ ਵਿਚ ਕਮੀ ਨਾ ਦਿਖਾਈ।[11]

ਕੈਨੇਡਾ ਵਿਚ ਵੱਸਦੇ ਸਿੱਖਾਂ ਦੀਆਂ ਮੁਸ਼ਕਲਾਂ ਅਤੇ ਔਕੜਾਂ ਦੀ ਵਿਥਿਆ ਦੀ ਚਰਚਾ ਭਾਰਤ ਖਾਸ ਕਰ ਪੰਜਾਬ ਵਿਚ ਵੀ ਹੋ ਰਹੀ ਸੀ। ਸਿੱਧੇ ਸਫਰ ਦੀ ਸ਼ਰਤ ਅਤੇ ਉਥੋਂ ਦੇ ਬਣੇ ਵਸਨੀਕਾਂ ਦੇ ਟੱਬਰਾਂ ਨੂੰ ਉਨ੍ਹਾਂ ਪਾਸ ਉਥੇ ਜਾਣ ਤੋਂ ਰੋਕ ਦੇ ਹੁਕਮ ਜਾਂ ਕਾਨੂੰਨ ਨੂੰ ਸਭ ਕੋਈ ਅਯੋਗ ਅਤੇ ਨਸਲੀ ਵਿਤਕਰਾ ਸਮਝਦਾ ਸੀ। ਜਾਪਾਨੀਆਂ ਤੇ ਚੀਨੀਆਂ ਨੂੰ ਕੈਨੇਡਾ ਜਾਣ ਦੀਆਂ ਖਾਸ ਸਹੂਲਤਾਂ ਮਿਲ ਚੁੱਕੀਆਂ ਸਨ। ਉਨ੍ਹਾਂ ਦੀਆਂ ਸਰਕਾਰਾਂ ਨੇ ਕੈਨੇਡਾ ਦੀ ਸਰਕਾਰ ਉਤੇ ਖਾਸ ਦਬਾਓ ਪਾ ਕੇ ਕੁਝ ਇਕਰਾਰਨਾਮੇ ਕਰ ਲਏ ਸਨ। ਪਰ ਹਿੰਦੀਆਂ ਦੀ ਹਮਾਇਤ ਲਈ ਇਨ੍ਹਾਂ ਦੀ ਆਪਣੀ ਸਰਕਾਰ ਨਹੀਂ ਸੀ। ਉਸ ਵੇਲੇ ਦੇ ਵਾਇਸਰਾਏ ਲਾਰਡ ਹਾਰਡਿੰਗ ਨੇ ਸਾਫ ਕਹਿ ਦਿੱਤਾ ਸੀ ਕਿ ਹਿੰਦ ਸਰਕਾਰ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੀ। ਅਸੀਂ ਹਿੰਦ ਵਜ਼ੀਰ ਲੰਡਨ ਨਾਲ ਲਿਖਾ ਪੜ੍ਹੀ ਕਰ ਰਹੇ ਹਾਂ।

ਅੰਗਰੇਜ਼ ਸਰਕਾਰ ਦੀ ਕੈਨੇਡਾ ਵਿਚ ਗਏ ਭਾਰਤੀਆਂ ਵੱਲ ਬੇਰੁਖੀ ਭਾਰਤੀ ਪੰਜਾਬੀ ਫੌਜੀ ਸਿੱਖਾਂ ਨੂੰ ਹਲੂਣ ਰਹੀ ਸੀ ਕਿ ਅੰਗਰੇਜ਼ਾਂ ਦੀ ਗੁਲਾਮੀ ਹੀ ਸਾਰੀਆਂ ਔਕੜਾਂ ਦਾ ਕਾਰਨ ਹੈ। ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਪ੍ਰੇਰ ਰਹੀ ਸੀ। ਕੈਨੇਡਾ ਵਿਚ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਦੀ ਲਹਿਰ ਆਜ਼ਾਦੀ ਦੀ ਲਹਿਰ ਬਣਦੀ ਜਾ ਰਹੀ ਸੀ। ਜਿਸ ਲਈ ਟੱਬਰਾਂ ਨੂੰ ਮੰਗਵਾਉਣ ਦੇ ਘੋਲ ਦੀ ਹਿੰਦ ਤੇ ਖਾਸ ਕਰ ਪੰਜਾਬ ਵਿਚ ਵੀ ਪ੍ਰੇੜਤਾ ਹੋਈ। 27 ਮਈ, 1912 ਨੂੰ ਲਾਹੌਰ ਸਿੰਘ ਸਭਾ ਨੇ ਪੰਜਾਬੀ ਬੀਬੀਆਂ ਦੇ ਉਤਰਨ ਉੱਤੇ ਰੋਕ ਦੇ ਖਿਲਾਫ ਇਤਰਾਜ਼ ਕੀਤਾ ਤੇ ਹਿੰਦ ਸਰਕਾਰ ਨੂੰ ਕੈਨੇਡਾ ਸਰਕਾਰ ਵਲ ਲਿਖਣ ਵਾਸਤੇ ਆਖਿਆ।

3 ਜੂਨ, 1912 ਨੂੰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਸ੍ਰ. ਸੁੰਦਰ ਸਿੰਘ ਮਜੀਠੀਏ ਨੇ ਬੀਬੀਆਂ ਉਤੇ ਰੋਕ ਬਾਰੇ ਹਿੰਦ ਸਰਕਾਰ ਨੂੰ ਲਿਖਿਆ ਕਿ ਉਹ ਕੈਨੇਡਾ ਸਰਕਾਰ ਨੂੰ ਸ਼ਰਤਾਂ ਨਰਮ ਕਰਨ ਬਾਰੇ ਲਿਖੇ। ਹਿੰਦ ਸਰਕਾਰ ਨੇ ਜਵਾਬ ਦਿੱਤਾ ਕਿ ਮਾਮਲਾ ਅਜੇ ਕੈਨੇਡਾ ਦੀਆਂ ਅਦਾਲਤਾਂ ਵਿਚ ਹੈ। ਖਾਲਸਾ ਸਭਾ ਪਹੂਲਾ ਜ਼ਿਲ੍ਹਾ ਲਾਹੌਰ ਨੇ 23 ਜੂਨ 1912 ਨੂੰ ਇਕ ਭਰੇ ਦੀਵਨ ਵਿਚ ਸਿੱਖ ਬੀਬੀਆਂ ਨਾਲ ਕੈਨੇਡਾ ਸਰਕਾਰ ਵਲੋਂ ਕੀਤੇ ਗਏ ਸਲੂਕ ਦੀ ਨਿੰਦਿਆ ਕਰਕੇ ਮੰਗ ਕੀਤੀ ਕਿ ਕੈਨੇਡਾ ਸਰਕਾਰ ਹਿੰਦੀਆਂ ਨਾਲ ਵੀ ਜਾਪਾਨੀਆਂ ਤੇ ਚੀਨੀਆਂ ਵਰਗਾ ਸਲੂਕ ਕਰੇ। ਇਸ ਮਤੇ ਦੀ ਇਕ ਨਕਲ ਪੰਜਾਬ ਸਰਕਾਰ ਨੂੰ ਭੇਜੀ ਗਈ। ਪੰਜਾਬ ਸਰਕਾਰ ਨੇ ਇਹ ਮਤਾ ਹਿੰਦ ਸਰਕਾਰ ਨੂੰ 19 ਜੁਲਾਈ 1912 ਨੂੰ ਭੇਜਿਆ। [12]

ਗਵਾਲੀਅਰ ਤੇ ਸ਼ਿਮਲਾ ਦੀਆਂ ਸਿੰਘ ਸਭਾਵਾਂ ਨੇ ਇਸ ਮੰਗ ਦੀ ਹਮਾਇਤ ਕੀਤੀ। ਸ੍ਰ. ਸੰਤ ਸਿੰਘ ਲਾਇਲਪੁਰੀ ਨੇ ਵੀ ਹਿੰਦ ਸਰਕਾਰ ਨੂੰ ਇਸ ਬਾਰੇ ਲਿਖਿਆ। [13]

9 ਸਤੰਬਰ 1913 ਨੂੰ ਸ੍ਰੀ ਬੈਨਰਜੀ ਨੇ ਵਾਇਸਰਾਏ ਦੀ ਵਿਧਾਨ ਕੌਂਸਲ ਵਿਚ ਇਸ ਬਾਰੇ ਸਵਾਲ ਪੁੱਛੇ। ਹਿੰਦ ਸਰਕਾਰ ਨੇ ਕੈਨੇਡਾ

Sri Satguru Jagjit Singh Ji eLibrary NamdhariElibrary@gmail.com

ਸਰਕਾਰ ਨੂੰ ਇਸ ਬਾਰੇ 19.11.1912, [14] 23.7. 1913 [15] ਤੇ ਕਈ ਵਾਰ ਹੋਰ ਲਿਖਿਆ।

ਹਿੰਦ ਸਰਕਾਰ ਨੇ ਇਮਪੀਰੀਅਲ ਕਾਨਫਰੰਸ ਵਿਚ ਪੇਸ਼ ਕੀਤੇ ਉਪਰੋਕਤ ਯਾਦ ਪੱਤਰ ਵਿਚ ਲਿਖਿਆ ਸੀ ਕਿ ਉਹਨਾਂ (ਬਸਤੀਆਂ ਦੇ) ਦੇ ਰਾਜ ਨੇਤਾਵਾਂ ਨੂੰ ਕੀ ਪਤਾ, ਜਿਨ੍ਹਾਂ ਨੇ ਹਿੰਦੀਆਂ ਨੂੰ ਨਿਰਾ ਜਿਸਮਾਨੀ ਮਜ਼ਦੂਰਾਂ ਤੇ ਛੋਟੇ ਮੋਟੇ ਵਪਾਰੀਆਂ ਦੀ ਸ਼ਕਲ ਵਿਚ ਹੀ ਵੇਖਿਆ ਹੈ ਕਿ ਸਲਤਨਤ (ਅੰਗਰੇਜ਼ੀ ਸਾਮਰਾਜ) ਵਾਸਤੇ 30 ਕਰੋੜ ਵਸੋਂ ਵਾਲੇ ਦੇਸ਼ ਦੀ ਕੀ ਵਿਸ਼ੇਸ਼ ਲੋੜ ਹੈ, ਜਿਸ ਨੇ ਸ਼ਾਹੀ ਫੌਜਾਂ ਨੂੰ ਦੁਨੀਆਂ ਵਿਚੋਂ ਸਭ ਤੋਂ ਵਧੀਆ ਮਸਾਲਾ ਦਿੱਤਾ ਹੈ। ਨੇਤਾ ਇਹ ਨਹੀਂ ਜਾਣ ਸਕਦੇ ਕਿ ਹਿੰਦੀ ਫੌਜ ਦੇ ਸੂਰਮਿਆਂ ਨੂੰ 'ਕੁਲੀ' ਆਖਿਆ ਜਾਏ ਤਾਂ ਉਨ੍ਹਾਂ ਦੇ ਦਿਲਾਂ ਉਤੇ ਕੀ ਵਾਪਰਦੀ ਹੈ।

ਹਿੰਦੁਸਤਾਨ ਦੀ, ਖਾਸ ਕਰ ਪੰਜਾਬੀਆਂ ਦੀ ਅੰਗਰੇਜ਼ੀ ਸਾਮਰਾਜ ਵਾਸਤੇ ਇਸ ਲੋੜ ਦੇ ਦਬਾਅ ਨੇ ਹਿੰਦ ਸਰਕਾਰ ਨੂੰ ਅਜਿਹੇ ਮਾਮਲਿਆਂ ਵਿਚ ਇਸ ਲਹਿਰ ਦਾ ਪੱਖ ਲੈਣ ਉਤੇ ਮਜ਼ਬੂਰ ਕੀਤਾ, ਜਿਨ੍ਹਾਂ ਨਾਲ ਬਸਤੀਆਂ ਦੀ ਸਾਮਰਾਜੀ ਉੱਨਤੀ ਤੇ ਵਿਸ਼ੇਸ਼ਤਾ ਵਿਚ ਕੋਈ ਫਰਕ ਨਾ ਪੈਂਦਾ ਹੋਵੇ। ਕਈ ਅਜਿਹੇ ਮਾਮਲਿਆਂ ਵਿਚ ਕੈਨੇਡਾ ਦੇ ਜਿੱਦੀ ਸਾਮਰਾਜੀ ਵੀ ਆਪਣੀ ਜਿੱਦ ਛੱਡਣ ਉੱਤੇ ਮਜ਼ਬੂਰ ਹੋ ਗਏ।

16 ਨਵੰਬਰ 1912 ਨੂੰ ਹਿੰਦੀਆਂ ਦੇ ਘੋਲ ਦੀ ਇਕ ਵੱਡੀ ਲੜਾਈ ਫਤਹਿ ਹੋ ਗਈ ਜਦੋਂ ਕੈਨੇਡਾ ਸਰਕਾਰ ਨੇ ਕੈਨੇਡਾ ਕੰਮ ਕਾਰ ਜਾਂ ਵਪਾਰ ਲਈ ਆਉਣ ਵਾਲੇ ਹਿੰਦੀਆਂ ਵਾਸਤੇ ਆਰਜ਼ੀ ਪਰਮਿਟ ਦੇਣ ਦਾ ਫੈਸਲਾ ਕਰ ਲਿਆ। ਪਰ ਬਸਤੀਆਂ ਦੇ ਲੰਡਨੀ ਸਕੱਤਰ ਨੇ ਇਸ ਫੈਸਲੇ ਨੂੰ ਲੁਕਾਕੇ ਰੱਖਣ ਤੇ ਇਸ ਉੱਤੇ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ। [16]

ਦੂਸਰੀਆਂ ਬੰਦਸ਼ਾਂ ਬਾਰੇ ਕੈਨੇਡਾ ਦੇ ਮੁੱਖ ਮੰਤਰੀ ਬੋਰਡਿਨ ਨੇ 6 ਮਾਰਚ 1913 ਨੂੰ ਬਸਤੀਆਂ ਦੇ ਦਫਤਰ ਨੂੰ ਲਿਖਿਆ ਕਿ ਕੈਨੇਡਾ ਆਉਣ ਵਾਲੇ ਉਨ੍ਹਾਂ ਟੱਬਰਾਂ ਤੋਂ ਦੋ ਸੌ ਡਾਲਰ ਵਿਖਾਉਣ ਦੀ ਸ਼ਰਤ ਚੁੱਕੀ ਜਾਏਗੀ ਜਿਨ੍ਹਾਂ ਦੇ ਕੈਨੇਡਾ ਵਿਚਲੇ ਘਰ ਵਾਲੇ ਇਸ ਯੋਗ ਹੋਣਗੇ ਕਿ ਉਹ ਆਏ ਟੱਬਰਾਂ ਦਾ ਖਰਚ ਝਲ ਸਕਣ। [17] ਪਰ ਟੱਬਰਾਂ ਉਤੇ ਧੁਰੋਂ ਸਿੱਧੇ ਸਫਰ ਦੀ ਪਾਬੰਦੀ ਚੱਕਣ ਤੋਂ ਨਾਂਹ ਕਰ ਦਿੱਤੀ ਗਈ। ਹਿੰਦ ਸਰਕਾਰ ਨੇ 3 ਜੁਲਾਈ 1913 ਨੂੰ ਮੁੜ ਲਿਖਿਆ, ਪਰ ਕੈਨੇਡਾ ਸਰਕਾਰ ਨੇ ਪਰਨਾਲਾ ਨਾ ਪੁੱਟਿਆ।

**

Sri Satguru Jagjit Singh Ji eLibrary NamdhariElibrary@gmail.com

ਲੰਡਨ ਅਤੇ ਹਿੰਦ ਨੂੰ ਡੈਪੂਟੇਸ਼ਨ

ਵੈਨਕੂਵਰ ਦੇ ਗੁਰਦੁਆਰੇ ਹਰ ਐਤਵਾਰ ਦੀਵਾਨ ਵਿਚ ਹਿੰਦੀਆਂ ਉਤੇ ਨਸਲੀ ਵਿਤਕਰੇ ਦੇ ਆਧਾਰ ਉਤੇ ਲੱਗੀਆਂ ਪਾਬੰਦੀਆਂ ਤੇ ਵਿਚਾਰਾਂ ਹੁੰਦੀਆਂ ਹੀ ਰਹਿੰਦੀਆਂ। ਇਕ ਮੀਟਿੰਗ ਵਿਚ ਡੈਪੂਟੇਸ਼ਨ ਲੰਡਨ ਵਜ਼ੀਰ ਹਿੰਦ, ਪੰਜਾਬ ਦੇ ਲਾਟ ਸਾਹਿਬ ਅਤੇ ਹਿੰਦ ਦੇ ਵਾਇਸਰਾਏ ਨੂੰ ਆਪਣੇ ਦੁੱਖ ਦੱਸਣ ਲਈ ਮਿਲਣ ਵਾਸਤੇ ਭੇਜਣ ਦਾ ਫੈਸਲਾ ਕਰ ਲਿਆ। ਹੁਣ ਵਿਚਾਰ ਅਧੀਨ ਇਹ ਮਾਮਲਾ ਆਇਆ ਕਿ ਡੈਪੂਟੇਸ਼ਨ ਵਿਚ ਕੌਣ ਕੌਣ ਜਾਣ। [18]

27 ਦਸੰਬਰ 1912 ਦੇ ਦੀਵਾਨ ਵਿਚ ਡਾਕਟਰ ਸੁੰਦਰ ਸਿੰਘ ਤੇ ਸੰਤ ਤੇਜਾ ਸਿੰਘ ਤੇ ਰਾਜਾ ਸਿੰਘ ਦੇ ਨਾਂ ਪੇਸ਼ ਹੋਏ (ਇਹ ਤਿੰਨੇ ਅੱਟਵਾ ਕੈਨੇਡਾ ਸਰਕਾਰ ਪਾਸ ਮਿ. ਹਾਲ ਦੇ ਨਾਲ ਡੈਪੂਟੇਸ਼ਨ ਵਿਚ ਗਏ ਸਨ।) ਡਾ. ਸੁੰਦਰ ਸਿੰਘ ਤੇ ਸੰਤ ਤੇਜਾ ਸਿੰਘ ਦੇ ਨਾਵਾਂ ਦੀ ਬੜੀ ਵਿਰੋਧਤਾ ਹੋਈ ਭਾਵ ਸਰਬ ਸੰਮਤੀ ਨਾ ਹੋਈ। ਰਾਜਾ ਸਿੰਘ ਨੇ ਆਪਣਾ ਨਾਂ ਇਹ ਕਹਿ ਕਿ ਵਾਪਸ ਲੈ ਲਿਆ ਕਿ ਮੈਂ ਲੰਡਨ ਤੇ ਦਿੱਲੀ ਦੀਆਂ ਸਰਕਾਰਾਂ ਪਾਸ ਜਾਣਾ ਫਜ਼ੂਲ ਸਮਝਦਾ ਹਾਂ। ਇਹ ਸਭ ਇਕੋ ਹਨ, ਮੈਂ ਤਾਂ "ਆਪਣੇ ਲੋਕਾਂ" ਭਾਵ ਹਿੰਦ ਦੀ ਜਨਤਾ ਅੱਗੇ ਮਾਮਲਾ ਰੱਖਣ ਦੇ ਹੱਕ ਵਿਚ ਹਾਂ। ਰਾਜਾ ਸਿੰਘ ਦੀ ਰਾਏ ਬਹੁਤ ਵਜ਼ਨ ਰੱਖਦੀ ਸੀ ਆਖਰਕਾਰ ਦੇਸ਼ ਜਾ ਕੇ ਇਹ ਮਾਮਲਾ ਲੋਕਾਂ (ਜਨਤਾ) ਅੱਗੇ ਰੱਖਿਆ ਗਿਆ। ਟੱਬਰ ਮੰਗਵਾਉਣ ਦੀ ਲਹਿਰ ਆਜ਼ਾਦੀ ਦੀ ਲਹਿਰ ਵਿਚ ਬਦਲ ਗਈ। ਉਹ ਸਭ ਕੁਝ ਸਰਕਾਰ ਦੀਆਂ ਖੁਫੀਆ ਫਾਈਲਾਂ ਤੋਂ ਪਤਾ ਚਲਦਾ ਹੈ। 9 ਫਰਵਰੀ 1913 ਨੂੰ ਖਾਲਸਾ ਦੀਵਾਨ ਸੁਸਾਇਟੀ ਦੀ ਕਾਰਜਕਰਨੀ ਦੀ ਫਿਰ ਮੀਟਿੰਗ ਹੋਈ ਉਸ ਵੇਲੇ ਕਮੇਟੀ ਦੇ ਹੇਠ ਲਿਖੇ ਮੈਂਬਰ ਸਨ:

ਭਾਈ ਭਾਗ ਸਿੰਘ	ਪ੍ਰਧਾਨ
ਭਾਈ ਮਿੱਤ ਸਿੰਘ	ਸਕੱਤਰ
ਭਾਈ ਭੋਲਾ ਸਿੰਘ	ਮੈਂਬਰ
ਭਾਈ ਉੱਤਮ ਸਿੰਘ	ਮੈਂਬਰ
ਭਾਈ ਅਮਰ ਸਿੰਘ	ਮੈਂਬਰ
ਭਾਈ ਵਰਿਆਮ ਸਿੰਘ	ਮੈਂਬਰ
ਭਾਈ ਭਗਵਾਨ ਸਿੰਘ	ਮੈਂਬਰ


ਭਾਈ ਬਲਵੰਤ ਸਿੰਘ ਜੀ ਦਾ ਨਾਂ ਲੰਡਨ ਤੇ ਭਾਰਤ ਜਾਣ ਲਈ ਪਾਸ ਹੋ ਗਿਆ। ਉਸ ਦਿਨ ਦੀਵਾਨ ਵਿਚ ਇਸ ਦੀ ਮਨਜ਼ੂਰੀ ਲਈ ਵਿਚਾਰ ਹੋਈ। ਭਾਈ ਬਲਵੰਤ ਸਿੰਘ ਜੀ ਹੁਰਾਂ ਜਾਣ ਲਈ ਦੋ ਸ਼ਰਤਾਂ ਰੱਖੀਆਂ। ਪਹਿਲੀ ਕਿ ਭਾਈ ਵਰਿਆਮ ਸਿੰਘ, ਭਾਈ ਬਲਵੰਤ ਸਿੰਘ ਦੀ ਗੈਰਹਾਜ਼ਰੀ ਵਿਚ ਗ੍ਰੰਥੀ ਦੀ ਸੇਵਾ ਕਰਨਗੇ। ਦੂਜੀ ਕਿ ਜਦੋਂ ਤੱਕ ਡੈਪੂਟੇਸ਼ਨ ਵਾਪਸ ਨਹੀਂ ਆ ਜਾਂਦਾ ਖਾਲਸਾ ਦੀਵਾਨ ਸੁਸਾਇਟੀ ਵਿਚ ਹੁਣ ਵਾਲੀ ਕਮੇਟੀ ਹੀ ਰਹੇਗੀ। ਉਨ੍ਹਾਂ ਦੀਆਂ ਦੋਵੇਂ ਸ਼ਰਤਾਂ ਮੰਨ ਕੇ ਦੀਵਾਨ ਨੇ ਸਰਬ ਸੰਮਤੀ ਨਾਲ ਉਨ੍ਹਾਂ ਦਾ ਨਾਂ ਪ੍ਰਵਾਨ ਕਰ ਲਿਆ।

ਕੈਨੇਡਾ ਦੇ ਆਗੂ, ਅਮਰੀਕਾ ਦੇ ਆਗੂਆਂ ਨਾਲ ਰਲ ਕੇ ਚੱਲਦੇ ਸਨ। ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸਾਂਝੀਆਂ ਸਨ। ਆਜ਼ਾਦੀ ਦੀ ਲੜਾਈ ਵੀ ਉੱਤਰੀ ਅਮਰੀਕਾ ਤੋਂ ਦੋਨਾਂ ਦੇਸ਼ਾਂ ਦੇ ਆਗੂ ਸਲਾਹ ਨਾਲ ਲੜ ਰਹੇ ਸਨ। ਖਾਲਸਾ ਦੀਵਾਨ ਸੋਸਾਇਟੀ ਤੇ ਗਦਰ ਪਾਰਟੀ ਦੀ ਲੀਡਰਸਿਪ ਸਾਂਝੀ ਸੀ। ਇਸ ਕਰਕੇ ਡੈਪੂਟੇਸ਼ਨ ਵਿਚ ਬੰਦੇ ਭੇਜਣ ਲਈ ਜਵਾਲਾ ਸਿੰਘ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ, ਜਿਹੜੇ ਖਾਲਸਾ ਦੀਵਾਨ ਸਟਾਕਟਨ ਦੇ ਮੁੱਢਲੇ ਮੈਂਬਰ ਤੇ ਗਦਰ ਪਾਰਟੀ ਦੇ ਉੱਘੇ ਆਗੂ ਸਨ, ਨੂੰ ਅਮਰੀਕਾ ਤੋਂ ਸਲਾਹ ਲਈ ਸੱਦਿਆ ਗਿਆ। ਇਹ ਮੀਟਿੰਗ 16 ਫਰਵਰੀ 1913 ਨੂੰ ਵੈਨਕੂਵਰ ਵਿਚ ਹੋਈ। ਇਸ ਵਿਚ ਜੁਆਲਾ ਸਿੰਘ ਦੀ ਸਲਾਹ ਨਾਲ ਨੰਦ ਸਿੰਘ ਸੀਹਰਾ ਨੂੰ ਡੈਪੂਟੇਸ਼ਨ ਵਿਚ ਦੂਜੇ ਮੈਂਬਰ ਦੇ ਤੌਰ 'ਤੇ ਸਰਬਸੰਮਤੀ ਨਾਲ ਰੱਖਿਆ ਗਿਆ। ਭਾਈ ਨਰਾਇਣ ਸਿੰਘ ਨੇ ਆਪਣੇ ਆਪ ਨੂੰ ਆਪਣੇ ਖਰਚ 'ਤੇ ਡੈਪੂਟੇਸ਼ਨ ਨਾਲ ਜਾਣ ਲਈ ਪੇਸ਼ ਕੀਤਾ। ਤੀਜਾ ਮੈਂਬਰ ਨਰਾਇਣ ਸਿੰਘ ਵੀ ਸਰਬ ਸੰਮਤੀ ਨਾਲ ਪਾਸ ਹੋ ਗਿਆ। ਨਰਾਇਣ ਸਿੰਘ ਪਿੰਡ ਠੀਕਰੀਵਾਲਾ (ਬਰਨਾਲਾ) ਦੇ ਰਹਿਣ ਵਾਲੇ ਸਨ। ਆਪ ਗੁਰਮੁੱਖ ਸਿੱਖ ਤੇ ਨਿਸ਼ਕਾਮ ਸੇਵਕ ਸਨ। ਆਪ ਗੁਰਦੁਆਰੇ ਚੋਬਦਾਰ ਦਾ ਕੰਮ ਕਰਦੇ ਸਨ।

ਸਰਦਾਰ ਨੰਦ ਸਿੰਘ ਸੀਹਰਾ, ਫਲੌਰ ਦੇ ਰਹਿਣ ਵਾਲੇ ਰਾਮਗੜੀਆ ਸਿੱਖ ਸਨ। ਐਫ. ਏ. ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕਰਕੇ ਟੈਕਨੀਕਲ ਇਨਸਟੀਚਿਊਟ ਬੰਬਈ ਤੋਂ ਇੰਜੀਨੀਅਰ ਦਾ ਇਮਤਿਹਾਨ ਪਾਸ ਕੀਤਾ ਸੀ। ਫਿਰ ਅਮਰੀਕਾ ਵਿਚ ਰਹਿਣ ਵਾਲੇ ਭਾਰਤੀਆਂ ਵਲੋਂ ਬਣਾਏ ਟ੍ਰਸਟ ਵਲੋਂ (ਇਹ ਟ੍ਰਸਟ ਭਾਈ ਜਵਾਲਾ ਸਿੰਘ ਦੇ ਉਤਸ਼ਾਹ ਨਾਲ ਬਣਾਇਆ ਗਿਆ ਸੀ) [19] ਵਜੀਫਾ ਲੈ ਕੇ 1910 ਵਿਚ ਉੱਚ ਵਿਦਿਆ ਲਈ ਅਮਰੀਕਾ ਆ ਗਏ ਸਨ।

22 ਫਰਵਰੀ 1913 ਨੂੰ ਇਸ ਡੈਪੂਟੇਸ਼ਨ ਨੂੰ ਭੇਜਣ ਲਈ ਸਾਰੇ ਹਿੰਦੀਆਂ ਭਾਵ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਲੋਂ

Sri Satguru Jagjit Singh Ji eLibrary NamdhariElibrary@gmail.com



ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ ਦੇ ਮੁੱਢਲੇ ਮੈਂਬਰ ਅਤੇ ਗਦਰ ਪਾਰਟੀ ਦੇ ਉੱਘੇ ਆਗੂ ਭਾਈ ਜਵਾਲਾ ਸਿੰਘ ਠੱਠੀਆਂ ਜਿਲ੍ਹਾ ਅੰਮ੍ਰਿਤਸਰ



ਭਾਈ ਮਿੱਤ ਸਿੰਘ ਪੰਡੋਰੀ ਜੋ 1913 ਵਿਚ ਖਾਲਸਾ ਦੀਵਾਨ ਸੁਸਾਇਟੀ ਦੀ ਕਾਰਜਕਰਨੀ ਦੇ ਸਕੱਤਰ ਸਨ

Sri Satguru Jagjit Singh Ji eLibrary NamdhariElibrary@gmail.com

ਡੋਮੀਨੀਅਨ ਹਾਲ ਵਿਚ ਇਕ ਮੀਟਿੰਗ ਰੱਖੀ ਗਈ। ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ;

Resolved that where as the Dominion authorties have turned a deaf ear to our petitons and delegates requesting them to admit our famlies into Canada, we Hindustanies of Canada, assembled in a mass meeting under the auspies of United India League and Khalsa Diwan Society Vancouver B.C. appiont Mr. Nand Singh Shira, Balwant Singh and Narain Singh as a delegation to approach the Home Goverment in London to secure the primary elementary and Vital condtion of our domiciled existance in this country and to remove disabilities on immigration, and further to seek the co-operation of the Indian Govt. and various other public organisations of India, such as the Indian National Congress, the All India Hindus Sabha the All India Muslim League, the Chief Khalsa Diwan and Indian Public at large. (An account of Gadar conspiracy p. 37)[20]

ਡੈਪੂਟੇਸ਼ਨ 15 ਮਾਰਚ 1913 ਨੂੰ ਰੇਲ ਗੱਡੀ ਰਾਹੀਂ ਵੈਨਕੂਵਰ ਤੋਂ ਤੁਰਿਆ ਤੇ 19 ਮਾਰਚ ਨੂੰ ਮੌਂਟਰੀਅਲ ਪੁੱਜਾ। 21 ਮਾਰਚ 1913 ਨੂੰ ਪਾਣੀ ਵਾਲੇ ਜਹਾਜ਼ ਰਾਹੀਂ ਮੌਂਟਰੀਅਲ ਤੋਂ ਚੱਲ ਕੇ 29 ਮਾਰਚ 1913 ਨੂੰ ਲੰਡਨ ਪੁੱਜਾ। ਇਕ ਦਿਨ ਲੰਡਨ ਠਹਿਰ ਕੇ ਫੇਰ 31 ਮਾਰਚ 1913 ਨੂੰ ਮਾਨਚੈਸਟਰ ਪੁੱਜ ਗਿਆ। (ਜਦ ਉਹ ਵੈਨਕੂਵਰ ਤੋਂ ਤੁਰੇ ਉਨ੍ਹਾਂ ਪਾਸ 525 ਡਾਲਰ ਸਨ। ਖਰਚ ਤੇ ਤਾਰੀਖਾਂ ਦਾ ਵੇਰਵਾ ਭਾਈ ਬਲਵੰਤ ਸਿੰਘ ਹੁਰਾਂ ਦੀ ਪੰਜਾਬੀ ਵਿਚ ਲਿਖੀ ਡਾਇਰੀ ਦੱਸਦੀ ਹੈ।)

ਲੰਡਨ ਪੁੱਜ ਕੇ ਡੈਪੂਟੇਸ਼ਨ ਨੇ ਉਥੋਂ ਦੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਸਰ ਵ. ਵੈਡਰਬਰਨ ਦੇ ਰਾਹੀਂ ਵਜ਼ੀਰ ਹਿੰਦ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। 17 ਅਪ੍ਰੈਲ 1913 ਨੂੰ ਵਜ਼ੀਰ ਹਿੰਦ ਦੇ ਦਫਤਰ ਨੇ ਬਸਤੀਆਂ ਦੇ ਦਫਤਰ ਨੂੰ ਲਿਖਿਆ ਕਿ ਡੈਪੂਟੇਸ਼ਨ ਨੂੰ ਪਹਿਲਾਂ ਬਸਤੀਆਂ ਦੇ ਦਫਤਰ ਨੂੰ ਮਿਲਣਾ ਚਾਹੀਦਾ ਹੈ ਤੇ ਨਾਲ ਹੀ ਡੈਪੂਟੇਸ਼ਨ ਉਤੇ ਦੋ ਇਤਰਾਜ ਕੀਤੇ। ਪਹਿਲਾ ਇਹ ਡੈਪੂਟੇਸ਼ਨ ਜਾਣ ਬੁੱਝ ਕੇ ਕੈਨੇਡਾ ਦੀ ਹਕੂਮਤ ਨੂੰ ਨਹੀਂ ਮਿਲਿਆ ਤੇ ਉਸ ਦੀ ਉਲੰਘਣਾ ਕਰਕੇ ਸਿੱਧਾ ਇਮਪੀਰੀਅਲ ਸਰਕਾਰ ਨੂੰ ਮਿਲਣ ਆ ਗਿਆ ਹੈ। ਹਾਲਾਂ ਕਿ ਕੈਨੇਡਾ ਦੀ ਸਰਕਾਰ ਹੀ ਇਨ੍ਹਾਂ ਵਾਸਤੇ ਸਭ ਕੁਝ ਕਰਨ ਯੋਗ ਹੈ।

ਦੂਜਾ ਇਤਰਾਜ਼ ਇਹ ਕਿ ਡੈਪੂਟੇਸ਼ਨ ਦਾ ਲੀਡਰ ਨੰਦ ਸਿੰਘ, ਕੈਨੇਡਾ ਦੇ ਹਿੰਦੀਆਂ ਦਾ ਨੁਮਾਇੰਦਾ ਨਹੀਂ ਹੈ। ਉਹ ਕੈਲੋਫੋਰਨੀਆਂ ਦੇ ਉਹਨਾਂ ਹਿੰਦੀਆਂ ਨਾਲ ਸਬੰਧ ਰੱਖਦਾ ਹੈ, ਜੋ ਹਿੰਦ ਵਿਚ ਅੰਗਰੇਜ਼ੀ ਰਾਜ ਦੇ ਵਿਰੁੱਧ ਐਜੀਟੇਸ਼ਨ ਕਰ ਰਹੇ ਹਨ।

ਬਸਤੀਆਂ ਦੇ ਵਜ਼ੀਰ ਨੇ ਜਵਾਬ ਦਿੱਤਾ ਕਿ ਜਦ ਤੱਕ ਡੈਪੂਟੇਸ਼ਨ ਕੈਨੇਡਾ ਸਰਕਾਰ ਵਲੋਂ ਉਹਨਾਂ ਦੀ 1911ਵਿਚ ਨੁਮਾਇੰਦਗੀ ਦੇ ਲਿਖਤੀ ਜਵਾਬ ਦੀ ਨਕਲ ਪੇਸ਼ ਨਾ ਕਰੇ, ਉਹ ਆਪ ਮੁਲਾਕਾਤ ਨਹੀਂ ਕਰੇਗਾ। ਪਰ ਉਸਨੇ ਬਸਤੀਆਂ ਦੇ ਦਫਤਰ ਦੇ ਹੇਠਲੇ (ਅੰਡਰ) ਸਕੱਤਰ ਸਰ ਐਡਰਸਨ ਨੂੰ ਕਿਹਾ ਕਿ ਉਹ ਡੈਪੂਟੇਸ਼ਨ ਨਾਲ ਇਸ ਸ਼ਰਤ ਉਤੇ ਮੁਲਾਕਾਤ ਕਰੇ ਕਿ ਡੈਪੂਟੇਸ਼ਨ ਨਾਲ ਨੰਦ ਸਿੰਘ ਸੀਹਰਾ ਨਾ ਹੋਵੇ। ਪਹਿਲੀ ਮਈ ਨੂੰ ਸਰ ਵੈਡਰਬਰਨ ਨੇ ਲਿਖਿਆ ਕਿ ਕੈਨੇਡਾ ਦੇ ਹਿੰਦੀਆਂ ਦੀਆਂ ਮੰਗਾਂ ਨਾਲ ਹਮਦਰਦੀ ਰੱਖਣ ਵਾਲੇ ਅੰਗਰੇਜ਼ਾਂ ਦੇ ਇਕ ਦੋ ਬੰਦਿਆਂ ਨੂੰ ਵੀ ਇਸ ਡੈਪੂਟੇਸ਼ਨ ਵਿਚ ਆਉਣ ਦਿੱਤਾ ਜਾਏ ਪਰ ਇਸ ਦੀ ਆਗਿਆ ਨਾ ਦਿੱਤੀ ਗਈ।[21]

ਆਖਰ ਸਭ ਕੁਝ ਤਹਿ ਹੋ ਕੇ 12 ਮਈ, 1913 ਨੂੰ ਬਾਕਾਇਦਾ ਮੁਲਾਕਾਤ ਦੀ ਦਰਖਾਸਤ ਕੀਤੀ ਗਈ ਤੇ 14 ਮਈ ਨੂੰ ਮੁਲਾਕਾਤ ਹੋਈ। [22] ਬਸਤੀਆਂ ਦੇ ਅੰਡਰ ਸੈਕਟਰੀ ਦੇ ਨਾਲ ਵਜ਼ੀਰ ਹਿੰਦ ਦਾ ਰਾਜਸੀ ਸਲਾਹਕਾਰ ਸਰ ਡਨਲੋਪ ਸਮਿਥ ਵੀ ਮੁਲਾਕਾਤ ਵਿਚ ਬੈਠਾ। ਨੰਦ ਸਿੰਘ ਨੂੰ ਦੋਭਾਸ਼ੀਏ ਦੀ ਹੈਸੀਅਤ ਵਿਚ ਸਦਿਆ ਗਿਆ। ਡਨਲੋਪ ਸਮਿਥ ਨੇ ਆਪਣੇ ਮੁਲਾਕਾਤੀ ਨੋਟਾਂ ਵਿਚ ਲਿਖਿਆ ਹੈ: "ਭਾਈ ਬਲਵੰਤ ਸਿੰਘ ਤੇ ਨਾਰਾਇਣ ਸਿੰਘ ਬੜੇ ਇੱਜ਼ਤਮਾਨ ਵਾਲੇ ਬੰਦੇ ਸਨ ਤੇ ਉਹ ਤਨੋ ਮਨੋ ਸ਼ਿਕਾਇਤੀ ਜਾਪਦੇ ਸਨ।" ਮੁਲਾਕਾਤ ਤੋਂ ਬਾਅਦ ਉਸਨੇ ਉਹਨਾਂ ਨਾਲ ਪੰਜਾਬੀ ਵਿਚ ਗੱਲਾਂਬਾਤਾਂ ਕੀਤੀਆਂ ਜਿਨ੍ਹਾਂ ਤੋਂ ਪਤਾ ਲੱਗਾ ਕਿ ਉਹ ਦਰਅਸਲ ਹਿੰਦੁਸਤਾਨ ਜਾ ਕੇ ਸਰਕਾਰ ਨਾਲ ਗੱਲਬਾਤ ਕਰਨ ਤੇ ਆਪਣੇ ਪੰਜਾਬੀ ਲੋਕਾਂ ਅੱਗੇ ਆਪਣਾ ਕੇਸ ਪੇਸ਼ ਕਰਨਾ ਚਾਹੁੰਦੇ ਸਨ। ਇਹ ਮੁਲਾਕਾਤ ਉਹਨਾਂ ਕੇਵਲ ਇਸ ਲਈ ਕੀਤੀ ਕਿ ਉਹ ਲੰਡਨ ਵਿਚ ਜ਼ਹਾਜ਼ ਦੀ ਉਡੀਕ ਦੇ ਸਮੇਂ ਤੋਂ ਫਾਇਦਾ ਉਠਾ ਲੈਣ।[23]

23 ਮਈ ਨੂੰ ਮੁੜ ਮੁਲਾਕਾਤ ਕਰਨ ਵਾਸਤੇ ਦਰਖਾਸਤ ਕੀਤੀ ਗਈ। ਡੈਪੂਟੇਸ਼ਨ ਦਾ ਜਹਾਜ਼ 28 ਮਈ 1913 ਨੂੰ ਹਿੰਦੁਸਤਾਨ ਨੂੰ ਤੁਰਨਾ ਸੀ। ਉਹਨਾਂ ਨੂੰ ਮੁਲਾਕਾਤ ਦੀ ਮਨਜ਼ੂਰੀ ਦਾ ਜਵਾਬ 23 ਮਈ ਨੂੰ ਪੌਣੇ ਪੰਜ ਵਜੇ ਸ਼ਾਮ ਨੂੰ ਦਿੱਤਾ ਗਿਆ, ਜਦੋਂ ਕਿ ਇਸ ਜਵਾਬ ਵਿਚ ਮਿਲਣ ਦਾ ਟਾਈਮ ਸਾਢੇ ਤਿੰਨ ਵਜੇ ਦਿੱਤਾ ਗਿਆ ਹੋਇਆ ਸੀ। ਇਸ ਤਰ੍ਹਾਂ ਦੂਸਰੀ ਮੁਲਾਕਾਤ ਨੂੰ ਟਾਲ ਦਿੱਤਾ ਗਿਆ। ਫੇਰ 27 ਮਈ ਨੂੰ ਮੁਲਾਕਾਤ ਦੀ ਆਗਿਆ ਮੰਗੀ ਗਈ, ਜਿਸਦਾ ਜਹਾਜ਼ ਚੜ੍ਹਣ ਤੱਕ ਕੋਈ ਜਵਾਬ ਨਾ ਆਇਆ। ਉਹ 28 ਤਾਰੀਖ ਨੂੰ ਜਹਾਜ਼ ਚੜ੍ਹ ਗਏ। ਇਸ ਦਰਖਾਸਤ ਦਾ ਜਵਾਬ 28 ਮਈ 1913 ਨੂੰ ਲਿਖਿਆ ਹੋਇਆ ਉਹਨਾਂ ਨੂੰ ਬੰਬਈ ਦੇ ਪੋਸਟ ਮਾਸਟਰ ਜਨਰਲ ਪਾਸੋਂ ਬੰਬਈ ਆ ਕੇ ਮਿਲਿਆ। ਡੈਪੂਟੇਸ਼ਨ ਨੂੰ ਜਵਾਬ ਦਿੱਤਾ ਗਿਆ ਸੀ ਕਿ ਵਿਧਾਨ ਅਨੁਸਾਰ ਕੈਨੇਡਾ ਹਕੂਮਤ ਹੀ ਤੁਹਾਡੇ ਵਾਸਤੇ ਕੁਝ ਕਰ ਸਕਦੀ ਹੈ। ਇਮਪੀਰੀਅਲ (ਸਾਮਰਾਜੀ) ਹਕੂਮਤ ਵਿਧਾਨ ਦੀ ਉਲੰਘਣਾ ਕਰਕੇ ਕੈਨੇਡਾ ਦੀ ਸਰਕਾਰ ਨੂੰ ਕੁਝ ਨਹੀਂ ਆਖੇਗੀ। [24]

Sri Satguru Jagjit Singh Ji eLibrary NamdhariElibrary@gmail.com



ਲੰਡਨ ਡੈਪੂਟੇਸ਼ਨ ਦੇ ਮੈਂਬਰਾਂ ਦੀ ਤਸਵੀਰ। ਕੁਰਸੀਆਂ ਉਪਰ ਬੈਠੇ ਭਾਈ ਬਲਵੰਤ ਸਿੰਘ, ਭਾਈ ਨਰਾਇਣ ਸਿੰਘ ਅਤੇ ਭਾਈ ਨੰਦ ਸਿੰਘ ਸੀਹਰਾ ਖੜ੍ਹੇ ਦਿਖਾਈ ਦੇ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਇਹ ਡੈਪੂਟੇਸ਼ਨ 6 ਜੁਲਾਈ, 1913 ਨੂੰ ਲਾਹੌਰ ਪਹੁੰਚ ਗਿਆ। ਲਾਹੌਰ ਪੁੱਜ ਕੇ ਸਿੰਘ ਸਭਾ ਲਾਹੌਰ ਦੇ ਸਕੱਤਰ ਡਾਕਟਰ ਬਲਦੇਵ ਸਿੰਘ ਨੂੰ ਮਿਲਿਆ। ਮੈਂਬਰਾਂ ਨੇ ਗੁਰਦੁਆਰੇ ਦੇ ਸੱਜੇ ਹੋਏ ਦੀਵਾਨ ਵਿਚ ਭਾਸ਼ਣ ਦਿੱਤੇ। ਅਖਬਾਰਾਂ ਦੇ ਸੰਪਾਦਕਾਂ ਦਾ ਸਹਿਯੋਗ ਲਿਆ। ਸਰਦਾਰ ਅਮਰ ਸਿੰਘ, ਐਡੀਟਰ 'ਲਾਇਲ ਗਜਟ', ਦੀਨਾ ਨਾਥ-ਐਡੀਟਰ 'ਆਦੇਸ਼' ਅਤੇ 'ਟ੍ਰਿਬਿਊਨ' ਦੇ ਐਡੀਟਰ ਨੂੰ ਵੀ ਮਿਲੇ। ਪੰਜਾਬ ਦੀਆਂ ਅਖਬਾਰਾਂ ਵਿਚ ਆਪਣੀਆਂ ਮੰਗਾਂ ਬਾਰੇ ਲੇਖ ਛਪਣ ਲਈ ਭੇਜੇ ਗਏ।

4 ਅਗਸਤ ਨੂੰ ਲਾਹੌਰ ਵਿਚ ਇਕ ਜਲਸਾ (ਆਮ) ਕੀਤਾ ਗਿਆ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਲਾਹੌਰ ਵਿਚ ਇਕ ਐਸੀ ਕਮੇਟੀ ਬਣਾਈ ਜਾਵੇ ਜੋ ਆਮ ਲੋਕਾਂ ਵਿਚ ਪ੍ਰਚਾਰ ਕਰੇ ਅਤੇ ਸਰਕਾਰ ਨੂੰ ਭੇਜਣ ਲਈ ਮੇਜਰਨਾਮਾ ਵੀ ਤਿਆਰ ਕਰੇ। ਪੰਡਤ ਰਾਮ ਭਜ ਦੱਤ ਵਕੀਲ, ਭਾਈ ਮਿਹਰ ਸਿੰਘ ਚਾਵਲਾ ਅਤੇ ਮਿਰਜਾਦੀਨ ਵਕੀਲ ਉਸ ਕਮੇਟੀ ਦੇ ਸੱਕਤਰ ਥਾਪੇ ਗਏ।

25 ਜੁਲਾਈ 1913 ਨੂੰ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਦੱਸਿਆ ਕਿ ਕੈਨੇਡਾ ਤੋਂ ਤਿੰਨ ਸਿੱਖ ਬਲਵੰਤ ਸਿੰਘ, ਨਰਾਇਣ ਸਿੰਘ ਤੇ ਨੰਦ ਸਿੰਘ ਡੈਪੂਟੇਸ਼ਨ ਬਣਕੇ ਆਏ ਹਨ। ਉਹਨਾਂ ਨੇ ਸਰ ਮੁਹੰਮਦ ਸ਼ਫੀ, ਲਾਲਾ ਹਰਕਿਸ਼ਨ ਲਾਲ, ਲਾਲਾ ਲਾਜਪਤ ਰਾਏ ਤੇ ਹੋਰ ਮਸ਼ਹੂਰ ਸਥਾਨਕ ਹਿੰਦੀਆਂ ਨਾਲ ਕੈਨੇਡਾ ਦੇ ਘਾਟਾਂ ਦੇ ਕਾਨੂੰਨ ਵਿਰੁੱਧ ਰੋਸ ਪ੍ਰਗਟ ਕਰਨ ਲਈ ਇਕ ਲੋਕ ਜਲਸਾ ਕਰਨ ਦਾ ਬੰਦੋਬਸਤ ਕੀਤਾ ਹੈ। ਦੂਸਰੇ ਫਿਰਕਿਆਂ ਨਾਲੋਂ ਸਿੱਖਾਂ ਵਿਚ ਰੋਸੇ ਦਾ ਜੋਸ਼ ਬਹੁਤ ਜ਼ਿਆਦਾ ਹੈ। ਸੁੰਦਰ ਸਿੰਘ ਮਜੀਠੀਏ ਤੇ ਜੋਗਿੰਦਰ ਸਿੰਘ (ਰਸੂਲਪੁਰੀਏ), ਪਟਿਆਲੇ ਦੇ ਘਰੇਲੂ ਮੰਤਰੀ ਨੇ ਪੰਜਾਬ ਸਰਕਾਰ ਪਾਸੋਂ ਇਸ ਜਲਸੇ ਵਿਚ ਸ਼ਾਮਲ ਹੋਣ ਦੀ ਆਗਿਆ ਮੰਗੀ ਹੈ। ਜੋਗਿੰਦਰ ਸਿੰਘ ਨੂੰ ਤਾਂ ਲਾਹੌਰ ਦੇ ਇਸ ਜਲਸੇ ਵਿਚ ਸ਼ਾਮਲ ਹੋਣ ਦੀ ਆਗਿਆ ਹੈ। ਸਾਨੂੰ ਅਜੇ ਡੈਪੂਟੇਸ਼ਨ ਦੇ ਬੰਦਿਆਂ ਬਾਰੇ ਕੋਈ ਪਤਾ ਨਹੀਂ, ਕਿ ਉਹ ਕਿਹੋ ਜਿਹੇ ਹਨ। ਇਸ ਲਈ ਮੀਟਿੰਗਾਂ ਨਾ ਹੀ ਹੋਣ ਤਾਂ ਚੰਗਾ ਹੈ। ਪਰ ਮੀਟਿੰਗ ਹੋਵੇ ਤਾਂ ਪ੍ਰਧਾਨਗੀ ਕਰਨ ਵਿਚ ਕੀ ਡਰ ਹੈ? ਮੀਟਿੰਗ ਤਾਂ ਹੀ ਹੋਵੇਗੀ ਜੇ ਮਕਾਮੀ ਹਾਕਮ ਇਜ਼ਾਜਤ ਦੇਣਗੇ। ਪੰਜਾਬ ਸਰਕਾਰ ਨੇ ਇਹ ਵੀ ਪੁੱਛਿਆ ਕਿ ਮੀਟਿੰਗਾਂ ਕਰਨ ਦਿੱਤੀਆਂ ਜਾਣ ਕਿ ਨਾ? ਹਿੰਦ ਸਰਕਾਰ ਨੇ 3 ਸਤੰਬਰ ਨੂੰ ਜਵਾਬ ਦਿੱਤਾ ਕਿ ਅਸੀਂ ਪੰਜਾਬ ਸਰਕਾਰ ਦੀ ਪਾਲਿਸੀ ਨਾਲ ਸਹਿਮਤ ਹਾਂ। ਮੀਟਿੰਗਾਂ ਨਾ ਹੋਣ ਤਾਂ ਚੰਗਾ ਹੈ। ਪਰ ਪੰਜਾਬ ਸਰਕਾਰ ਨੂੰ ਮੀਟਿੰਗਾਂ ਹੋਣੋਂ ਰੋਕਣੀਆਂ ਨਹੀਂ ਚਾਹੀਦੀਆਂ। [25]

ਇਕ ਮੀਟਿੰਗ 18 ਅਗਸਤ 1913 ਨੂੰ ਲਾਹੌਰ ਬਰੈਡਲਾ ਹਾਲ ਵਿਚ ਸਰਦਾਰ ਬਘੇਲ ਸਿੰਘ ਕੱਲ੍ਹਾ ਦੀ ਪ੍ਰਧਾਨਗੀ ਹੇਠ ਹੋਈ। ਡੈਪੂਟੇਸ਼ਨ ਨੇ ਕੈਨੇਡੀਅਨ ਹਿੰਦੀਆਂ ਦੀ ਵਿਥਿਆ ਸੁਣਾਈ। ਇਹਨਾਂ ਦੀਆਂ ਮੰਗਾਂ ਦੀ ਪੂੜਤਾ ਵਿਚ ਸਰ ਪੀ. ਸੀ. ਚੈਟਰਜੀ ਨੇ ਮਤਾ ਪੇਸ਼ ਕੀਤਾ, ਜਿਸ ਦੀ ਤਾਈਦ ਵਿਚ ਦੀਵਾਨ ਕਿਸ਼ਨ ਕਿਸ਼ੋਰ ਤੇ ਹਮਾਇਤ ਵਿਚ ਮੌਲਾਨਾ ਜ਼ਫਰ ਅਲੀ ਖਾਂ, ਸਰਦਾਰ ਮਿਹਰ ਸਿੰਘ ਚਾਵਲਾ, ਸ੍ਰੀ ਲਾਲ ਚੰਦ ਬੈਰਿਸਟਰ ਤੇ ਸ. ਹਰਨਾਮ ਸਿੰਘ ਮਾਨਾਵਾਲੀਏ ਨੇ ਤਕਰੀਰਾਂ ਕੀਤੀਆਂ। ਦੂਸਰੇ ਮਤੇ ਰਾਹੀਂ ਸ. ਬਘੇਲ ਸਿੰਘ ਕੱਲ੍ਹਾ, ਸਰ ਪੀ. ਸੀ. ਚੈਟਰਜੀ, ਮੀਆਂ ਮੁਹੰਮਦ ਸ਼ਫੀ, ਨਵਾਬ ਮੁਹੰਮਦ ਅਲੀ ਖਾਂ, ਮਲਕ ਉਮਰ ਹਯਾਤ ਖਾਂ ਟਿਵਾਨਾਂ, ਲਾਲਾ ਹਰਕਿਸ਼ਨ ਲਾਲ, ਸ. ਮੇਹਰ ਸਿੰਘ ਚਾਵਲਾ, ਸ. ਸੇਵਾ ਸਿੰਘ, ਮਿਰਜ਼ਾ ਜਲਾਲ ਦੀਨ, ਪੰਡਤ ਰਾਮ ਭੱਜ ਦੱਤ, ਰਾਏ ਬਹਾਦਰ ਰਾਮ ਸਰਨ ਦਾਸ, ਰਾਏ ਬਹਾਦਰ ਮੋਹਣ ਲਾਲ, ਮੌਲਾਨਾ ਜ਼ਫਰ ਅਲੀ ਖਾਂ, ਨਵਾਬ ਫਤਹਿ ਅਲੀ ਖਾਂ, ਦੀਵਾਨ ਕਿਸ਼ਨ ਕਿਸ਼ੋਰ, ਕੈਪਟਨ ਸ਼ੇਰ ਸਿੰਘ, ਲਾਲਾ ਲਾਜਪਤ ਰਾਏ, ਤੇ ਲਾਲਾ ਦੁਨੀ ਚੰਦ ਦੀ ਇਕ ਕਮੇਟੀ ਬਣਾਈ ਗਈ, ਜਿਸ ਨੂੰ ਕਿਹਾ ਗਿਆ ਕਿ ਉਹ ਯਾਦ ਪੱਤਰ ਤਿਆਰ ਕਰਕੇ ਹਿੰਦ ਸਰਕਾਰ ਨੂੰ ਭੇਜੇ। ਸ. ਬਘੇਲ ਸਿੰਘ ਨੇ ਇਸ ਮੀਟਿੰਗ ਦੇ ਮਤੇ ਹਿੰਦ ਸਰਕਾਰ ਨੂੰ 7 ਅਕਤੂਬਰ, 1913 ਨੂੰ ਭੇਜੇ।[26]

ਇਸ ਤੋਂ ਪਿਛੋਂ ਇਸ ਪ੍ਰਤੀਨਿਧ ਮੰਡਲ ਨੇ ਸਾਰੇ ਪੰਜਾਬ ਦਾ ਦੌਰਾ ਕਰਨ ਦਾ ਪ੍ਰੋਗਰਾਮ ਬਣਾਇਆ। ਅੰਬਾਲਾ, ਲੁਧਿਆਣਾ, ਜਲੰਧਰ, ਫਿਰੋਜ਼ਪੁਰ ਆਦਿ ਵੱਡੇ ਸ਼ਹਿਰਾਂ ਵਿਚ ਜਾ ਕੇ ਜਨਤਕ ਜਲਸੇ ਕੀਤੇ। ਛਾਉਣੀਆਂ ਵਿਚ ਫਿਰ ਕੇ ਫੌਜੀਆਂ ਨਾਲ ਵਿਚਾਰ ਵਟਾਂਦਰੇ ਕੀਤੇ।

18 ਸਤੰਬਰ 1913 ਨੂੰ ਇਸ ਡੈਪੂਟੇਸ਼ਨ ਨੇ ਪੰਜਾਬ ਦੇ ਗਵਰਨਰ ਸਰ ਮਾਈਕਲ ਉਡਾਵਾਇਰ ਨਾਲ ਮੁਲਾਕਾਤ ਕੀਤੀ। ਉਡਵਾਇਰ (1885-1935) ਨੇ ਇਸ ਡੈਪੂਟੇਸ਼ਨ ਤੇ ਭਾਈ ਬਲਵੰਤ ਸਿੰਘ ਬਾਰੇ 1925 ਵਿਚ ਲਿਖੀ ਕਿਤਾਬ ਵਿਚ ਲਿਖਿਆ 'ਇੰਡੀਆ ਐਜ਼ ਆਈ ਨਿਊ ਇੱਟ"

"In the summer of 1913, three Sikhs delegates came from Canada to the Punjab. They are really advance agents-through we did not know this at the time-of the Ghadr Party.

"Their ostensible object was to arouse public opinion in India to the hardships of the Canadian immigration laws. They held meetings throughout the Province, some of which were attended by many men of undoubted loyaliy. But after a time the tone of these meetings changed. Instead of reasonable criticisms of the immigration laws, the speeches became menacing and inflammatory. At this stage, I sent a warning to the delegates that if this continued, I would be compelled to take serious action. Province was then in a State of high tension as the result of the Delhi and Lahore outrages and the increasing commu-

Sri Satguru Jagjit Singh Ji eLibrary NamdhariElibrary@gmail.com

nal friction."

The delegates on this asked for an interview with me. I had a long talk with them and repeated my warning. Two of them were oily and spucious; the manner of the third seemed to be that of a dangerous revolutionary. They wished to see the Viceroy, and in sending them on to him, I particularly warned him about this man. They returned to Canada about the beginning of 1914. A year later, after the Ghadr storm had burst over the Province, we discovered that these three men had actively, but secretly, been spreading sedition in the Punjab. All three took a prominent part in the subsequent rebellion. One of them was arrested by the United State Authorities in 1914, for smuggling arms to Indian revolutionaries in Canada, but seems to have escaped. He was next heard of as a Ghadr leader and a German agent in the Far East, engaged in pushing the revolutionary movement in Burma and Siam. He was arrested by the Siamese Government in 1915, deported to India, tried in the second Lahore conspiracy case, for murder, rebellion etc, and sentenced to death."

"The man I had warned Lord Harding against turned out to be one of Har Dayal's most trusted lieutenants. He had been a prominent member at the banquet held in SanFrancisco on 25th December, 1912, to glorify the outrange on Lord Hardinge two days before. Yet a few months later this scoundrel appears before Lord Harding under the disguise of a peaceful delegate!"

O'Dwyer used these words "dangerous revolutionary" and "scoundrel" for Bhai Balwant Singh, the leader of the deputation

5 ਅਕਤੂਬਰ ਨੂੰ ਇਹ ਪ੍ਰਤੀਨਿਧ ਮੰਡਲ ਲਾਇਲਪੁਰ ਵਿਚ ਸੀ। ਉਥੇ ਖਾਲਸਾ ਧਰਮਸ਼ਾਲਾ ਵਿਚ ਇਕ ਬੜਾ ਭਾਰੀ ਇਕੱਠ ਹੋਇਆ ਸੀ ਜਿਸ ਵਿਚ ਹਕੀਮ ਅਮੀਨ-ਉਦਦੀਨ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਰਕਾਰ ਦੀ ਨੀਤੀ ਨੂੰ ਭੰਡਿਆ। ਇਸ ਤੋਂ ਬਿਨਾਂ ਇਹ ਵਫਦ ਅੰਮ੍ਰਿਤਸਰ, ਗੁਜ਼ਰਾਂਵਾਲਾ, ਤਾਰਨ ਤਾਰਨ, ਗਾਜੀਆਬਾਦ, ਰਾਵਲਪਿੰਡੀ, ਹੁਸ਼ਿਆਰਪੁਰ, ਸਿਆਲਕੋਟ, ਕਰਾਚੀ ਆਦਿ ਸ਼ਹਿਰਾਂ ਵਿਚ ਵੀ ਗਿਆ ਤੇ ਆਮ ਜਲਸੇ ਕਰਕੇ ਜਨਤਾ ਦਾ ਸਹਿਯੋਗ ਜਿੱਤਿਆ। ਭਾਈ ਬਲਵੰਤ ਸਿੰਘ ਪਿਸ਼ਾਵਰ ਵੀ ਗਏ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਆਵਾਜ਼ ਅਫਗਾਨਿਸਤਾਨ ਦੇ ਅਮੀਰ ਤੱਕ ਵੀ ਪਹੁੰਚਾਈ।

ਜਦ ਇਹ ਡੈਪੂਟੇਸ਼ਨ ਲਾਹੌਰ ਵਿਚ ਸੀ ਤਾਂ ਇਨ੍ਹਾਂ ਨੇ ਇਕ ਟ੍ਰੈਕਟ ਕੈਨੇਡਾ ਵਿਚ ਰਹਿੰਦੇ 'ਹਿੰਦੁਸਤਾਨੀਆਂ ਦੇ ਦੁਖੜੇ' ਦੇ ਸਿਰਲੇਖ ਹੇਠ ਅਕਤੂਬਰ 1913 ਨੂੰ ਲੋਕ ਰਾਏ ਨੂੰ ਹੱਕ ਵਿਚ ਬੁਲਾਉਣ ਲਈ ਛਪਵਾ ਕੇ ਵੰਡਿਆ ਸੀ ਜਿਸ ਵਿਚ ਸਰਕਾਰ ਤੇ ਇਮੀਗਰੇਸ਼ਨ ਮਹਿਕਮੇ ਵਲੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਪੰਜਾਬ ਦੇ ਸਿੱਖ ਅਤੇ ਉਨ੍ਹਾਂ ਦੇ ਪਰਿਵਾਰ ਜੋ ਦੁੱਖ ਭੋਗ ਰਹੇ ਸਨ ਉਨ੍ਹਾਂ ਬਾਰੇ ਲਿਖਿਆ। ਜਿਵੇਂ ਸਰਦਾਰ ਹਾਕਮ ਸਿੰਘ, ਗੁਰੂ ਨਾਨਕ ਮਾਈਨਿੰਗ ਅਤੇ ਟਰਸਟ ਕੰਪਨੀ ਦੇ ਡਾਇਰੈਕਟਰ ਹਨ। ਰਸਾਲਾ ਬੰਗਾਲ ਲਾਨਸਰਸ ਵਿਚ ਨੌਕਰੀ ਕੀਤੀ ਹੈ, ਹੁਣ ਸ਼ਹਿਰ ਵੈਨਕੂਵਰ ਵਿਚ ਬਹੁਤ ਵੱਡੀ ਜਾਇਦਾਦ ਦੇ ਮਾਲਕ ਹਨ। ਉਨ੍ਹਾਂ ਦੀ ਮਾਂ ਤੇ ਚਾਰ ਬੱਚੇ ਕਰੀਬ ਢਾਈ ਸਾਲ ਤੋਂ ਹਾਂਗਕਾਂਗ ਰੁਲ ਰਹੇ ਹਨ। ਇਹ ਇਸ ਗੱਲ ਦੀ ਉਡੀਕ ਵਿਚ ਹਨ ਕਿ ਸਿੱਧੀ ਟਿਕਟ ਮਿਲੇ। ਕੁਝ ਗੱਲਾਂ ਤੋਂ ਅਨੁਮਾਨ ਹੁੰਦਾ ਹੈ ਕਿ ਜਹਾਜ਼ੀ ਕੰਪਨੀਆਂ ਨੇ ਕੈਨੇਡਾ ਸਰਕਾਰ ਨਾਲ ਕੁਝ ਗੁੱਝੇ ਤੇ ਲੁਕਵੇਂ ਇਕਰਾਰ ਕੀਤੇ ਹਨ ਜਿਸ ਕਰਕੇ ਜਹਾਜ਼ੀ ਕੰਪਨੀਆਂ ਹਿੰਦੁਸਤਾਨੀਆਂ ਨੂੰ ਸਿੱਧੇ ਟਿਕਟ ਕੈਨੇਡਾ ਦੇ ਦੇਣ ਤੋਂ ਇਨਕਾਰ ਕਰਦੀਆਂ ਹਨ।

ਇਸ ਡੈਪੂਟੇਸ਼ਨ ਨੇ ਬੜੀ ਲੋਕ ਹਮਾਇਤ ਅਤੇ ਰਾਜਸੀ ਤੌਰ 'ਤੇ ਕਾਫੀ ਮਹਾਨਤਾ ਹਾਸਲ ਕੀਤੀ। 28 ਅਪ੍ਰੈਲ, 1913 ਨੂੰ ਵੈਨਕੂਵਰ ਵਿਚ 'ਦੋਸਤਾਂ ਦੀ ਸਭਾ' (ਕਵੈਕਰਜ਼) ਦੀ ਛਿਮਾਹੀ ਮੀਟਿੰਗ ਹੋਈ, ਜਿਸ ਵਿਚ ਉਹਨਾਂ ਏਸ਼ੀਆਈਆਂ ਉਤੇ ਲਾਈਆਂ ਗਈਆਂ ਪਾਬੰਦੀਆਂ ਨੂੰ ਚੁੱਕਣ ਦੀ ਮੰਗ ਕੀਤੀ। [27]

ਇਸ ਡੈਪੂਟੇਸ਼ਨ ਨੇ ਲੰਡਨ ਵਿਚ ਵੀ ਕੈਨੇਡੀਅਨ ਇਮੀਗਰੇਸ਼ਨ ਕਮੇਟੀ ਜਥੇਬੰਦ ਕੀਤੀ ਸੀ ਜਿਸ ਦੀ ਛਤਰ ਛਾਇਆ ਹੇਠ 14 ਮਈ ਨੂੰ 'ਲੰਡਨ ਦੇ ਕੈਕਸਟਲ ਹਾਲ 'ਚ ਸ੍ਰੀ ਮ. ਮ. ਭਵਨਾਗਰੀ ਦੀ ਪ੍ਰਧਾਨਗੀ ਹੇਠ ਜਲਸਾ ਹੋਇਆ। ਇਸ ਜਲਸੇ ਵਿਚ ਜਨਰਲ ਐਵਰਟ, ਸਰ ਜੇਮਜ਼ ਤੇ ਲੇਡੀ ਵਿਲਸਨ, ਮਿਸਟਰ ਜ. ਬ. ਬੈਸਿੰਗਟਨ ਹਾਜ਼ਰ ਸਨ ਤੇ ਫੀਲਡ ਮਾਰਸ਼ਲ ਅਰਲ ਰਾਬਰਟਸ, ਲਾਰਡ ਹੈਮਿਲਟਨ, ਲਾਰਡ ਐਮਪਥਿਲ, ਲੇਡੀ ਸਾਈਡਨ ਹੈਮ, ਲਾਰਡ ਲੈਮਿੰਗਟਨ, ਲਾਰਡ ਕਿਨੇਅਰਡ, ਡਾਕਟਰ ਰੁਥਰ ਫੋਰਡ, ਰੈਮਜ਼ੇ ਮਕੈਡਾਨਲਡ, ਆਨਰੇਬਲ ਅਮੀਰ ਅਲੀ, ਸ੍ਰੀ ਗੋਖਲੇ ਤੇ ਕਈ ਹੋਰਨਾਂ ਦੇ ਲਿਖਤੀ ਸੁਨੇਹੇ ਆਏ। ਇਸ ਜਲਸੇ ਵਿਚ ਕੈਨੇਡਾ ਹਕੂਮਤ ਦੇ 9 ਮਈ 1910 ਵਾਲੇ ਆਰਡਰ ਨੰ. 920 ਦੀ ਨਿਖੇਧੀ ਕੀਤੀ ਗਈ ਤੇ ਇਸ ਨੂੰ ਵਾਪਸ ਲੈਣ ਦਾ ਮਤਾ ਪਾਸ ਕਰਕੇ ਇਮਪੀਰੀਅਲ,

Sri Satguru Jagjit Singh Ji eLibrary NamdhariElibrary@gmail.com

ਕੈਨੇਡਾ ਤੇ ਹਿੰਦ ਦੀਆਂ ਸਰਕਾਰਾਂ ਨੂੰ ਭੇਜਿਆ ਗਿਆ। ਇਸ ਕਮੇਟੀ ਦੇ ਪਰਧਾਨ ਸਰ ਵੈਡਰਬਰਨ ਨੇ ਕੈਨੇਡੀਅਨ ਡੈਲੀਗੇਸ਼ਨ ਦੀ ਲੰਡਨ ਵਾਲੀ ਮੁਲਾਕਾਤ ਦਾ ਬੰਦੋਬਸਤ ਕੀਤਾ ਸੀ। [28] ਪੰਜਾਬ ਵਿਚ ਆ ਕੇ ਡੈਪੂਟੇਸ਼ਨ ਨੇ ਫਿਰਕਾਦਾਰੀ ਦੇ ਤੌਰ 'ਤੇ ਲੋਕਾਂ ਨੂੰ ਵੰਡਣ ਵਾਲੇ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਵੱਡੇ ਵੱਡੇ ਲੀਡਰਾਂ ਨੂੰ ਇਕ ਸਟੇਜ ਉਤੇ ਲਿਆਂਦਾ ਤੇ ਸਿੱਖ ਦੀਵਾਨਾਂ ਨੇ ਤਾਂ ਆਮ ਇਸ ਡੈਪੂਟੇਸ਼ਨ ਦੇ ਆਸ਼ੇ ਦੀ ਹਮਾਇਤ ਕੀਤੀ।

15 ਜੂਨ 1913 ਨੂੰ ਵੈਨਕੂਵਰ ਦੇ ਓਬਰੀਨ ਹਾਲ ਵਿਚ ਇਸ ਡੈਪੂਟੇਸ਼ਨ ਦੀ ਭੇਜੀ ਰਿਪੋਰਟ ਸੁਨਣ ਵਾਸਤੇ ਮਿ. ਹਸਨ ਰਹੀਮ ਦੀ ਪ੍ਰਧਾਨਗੀ ਹੇਠ ਲੋਕ ਮੀਟਿੰਗ ਹੋਈ। ਭਾ. ਰਾਜਾ ਸਿੰਘ ਬਾੜੀਆ, ਡਾ. ਸੁੰਦਰ ਸਿੰਘ ਲਾਹੌਰ ਤੇ ਭਾਈ ਭਾਗ ਸਿੰਘ ਭਿਖੀਵਿੰਡ ਨੇ ਤਕਰੀਰਾਂ ਕੀਤੀਆਂ। ਅੰਤ ਵਿਚ ਕੈਨੇਡਾ ਸਰਕਾਰ ਨੂੰ ਇਕਰਾਰ ਚੇਤੇ ਕਰਵਾਕੇ ਮੰਗ ਕੀਤੀ ਗਈ ਕਿ ਉਹ ਟੱਬਰਾਂ ਉਤੇ ਲੱਗੀ ਪਾਬੰਦੀ ਨੂੰ ਚੁੱਕ ਲੈਣ ਦਾ ਵਚਨ ਪੂਰਾ ਕਰੇ। ਦੂਸਰੇ ਮਤੇ ਰਾਹੀਂ ਲੰਡਨ ਦੀ ਕੈਨੇਡੀਅਨ ਇੰਡੀਅਨ ਇਮੀਗਰੇਸ਼ਨ ਸੋਸਾਇਟੀ ਵਲੋਂ ਡੈਪੂਟੇਸ਼ਨ ਦੀ ਸਹਾਇਤਾ ਕਰਨ ਦੀ ਪ੍ਰਸੰਸਾ ਕੀਤੀ ਗਈ।

ਖ਼ਾਲਸਾ ਯੰਗਮੈਨ ਐਸੋਸੀਏਸ਼ਨ ਰਾਵਲਪਿੰਡੀ ਨੇ ਆਪਣੀ 23 ਅਗਸਤ 1913 ਦੀ ਲੋਕ ਮੀਟਿੰਗ ਵਿਚ ਵਾਇਸਰਾਏ ਤੋਂ ਹਿੰਦੀਆਂ ਉਤੋਂ ਪਾਬੰਦੀਆਂ ਚੁਕਵਾਉਣ ਉਤੇ ਜ਼ੋਰ ਦੇਣ ਦੀ ਮੰਗ ਕੀਤੀ। 31 ਅਗਸਤ ਨੂੰ ਫਿਰੋਜ਼ਪੁਰ ਦੀ ਪੁਰਾਣੀ ਮੰਡੀ ਵਿਚ ਆਮ ਜਲਸਾ ਹੋਇਆ, ਜਿਸ ਦੇ ਪ੍ਰਧਾਨ ਕਾਂਸ਼ੀ ਰਾਮ ਸਨ। ਇਸ ਵਿਚ ਭਾਈ ਤਖਤ ਸਿੰਘ ਨੇ ਮਤਾ ਪੇਸ਼ ਕੀਤਾ ਤੇ ਮੌਲਵੀ ਕਮਾਲ ਦੀਨ ਨੇ ਤਾਈਦ ਕੀਤੀ। 28 ਅਗਸਤ ਨੂੰ ਜਲੰਧਰ ਸ਼ਹਿਰ ਸ਼ੂਦਾਂ ਦੇ ਚੌਂਕ ਵਿਚ ਜਲਸਾ ਹੋਇਆ ਜਿਸ ਵਿਚ ਅਹਿਸਾਨ ਉੱਲ ਹੱਕ ਬੈਰਿਸਟਰ ਨੇ ਮਤਾ ਪੇਸ਼ ਕੀਤਾ ਕਿ ਸ. ਕਪੂਰ ਸਿੰਘ ਬੈਰਸਿਟਰ, ਲਾ. ਰਾਧਾ ਰਾਮ ਵਕੀਲ, ਲਾਲਾ ਦੇਵ ਰਾਜ, ਪ੍ਰੈਜੀਡੈਂਟ ਕੰਨਿਆਂ ਮਹਾਂ ਵਿਦਿਆਲਾ ਕਮੇਟੀ, ਡਾ. ਖੁਆਜ ਮੁਹੰਮਦ, ਸ. ਬਸੰਤ ਸਿੰਘ ਵਕੀਲ, ਲਾਲਾ ਗੰਗਾ ਬਿਸ਼ਨ ਵਕੀਲ, ਲਾਲਾ ਨਿਹਾਲ ਚੰਦ ਵਕੀਲ, ਮੀਆਂ ਮੁਹੰਮਦ ਹੁਸੈਨ ਵਕੀਲ, ਲਾਲਾ ਬਾਲਕ ਰਾਮ ਵਕੀਲ ਤੇ ਪੰਡਤ ਮੋਤੀ ਰਾਮ ਵਕੀਲ ਨੇ ਤਾਈਦ ਵਿਚ ਤਕਰੀਰਾਂ ਕੀਤੀਆਂ। ਤਰਨ ਤਾਰਨ ਦੀ ਖਾਲਸਾ ਭੁਜੰਗੀ ਸਭਾ ਨੇ 27 ਨਵੰਬਰ, 1913 ਦੀ ਮੀਟਿੰਗ ਵਿਚ ਡੈਪੂਟੇਸ਼ਨ ਦੀ ਹਮਾਇਤ ਦੇ ਮਤੇ ਪਾਸ ਕੀਤੇ। ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਸਕੱਤਰ ਨੇ 20 ਨਵੰਬਰ, 1913 ਨੂੰ ਪੰਜਾਬ ਦੇ ਚੀਫ ਸੈਕਟਰੀ ਨੂੰ ਲਿਖੀ ਚਿੱਠੀ ਜਿਸ ਵਿਚ ਹਿੰਦੀਆਂ ਦੇ ਟੱਬਰਾਂ ਨੂੰ ਕੈਨੇਡਾ ਜਾਣ ਦੀ ਖੁੱਲ੍ਹ ਦੇਣ ਦੀ ਮੰਗ ਕੀਤੀ। [29]

ਇਹ ਡੈਪੂਟੇਸ਼ਨ 20 ਦਸੰਬਰ, 1913 ਨੂੰ ਦਿੱਲੀ ਵਿਖੇ ਵਾਇਸਰਾਏ ਨੂੰ ਮਿਲਿਆ। ਡੈਪੂਟੇਸ਼ਨ ਨੇ 1012 ਦਸਖਤਾਂ ਨਾਲ ਖਾਲਸਾ ਦੀਵਾਨ ਸੁਸਾਇਟੀ ਵਲੋਂ ਤਿਆਰ ਕੀਤਾ ਹੋਇਆ ਯਾਦ ਪੱਤਰ ਪੇਸ਼ ਕੀਤਾ ਜੋ ਇਸ ਸੋਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਵੈਨਕੂਵਰ ਵਲੋਂ ਭੇਜੇ ਡੈਪੂਟੇਸ਼ਨ ਨੂੰ 9 ਜਨਵਰੀ 1913 ਨੂੰ ਦਿੱਤਾ ਗਿਆ ਸੀ। ਇਸ ਵਿਚ ਅਮਰੀਕਾ ਵਲੋਂ ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਤੇ ਸੰਤ ਵਿਸਾਖਾ ਸਿੰਘ ਦੇ, ਤਿੰਨ ਔਰਤਾਂ ਕਰਤਾਰ ਕੌਰ, ਹਰਨਾਮ ਕੌਰ, ਤੇ ਕਰਤਾਰ ਕੌਰ ਛੇ ਗੋਰੇ ਕੈਨੇਡੀਅਨਾਂ ਦੇ ਦਸਖਤ ਸਨ। ਇਸ ਵਿਚ ਲਿਖਿਆ ਸੀ ਕਿ:

"ਸਾਡਾ ਡੈਪੂਟੇਸ਼ਨ 1911 ਦੇ ਨਵੰਬਰ ਤੇ ਦਸੰਬਰ ਮਹੀਨੇ ਕੈਨੇਡਾ ਸਰਕਾਰ ਨੂੰ ਮਿਲਿਆ। ਕੈਨੇਡਾ ਸਰਕਾਰ ਨੇ ਹਿੰਦੀਆਂ ਤੇ ਟੱਬਰਾਂ ਤੇ ਬੱਚਿਆਂ ਉਤੇ ਪਾਬੰਦੀਆਂ ਚੁੱਕ ਲੈਣ ਦਾ ਇਕਰਾਰ ਕੀਤਾ ਸੀ। ਪਰ ਅਜੇ ਤਕ ਉਸ ਨੇ ਆਪਣਾ ਇਹ ਇਕਰਾਰ ਪੂਰਾ ਨਹੀਂ ਕੀਤਾ। ਇਹ ਡੈਪੂਟੇਸ਼ਨ ਸਾਡੇ ਵਲੋਂ ਤੁਹਾਡੇ ਨਾਲ ਗੱਲਬਾਤ ਕਰੇਗਾ। (ਕੈਨੇਡਾ ਦੀ ਹਿੰਦੀ ਵਸੋਂ ਵਿਚ 90 ਫੀਸਦੀ ਤੋਂ ਵੱਧ ਸਿੱਖ ਹਨ।) ਸਿੱਖਾਂ ਵਲੋਂ ਗਦਰ 1857 ਵਿਚ ਅੰਗਰੇਜ਼ੀ ਹਾਕਮਾਂ ਦੀ ਕੀਤੀ ਗਈ ਮਦਦ ਦਾ ਅਹਿਸਾਨ ਜਤਾਉਂਦਿਆਂ ਹੋਇਆ ਮੰਗ ਕੀਤੀ ਗਈ ਕਿ ਵਾਇਸਰਾਏ ਟੱਬਰਾਂ ਉਤੋਂ ਪਾਬੰਦੀ ਚੁਕਵਾਉਣ ਲਈ ਆਪਣਾ ਪੂਰਾ ਟਿੱਲ ਲਾ ਦੇਵੇ। [30]

**

Sri Satguru Jagjit Singh Ji eLibrary NamdhariElibrary@gmail.com

VANCOUVER INDIAN DELEGATION MEETS LORD HARDINGE

The delegation had a brief meeting with Lard Hordinge, the Viceroy of India in Delhi, on December 20,1912 and presented the following charter of demands:

To

HIS EXCELLENCY:

THE RIGHT HON'BLE CHARLES HARDINGE

BARON HARDINGE OF PENSHURST, G.C.B.,G.M.S.I.,G.C.M.G., 7 C., VICEROY AND GOVERNOR GENERAL OF INDIA

May It Please Your Excellency:

We the undersigned Indian subjects of His Imperial Majesty, George V., King of the United Kingdom of Great Britian and Ireland and all Dominions beyond the Seas and Emperor of India, as respresenting the inhabitants of the Punjab of all communities and creeds, crave leave to approach Your Excellency with this humble memorial in connection with the disabilities and hardships suffered by our countrymen in Canada under the operation of the Canadian Immigration Laws, which have been described to us by the three delegates of the Indian settlers in Canada who have been sent to Indians to represent those disabilities and hardships before the government of their home country and its people.

2.This is not the first occasion when reports of the sufferings of our countrymen in Canada have reached this country. For some time past, these sufferings have been reported to India in private letters as well as in newspapers from Canada, and we are sorely touched and grieved to learn that our brethern abroad should have been subject to so much pain and anxiety in a country which owes allegiance to our own Sovereign and Liege Lord, and the laws of which, therefore, they are bound to honour and obey.

3.There are at the present moment about 4,500 Indian subjects of His Majesty resident in the Dominion of Canada, almost entirely in the Province of British Columbia. With the exception of three only, all these Indians are male adults, for it not by direct prohibition, at any rate by indirect manipulation of the immigration regulations, even wives and children of our brethern in Canada, who have already acquired a Canadian domicile, are debarred from entering the Dominion, and the three females who have succeeded in getting in, have been allowed to do so only after considerable struggle, as will appear from paragraph 12 below.

4.We may mention here at the start that our countrymen in Canada have not only acquired a Canadian domicile, but have already invested in real estate and business in British Columbia a good round sum of seven million dollars, or 21 million rupees. They

Sri Satguru Jagjit Singh Ji eLibrary NamdhariElibrary@gmail.com

have their own dwelling houses and other property in the cities of Vancouver, Victoria and thereabouts, as well as their own farms and lands on which many of them are settled as peasants and agriculturists. They have also built four temples of their own in 4 different cities in British Columbia, and have already spent on these buildings sums not less then a lakh and a quarter of rupees. They have thus acquired a stake in that country which it is impossible for them to abandon.

5.It seems also necessary to mention here that most of the Indian settlers in Canada, comprising a majority of about 90 per cent, are Sikhs by religion, and many of them are retired soldiers who have seen active service in the defence of the British Empire both in India and abroad, and wear medals awarded to them for conspicuous acts of bravery in campaigns within and without the boundaries of India, wherever the British Empire needed the services of brave, loyal and devoted soldiers.

6.In addition to the above, we are proud to be able to say that the Indian immigrants in Canada have, by their industrious, regular and steady habits, temperate and thrifty living, pleasant and straightfoward manners, won the good opionion of all disinterested people of Canada, and are in considerable demand by empolyers as willing and reliable workmen, whether in summer or winter, in rain or snow-fall. They have completely adapted themselves to, and are in perfect harmony with, their surroundings, have done nothing to create any economic dislocation by lowering wages, and have always been considered good and loyal citizens of the Empire. In this connection we beg to quote below the words of a well known Canadian writer, Mr. W.W.Baer, in the Victoria Daily Times:-

"The present Hindu (Indian) population of Canada numbers about five thousand souls, all men..They are industriously employed in the many forms of manual labour for which they appear to have both special adaptation and desire...They are well adapted to the conditions, they are in harmony with their surroundings, they are well thought of an in demand...They have no foreign allegiance to forswear (like the Chinese and the Japanese), and nothing could ever compel them to be other than British subjects. As many times before they fought for the Empire and their forefathers laid down their lives in defence of the British Sovereignty, so they would again and for no ohers.

7.In spite, however, of all that can be said in his favour to the above and similar effect, and has been said by Mr. Baer and other Canadian public men, the British Indian subject of His Majesty has no status in Canada, either a British subject or as an immigrant. While aliens, like the Japanese and the Chinaman, are practically welcomed as immigrants, under treaties entered into the Dominion Government with their respective countries, and every facility is afforded them for settling in the Dominion and acquiring the rights and privileges of citizenship, the whole tedency of the present Canadian Immigration Laws is not merely to keep out the further influx of Indian immigration, but even to expatriate those who have already entered and settled there. A few facts will make this clear, and show how unreasonable and opposed to all principles of justice and constitutional policy is the treatment meted out to British Indians in a country which files the British flag.

8.The current of Indian immigration into Canada began in 1905, and till the year 1907 the Indian immigrants were unmolested by the Canadian authorities, so that in 1905-06 their number rose to about 6000. But since the advent of 1907 steps began to be taken to

Sri Satguru Jagjit Singh Ji eLibrary NamdhariElibrary@gmail.com

shut the door completely against further comers and to make things as uncomfortable as possible for those already settled in the country. To begin with, a scheme was brought about in 1908 to effect the wholesale transportation of the Indian settlers to British Honduras, which was in need of labour, by offering them plausible terms which were not only to reduce them from free immigration to the level of indentured coolies, but also to considerably reduce their earnings. The Indians saw through the scheme and declined in a body to accept it, so that it had to be dropped. But since then harassing and humiliating restrictions began to be imposed upon the Indians which have placed them on a footing lower than that of the Chinese, and Japanse, and other alien immigrants.

9.The most oppressive and unreasonable of these restrictions is what is known as the "Continuous Journey Clause," which practically excludes any new Indians from landing in Canada, and then old resident Indian from calling over their families. The clause forms part of the regulations appended to the Canadian Immigration Act, and is a Privy Council Order, No.920, promulgated by the Governor-General in Council on the 9th May in 1910, though executively it had been put in operation since 1907. It runs as follows:-

ਭਾਰਤੀ ਸਿੱਖਾਂ ਦੇ ਇਸ ਵੈਂਚਰ (ਹਿੰਮਤੀ ਕੰਮ) ਨੇ ਪਹਿਲਾਂ ਪਹਿਲਾਂ ਸੰਤ ਤੇਜਾ ਸਿੰਘ ਦੀ ਅਗਵਾਈ ਤੇ ਭਾਗ ਸਿੰਘ ਵਰਗੇ ਹਿੰਮਤੀ, ਸਿਰੜੀ ਤੇ ਮਿਹਨਤੀ ਬੰਦਿਆਂ ਸਦਕਾ ਕਾਫੀ ਆਰਥਿਕ ਲਾਭ ਹਾਸਿਲ ਕੀਤਾ। ਫਿਰ ਮੋਢੀਆਂ ਦਾ ਧਿਆਨ ਹੋਰ ਪਾਸੀਂ ਵੰਡਿਆ ਜਾਣ ਕਾਰਨ ਕੰਪਨੀ ਦੇ ਕੰਮ 'ਚ ਗਿਰਾਵਟ ਆ ਗਈ। ਜਿਵੇਂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਭਾਈ ਹਾਕਮ ਸਿੰਘ ਟੱਬਰ ਲਿਆਉਣ ਲਈ ਭਾਰਤ ਨੂੰ ਚਲੇ ਗਏ। ਸੰਤ ਤੇਜਾ ਸਿੰਘ ਤੇ ਰਾਜਾ ਸਿੰਘ ਬਾੜੀਆ ਇਸੇ ਸਿਲਸਲੇ 'ਚ ਅੰਟਵਾ ਡੈਪੂਟੇਸ਼ਨ ਲੈ ਕੇ ਚਲੇ ਗਏ, ਜਿਥੋਂ ਉਨ੍ਹਾਂ ਨੂੰ ਖਾਲੀ ਹੱਥੀਂ ਵਾਪਸ ਮੁੜਨਾ ਪਿਆ। (ਇਸ ਦਾ ਹਾਲ ਪਹਿਲਾਂ ਲਿਖਿਆ ਹੋਇਆ ਹੈ।)

ਕੈਨੇਡਾ ਸਰਕਾਰ ਦੀਆਂ ਵਧੀਕੀਆਂ ਨੇ ਪੰਜਾਬੀ ਸਿੱਖਾਂ ਦਾ ਸਾਰਾ ਧਿਆਨ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਥਿਆਰਬੰਦ ਇਨਕਲਾਬ ਰਾਹੀਂ ਆਜ਼ਾਦ ਕਰਵਾਉਣ ਵੱਲ ਮੋੜ ਦਿੱਤਾ। ਬਹੁਤ ਸਾਰੇ ਲੋਕ ਭਾਰਤ ਚਲੇ ਗਏ। ਕੁਝ ਇਥੇ ਤੇ ਕੁਝ ਭਾਰਤ ਜਾ ਕੇ ਸ਼ਹੀਦ ਹੋ ਗਏ।

**

Sri Satguru Jagjit Singh Ji eLibrary NamdhariElibrary@gmail.com

ਵਰਜੀਨੀਆਂ ਲੰਬਰ ਕੰਪਨੀ ਲਿਮਟਿਡ

ਵੈਨਕੂਵਰ ਸ਼ਹਿਰ ਵਿਚ 23 ਮਈ 1914 ਤੋਂ 23 ਜੁਲਾਈ 1914 ਤੱਕ ਕਾਮਾਗਾਟਾ ਮਾਰੂ ਜਹਾਜ਼ ਰਿਹਾ। ਕੈਨੇਡਾ ਸਰਕਾਰ ਦੀ ਜ਼ਿੱਦ ਨੇ ਮੁਸਾਫਰ ਇਥੇ ਨਹੀਂ ਉਤਰਨ ਦਿੱਤੇ। ਇਸ ਘਟਨਾ ਨੇ ਭਾਰਤੀ ਪੰਜਾਬੀ ਸਿੱਖਾਂ ਦੀ ਇਥੇ ਭਾਰਤੀ ਲੋਕਾਂ ਨੂੰ ਆਉਣ ਲਈ ਚਲਾਈ ਜਨਤਕ ਲਹਿਰ ਦਾ ਰੁਖ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਲਹਿਰ ਵਿਚ ਬਦਲ ਦਿੱਤਾ। ਕਾਮਾਗਾਟਾ ਮਾਰੂ ਜਹਾਜ਼ ਦੇ ਮੁੜਨ ਤੋਂ ਪੰਜ ਦਿਨ ਬਾਂਦ ਬਾਲਮਕੰਦ ਦੇ ਨਾਲ 'ਆਵਾ ਮਾਰ' ਜਹਾਜ਼ ਦੇ ਰਾਹ ਅਮਰ ਸਿੰਘ ਸੰਘਾ 28 ਜਲਾਈ 1914 ਨੂੰ ਕੈਨੇਡਾ ਪੱਜਾ ਸੀ।

Wednesday Link 31 May 13,1992

THE LINK
Wednesday Magazine

PROFILE OF A PIONEER

One Of The First

The saga of early Indo-Canadian settlement in B.C. is reflected in this story of Amar Singh Sangha



Amar Singh Sangha was an adventurer in the true sense of the word. He was one of the original pioneers of the Indo-Canadian community, one of those handful of people who braved what was a century ago a hazardous journey to lay down roots in this country.

Amar Singh, who was born in 1884, was special to begin with. Unlike many of the people who left India in those days in search of better-paying blue-collar jobs, he was already an engineer and running a successful flour mill in Mahilpur.

Amar Singh first went to South Africa and worked there for five years. He came to Vancouver in 1914.

In 1915, Amar Singh opened a horseshoe and carriage repair shop in Victoria, and a year later, he opened a lumber company in Coombs.

It was the first mill owned and operated by East Indians in Canada.

Although Amar Singh had settled in Canada, he and his two brothers, Bawa Singh and Hazarra Singh (who were both settled in the U.S.), took a keen interest in Indian politics and were officeholders of the Gadar Party.

Amar Singh died prematurely at the age of 35 in 1919. His son, Sukhchain Singh, applied to come to Canada, but was unsuccessful. He's still living in India.


Subsequently, two of Amar Singh's grandsons, Sohan Singh and Didar Singh, came to Vancouver.

Both of them, here with their families, are respected members of the local Indo-Canadian community.

Amar Singh Sangha (above) left a lucrative business in India to venture overseas, first to South Africa and then to Canada.

Sri Satguru Jagjit Singh Ji eLibrary NamdhariElibrary@gmail.com

ਅਮਰ ਸਿੰਘ ਦਾ ਜਨਮ ਪਿੰਡ ਸਕਰੂਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1884 ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਪ੍ਰਤਾਪ ਸਿੰਘ ਤੇ ਮਾਤਾ ਦਾ ਤਾਬੋ ਜੀ ਸੀ। ਉਨ੍ਹਾਂ ਨੇ ਪਹਿਲਾਂ ਮਾਹਿਲਪੁਰ ਤੇ ਫਿਰ ਬਜਵਾੜਾ ਤੋਂ ਦੱਸਵੀਂ ਤੱਕ ਵਿਦਿਆ ਪ੍ਰਾਪਤ ਕੀਤੀ। ਫਿਰ ਲਾਹੌਰ ਤੋਂ 1903 ਵਿਚ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਫੇਰ ਉਹ 1905 ਵਿਚ ਅਫਰੀਕਾ ਚਲੇ ਗਏ। ਉਥੋਂ ਵਾਪਸ ਆ ਕੇ ਮਾਹਿਲਪੁਰ ਵਿਖੇ 1910 ਵਿਚ ਪੀ. ਐੱਸ. ਫਲੋਰ ਮਿੱਲ ਲਾਈ। ਉਸਦਾ ਸਾਇਨ ਬੋਰਡ ਹੇਠ ਦਿੱਤਾ ਜਾਂਦਾ ਹੈ




ਪੀ. ਐੱਸ. ਫਲੋਰ ਮਿੱਲ ਦਾ ਸਾਇਨ ਬੋਰਡ

28 ਜੁਲਾਈ 1914 ਵਿਚ ਉਹ ਵਿਕਟੋਰੀਆ, ਬਾਲਮਕੰਦ ਦੇ ਨਾਲ 'ਆਵਾਮਾਰੂ' ਜਹਾਜ਼ ਰਾਹੀਂ ਪੁੱਜੇ। ਬਾਲਮਕੰਦ, ਤਾਰਕ ਨਾਥ (ਬੰਗਾਲੀ ਇਨਕਲਾਬੀ) ਦੇ ਨਾਲ ਰਲ ਕੇ ਖਾਲਸਾ ਦੀਵਾਨ ਸੁਸਾਇਟੀ ਦੇ ਸਿੱਖ ਆਗੂਆਂ ਨੂੰ ਭਾਰਤ ਨੂੰ ਆਜ਼ਾਦ ਕਰਾਉਣ ਦੀ ਲਹਿਰ ਵੱਲ ਪ੍ਰੇਰਦਾ ਸੀ। ਉਹ ਹਰ ਸੰਘਰਸ਼ ਵਿਚ ਉਨ੍ਹਾਂ ਦਾ ਸਾਥੀ ਆਗੂ ਸੀ। ਬਾਲਮਕੰਦ ਦਾ ਪਿੰਡ ਸਕਰੂਲੀ ਸੀ। ਉਹ ਅਮਰ ਸਿੰਘ ਦਾ ਦੋਸਤ ਸੀ। ਲਛਮਣ ਸਿੰਘ ਖੁਰਦਪੁਰ, ਅਮਰ ਸਿੰਘ ਦੀ ਭੂਆ ਦਾ ਪੁੱਤ ਭਰਾ ਸੀ। ਬਾਲਮਕੰਦ ਤੇ ਲਛਮਣ ਸਿੰਘ 1906 ਵਿਚ ਪਹਿਲਾਂ ਕੈਨੇਡਾ ਆਏ ਸਨ।

ਪਹਿਲਾਂ ਲੋਕ ਜਥਿਆਂ ਦੇ ਰੂਪ ਵਿਚ ਇਕੱਠੇ ਰਹਿੰਦੇ ਸਨ। ਇਕੱਠੇ ਕੰਮ ਕਰਦੇ। ਇਕ ਜਥੇ ਨੂੰ ਗੈਂਗ ਕਹਿੰਦੇ ਸਨ। ਉਨ੍ਹਾਂ ਦੇ ਇਕੱਠੇ ਰਹਿਣ ਵਿਚ ਰਿਸ਼ਤੇਦਾਰੀ, ਇਕ ਪਿੰਡ ਜਾਂ ਇਲਾਕੇ ਦੇ ਹੋਣ ਨੇ ਬਹੁਤ ਹੀ ਸਾਰਥਿਕ ਰੋਲ ਅਦਾ ਕੀਤਾ। ਇਕ ਦੂਜੇ ਦੀ ਸਹਾਇਤਾ ਤਹਿ ਦਿਲ ਤੋਂ ਕਰਦੇ। ਨਫੇ ਨੁਕਸਾਨ ਦੇ ਭਾਈਵਾਲ ਸਨ। ਇਕ ਦੂਜੇ ਨਾਲ ਸੱਚਾ ਪਿਆਰ ਸੀ। ਅਮਰ ਸਿੰਘ ਸੰਘਾ ਬਾਲਮਕੰਦ ਤੇ ਲਛਮਣ ਸਿੰਘ ਹੁਰਾਂ ਦੇ ਜਥੇ ਵਿਚ ਰਹਿਣ ਲੱਗਾ। ਉਸ ਸਮੇਂ ਉਹ 1742 ਵੈਸਟ ਸੈਕਿੰਡ ਐਵੇਨਿਊ ਵੈਨਕੂਵਰ ਵਿਚ ਰਹਿੰਦੇ ਸਨ।

ਲਛਮਣ ਸਿੰਘ ਤੇ ਬਾਲਮਕੰਦ ਭਾਈ ਭਾਗ ਸਿੰਘ, ਬਲਵੰਤ ਸਿੰਘ ਖੁਰਦਪੁਰ ਤੇ ਹੋਰ ਦੇਸ਼ਭਗਤ ਆਗੂਆਂ ਦੇ ਸਾਥੀ ਸਨ। 1914 ਵਿਚ ਬਹੁਤ ਸਾਰੇ ਦੇਸ਼ ਭਗਤ ਗਦਰ ਪਾਰਟੀ ਦੀ ਲਲਕਾਰ 'ਤੇ ਹੋਰ ਮੁਲਕਾਂ ਵਿਚੋਂ ਭਾਰਤ ਨੂੰ ਚਲੇ ਗਏ। ਬੇਲਾ ਸਿੰਘ ਨੇ ਹਾਪਕਿਨਸਨ ਤੇ ਸਰਕਾਰ ਦੀ ਸ਼ਹਿ 'ਤੇ ਵੈਨਕੂਵਰ ਰਹਿਕੇ ਦੇਸ਼ਭਗਤਾਂ ਦੀ ਲੀਡਰਸ਼ਿਪ ਨੂੰ ਖਤਮ ਕਰਨ ਦੀ ਸਕੀਮ ਬਣਾ ਲਈ। 6 ਸਤੰਬਰ 1914 ਵਾਲੇ ਦਿਨ ਬੇਲਾ ਸਿੰਘ ਨੇ ਭਾਗ ਸਿੰਘ ਤੇ ਬਤਨ ਸਿੰਘ ਨੂੰ ਗੁਰਦੁਆਰੇ 'ਚ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆਂ ਨੂੰ ਸ਼ਹੀਦ ਕਰ ਦਿੱਤਾ।। ਅਕਤੂਬਰ 1914 ਨੂੰ ਮੇਵਾ ਸਿੰਘ ਨੇ ਹਾਪਕਿਨਸਨ ਦੇ ਕੋਰਟ ਵਿਚ ਗੋਲੀ ਮਾਰ ਦਿੱਤੀ। ਮੇਵਾ ਸਿੰਘ ਨੂੰ 11 ਜਨਵਰੀ 1915 ਨੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਲਛਮਣ ਸਿੰਘ ਦੇਸ਼ ਭਗਤ ਲੀਡਰਾਂ ਵਿਚੋਂ ਰਹਿ ਗਿਆ ਸੀ। ਉਸ ਉੱਤੇ ਬੇਲਾ ਸਿੰਘ ਤੇ ਉਸ ਦੇ ਹੱਥ ਠੋਕਿਆਂ ਨੇ 16 ਅਪਰੈਲ 1915 ਨੂੰ ਵੈਸਟ ਸੈਕਿੰਡ ਐਵੇਨਿਊ ਵੈਨਕੂਵਰ ਵਿਚ ਇਕ ਜਾਨ ਲੇਵਾ ਹਮਲਾ ਕੀਤਾ। ਪਰ ਉਹ ਬਚ ਗਿਆ। ਬੇਲਾ ਸਿੰਘ ਨੂੰ ਭਾਗ ਸਿੰਘ ਤੇ ਵਤਨ ਸਿੰਘ ਨੂੰ ਕਤਲ ਕਰਨ ਦੇ ਕੇਸ ਵਿਚ ਕੋਈ ਸਜ਼ਾ ਨਹੀਂ ਹੋਈ ਸੀ। ਪਰ ਲਛਮਣ ਸਿੰਘ ਨੂੰ ਮਾਰ ਮਕਾਉਣ ਦੇ ਕੇਸ ਵਿਚ 12 ਜੂਨ 1915 ਨੂੰ ਬੇਲਾ ਸਿੰਘ ਤੇ ਭਗਤ ਸਿੰਘ ਨੂੰ ਇਕ ਸਾਲ ਦੀ ਸਜ਼ਾ ਹੋਈ। ਨੈਣਾ ਸਿੰਘ ਤੇ ਸੇਵਾ ਸਿੰਘ ਨੂੰ 6 ਮਹੀਨੇ ਦੀ ਕੈਦ ਹੋਈ। ਬਾਅਦ ਵਿਚ ਬੇਲਾ ਸਿੰਘ ਨੂੰ ਡਿਪੋਰਟ ਕਰ ਦਿੱਤਾ ਗਿਆ।ਇਹ ਕੇਸ ਅਮਰ ਸਿੰਘ ਸੰਘਾ ਨੇ ਲੜਿਆ ਸੀ।

Sri Satguru Jagjit Singh Ji eLibrary NamdhariElibrary@gmail.com



ਲਛਮਣ ਸਿੰਘ ਖੁਰਦਪੁਰ

379

Sri Satguru Jagjit Singh Ji eLibrary NamdhariElibrary@gmail.com

ਅਮਰ ਸਿੰਘ ਕੈਨੇਡਾ ਪੁੱਜਣ ਤੋਂ ਬਾਅਦ ਗਦਰ ਪਾਰਟੀ ਵਿਚ ਪੂਰੀ ਤਰ੍ਹਾਂ ਸਰਗਰਮ ਸੀ। 4 ਅਕਤੂਬਰ 1914 ਨੂੰ ਭਾਈ ਬਲਵੰਤ ਸਿੰਘ ਨੇ ਗੁਰਦੁਆਰੇ ਦੀ ਸੇਵਾ ਤੋਂ ਛੁੱਟੀ ਲੈ ਲਈ। ਦਸੰਬਰ 1914 ਵਿਚ ਗਦਰ ਲਹਿਰ ਵਿਚ ਸਰਗਰਮ ਹਿੱਸਾ ਲੈਣ ਲਈ ਉਹ ਵੈਨਕੂਵਰ ਤੋਂ ਚਲੇ ਗਏ। ਸਾਰੀ ਲੀਡਰਸ਼ਿਪ ਜਾਂ ਤਾਂ ਸ਼ਹੀਦ ਹੋ ਗਈ ਸੀ ਜਾਂ ਫਿਰ ਸ਼ਹੀਦ ਹੋਣ ਲਈ ਚਲੇ ਗਈ ਸੀ। ਮੁਹਰਲੀਆਂ ਸਫਾਂ ਦੀ ਲੀਡਰਸ਼ਿਪ ਦੀ ਗੈਰ-ਹਾਜ਼ਰੀ 'ਚ ਅਮਰ ਸਿੰਘ ਗਦਰ ਲਹਿਰ ਨੂੰ ਜੀਵਤ ਰੱਖਣ ਲਈ ਸਰਗਰਮ ਸੀ। ਉਹ ਅਕਸਰ ਇਸ ਸਬੰਧ 'ਚ ਅਮਰੀਕਾ ਵੀ ਆਉਂਦਾ ਜਾਂਦਾ ਰਹਿੰਦਾ।

1. Ajit Singh of Vairowal, Amritsar, suspected to belong to the Ghadr party in Sumatra.

2. Ajmer Singh of Mahilpur, Hoshiarpur, a revolutionary reported to have left America for India. Later information is to the effect that he changed his mind and is still in United States of America.

3. Amar Singh, Jat, son of Ram Singh of Saraba, Police Station Raikot, Ludhiana. Present age about 30 years. He left India for Vancouver 8 years ago, spent 2 years there and then went on to Astoria where he worked for six years at the timber trade. He subscribed to the collection made at Astoria, Oregon, after Har Dayal's appeal. Returned to India early in 1914. Was in touch with Nawab Khan and his party after their return to India and arranged for the manufacture of *sikhanis* at his home.

G. D., page 50, No. 1.
C. I. D. file No. 1295 of 1915.

In November 1914 he put up Rahia Singh in his house at Saraba. Seditious meetings were held by them and were attended by Nawab Khan of Halwara, Narain Singh of Nathowal and others. Several villagers of Saraba became Amar Singh's adherents.

He was arrested in February 1915 and has been interned in the Campbellpore Jail.

4. Amar Singh of Sakruli, Police Station Mahilpur, Hoshiarpur, reported to have spoken at a Ghadr meeting at Fresno, California, in January 1915.

5. Amar Singh of Usmanpur, Police Station Rahon, Jullundur, a returned emigrant, one of the party assembled at Kapurthala in June 1915 to attack the magazine. Is being sent for trial in the Supplementary Conspiracy Case at Lahore.

Supplementary Lahore Case records

6. Amar Singh, shopkeeper, of village Raniwala, Police Station Sirhali, District Amritsar, lately of Tobang Tingi, Sumatra. Reported to be an active and dangerous member of the Ghadr party. Believed to be at present in the Punjab.

C. I. D. files Nos. 1415 and 1214 of 1915.

7. Amar Singh, son of Bhag Singh, of Acharwala, Post Office Bassian, Ludhiana, reported by the Shanghai Police to be a seditionist.

C. I. D. file No. 970 of 1915.

8. Amar Singh, son of Banta Singh, Jat, of Kotla, Hoshiarpur District. Subscribed to a collection made in America for Banta Singh of Sangwal's return to India. Was a member of the Ghadr party which left San Francisco by the ss. *Korea* on 29th August 1914. At Yokohama he left this ship with Ram Rakha for the purpose of obtaining arms in Japan. He returned to India with Kanshi Ram, Ram Rakha and Narain Singh (*q. v.*) on the ss. *Lama*, arriving at Calcutta on 12th


G. D., pages 49-50.
C. I. D. file No. 672 of 1915.
(ss. *Lama* file).


Sri Satguru Jagjit Singh Ji eLibrary NamdhariElibrary@gmail.com

ਗਦਰ ਪਾਰਟੀ ਨੂੰ ਅਗਵਾਈ ਦੇਣ ਦੇ ਨਾਲ ਨਾਲ ਰੋਟੀ ਰੋਜ਼ੀ ਲਈ ਆਪਣੇ ਤਜ਼ਰਬੇ ਦੇ ਆਧਾਰ 'ਤੇ ਵਿਕੋਟਰੀਆ 'ਚ 613 ਹੈਰਾਡਲ ਸਟਰੀਟ 'ਤੇ ਅਮਰ ਸਿੰਘ ਤੇ ਵਿਲਸਨ ਦੇ ਨਾਂ ਹੇਠ ਬਿਜ਼ਨਿਸ ਖੋਲ੍ਹ ਲਿਆ। ਉਸ ਵੇਲੇ ਸਾਰਾ ਢੋਆ-ਢੋਆਈ ਦਾ ਕੰਮ ਘੋੜਾ ਗੱਡੀਆਂ ਨਾਲ ਹੁੰਦਾ ਸੀ। ਘੋੜਿਆਂ ਦੇ ਤਨਾਲ ਲਾਉਣ ਤੇ ਗੱਡੀਆਂ ਦੀ ਮੁਰੰਮਤ ਕਰਨ ਤੇ ਬਣਾਉਣ ਦਾ ਕੰਮ ਕਾਫੀ ਸੀ। ਇਹ ਕੰਮ 1915 ਵਿਚ ਖੋਲ੍ਹਿਆ ਗਿਆ ਸੀ।

ਕਾਰਡ ਵਾਲਾ ਫੋਨ 3793 (ਉਸ ਵੇਲੇ ਚਾਰ ਨੰਬਰ ਹੀ ਹੁੰਦੇ ਸਨ) ਵਿਕਟੋਰੀਆ ਦੀ 1916 ਦੀ ਟੈਲੀਫੋਨ ਡਾਇਰੈਕਟਰੀ ਵਿਚ ਦਰਜ ਹੈ। ਐਡਰਿਸ 613 ਹੈਰਾਡਲ ਸਟਰੀਟ ਦਾ ਹੈ।

ਅਮਰ ਸਿੰਘ ਤੇ ਵਿਲਸਨ ਦੇ ਬਿਜ਼ਨਸ ਕਾਰਡ ਦਾ ਨਮੂਨਾ





613 ਹੈਰਾਲਡ ਸਟਰੀਟ ਦੀ ਫੋਟੋ ਜਿਸ 'ਚ ਸੋਹਣ ਸਿੰਘ ਸੁਰਿੰਦਰ ਸਿੰਘ ਸੰਘਾ ਦਾ ਲੜਕਾ ਸੁਖਦੀਪ ਸਿੰਘ ਵਿਖਾਈ ਦੇ ਰਿਹਾ ਹੈ

Sri Satguru Jagjit Singh Ji eLibrary NamdhariElibrary@gmail.com

1915 ਵਿਚ ਹੀ ਖਾਲਸਾ ਦੀਵਾਨ ਸੁਸਾਇਟੀ ਦੇ ਆਗੂਆਂ ਨੇ ਇਕ ਲੱਕੜ ਦੀ ਮਿੱਲ ਖੋਲ੍ਹਣ ਦੀ ਸਲਾਹ ਬਣਾਈ। ਉਸ ਵੇਲੇ ਮਿੱਲਾਂ ਦੇ ਮਾਲਕ ਆਮ ਤੌਰ 'ਤੇ ਗੋਰੇ ਹੁੰਦੇ ਸਨ ਜਿਹੜੇ ਆਪਣੇ ਲੋਕਾਂ ਨੂੰ ਮਜ਼ਦੂਰੀ ਦੇ ਪੈਸੇ ਘੱਟ ਦਿੰਦੇ ਅਤੇ ਕੰਮ ਜ਼ਿਆਦਾ ਲੈਂਦੇ ਸਨ। ਫੇਰ ਭੀ ਸਾਡੇ ਲੋਕ ਉਥੇ ਕੰਮ ਕਰਦੇ।

ਉਸ ਵੇਲੇ ਬੀ. ਸੀ. ਵਿਚ ਭਾਰਤੀ ਪੰਜਾਬੀ ਸਿੱਖਾਂ ਦੀ ਆਬਾ ਵੀ ਖਿਲਰੀ ਹੋਈ ਸੀ। ਜਿਹਾ ਕਿ ਹੇਠ ਲਿਖੀ ਟੂਕ ਤੋਂ ਸਪੱਸ਼ਟ ਹੈ-

British Columbia is one of the richest provinces of Canadian territories on the Pacific Coast, having an area of 372, 630 square miles. Although mountainous and rugged, the soil near the coast and the valleys is rich and productive. The climate is mild, and rainy on the coast. A large part of the region is adaptable to fruit growing. In fact, the Fraser Valley is "perennial garden" and produces some of the best fruits and vegetables found in any part of the word. Gold, Sliver, Copper, Zinc, mercury, Coal and iron are among the minerals found in different sections of the Province. There is an abundance of fish both in the deep waters and in the rivers. Coal mining is extensively carried on in the Island of Vancouver. These various industries offered excellent opportunities to the Hindustanees upon their arrival at Vancouver some two decades ago.

Since their arrival, Vancouver has really become the largest centre of the industrial activities and of the social and religious life of the Hindustanees on the Pacific Coast. There are more Hindustanees, especially Sikhs, in Vancouver than in any other single city in either Canada or the United States. Next to Vancouver, Victoria is the city in which a large number of them carry on their business. From Vancouver they have scattered all around and at present are located at new Westminster, Fraser Mills, Duncan, Coombs and Ocean Falls.[6]

ਮਿੱਲ ਲਈ ਥਾਂ ਕੂੰਬਜ਼ ਨੂੰ ਚੁਣਿਆ। ਸਕੀਮ ਨੂੰ ਸਿਰੇ ਚੜਾਉਣ ਲਈ ਅਮਰ ਸਿੰਘ ਸੰਘਾ ਦੀ ਡਿਊਟੀ ਲਾਈ ਗਈ। ਮਿੱਲ ਨੇ 1915 ਦੇ ਆਖੀਰ ਜਾਂ 1916 ਦੇ ਸ਼ੁਰੂ ਵਿਚ ਕੰਮ ਸ਼ੁਰੂ ਕਰ ਦਿੱਤਾ। ਇਸ ਦਾ ਨਾਂ ਵਰਜੀਨੀਆਂ ਲੰਬਰ ਕੰਪਨੀ ਲਿਮਟਿਡ ਰੱਖਿਆ ਗਿਆ। ਇਸ ਮਿੱਲ ਨੂੰ ਸਰਟੀਫਿਕੇਟ ਆਫ ਕਾਰੋਪਰੇਸ਼ਨ 4 ਦਸੰਬਰ 1918 ਨੂੰ ਮਿਲਿਆ। ਹਿੱਸੇਦਾਰਾਂ ਦੇ ਨਾਮ ਉਨ੍ਹਾਂ ਦੇ ਦਸਤਖਤਾਂ ਦੇ ਨਾਲ ਹੇਠਾਂ ਦਰਜ ਹਨ

**

Sri Satguru Jagjit Singh Ji eLibrary NamdhariElibrary@gmail.com

COMPANIES ACT

[redacted]

CANADA

PROVINCE OF BRITISH COLUMBIA

Certificate of Incorporation.

I hereby certify that

VERONIA ESSENCE COMPANY LIMITED

has this day been incorporated under the "Companies Act" as a Limited Company with a

Capital of **Sixty Thousand** Dollars,

divided into **Sixty** Shares.

The head office of the Company is situate at **Cowichan** Province of British Columbia.

GIVEN under my hand and Seal of Office at Victoria, Province of British Columbia, this **4th** day of **December**, one thousand nine hundred and **eighteen**.

[redacted]

REGISTRAR OF JOINT STOCK COMPANIES

Sri Satguru Jagjit Singh Ji eLibrary NamdhariElibrary@gmail.com

4. Such purchase money shall be paid to the said [illegible] by the allotment to the members of the Partnership and [illegible] (as hereinafter provided) of thirteen (13) fully paid shares in the capital of the Company and by crediting as fully paid [illegible] Lochman Singh, above mentioned, such [illegible] one share when signed for in the Memorandum of [illegible] Company so that such two shares shall be fully paid.

5. As a part of the consideration for the [illegible] Company hereby undertakes to pay, satisfy, discharge, [illegible] fulfill all the debts liabilities, contracts, and obligations of the Partnership whatsoever and shall [illegible] Partnership and each of its members, against all actions, claims and demands in respect thereof.

6. And the Partnership hereby directs that the said fully paid shares shall be allotted as follows:

Two (2) shares to Kaur Singh Sangha of Coombs, B.C.
Three (3) " " Lochman Singh of Vancouver, B.C.
Two (2) " " Kapoor Singh of Duncan, B.C.

And One share each to Balmukund, Kaur Singh, Arjan Singh, Kuncha Singh and Daliju all of Coombs, B.C. and two (2) shares to Udham Singh of Colebrook, British Columbia.

In witness whereof the parties hereto have hereunto set their hands and seals to these presents to be executed by the [illegible] first above written.

Signed, Sealed and delivered
in the presence of:

George Aubrey.
Accountant.
Coombs, B.C.

A. S. Sangha
Kaur Singh Sangha
Bal Mukund
Arjan Singh
Daliju
Kuncha Singh
Lochman Singh
Kapoor Singh

Nugum Lumber Company Limited
per
Lochman Singh
President

as to A. S. Sangha, Kaur Singh, Bal Mukund, Arjan Singh, Daliju, Kuncha Singh and Lochman Singh and Kapoor Singh.

E. A. Graham,
938 - 16th Avenue,
Vancouver, B.C.
Stenographer.

eLibrary Na

1916 ਵਿਚ ਈਲਾ ਨਾਂ ਦੀ ਇਕ ਕੁੜੀ ਸਕੂਲ ਵਿਚ ਪੜ੍ਹਦੀ ਸੀ ਅਤੇ ਉਹ ਪਾਰਟ ਟਾਇਮ ਅਮਰ ਸਿੰਘ ਸੰਘਾ ਦੀ ਸੈਕਟਰੀ ਦੇ ਤੌਰ 'ਤੇ ਵੀ ਵਰਜੀਨੀਆਂ ਲੰਬਰ ਕੰਪਨੀ ਵਿਚ ਕੰਮ ਕਰਦੀ ਸੀ। ਉਸ ਦੀ ਹੱਥ ਲਿਖਤ ਵਰਜੀਨੀਆਂ ਲੰਬਰ ਕੰਪਨੀ ਬਾਰੇ ਹੇਠ ਦਿੱਤੀ ਜਾਂਦੀ ਹੈ। ਉਹ ਉਸ ਮਿੱਲ ਨੂੰ ਹਿੰਦੂ ਮਿੱਲ ਕਹਿੰਦੀ ਸੀ।

(8)

The Hindu mill was ~~located~~
located on the bank of French Creek
about a mile from the main
highway in Cassidy. There was a
connecting it with the ~~C.P.R~~
Railway which goes from Victoria
to Port Alberni. There was a
loco that used to take the
boxcars down to the mill to be
filled with lumber then brought
back by loco to the main track.
They had an office down there
with a bookkeeper and helpers.
Most at the mill there was
a chinese settlement, Japanese settlement
a Hindu settlement each their own
church a minister. Also there was
a white settlement. There was a
lunch house and cookhouse
for single men and houses
for families.

Isha Singh Lovekirman Singh and Balmakan were
in charge

Sri Satguru Jagjit Singh Ji eLibrary NamdhariElibrary@gmail.com



ਈਲਾ ਫੌਸਟਰ ਅਤੇ ਉਸਦੀਆਂ ਦੋ ਭੈਣਾਂ, ਨਾਲ ਖੜ੍ਹੇ ਹਨ ਸੋਹਣ ਸੁਰਿੰਦਰ ਸੰਘਾ,
ਦੀਦਾਰ ਸਿੰਘ, ਮਹਿੰਦਰ ਕੌਰ, ਹਰਇੰਦਰ ਕੌਰ, ਇੰਦਰਦੀਪ, ਰਮਨਦੀਪ ਤੇ ਈਲਾ ਦਾ ਪਤੀ

COOKSON

a station on K. V. Ry.; no agent; 60 miles west of Midway and 13 west of Carmi, in Greenwood Provincial Electoral District. Nearest telegraph C. P. R. at Penticton, 65 miles west. Population, 1. Local resources: Timber. Address mail via Carmi post office.
Benson Louis section foreman K V Ry

Coomsac Creek, 7 miles long, runs into north end of Bute Inlet.

Coombe, a steamer landing on the north side of Burrard Inlet, 8 miles east of Vancouver.

COOMBS

a post office and station on the E. & N. Ry., 100 miles north of Victoria, 27 south of Nanaimo, and 8 from the beach, being 200 feet above sea level, in Alberni Provincial Electoral District. Has local and long distance telephone connections. Visiting clergymen. Population, 200. Local resources: Sawmills and logging. Good shooting and fishing.
Armstrong James section hand
Baker J farming
Burgoin Tom farming
Busby Benj mill engineer
Bullimore J ranching
Cameron Alex farming
Cubitt George ranching
Fullow H J ranching
Ford Walter contractor
Foster James bricklayer
Gregory Wm ranching
Hallen Ivor farming
Harris Fred section hand
Henderson R farming
Hoffman Julius farming
Jamieson J millwright
Johnston R W ranching
Kelly J J ranching
Krog John labourer
Marson Tom sawyer
Neden J W ranching
Reliance Trading Co Ltd general merchants and post office E Stevenson store manager Lewis G Hill manager
Scott Robert set foreman
Sinnott Frank rancher
Storey J K bookkeeper
Streno & Co (S Veno mgr) shingle mill
Tiva Trueman mill engineer
VIRGINIA LUMBER CO.
A. S. Sanghe, manager, Amar Singh, superintendent, sawmills.
Vourman George labourer
Ward W P ranching
Ward W J ranching
West John contractor
Wilcox W M farming

Cooper Cove, on north side of Sooke Harbour, south coast of Vancouver Island.
Cooper Reach, near the head of Loughborough Inlet.

COOPERS

a steamer landing on Kootenay Lake, reached by C. P. R. Kootenay Lake Nelson-Kaslo-Lardeau steamers from Nelson. Lardeau is nearest post office.

Copper Bay, on the northeast of Moresby Island, Queen Charlottes.

COPPER CITY

see directory listings under Copper River.

Copper Cliffs, on the west of Valdes Island, 3 miles north of Quathiaski.

COPPER COVE

a summer residential district and camping ground, near Whytecliffe, on the P. G. E. Ry., in Vancouver Provincial Electoral District, 12 miles west of North Vancouver. The post office is Whytecliffe.

COPPER CREEK

a logging camp 10 miles north of Skookumchuck, in Cranbrook Provincial Electoral District, and near Torrent, on the C. P. R., at which point there is a siding which is used for loading logs. The timber hereabouts belongs to the N. A. Lumber Co. and is being logged off. Address mail Copper Creek, via Skookumchuck post office.
Rankins M logging contractor

Copper Creek, 11 miles long, runs into Similkameen River 18 miles south of Princeton.
Copper Creek, 8 miles long, a tributary of the middle fork Spillimacheen River.
Copper Creek, 6 miles long, tributary of Boundary Creek.
Copper Creek, 5 miles long, tributary of north fork of Salmon River, West Kootenay.
Copper Creek, 4 miles long, tributary of Dewar Creek.

COPPER CREEK

a steamer landing on Kootenay Lake, reached by C. P. R. Kootenay Lake steamers, Nelson-Kaslo-Lardeau route, from Nelson, in Kaslo Provincial Electoral District. Copper Creek is 10 miles long and flows into north end of Kootenay Lake. Lardeau is nearest post office.

COPPER CREEK

a station on the C. N. R. and a mining district on Copper Creek, which is 6 miles long and runs into Kamloops Lake 5 miles east of Savona. Local resources: Farming and mining. Address mail Copper Creek, via Savona post office.
Alexander J dairy farming
Schmidt E mixed farming

Copper Island, or Tzartoos Island, 5 miles long, in Barkley Sound, Vancouver Island, at entrance to Alberni Canal.

COPPER MOUNTAIN

a post office and mining town of the Canada Copper Corporation, Limited, of Greenwood, in Copper Mountain, which is 3,000 feet high, and 12 miles south of Princeton, in Similkameen Provincial Electoral District, reached by stage until completion of railroad now under construction from Princeton. Local resources: Copper mining. Population, 200.
Canada Copper Corporation Ltd P E Crane supt of mines

COPPER RIVER

a post office and station known as Copper City, on the G. T. P. Ry., near Prince Rupert, in the Provincial Electoral District of Prince Rupert. Copper River is 75 miles long, and runs into the Skeena River 75 miles northeast of Port Essington.
Bell W mining
Brunsing A H farming
Clore A L farming
Dahl W mining
Dobbin S W farming
Gabriel J mining

Topographic Plans

Complete lists of Acreage and Farms in all the better settled sections adjacent to Vancouver and Westminster. Prospected places only — accurately described—maps—valuations.

414 Seymour St. Vancouver, B.C.

1918 ਵਿਚ ਕੂਬਸ ਦੀ ਡਾਇਰੈਕਟਰੀ ਵਿਚ ਅਮਰ ਸਿੰਘ ਸੰਘਾ ਵਰਜੀਨੀਆਂ ਲੰਬਰ ਕੰਪਨੀ ਦੇ ਮੈਨੇਜਰ ਸੇਨ

Sri Satguru Jagjit Singh Ji eLibrary NamdhariElibrary@gmail.com



ਵਰਜੀਨੀਆਂ ਰੋਡ, ਕੁੰਬਜ਼ ਖੜ੍ਹੇ ਹਨ ਮਹਿੰਦਰ ਕੌਰ, ਸੋਹਣ ਸੁਰਿੰਦਰ ਸਿੰਘ, ਗਮਨਦੀਪ, ਦੀਦਾਰ ਸਿੰਘ, ਹਰਇੰਦਰ ਕੌਰ ਤੇ ਇੰਦਰਦੀਪ



ਦਲੀਪਾ ਸਿੰਘ ਟੋਪ ਪਹਿਨੀ ਹੋਰ ਸਾਥੀਆਂ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ

Sri Satguru Jagjit Singh Ji eLibrary NamdhariElibrary@gmail.com

VIRGINIA LUMBER CO., LTD.

At the end of a mile of spur line connecting with Coombs Station, on the E. & N. Railway, is the sawmill of the Virginia Lumber Co., Ltd., owned by Lochman Singh and other East Indians. The plant was erected a little over two years ago by P. I. Pearson, for the East Coast Sawmills Ltd., and was operated until the end of last year by A. S. Sauke, who died on January 14, of influenza. The daily capacity is about 30,000 feet, although the mill has a record of 45,000 feet when cutting timbers up to 16x16 in., and varying to 40 ft. in length. The logging railway is two miles long, standard gauge, and is equipped with a 16-ton shay loco. and half-a-dozen trucks. Two donkey engines are used in the woods, the logging and railway crews numbering eighteen, and the mill gang twenty-five men. The firm's limits contain spruce, white pine, cedar and fir, the latter predominating. Two shingle machines were formerly operated in connection with the sawmill, but difficulty was ex-

ary

Province of British Columbia

Ministry of Health

Division of Vital Statistics
1515 Blanshard Street
Victoria
British Columbia
V8W 3C8

VERIFICATION OF DEATH PARTICULARS

The following is an extract from the registration on file in the Division of Vital Statistics, Victoria, British Columbia, concerning the DEATH of:

Name:	AMAR SINGH SANGHA
Date of Death:	January 14, 1919
Place of Death:	Sawmill, Coombs, B. C.
Last Residence:	Victoria, B. C. (2 years), Vancouver, B. C. (1 year)
Sex:	Male
Age:	35 years
Date of Birth:	Not Known
Place of Birth:	Punjaub
Racial Origin:	Hindoo
Citizenship:	Not Stated
Occupation:	Manager of Sawmill (1917 till death), formerly 2nd Engineer in India.
Marital Status:	Married
Name of Spouse:	Not Stated
Name of Father:	Not Known
Birthplace of Father:	Punjaub
Name of Mother:	Not Known
Birthplace of Mother:	Not Known
Place of Burial:	Cremated at Mill
Date of Burial:	January 16, 1919
Name of Funeral Director:	Not Stated
Address of Funeral Director:	Not Stated
Name of Informant:	G. Ambre, Bookeeper
Address of Informant:	Coombs, B. C.
Relationship of Informant:	Not Stated

The particulars described above are released for genealogical purposes only.

Dated at Victoria, British Columbia, this 2nd day of March, 1984.

Director of Vital Statistics

Sri Satguru Jagjit Singh Ji eLibrary NamdhariElibrary@gmail.com

ਵਰਜੀਨੀਆਂ ਲੰਬਰ ਕੰਪਨੀ ਲਿਮਟਿਡ ਭਾਰਤੀ ਪੰਜਾਬੀ ਸਿੱਖਾਂ ਦੀ ਲੱਕੜੀ ਦੀ ਪਹਿਲੀ ਕੰਪਨੀ ਸੀ ਜਿਸ ਵਿਚ ਦੇਸ਼ ਤੋਂ ਆਇਆਂ ਬੰਦਿਆਂ ਨੂੰ ਕੰਮ ਮਿਲਦਾ ਸੀ। ਨੰਦ ਸਿੰਘ ਲੰਗੜੋਆ ਦੇ ਦੱਸਣ ਮੁਤਾਬਿਕ ਜਦ ਉਹ 1920 ਵਿਚ ਆਪਣੇ ਪਿਤਾ..... ਠਾਕਰ ਸਿੰਘ ਤੇ ਭਰਾ ਪ੍ਰੀਤਮ ਸਿੰਘ ਦੇ ਨਾਲ ਭਾਰਤ ਤੋਂ ਆਏ ਸਨ ਤਾਂ ਉਹ ਜਹਾਜ਼ (ਪਾਣੀ ਵਾਲਾ) ਤੋਂ ਉਤਰ ਕੇ ਸਿੱਧੇ ਸੈਕਿੰਡ ਐਵੇਨਿਊ ਵਾਲੇ ਗੁਰਦੁਆਰੇ ਗਏ। ਉਥੋਂ ਗੁਰਦੁਆਰਾ ਕਮੇਟੀ ਨੇ ਉਨ੍ਹਾਂ ਨੂੰ ਆਖਿਆ ਸੀ ਕਿ ਕੰਬੂਜ਼ ਚਲੇ ਜਾਓ ਉਥੇ ਆਪ ਨੂੰ ਕੰਮ ਮਿਲ ਜਾਵੇਗਾ। ਨੰਦ ਸਿੰਘ ਦੇ ਕਹਿਣ ਅਨੁਸਾਰ ਉਹ ਤਿੰਨੇ ਕੰਬੂਜ਼ ਨੂੰ ਚਲੇ ਗਏ। ਠਾਕਰ ਸਿੰਘ ਨੂੰ ਮਿੱਲ ਵਿਚ ਕੰਮ ਮਿਲ ਗਿਆ। ਪ੍ਰੀਤਮ ਸਿੰਘ ਨੂੰ 'ਫਰੈਂਚ ਕਰੀਕ ਸਕੂਲ' ਵਿਚ ਪੜ੍ਹਨ ਲਾ ਦਿੱਤਾ। ਸਕੂਲ ਡਿਸਟਿਕ ਨੰਬਰ 69 ਦਾ ਪ੍ਰੀਤਮ ਸਿੰਘ ਦਾ ਸਕੂਲ ਰਿਕਾਰਡ ਹੇਠ ਦਿੱਤਾ ਜਾਂਦਾ ਹੈ–

School District No. 69 (Qualicum)

Board of School Trustees

Office of the
Superintendent of Schools

P.O. BOX 430, PARKSVILLE, B.C.
V0R 2S0

Phone: Parksville, 248-4241
Fax: 248-5767

June 11th, 1990

Mrs.Sathant Beadall
1633 Extension Road,
Site "S" R.R.#1,
Nanaimo, B.C.
V9R 5K1

Dear Mrs.Beadall:

Re: School records of PRITAM SINGH

Further to your letter of enquiry of June 6th, 1990 in the above matter, we have searched our archives and have ascertained the following:

1. We have no records for the year 1919.

2. The elementary school at Coombs was called "French Creek School".

3. A student by the name of Pritam Singh (age 12) was registered and attended school from September 7th to November 1st, 1920, from December 2nd to December 17th, 1920 and from January 3rd to February 4th, 1921. After that there is a notation on the Register which reads: "Gone to Courtenay".

4. There are no records regarding Nand Singh.

We hope this will help you along in the compilation of your family history and wish you luck in your endeavour.

Yours truly

D. D. Bosnich

Donald D. Bosnich,
Superintendent of Schools

DB/bg

Sri Satguru Jagjit Singh Ji eLibrary NamdhariElibrary@gmail.com



ਪ੍ਰੀਤਮ ਸਿੰਘ, ਨੰਦ ਸਿੰਘ ਅਤੇ ਹਰਦਿੱਤ ਸਿੰਘ ਫੋਟੋ-1935-36

Sri Satguru Jagjit Singh Ji eLibrary NamdhariElibrary@gmail.com

ਕੁੰਬਜ਼ ਵਿਚ ਖਾਲਸਾ ਦੀਵਾਨ ਸੁਸਾਇਟੀ ਦੀ ਬ੍ਰਾਂਚ ਸੀ ਤੇ ਗੁਰਦੁਆਰਾ ਵੀ ਸੀ। ਮਿੱਲ ਵਿਚ ਚੀਨੇ, ਜਾਪਾਨੀ ਤੇ ਗੋਰੇ ਭੀ ਕੰਮ ਕਰਦੇ ਸਨ। ਉਨ੍ਹਾਂ ਦੇ ਵੀ ਚਰਚ ਸਨ। ਪੀਕ ਟਾਇਮ ਵਿਚ ਕੋਈ ਦੋ ਸੌ ਦੇ ਕਰੀਬ ਬੰਦਾ ਉਥੇ ਕੰਮ ਕਰਦਾ ਸੀ।

ਧੰਨ ਕੌਰ (ਅਮਰ ਸਿੰਘ ਦੀ ਪਤਨੀ) ਦੱਸਦੀ ਸੀ ਕਿ ਜਦੋਂ ਅਮਰ ਸਿੰਘ ਦੀ ਮੌਤ ਹੋਈ ਉਦੋਂ ਕੈਨੇਡਾ ਦੀ ਸਰਕਾਰ ਨਾਲ ਖਤੋ ਖਤਾਬਤ ਚੱਲ ਰਿਹਾ ਸੀ ਕਿ ਜੇ ਕੈਨੇਡਾ ਦੀ ਸਰਕਾਰ ਭਾਰਤੀਆਂ ਨੂੰ ਜਦੋਂ ਦੀ ਕੈਨੇਡਾ ਵਿਚ ਆਉਣ ਦੀ ਇਜ਼ਾਜਤ ਦੇਵੇ ਤਾਂ ਉਹ (ਅਮਰ ਸਿੰਘ) ਉਨ੍ਹਾਂ ਭਾਰਤੀਆਂ ਨੂੰ ਕੰਮ ਦੀ ਗ੍ਰੰਟੀ ਦੇ ਸਕਦਾ ਹੈ।

ਕੁਝ ਇਤਿਹਾਸਕਾਰ ਲਿਖਦੇ ਹਨ ਕਿ ਵੈਨਕੂਵਰ ਦਾ ਗੁਰਦੁਆਰਾ ਇੰਪਲਾਇਮੈਂਟ ਐਕਸਚੇਂਜ ਦਾ ਵੀ ਕੰਮ ਕਰਦਾ ਸੀ। ਉਸ ਦਾ ਭਾਵ ਇਹ ਹੀ ਸੀ ਕਿ ਜੋ ਆਪਣੇ ਬੰਦਿਆਂ ਨੇ ਕੰਮ ਖੋਲ੍ਹੇ ਹੋਏ ਸਨ, ਨਵੇਂ ਆਏ ਲੋਕਗੁਰਦੁਆਰੇ ਦੇ ਜ਼ਰੀਏ ਇਨ੍ਹਾਂ ਮਿੱਲਾਂ ਵਿਚ ਕੰਮਾਂ 'ਤੇ ਲੱਗ ਜਾਂਦੇ ਸਨ। ਇਹ ਲੱਕੜ ਚੀਰਨ ਦੀ ਪੰਜਾਬੀਆਂ ਦੀ ਪਹਿਲੀ ਮਿੱਲ ਸੀ।

**

Sri Satguru Jagjit Singh Ji eLibrary NamdhariElibrary@gmail.com

ਦਿ ਮੇਉ ਸਿੰਘ ਲੰਬਰ ਕੰਪਨੀ
ਅਤੇ
ਕਪੂਰ ਲੰਬਰ ਕੰਪਨੀ

ਮਈਆ ਸਿੰਘ ਜਿਹੜਾ ਮੇਓ ਸਿੰਘ ਦੇ ਨਾਂ ਨਾਲ ਮਸ਼ਹੂਰ ਹੋਇਆ ਆਪਣੇ ਪੇਂਡੂਆਂ ਨਾਲ 1906 ਵਿਚ ਕੈਨੇਡਾ ਆਇਆ। ਉਸ ਦਾ ਜਨਮ 1886 ਵਿਚ ਪਿੰਡ ਪਾਲਦੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਪਾਲਦੀ ਤੋਂ ਬੀ. ਸੀ. 'ਚ ਆਏ ਲੋਕ ਇਕੱਠੇ ਰਹਿੰਦੇ ਸਨ ਉਹ ਚਿਲਾਵੈਕ ਦੇ ਇਲਾਕੇ ਵਿਚ ਫਾਰਮਾਂ ਵਿਚ ਕੰਮ ਕਰਦੇ। ਉਨ੍ਹਾਂ ਵਿਚੋਂ ਤੇ ਕੁਝ ਹੋਰ ਬੰਦੇ ਰੌਸਡੇਲ ਵਿਖੇ ਚੀਮ ਲੰਬਰ ਕੰਪਨੀ ਜੋ ਚਿਲਾਵੈਕ ਤੋਂ 8 ਮੀਲ ਦੂਰ ਸੀ, ਵਿਚ ਵੀ ਕੰਮ ਕਰਦੇ ਸਨ।

1913 ਵਿਚ ਲੰਬਰ ਇੰਡਸਟਰੀ ਵਿਚ ਮੰਦਾ ਆ ਗਿਆ। ਚੀਮ ਲੰਬਰ ਕੰਪਨੀ ਦੇ ਮਾਲਕ ਨੂੰ ਉਹ ਮਿੱਲ ਚਲਾਉਣੀ ਔਖੀ ਹੋ ਗਈ। ਉਸ ਨੇ ਮਿੱਲ ਨੂੰ ਬੰਦ ਕਰਨ ਦਾ ਇਰਾਦਾ ਬਣਾ ਲਿਆ। ਪਾਲਦੀ ਦੇ ਰਾਜਪੂਤ ਤੇ ਹੋਰ ਬੰਦੇ ਜਿਹੜੇ ਕੰਮ ਤੋਂ ਵਿਹਲੇ ਹੋਣੇ ਸਨ ਉਨ੍ਹਾਂ ਨੇ ਆਪਣੀ ਰੋਜ਼ੀ ਰੋਟੀ ਲਈ ਉਹ ਮਿੱਲ ਕਿਰਾਏ 'ਤੇ ਲੈ ਕੇ ਚਲਾਉਣ ਦੀ ਸਕੀਮ ਬਣਾ ਲਈ। ਆਤਮਾ ਰਾਮ ਉਸ ਮਿੱਲ ਦਾ ਮੈਨੇਜਰ ਸੀ। ਕੋਈ ਦੋ ਸਾਲ ਦੇ ਕਰੀਬ (1914–15) ਉਨ੍ਹਾਂ ਲੋਕਾਂ ਨੇ ਉਥੇ ਕੰਮ ਕੀਤਾ। ਮਿੱਲ ਮੁਨਾਫੇ ਵਿਚ ਚੱਲਣ ਲੱਗ ਪਈ। ਮਿੱਲ ਦੇ ਪਹਿਲੇ ਮਾਲਕ, ਜੋ ਗੋਰਾ ਸੀ, ਨੇ ਮਿੱਲ ਵਾਪਸ ਲੈਣ ਦੀ ਕੋਸ਼ਿਸ਼ ਕੀਤੀ। ਪਰ ਆਤਮਾ ਰਾਮ ਕਾਨੂੰਨ ਭੀ ਜਾਣਦਾ ਸੀ ਤੇ ਤਕੜਾ ਵੀ ਸੀ। ਇਕ ਦਿਨ ਜਦ ਜ਼ੋਰ ਨਾਲ ਗੋਰੇ ਨੇ ਆਪਣੇ ਕੁਝ ਸਾਥੀਆਂ ਨਾਲ ਮਿੱਲ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਤਮਾ ਰਾਮ ਨੇ ਕੁਹਾੜਾ ਫੜ ਕੇ ਆਪਣੇ ਹੋਰ ਸਾਥੀਆਂ ਸਮੇਤ ਉਸ ਗੋਰੇ ਨੂੰ ਉਸ ਦੇ ਗੈਂਗ ਸਮੇਤ ਉਥੋਂ ਭਜਾ ਦਿੱਤਾ। ਉਹ ਆਪ ਉਥੇ ਕੰਮ ਕਰਦੇ ਰਹੇ। [7]

ਆਲੇ ਦੁਆਲੇ ਦੇ ਫਾਰਮਾਂ ਦੇ ਮਾਲਕਾਂ ਨੂੰ ਲੰਬਰ ਵੇਚ ਕੇ ਉਨ੍ਹਾਂ ਲੋਕਾਂ ਨੂੰ ਕਾਫੀ ਮੁਨਾਫਾ ਹੋਇਆ। ਪਰ ਜਿਸ ਜੰਗਲੀ ਲੱਕੜੀ ਦੇ ਆਸਰੇ ਮਿੱਲ ਚੱਲਦੀ ਸੀ ਉਹ ਟਿੰਬਰ ਖਤਮ ਹੋ ਗਿਆ। 1916 ਦੇ ਕਰੀਬ ਚੀਮ ਲੰਬਰ ਕੰਪਨੀ ਨੂੰ ਛੱਡ ਦਿੱਤਾ ਗਿਆ। ਸਾਰਿਆਂ ਨੇ ਵੈਨਕੂਵਰ ਆਈਲੈਂਡ ਵੱਲ ਹੋਰ ਕੰਮ ਦੀ ਤਲਾਸ਼ ਵਿਚ ਜਾਣ ਦੀ ਸਲਾਹ ਬਣਾ ਲਈ। [8]

ਉਨ੍ਹਾਂ ਵਿਚੋਂ ਹੀ ਜਿਹੜੇ ਚੀਮ ਲੰਬਰ ਕੰਪਨੀ ਵਿਚ 35 ਬੰਦੇ ਕੰਮ ਕਰਦੇ ਸਨ ਉਨ੍ਹਾਂ ਨੂੰ ਖਬਰ ਮਿਲੀ ਕਿ ਮਾਰਕੰਮ ਲੰਬਰ ਕੰਪਨੀ, ਜਿਹੜੀ ਨਿਊ ਵੈਸਟਮਿਨਸਟਰ ਦੇ ਦੱਖਣੀ ਇਲਾਕੇ ਵਿਚ ਸਟਾਰਅਬੇਰੀ ਹਿੱਲ ਉਪਰ ਸੀ, ਵੀ ਪਹਿਲੀ ਕੰਪਨੀ ਵਾਂਗ ਗੋਰਿਆਂ ਤੋਂ ਨਹੀਂ ਚਲਾਈ ਗਈ। ਉਹ 35 ਬੰਦੇ ਇਕੱਠੇ ਹੋ ਕੇ ਉਸ ਮਿੱਲ ਨੂੰ ਵੇਖਣ ਗਏ। ਉਨ੍ਹਾਂ ਸਾਰਿਆਂ ਬੰਦਿਆਂ ਨੇ ਆਪਣੀ ਸਾਰੀ ਪੂੰਜੀ ਇਕੱਠੀ ਬੈਂਕ ਵਿਚ ਜਮ੍ਹਾਂ ਕਰਕੇ ਉਹ ਮਿੱਲ ਕਿਰਾਏ 'ਤੇ ਲੈ ਲਈ। ਉਥੇ 10 ਜਾਂ 12 ਮਹੀਨੇ ਕੰਮ ਕੀਤਾ। ਉਹ ਟਿੰਬਰ ਵੀ ਮੁੱਕ ਗਿਆ ਜਿਹੜਾ ਮਾਰਕੰਮ ਲੰਬਰ ਕੰਪਨੀ ਚੀਰਦੀ ਸੀ। [9]

ਜਿਹੜੇ ਪਾਲਦੀ ਪਿੰਡ ਦੇ ਬੰਦੇ ਰੌਸਡੇਲ ਤੇ ਸਟਰਾਅ ਬੇਰੀ ਹਿੱਲ ਵਾਲੀਆਂ ਮਿੱਲਾਂ ਵਿਚ ਇਕੱਠੇ ਕੰਮ ਕਰਦੇ ਸਨ ਉਨ੍ਹਾਂ ਦੇ ਨਾਮ ਤਾਰਾ ਸਿੰਘ, ਗੁਰਦਿੱਤ ਸਿੰਘ, ਠਾਕਰ ਸਿੰਘ, ਦੁਮਨ ਸਿੰਘ (ਹਰਬ ਦੁਮਨ ਦੇ ਪਿਤਾ) ਘਨੱਈਆ ਸਿੰਘ, ਭਾਨ ਸਿੰਘ, ਛੱਜਾ ਸਿੰਘ, ਸਾਹਿਲ ਸਿੰਘ ਤੇ ਮਾਨਾ ਸਿੰਘ ਸਨ। ਇਨ੍ਹਾਂ ਬੰਦਿਆਂ ਨੇ ਇਕ ਬਰਾਦਰੀ ਤੇ ਇਕ ਪਿੰਡ ਦੇ ਹੋਣ ਕਰਕੇ ਇਕ ਦੂਜੇ ਦਾ ਵਿਸ਼ਵਾਸ਼ ਜਿੱਤ ਲਿਆ। ਹੁਣ ਉਹ ਇਕੱਠੇ ਲੱਕੜੀ ਚੀਰਨ ਦੀ ਮਿੱਲ ਆਪਣੇ ਕਾਰੋਬਾਰ ਦੇ ਤੌਰ 'ਤੇ ਖੋਲ੍ਹਣ ਦੇ ਕਾਬਲ ਹੋ ਗਏ ਸਨ। 1916 ਦੇ ਆਖੀਰ ਵਿਚ ਜਦ ਉਹ ਨਿਊ ਵੈਟਮਿਨਸਟਰ ਵਿਖੇ ਸਟਰਾਅ ਬੇਰੀ ਹਿੱਲ ਵਿਚ ਲੱਕੜ ਚੀਰਨ ਦਾ ਕੰਮ ਕਰਦੇ ਸਨ ਤਾਂ ਉਨ੍ਹਾਂ ਨੂੰ ਖਬਰ ਮਿਲੀ ਕਿ ਕੈਨੇਡੀਅਨ ਪੈਸੇਫਿਕ ਰੇਲਵੇ ਵੈਨਕੂਵਰ ਆਈਲੈਂਡ ਵਿਚ ਟਿੰਬਰ ਵੇਚਦੀ ਹੈ। ਇਹ ਟਿੰਬਰ ਨਨਾਇਮੋ ਰੇਲਵੇ ਦੇ ਨਾਲ ਨਾਲ 20 ਮੀਲ ਤੱਕ ਫੈਲਿਆ ਹੋਇਆ ਹੈ। ਇਹ ਜ਼ਮੀਨ ਪਹਿਲਾਂ ਡੰਨਸਮਿਊਰ ਟੱਬਰ ਦੀ ਸੀ ਜੋ ਸੀ. ਪੀ. ਆਰ. ਨੇ 1905 ਵਿਚ ਖ੍ਰੀਦੀ ਸੀ।[10] ਸੀ. ਪੀ. ਆਰ ਹਰ ਕਿਸਮ ਦੇ ਇਮੀਗਰੈਂਟਾਂ ਦੀ ਮਦਦ ਨਾਲ ਇਸ ਅਮੀਰ ਟਿੰਬਰ ਭੰਡਾਰ ਦਾ ਇਸਤੇਮਾਲ ਕਰਕੇ ਨਫਾ ਕਮਾਉਣਾ ਚਾਹੁੰਦੀ ਸੀ। ਦੂਜੇ ਪਾਸੇ ਬੀ. ਸੀ. ਦੀ ਸਰਕਾਰ ਭਾਰਤੀ ਪੰਜਾਬੀਆਂ ਨੂੰ ਟਿੰਬਰ ਦੇ ਹੱਕ ਵੇਚਣਾ ਨਹੀਂ ਚਾਹੁੰਦੀ ਸੀ।

ਰੌਸਡੇਲ ਤੇ ਸਟਰਾਅਬੇਰੀ ਹਿੱਲ ਵਾਲੀਆਂ ਮਿੱਲਾਂ ਵਿਚ ਪਾਲਦੀ ਦੇ ਰਾਜਪੂਤਾਂ ਨੇ ਆਪਣੇ ਇਲਾਕੇ ਦੇ ਹੋਰ ਜੱਟਾਂ ਨਾਲ ਰਲ ਕੇ ਕੰਮ ਕਰਕੇ ਵੇਖਿਆ ਸੀ ਜਿਸ ਵਿਚ ਉਨ੍ਹਾਂ ਨੂੰ ਇਕ ਦੂਜੇ ਦੀ ਸਾਂਝ ਵਿਚ ਕਾਫੀ ਸਫਲਤਾ ਹੋਈ ਸੀ। ਪਹਿਲਾਂ ਨਾਲੋਂ ਵੈਨਕੂਵਰ ਆਈਲੈਂਡ ਵਿਚ ਲੱਕੜ ਦੀਆਂ ਮਿੱਲਾਂ ਆਪ ਚਲਾਉਣ ਲਈ ਉਨ੍ਹਾਂ (ਪਾਲਦੀ ਦੇ ਰਾਜਪੂਤਾਂ) ਨੂੰ ਹੋਰ ਪੈਸੇ ਤੇ ਕਾਰੀਗਰ ਬੰਦਿਆਂ ਦੀ ਜ਼ਰੂਰਤ ਸੀ।[11]

ਦੂਜੇ ਪਾਸੇ ਵੈਨਕੂਵਰ ਵਿਚ ਅਮਰ ਸਿੰਘ ਸੰਘਾ, ਸਕਰੂਲੀ, ਬਾਲਮਕੰਦ ਸਕਰੂਲੀ, ਲਛਮਣ ਸਿੰਘ ਖੁਰਦਪੁਰ (ਅਮਰ ਸਿੰਘ ਸਕਰੂਲੀ ਦੀ ਭੂਆ ਦਾ ਪੁੱਤ) ਕਪੂਰ ਸਿੰਘ ਖੜੋਦੀ, ਅਮਰ ਸਿੰਘ ਮੇਹਲੀ, ਦਲੀਪਾ ਬਹੁਆ ਸਿੰਘ ਮੋਰਾਂਵਾਲੀ, ਊਧਮ ਸਿੰਘ ਲੰਗੇਰੀ (ਬਹੁਤੇ

Sri Satguru Jagjit Singh Ji eLibrary NamdhariElibrary@gmail.com

ਮਾਹਿਲਪੁਰ ਇਲਾਕੇ ਦੇ ਸਨ) ਨੇ ਰਲ ਕੇ ਵਰਜੀਨੀਆਂ ਲੰਬਰ ਕੰਪਨੀ ਲਿਮਟਿਡ ਚਾਲੂ ਕਰ ਦਿੱਤੀ ਸੀ। ਅਮਰ ਸਿੰਘ ਸੰਘਾ ਉਸਦਾ ਮੈਨੇਜਰ ਸੀ।[12]

ਪਾਲਦੀ ਦੇ ਬੰਦਿਆਂ ਨੇ ਆਪਣੀ ਬਰਾਦਰੀ ਦਾ ਇਕ ਇਕੱਠ ਸੱਦਿਆ ਜਿਸ ਵਿਚ ਨਵੇਂ ਤੇ ਪੁਰਾਣੇ ਆਏ ਹੋਏ ਪਾਲਦੀ ਦੇ ਰਾਜਪੂਤ ਇਕੱਠੇ ਹੋਏ। ਉਨ੍ਹਾਂ ਵਿਚ ਭਾਗ ਸਿੰਘ, ਭਾਨ ਸਿੰਘ, ਦੁਮਨ ਸਿੰਘ, ਕਰਨੈਲ ਸਿੰਘ, ਸੁਹੇਲ ਸਿੰਘ, ਘਨੱਈਆ ਸਿੰਘ ਤੇ ਮਈਆ ਸਿੰਘ ਹੁਰਾਂ ਰਲ ਕੇ ਫੈਸਲਾ ਕੀਤਾ ਕਿ ਸਾਰੇ ਜਣੇ ਹਿੱਸਾ ਪਾ ਕੇ ਦੋ ਬੰਦਿਆਂ ਦੇ ਨਾਂ ਹਿੱਸੇ ਕਰਕੇ ਇਕ ਮਿੱਲ ਚਲਾਈ ਜਾਵੇ। ਫੈਸਲਾ ਕੀਤਾ ਗਿਆ ਕਿ ਦੋ ਹਿੱਸੇਦਾਰਾਂ ਦੁਮਨ ਸਿੰਘ ਤੇ ਮੱਈਆ ਸਿੰਘ ਦੇ ਦੋ ਹਿੱਸੇ ਰੱਖ ਜਾਣ। ਉਸ ਵੇਲੇ ਦੁਮਨ ਸਿੰਘ ਸਭ ਤੋਂ ਜ਼ਿਆਦਾ ਸਿਆਣਾ ਤੇ ਪੈਸੇ ਵਾਲਾ ਆਦਮੀ ਸੀ। ਮੱਈਆ ਸਿੰਘ ਸਟਰਾਅਬੇਰੀ ਹਿੱਲ ਵਾਲੀ ਮਿੱਲ ਵਿਚ ਕੁੱਕ ਦਾ ਕੰਮ ਕਰਦਾ ਸੀ। ਉਹ ਸਭ ਦਾ ਮਨਪਸੰਦ ਸੀ। ਮਿੱਲ ਦਾ ਸਿੱਧਾ ਜਿਹਾ ਨਾਂ ਰੱਖਣ ਲਈ ਇਕੱਠ ਵਿਚ ਕਿਸੇ ਦੇ ਆਖਣ 'ਤੇ ਕੰਪਨੀ ਦਾ ਨਾਂ ਮੇਓ ਲੰਬਰ ਕੰਪਨੀ ਰੱਖ ਦਿੱਤਾ ਗਿਆ। ਜਿਥੇ ਮਿੱਲ ਖੋਲ੍ਹਣੀ ਸੀ ਉਸ ਥਾਂ ਨੂੰ ਮੇਓ ਸਾਈਡਿੰਗ ਕਹਿੰਦੇ ਸਨ। ਇਹ ਇਤਫਾਕ ਸੀ ਕਿ ਉਹ ਨਾਂ ਮੱਈਆ ਸਿੰਘ ਦੇ ਨਾਂ ਨਾਲ ਮੇਲ ਖਾਂਦਾ ਸੀ।

ਕਾਗਜ਼ਾਂ ਵਿਚ ਦੁਮਨ ਸਿੰਘ ਤੇ ਮੱਈਆ ਸਿੰਘ ਦੇ ਨਾਂ ਸਨ ਪਰ ਮਿੱਲ ਵਿਚ ਸਾਰੇ ਹਿੱਸੇਦਾਰ ਸਨ ਅਤੇ ਉਨ੍ਹਾਂ ਨੇ ਹਿੱਸੇ ਪਾਏ ਸਨ। ਇਹ ਔਖਾ ਤੇ ਦਲੇਰੀ ਵਾਲਾ ਕੰਮ ਕਰਨ ਲਈ ਉਨ੍ਹਾਂ (ਰਾਜਪੂਤਾਂ) ਪਾਲਦੀ ਦੇ ਬੰਦਿਆਂ ਨੇ ਆਪਣੇ ਇਲਾਕੇ ਦੇ ਪੈਸੇ ਵਾਲੇ ਤੇ ਕਾਰੀਗਰ ਜੱਟਾਂ ਨਾਲ ਭਿਆਲੀ ਰੱਖਣ ਦਾ ਫੈਸਲਾ ਕਰ ਲਿਆ।[13]

ਵੈਨਕੂਵਰ ਆਈਲੈਂਡ ਵਾਲੀ ਮਿੱਲ ਵਿਚ ਸਭ ਤੋਂ ਪਹਿਲਾਂ ਪਾਲਦੀ ਦੇ ਰਾਜਪੂਤਾਂ ਨਾਲ ਮਾਹਿਲਪੁਰ ਇਲਾਕੇ ਦੇ ਜਿਹੜੇ ਜੱਟ ਹਿੱਸੇਦਾਰ ਬਣੇ ਸਨ ਉਹ ਸਨ, ਸ਼ਿਆਮ ਸਿੰਘ ਮਾਹਿਲਪੁਰ, ਭਗਵਾਨ ਸਿੰਘ ਖੜੋਦੀ (ਕਪੂਰ ਸਿੰਘ ਦੇ ਬੜੇ ਭਾਈ), ਜੁਆਲਾ ਸਿੰਘ ਸਕਰੂਲੀ (ਅਮਰ ਸਿੰਘ ਸੰਘਾ ਨੂੰ ਜੁਆਲਾ ਸਿੰਘ ਸਿੰਘ ਭੀ ਆਖਿਆ ਜਾਂਦਾ ਸੀ। ਮਾਹਿਲਪੁਰ 'ਚ ਆਟਾ ਪੀਹਣ ਦੀ ਮਸ਼ੀਨ (ਪੀ. ਐੱਸ. ਫਲੋਰ ਮਿੱਲ) 1910 ਵਿਚ ਲਾਈ ਸੀ, ਉਦੋਂ ਭੀ ਅਮਰ ਸਿੰਘ ਸੰਘਾ ਨੂੰ ਜੁਆਲਾ ਸਿੰਘ ਆਖਿਆ ਜਾਂਦਾ ਸੀ) ਮਾਹਿਲਪੁਰ ਤੋਂ 2 ਮੀਲ ਦੀ ਦੂਰੀ 'ਤੇ ਸਕਰੂਲੀ, ਪਾਲਦੀ ਤੇ ਖੜੋਦੀ ਪਿੰਡ ਇਕੋ ਲਾਇਨ ਵਿਚ ਹਨ।

ਕੁਝ ਕਿਤਾਬਾਂ ਵਿਚ ਲਿਖਿਆ ਹੈ ਕਿ ਕਪੂਰ ਸਿੰਘ ਟਰਾਂਟੋ ਤੋਂ ਰੌਸਡੇਲ ਵਾਲੀ ਮਿੱਲ ਵਿਚ ਕੰਮ ਕਰਨ ਲਈ 1915 ਵਿਚ ਆਏ ਸਨ। ਪਰ ਵਰਜੀਨੀਆਂ ਲੰਬਰ ਕੰਪਨੀ ਦੇ ਮੈਮੋਰੈਡਮ ਐਗਰੀਮੈਂਟ ਵਿਚ ਪਹਿਲੀ ਵਾਰ ਉਨ੍ਹਾਂ ਦਾ ਨਾਂ (ਦਸਤਖਤ) 1918 ਵਿਚ ਮਿਲਦਾ ਹੈ। ਇਹ ਲੱਗਦਾ ਹੈ ਕਿ 14 ਜਨਵਰੀ 1919 ਵਿਚ ਅਮਰ ਸਿੰਘ ਸੰਘਾ ਦੇ ਮਰਨ ਕਰਕੇ ਜਦੋਂ ਵਰਜੀਨੀਆਂ ਲੰਬਰ ਕੰਪਨੀ ਲਿਮਟਿਡ ਦਾ ਭਵਿੱਖ ਸ਼ੱਕੀ ਹੋ ਗਿਆ ਤਾਂ ਦੂਜੇ ਪਾਸੇ 16 ਅਕਤੂਬਰ 1916 ਵਿਚ ਜੱਟਾਂ ਤੇ ਰਾਜਪੂਤਾਂ ਦੁਆਰਾ ਦਿ ਪੈਸਫਿਕ ਲੰਬਰ ਕੰਪਨੀ ਅਤੇ ਮੇਓ ਲੰਬਰ ਕੰਪਨੀ ਜੋ ਪ੍ਰਾਈਵੇਟ ਕੰਪਨੀਆਂ ਬਣਾਈਆਂ ਸਨ ਅਤੇ ਉਨ੍ਹਾਂ ਵਿਚ ਭੀ ਅਮਰ ਸਿੰਘ ਜੋ ਜੁਆਲਾ ਸਿੰਘ ਦੇ ਨਾਂ ਨਾਲ ਆਉਂਦਾ ਹੈ, ਦਾ ਅਹਿਮ ਰੋਲ ਸੀ, ਕਿਉਂਕਿ ਉਹ ਇੰਜਨੀਅਰ ਸੀ, ਦਾ ਭਵਿੱਖ ਵੀ ਸ਼ੱਕੀ ਬਣ ਗਿਆ ਹੋਵੇ ਅਤੇ ਜਨਵਰੀ 1919 ਵਿਚ ਕਪੂਰ ਸਿੰਘ ਵਰਜੀਨੀਆਂ ਕੰਪਨੀ ਤੋਂ ਦਿ ਮਿਓਜ਼ ਲੰਬਰ ਕੰਪਨੀ ਵਿਚ ਆਇਆ ਹੋਵੇ।

ਅਰਚਨਾ ਵਰਮਾ ਦੇ ਥੀਸਜ਼ ਸਫਾ 145 'ਤੇ ਲਿਖਿਆ ਹੈ ਕਿ 1920 ਤੋਂ ਪਹਿਲਾਂ ਮੇਓ ਮਿੱਲ ਵਿਚ ਕੰਮ ਦੀ ਜ਼ਿੰਮੇਵਾਰੀ ਸਾਰਿਆਂ ਦੀ ਸਾਂਝੀ ਹੁੰਦੀ ਸੀ। ਸਾਰੇ ਇਹ ਮਹਿਸੂਸ ਕਰਦੇ ਸਨ ਕਿ ਉਹ ਮੋਢੀ ਮਾਲਕ ਤੇ ਹਿੱਸੇਦਾਰ ਹਨ। ਦੁਮਨ ਸਿੰਘ, ਭਾਨ ਸਿੰਘ ਪਾਲਦੀ ਵਾਲੇ, ਜੁਆਲਾ ਸਿੰਘ (ਅਮਰ ਸਿੰਘ ਸਕਰੂਲੀ), ਭਗਵਾਨ ਸਿੰਘ ਖੜੋਦੀ (ਕਪੂਰ ਸਿੰਘ ਦਾ ਭਰਾ) ਮਿੱਲ ਨੂੰ ਬਣਾਉਣ ਤੇ ਚਲਾਉਣ ਦੀ ਜ਼ਿੰਮਵਾਰੀ ਪੂਰੀ ਕਰਦੇ ਸਨ। ਦੂਜੇ ਭਾਗ ਸਿੰਘ, ਘਨੱਈਆ ਸਿੰਘ ਤੇ ਸ਼ਿਆਮ ਸਿੰਘ ਕਟਾਈ ਤੇ ਸੇਲਜ਼ ਦੀ ਦੇਖਭਾਲ ਕਰਦੇ ਸਨ। ਮੇਓ ਸਿੰਘ ਕੁੱਕ ਦਾ ਹੀ ਕੰਮ ਕਰਦਾ ਸੀ। ਸਾਰਿਆਂ ਨੂੰ ਇਕੱਠੇ ਰੱਖਣ ਲਈ ਉਹਦਾ ਕੰਮ ਬਹੁਤ ਜ਼ਿੰਮੇਵਾਰੀ ਦਾ ਹੁੰਦਾ ਸੀ। ਹਾਲੇ ਲੋਕ ਟੱਬਰਾਂ ਵਿਚ ਨਹੀਂ ਸਗੋਂ ਕੁੱਕ ਹਾਊਸ ਵਿਚ ਹੀ ਰਹਿੰਦੇ ਸਨ।

ਪੈਸਫਿਕ ਲੰਬਰ ਕੰਪਨੀ ਦੀ ਦੱਸੀ ਗਈ ਪੂੰਜੀ 20,000 ਡਾਲਰ ਸੀ ਅਤੇ ਮਾਓ ਲੰਬਰ ਕੰਪਨੀ ਦੀ 23,000 ਡਾਲਰ। 1916 ਵਿਚ ਇਕ ਹਿੱਸਾ 6,000 ਡਾਲਰ ਦਾ ਹੁੰਦਾ ਸੀ। 1917 ਵਿਚ ਹੀ ਦੋਵੇਂ ਕੰਪਨੀਆਂ ਆਰਥਿਕ ਸੰਕਟ ਵਿਚ ਆ ਗਈਆਂ ਅਤੇ ਹੋਰ ਪੰਜਾਬੀਆਂ ਨੂੰ ਕੰਪਨੀਆਂ ਨੇ ਹਿੱਸੇ ਵੇਚਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦਿਨਾਂ ਵਿਚ ਹੀ ਮੇਓ ਸਿੰਘ ਤੇ ਦੁਮਨ ਸਿੰਘ ਸੀ. ਪੀ. ਆਰ ਦੇ ਦਫਤਰ ਵਿਕਟੋਰੀਆ ਵਿਖੇ ਟਿੰਬਰ ਖਰੀਦਣ ਗਏ। 1917 ਵਿਚ ਮੇਓ ਲੰਬਰ ਕੰਪਨੀ ਨੇ ਕੈਨੇਡੀਅਨ ਪੈਸਫਿਕ ਰੇਲਵੇ ਤੋਂ ਕੋਵਿਚਨ ਵੈਲੀ ਖੇਤਰ 'ਚ 400 ਏਕੜ ਜੰਗਲ ਖਰੀਦ ਲਿਆ। ਇਹ ਜੰਗਲ 10 ਡਾਲਰ ਪ੍ਰਤੀ ਏਕੜ ਦੇ ਹਿਸਾਬ ਨਾਲ ਮਿਓ ਲੰਬਰ ਕੰਪਨੀ ਨੂੰ ਦਿੱਤਾ ਗਿਆ। ਇਤਫਾਕ ਵੱਸ ਇਹ ਜਾਇਦਾਦ ਅਜਿਹੀ ਥਾਂ 'ਤੇ ਸੀ ਜਿਸ ਨੂੰ ਮੋਓ ਸਾਈਡਿੰਗ ਆਖਿਆ ਜਾਂਦਾ ਸੀ। ਮੋਓ ਲੰਬਰ ਕੰਪਨੀ ਦਾ ਨਾਂ ਪੰਜਾਬੀ ਨਾਂ ਸੀ ਜਦੋਂ ਕਿ ਮਿਓ ਸਾਇਡਿੰਗ ਇਕ ਕੈਨੇਡੀਅਨ ਨਾਂ ਸੀ। ਸੰਭਵ ਤੌਰ 'ਤੇ ਦੋਹਾਂ ਨਾਵਾਂ ਵਿਚਲੀ ਸਮਾਨਤਾ ਨੇ ਪਾਲਦੀ ਦੇ ਕਈ ਹਿੱਸੇਦਾਰਾਂ ਨੂੰ ਇਸ ਥਾਂ ਵੱਲ ਖਿੱਚਿਆ। 1941 ਤੱਕ ਮਿਓ ਸਾਇਡਿੰਗ ਵੀ ਬੀ. ਸੀ. ਵਿਚਲੀ 'ਪਾਲਦੀ' ਬਣ ਗਈ। ਕਈ ਹੋਰ ਵੀ ਬੁਨਿਆਦੀ ਕਿਸਮ ਦੇ ਫਾਇਦੇ ਮਿਓ ਸਾਇਡਿੰਗ ਜਗ੍ਹਾ ਕਾਰਨ ਪ੍ਰਾਪਤ ਹੁੰਦੇ ਸਨ ਜਿਹਨਾਂ ਨੇ ਹਿੱਸੇਦਾਰਾਂ ਨੂੰ ਇਸ ਪਾਸੇ ਵੱਲ ਖਿੱਚਿਆ। ਇਹ ਕਰੀ ਕਰੀਕ ਦੇ ਨਾਲ ਲੱਗਦੀ ਸੀ ਜਿਸ ਦੇ ਪਾਣੀ ਨੂੰ ਇਕੱਠਾ ਕਰਕੇ ਲੱਕੜ ਦੀਆਂ ਗੇਲੀਆਂ ਨੂੰ ਸਟੋਰ ਕਰਨ ਵਾਸਤੇ ਵਰਤਿਆ ਜਾ ਸਕਦਾ ਸੀ ਤੇ ਰੇਲਵੇ ਲਾਇਨ ਜਾਇਦਾਦ ਦੇ ਵਿਚ ਤੱਕ ਲਿਆਂਦੀ ਜਾ ਸਕਦੀ ਸੀ। ਵਿਕਟੋਰੀਆ ਵਿਚ

Sri Satguru Jagjit Singh Ji eLibrary NamdhariElibrary@gmail.com

ਸਾਰੀਆਂ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਦੁਮਣ ਸਿੰਘ ਅਤੇ ਦੂਜੇ ਸਟਰਾਅਬੇਰੀ ਹਿੱਲ ਨੂੰ ਵਾਪਸ ਪਰਤ ਆਏ ਜਦੋਂ ਕਿ ਮਿਓ ਸਿੰਘ ਜਾਇਦਾਦ ਦਾ ਸਰਵੇਖਣ ਕਰਨ ਚਲਾ ਗਿਆ।

1917 ਦੇ ਅੱਧ ਤੱਕ ਪਾਲਦੀ ਦੇ ਰਾਜਪੂਤ ਸਟਰਾਅਬੇਰੀ ਹਿੱਲ ਵਿਚਲੀ ਮਿੱਲ ਨੂੰ ਛੱਡ ਚੁੱਕੇ ਸਨ ਅਤੇ ਦਸੰਬਰ 1917 ਤੱਕ ਉਹ ਕੋਵਿਚਨ ਘਾਟੀ 'ਚ ਵੱਸ ਚੁੱਕੇ ਸਨ।[14]

ਵੈਨਕੂਵਰ ਆਈਲੈਂਡ, ਕੋਵਿਚਨ ਵੈਲੀ ਤੇ ਕੂਮਜ਼ ਵਿਚ ਪੰਜਾਬੀ ਸਿੱਖਾਂ ਦੀਆਂ ਆਪਣੇ ਕਾਰੋਬਾਰ ਦੇ ਤੌਰ 'ਤੇ ਲਗਾਈਆਂ ਮਿੱਲਾਂ ਦੇ ਕਾਰਨ ਜਿਥੇ ਪੰਜਾਬੀ ਸਿੱਖਾਂ ਨੂੰ ਰੁਜ਼ਗਾਰ ਮਿਲਿਆ ਉਥੇ ਇਸ ਇਲਾਕੇ ਵਿਚ ਰਹਿੰਦੇ ਗੋਰਿਆਂ, ਚੀਨਿਆਂ ਤੇ ਜਾਪਾਨੀਆਂ ਨੂੰ ਵੀ ਰੁਜ਼ਗਾਰ ਮਿਲਿਆ ਨਾਲ ਹੀ ਇਸ ਇਲਾਕੇ ਨੇ ਆਰਥਿਕ ਤੌਰ 'ਤੇ ਵੀ ਉੱਨਤੀ ਕੀਤੀ। ਕੈਨੇਡਾ, ਖਾਸ ਕਰ ਬੀ. ਸੀ. ਦੀ ਆਰਥਿਕ ਉਸਾਰੀ ਵਿਚ ਇਨ੍ਹਾਂ ਮਿੱਲਾਂ ਦਾ ਵਿਸ਼ੇਸ਼ ਹੱਥ ਹੈ। ਇਨ੍ਹਾਂ ਵਿਚ ਕੰਮ ਕਰਨ ਤੇ ਇਨ੍ਹਾਂ ਨੂੰ ਚਲਾਉਣ ਵਾਲਿਆਂ ਦਾ ਬੀ. ਸੀ. ਦੀ ਹਰ ਪੱਖ ਤੋਂ ਉੱਨਤੀ ਵਿਚ ਯੋਗਦਾਨ ਹੈ ਅਤੇ ਇਹ ਉਸ ਤੋਂ ਪਿੱਛੋਂ ਆਉਣ ਵਾਲੇ ਭਾਰਤੀ, ਪੰਜਾਬੀ ਸਿੱਖਾਂ ਲਈ ਵਰਦਾਨ ਵੀ ਹੈ।

ਆਪਣੇ ਕਾਰੋਬਾਰਾਂ ਦੀ ਸਥਾਪਤੀ ਕਾਰਨ ਵੀ ਗੋਰੇ ਲੋਕ ਪੰਜਾਬੀਆਂ ਤੋਂ ਨਫਰਤ ਕਰਨ ਲੱਗ ਪਏ ਸਨ। ਅਰਚਨਾ ਵਰਮਾ ਦੇ ਥੀਸਿਜ਼ 'ਚ ਇਸ ਦੀ ਇਕ ਮਿਸਾਲ ਸਫਾ 134 'ਤੇ ਦਰਜ ਹੈ-

'When Mayo Singh reached Sahtlam district to look at the property and hunted around for a room in small hotel, he was refused accommodation. They said," no, we don't accept people with beard and turban." He was forced to hunt for a place in the woods to sleep for night, where he was fortunate to find an East Indian (Punjabi) Sunder Singh who worked on a section of C.P.R. Railway there and lined in a stock with rats as Companies'.

ਗੋਰਿਆਂ ਵਲੋਂ ਨਸਲੀ ਵਿਤਕਰਾ ਤੇ ਹੋਰ ਔਖੇ ਹਾਲਾਤ ਪੰਜਾਬੀਆਂ ਨੂੰ ਉੱਨਤੀ ਕਰਨ ਅਤੇ ਆਪਣੇ ਹੋਰ ਰਿਸ਼ਤੇਦਾਰ, ਪੇਂਡੂ ਤੇ ਦੋਸਤਾਂ ਲਈ ਰਾਹ ਖੋਲ੍ਹਣ ਤੋਂ ਰੋਕ ਨਹੀਂ ਸਨ ਸਕੇ। ਮੱਈਆ ਸਿੰਘ ਤੇ ਕਪੂਰ ਸਿੰਘ ਨੇ ਕਾਫੀ ਪੈਸਾ ਵੀ ਕਮਾਇਆ, ਦੇਸ਼ ਤੋਂ ਬੰਦੇ ਵੀ ਮੰਗਵਾਏ, ਆਏ ਗਏ ਦੀ ਸਹਾਇਤਾ ਵੀ ਕੀਤੀ ਤੇ ਆਪਣੇ ਲੋਕਾਂ ਵਿਚ ਸ਼ੋਭਾ ਖੱਟਦਿਆਂ ਹੋਇਆਂ ਉਨ੍ਹਾਂ ਦੀ ਹਰ ਪੱਧਰ 'ਤੇ ਅਗਵਾਈ ਵੀ ਕੀਤੀ।

ਮਿਓ ਮਿੱਲ ਦਾ ਬੁਨਿਆਦੀ ਢਾਂਚਾ 1918 ਵਿਚ ਬਣਿਆ ਸੀ। ਉਸੇ ਸਾਲ ਦੇ ਆਖੀਰ ਵਿਚ ਉਸ ਨੂੰ ਅੱਗ ਲੱਗ ਗਈ ਪਰ ਫੇਰ ਵੀ ਮਾਲਕਾਂ ਨੇ ਹੌਂਸਲਾ ਨਹੀਂ ਹਾਰਿਆ। 1920 ਦੇ ਸ਼ੁਰੂ ਵਿਚ ਫੇਰ ਮਿੱਲ ਖੜ੍ਹੀ ਕਰ ਲਈ ਗਈ ਤੇ ਰਹਿਣ ਲਈ ਹੋਰ ਥਾਂ ਵੀ ਬਣਾ ਲਈ ਗਈ। 1920 ਦੇ ਆਖੀਰ ਤੱਕ 20 ਵੱਖਰੇ ਵੱਖਰੇ ਘਰ ਉਸਾਰੇ ਗਏ ਸਨ। ਚਾਰ ਪੰਜ ਬੰਕ ਹਾਊਸ ਵੀ ਸਨ। 1922 ਵਿਚ ਇਕ ਛੋਟਾ ਜਿਹਾ ਗੁਰਦੁਆਰਾ ਵੀ ਉਸਾਰ ਲਿਆ ਗਿਆ, ਜੋ ਉਸ ਵੇਲੇ 1000 ਡਾਲਰ ਨਾਲ ਬਣ ਗਿਆ ਸੀ। ਇਹ ਸਭ ਮਿਓ ਦੀ ਜਾਇਦਾਦ ਸੀ, ਸਮੇਤ ਗੁਰਦੁਆਰੇ ਦੇ। ਪਰ ਉਸ ਗੁਰਦੁਆਰੇ ਦਾ ਤਾਲਮੇਲ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਦੇ ਨਾਲ ਸੀ। ਉਸ ਨੂੰ ਖਾਲਸਾ ਦੀਵਾਨ ਸੁਸਾਇਟੀ ਦੀ ਡੰਕਨ ਵਾਲੀ ਬ੍ਰਾਂਚ ਵੀ ਕਹਿੰਦੇ ਸਨ। 1921 ਵਿਚ 3 ਮੀਲ ਲੰਬੀ ਰੇਲਵੇ ਲਾਇਨ ਕੰਪਨੀ ਦੀ ਆਪਣੀ ਸੀ ਜਿਸ ਉੱਤੇ ਬੋਇਲਰ ਇੰਜਣਾਂ ਨਾਲ ਲੌਗਾਂ ਮਿੱਲਾਂ ਤੱਕ ਪਹੁੰਚਾਈਆਂ ਜਾਂਦੀਆਂ ਸਨ ਅਤੇ ਬਣਿਆ ਮਾਲ ਮੁੱਖ ਲਾਇਨ ਤੱਕ ਲਿਆਂਦਾ ਜਾਂਦਾ ਸੀ।

ਤਿੰਨ ਚਾਰ ਸਾਲ ਮਿੱਲ ਦਾ ਕੰਮ ਚੰਗਾ ਚੱਲਦਾ ਰਿਹਾ। ਤਾਕਤ ਮਿਓ ਸਿੰਘ ਤੇ ਕਪੂਰ ਸਿੰਘ ਦੇ ਹੱਥ ਆਉਂਦੀ ਗਈ। ਸ਼ਿਆਮ ਸਿੰਘ ਮਾਹਿਲਪੁਰ ਵਾਲਾ 1921-22 ਵਿਚ ਦੇਸ਼ ਵਾਪਸ ਚਲਾ ਗਿਆ। ਜੁਆਲਾ ਸਿੰਘ ਸਕਰੂਲੀ (ਅਮਰ ਸਿੰਘ ਸੰਘਾ), ਜੋ ਲੱਕੜੀ ਦੀਆਂ ਮਿੱਲੀਂ ਦਾ ਬਾਨੀ ਤੋ ਚਲਾਉਣ ਵਾਲਾ ਸੀ ਉਹ 1919 ਵਿਚ ਗੁਜ਼ਰ ਗਿਆ। ਭਗਵਾਨ ਸਿੰਘ ਦੀ ਥਾਂ ਉਸ ਦੇ ਛੋਟੇ ਭਰਾ ਕਪੂਰ ਸਿੰਘ ਨੇ ਲੈ ਲਈ। ਦੁਮਨ ਸਿੰਘ ਵੀ ਪਿੱਛੇ ਹੱਟ ਗਿਆ। ਹੁਣ ਸਾਰੀ ਜ਼ਿਮੇਵਾਰੀ ਮਿਓ ਸਿੰਘ ਤੇ ਕਪੂਰ ਸਿੰਘ ਦੀ ਹੋ ਗਈ।

ਕਪੂਰ ਸਿੰਘ 1907 ਵਿਚ ਸਾਨਫ੍ਰਾਂਸਿਸਕੋ ਅਮਰੀਕਾ ਪੁੱਜਾ ਸੀ। ਉਸ ਦਾ ਜਨਮ 1886 ਵਿਚ ਖੜੌਦੀ ਪਿੰਡ ਵਿਖੇ ਹੋਇਆ। ਪਹਿਲਾਂ ਉਸਨੇ ਕੈਲੇਫੋਰਨੀਆਂ ਵਿਚ ਕੰਮ ਕੀਤਾ। ਉਸਦੇ ਜਥੇ 'ਚ 40 ਬੰਦੇ ਸਨ। ਫੇਰ ਉਸਨੇ ਨੇ ਫਾਰਮ ਵਰਕਰ ਦੇ ਤੌਰ 'ਤੇ ਆਪਣੇ ਜਥੇ ਤੋਂ ਕੰਮ ਕਰਵਾਇਆ। 1912 ਵਿਚ ਉਹ ਵਿਕਟੋਰੀਆ ਆ ਗਿਆ। ਜੂਨ 1914 ਵਿਚ ਟਰਾਂਟੋ ਵੱਲ ਚਲਾ ਗਿਆ ਤੇ ਪੱਛਮੀ ਲਿਬਾਸ ਵਿਚ ਆ ਗਿਆ।

He went to Toronto, applied at the parliament building and took homestead of 161 acres at Nellie lake, township of New Market in new Ontario, to be axact, It was no 5 1/2 lot 4. [15]

ਕਪੂਰ ਸਿੰਘ ਨੇ ਬਜਵਾੜੇ ਤੋਂ 1905 ਵਿਚ ਦੱਸਵੀਂ ਪਾਸ ਕੀਤੀ ਅਤੇ ਕਲੱਕਤੇ ਤੋਂ ਬਿਜ਼ਨਿਸ ਦੇ ਕੋਰਸ ਕੀਤੇ ਜਿਵੇਂ ਬੁੱਕ ਕੀਪਿੰਗ ਆਦਿ।

ਨਿਊ ਓਨਟਾਰੀਓ ਵਿਚ 2 ਸਾਲ ਖੇਤੀ ਦਾ ਕੰਮ ਕਰਕੇ 1917 ਵਿਚ ਕੂੰਬਜ਼, ਵੈਨਕੂਵਰ ਆਈਲੈਂਡ ਵਿਚ ਅਮਰ ਸਿੰਘ ਸੰਘਾ

Sri Satguru Jagjit Singh Ji eLibrary NamdhariElibrary@gmail.com

ਸਕਰੂਲੀ ਅਤੇ ਲਛਮਣ ਸਿੰਘ ਖੁਰਦਪੁਰ ਨਾਲ ਵਰਜੀਨੀਆਂ ਲੰਬਰ ਕੰਪਨੀ ਵਿਚ ਆ ਹਿੱਸਾ ਪਾਇਆ। 1919 ਵਿਚ ਮਿਓ ਲੰਬਰ ਕੰਪਨੀ ਵਿਚ ਸ਼ਾਮਿਲ ਹੋ ਗਿਆ।

ਮਿਓ ਸਿੰਘ ਤੇ ਕਪੂਰ ਸਿੰਘ ਬਾਕੀ ਭਾਰਤੀ ਪੰਜਾਬੀ ਸਿੱਖਾਂ ਨਾਲ ਮਿਲ ਕੇ ਇਕ ਰਾਸ਼ਟਰ ਸੰਘ ਦੇ ਤੌਰ 'ਤੇ ਕੰਮ ਕਰਦੇ ਸਨ। ਜਿਹੜਾ 400 ਏਕੜ ਟਿੰਬਰ ਪਹਿਲਾ ਹਾਸਿਲ ਕੀਤਾ ਹੋਇਆ ਸੀ ਉਸਨੂੰ ਵਧਾ ਕੇ 650 ਏਕੜ ਕਰ ਲਿਆ। 1920 ਵਿਚ 1000 ਏਕੜ ਦਾ ਹੋਰ ਵਾਧਾ ਕਰ ਲਿਆ।1927-28 ਵਿਚ 30 ਰੇਲ ਰੋਡ ਕਾਰਾਂ ਕੰਪਨੀ ਦੇ ਕੋਲ ਸਨ।[16]

A, Peterson Secretary of the Cowichan Merchants Association, E.G. Sanford, Manager Canadian Bank of Commerce, A. B. Thorp, Principal of the high school and Dived Ford, Postmaster acknowledged that Mayo Lumber Company is a source of revenue to our town and district, they now (1927) employ over 250 men and last year paid over $ 200, 000 in wages. Saved our 24, 000,000 feet Lumber and shipped 1000 car loads.[17]

Virginia Lumber Company Ltd. and Mayo Lumber Company (Pvt.) , ਤੋਂ ਇਲਾਵਾ The Punjab Lumber & Shingle Company of Hira Singh and Hazara Singh, the Shingle Mill owned by a Hindu Syndicate and The Doaba Lumber Company where some of small scale ventures opened in the 1920's, by Punjabi Jats on Vancouver Island and on the Mainland.[18]

1921 ਮਰਦਮ ਸ਼ੁਮਾਰੀ ਵਿਚ ਪੰਜਾਬੀ ਸਿੱਖ ਬੀ. ਸੀ. ਦੇ ਹਰ ਚੋਣ ਹਲਕੇ ਵਿਚ ਰਹਿ ਰਹੇ ਸਨ। ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ। ਰਾਜਪੂਤਾਂ ਤੋਂ ਬਿਨਾਂ ਜਿਹੜੇ ਪੰਜਾਬੀ ਜੱਟ ਸਿੱਖ 1920 ਤੋਂ 1930 ਵਿਚ ਪਾਲਦੀ (ਬੀ. ਸੀ.) ਵਿਚ ਰਹਿੰਦੇ ਸਨ ਉਨ੍ਹਾਂ ਦੇ ਨਾਮ ਸਨ- ਸ਼ਾਮ ਸਿੰਘ ਜੱਟ ਮਾਹਿਲਪੁਰ, ਜਵਾਲਾ ਸਿੰਘ ਨੰਗਲ ਕਲਾਂ, ਪਾਲ ਸਿੰਘ ਲੰਗੇਰੀ, ਜਸਵੰਤ ਸਿੰਘ ਮਾਹਲ ਤੇ ਉਨ੍ਹਾਂ ਦਾ ਪੁੱਤਰ ਨਰਿੰਜਨ ਸਿੰਘ ਮਾਹਲ, ਲਛਮਣ ਸਿੰਘ ਖੁਰਦਪੁਰ, ਲਛਮਣ ਸਿੰਘ ਕਰਨਾਲਾ, ਮੇਵਾ ਸਿੰਘ ਮਾਲਵਾ, ਬੜੇ ਪਿੰਡ ਦਾ ਭੂੰਨੋ, ਹਰਦਿਆਲ ਸਿੰਘ ਅਟਵਾਲ (ਬਲਵੰਤ ਸਿੰਘ ਖੁਰਦਪੁਰ ਦਾ ਲੜਕਾ ਜੋ ਵੈਨਕੂਵਰ ਗੁਰਦੁਆਰੇ ਵਿਚ ਪੈਦਾ ਹੋਇਆ ਸੀ) ਲਾਲ ਚੰਦ ਮਾਲਵਾ, ਗੁਰਨਾਮ ਸਿੰਘ, ਬਚਨ ਸਿੰਘ, ਮੁਨਸ਼ਾ ਸਿੰਘ, ਕਰਨੈਲ ਸਿੰਘ, ਉਜਾਗਰ ਸਿੰਘ। ਇਹ ਸਾਰੇ ਮਾਲਵੇ ਦੇ ਸਨ। ਲਾਭ ਸਿੰਘ ਮੋਰਾਵਾਲੀ, ਧੰਨਾ ਸਿੰਘ ਪਿੰਡ ਚਹੇੜੂ, ਤਾਰਾ ਸਿੰਘ ਪਿੰਡ ਢੋਟ, ਪੂਰਨ ਸਿੰਘ ਤੇ ਵਰਿਆਮ ਸਿੰਘ ਜਿਲ੍ਹਾ ਹੁਸ਼ਿਆਰਪੁਰ ਦੇ ਸਨ।[19]

The management structure of the Mayo Lumber Company had undergone several changes since the day of its founding. In 1916 it was known as Mayos Lumber Company. When the owners moved to Sahtlam district the owners registred their Company as the Mayos Lumber Company Singh Brothers.[20]

By 1923 its legal status had changed to Mayo Lumber Company Ltd. and later in 1935-36 it became Mayo Brothers Timber Ltd. and remained as such until its closure at Mayo Sidiing.[21]

1916 'ਚ ਕੰਪਨੀ ਦੇ ਕਾਨੂੰਨੀ ਇਕਰਾਰਨਾਮੇ 'ਤੇ ਜੱਟਾਂ ਦੀ ਗਿਣਤੀ ਰਾਜਪੂਤਾਂ ਨਾਲੋਂ ਵੱਧ ਹੋ ਗਈ ਸੀ। 1920 ਤੱਕ ਸ਼ੇਅਰ ਹੋਲਡਰਾਂ ਦੇ ਤੌਰ 'ਤੇ ਰਾਜਪੂਤ ਫਿਰ ਵੱਧ ਗਏ। ਕੁਝ ਮੋਢੀ ਜੱਟ ਹਿੱਸੇਦਾਰ ਜਿਵੇਂ ਸ਼ਾਮ ਸਿੰਘ 1921-22 ਵਿਚ ਪੱਕੇ ਤੌਰ 'ਤੇ ਪੰਜਾਬ ਵਾਪਸ ਮੁੜ ਗਏ। ਜਦੋਂ ਕਿ ਕੁਝ ਹੋਰਾਂ ਦੇ ਹਿੱਸੇ ਖ਼ਰੀਦ ਲਏ ਗਏ। 1920 'ਚ ਕੰਪਨੀ ਨੇ ਭਗਵਾਨ ਸਿੰਘ ਦਾ ਨਾਂ ਖ਼ਾਰਜ ਕਰ ਦਿੱਤਾ। ਜਵਾਲਾ ਸਿੰਘ ਸਕਰੂਲੀ (ਅਮਰ ਸਿੰਘ ਸੰਘਾ) 1919 'ਚ ਸਵਰਗ ਸਿਧਾਰ ਗਏ ਸਨ। ਦੂਜੇ ਪਾਸੇ ਕਪੂਰ ਸਿੰਘ ਜੱਟ ਜਿਹੜੇ ਮਿਓ ਸਿੰਘ ਨਾਲ ਸ਼ੁਰੂ 'ਚ ਮਿੱਲ ਦੇ ਮੋਢੀਆਂ ਵਜੋਂ ਬਾਹਰ ਦੇ ਅਤੇ ਦਫਤਰੀ ਕੰਮਾਂ ਵਾਸਤੇ ਚੁਣੇ ਗਏ ਸਨ ਕੰਪਨੀ ਦੇ ਨਾਲ ਹੀ ਰਹੇ ਅਤੇ ਲਗਾਤਾਰ ਕੰਪਨੀ ਦੇ ਅਹਿਮ ਅਹੁਦਿਆਂ 'ਤੇ ਰਹੇ। 1920ਵਿਆਂ ਤੱਕ ਉਸਦੀ ਸਥਿਤੀ ਹੋਰ ਵੀ ਮਜ਼ਬੂਤ ਹੋ ਗਈ ਕਿਉਂਕਿ ਉਹਦਾ ਆਪਣਾ ਪਰਿਵਾਰ ਅਤੇ ਪੇਂਡੂ ਸਕੇ ਕੰਪਨੀ 'ਚ ਹਿੱਸੇਦਾਰ ਬਣ ਗਏ ਸਨ। [22]

1920ਵਿਆਂ 'ਚ ਕਪੂਰ ਸਿੰਘ ਮਿੱਲ ਦਾ ਮੈਨੇਜਰ ਸੀ ਜਦੋਂ ਕਿ ਦੂਜੇ ਸੁਪਰਡੈਂਟ ਅਤੇ ਲੌਗਿੰਗ ਫੋਰਮੈਨ ਦੇ ਅਹੁਦੇ ਦੁਮਨ ਸਿੰਘ ਅਤੇ ਮਿਓ ਸਿੰਘ ਨੇ ਮੱਲੇ ਹੋਏ ਸਨ। 1920ਵਿਆਂ ਦੇ ਅਖੀਰ 'ਚ ਘਨੱਈਆ ਸਿੰਘ ਤੇ ਗੰਡਾ ਸਿੰਘ (ਮਿਓ ਸਿੰਘ ਦੇ ਭਰਾ) ਪ੍ਰਬੰਧ 'ਚ ਸ਼ਾਮਲ ਹੋ ਗਏ।[23]

The record of incorporation shows on 21of Nov. 1924, document was filed in Viotoria stating, "Mayo Lumber Co. Ltd. has this day been incorporated under compnies Act as limited Company."

Sri Satguru Jagjit Singh Ji eLibrary NamdhariElibrary@gmail.com

Also on the file dated 26 Nov. 1925 is a list of shareholders which include-

1. Isher Singh, B.C. Lumberman.
2. Baryan (Waryam) Singh, B.C. Lumberman
3. Tara Singh, B.C. Lumberman
4. Basant Singh, B.C. Lumberman
5. Bachint Singh, B.C. Lumberman
6. Labh Singh, B.C. Lumberman
7. Kehar Singh, B.C. Lumberman
8. Bhan Singh, B.C. Lumberman
9. Sham Singh, B.C. Lumberman
10. Mayo Singh, B.C. Lumberman
11. Kpoor Singh, B.C. Lumberman

In 1927-28 Doman Singh and Bhan Singh overstayed in Punjab and become insigificent in the Company. In1928 the Mayo Lumber Company created the postions of Directors for Mayo Sing Kpoor Singh and Gandha Singh (Brother of Mayo singh)[24] In 1929 Mayo became the Director and Kpoor Singh, the Managing Director.[25]

1929 ਵਿਚ ਰਾਜਪੂਤਾਂ ਤੇ ਜੱਟਾਂ ਨੇ ਇਕ ਹੋਰ ਕੰਪਨੀ ਕਪੂਰ ਲੰਬਰ ਕੰਪਨੀ 35 ਮੀਲ, ਸੀ. ਐੱਨ. ਆਰ. ਵੈਨਕੂਵਰ ਆਈਲੈਂਡ 'ਤੇ ਸੂਕੀ ਲੇਕ ਦੇ ਨੇੜੇ ਬਣਾਈ। ਮਿਓ ਸਿੰਘ ਤੇ ਕਪੂਰ ਸਿੰਘ ਕਪੂਰ ਲੰਬਰ ਕੰਪਨੀ 'ਚ ਮੁੱਖ ਹਿੱਸੇਦਾਰ ਬਣੇ। 1928 'ਚ ਮਿਓ ਸਿੰਘ ਤੇ ਕਪੂਰ ਸਿੰਘ ਨੇ 2 ਲੱਖ 50 ਹਜ਼ਾਰ ਡਾਲਰ ਇਸ 'ਚ ਲਗਾਏ।[26]

1932 ਵਿਚ ਲੱਕੜ ਦੀ ਇੰਡਸਟਰੀ ਵਿਚ ਵੀ ਮੰਦਵਾੜਾ ਆ ਗਿਆ। ਕੁਝ ਲੋਕ ਭਾਰਤ ਨੂੰ ਵਾਪਸ ਚਲੇ ਗਏ। ਮਿੱਲਾਂ ਵਿਚ ਪਹਿਲਾਂ ਵਾਲੀ ਰੌਣਕ ਨਾ ਰਹੀ। ਇਕ ਹੋਰ ਕਾਰਨ ਕਿ ਉਸ ਵੇਲੇ ਮਿਓ ਸਿੰਘ ਤੇ ਕਪੂਰ ਸਿੰਘ ਦੀ ਸਾਂਝ ਟੁੱਟ ਚੁੱਕੀ ਸੀ। ਸ਼ਾਇਦ ਪੰਜਾਬੀ ਸਿੱਖ ਭਾਈਚਾਰੇ ਦੀ ਆਰਥਿਕਤਾ ਉੱਤੇ ਇਤਨਾ ਅਸਰ ਨਾ ਪੈਂਦਾ ਜੇ ਉਹ ਮਿੱਤਰਾਂ ਵਾਂਗ ਵੱਖ ਵੱਖ ਹੋ ਜਾਂਦੇ। ਇਸ ਨਾਲ ਸਾਰਾ ਪੰਜਾਬੀ ਭਾਈਚਾਰਾ, ਰਾਜਪੂਤ ਤੇ ਜੱਟ, ਫੁੱਟ ਦਾ ਸ਼ਿਕਾਰ ਹੋ ਗਿਆ ਕਿਉਂਕਿ ਬਹੁਤ ਸਾਰੇ ਲੋਕਾਂ ਦੇ ਮਿੱਲਾਂ ਵਿਚ ਹਿੱਸੇ ਸਨ। ਕੰਪਨੀ ਦਾ ਬਹੁਤ ਨੁਕਸਾਨ ਹੋਇਆ। ਕੁਝ ਲੋਕਾਂ ਦਾ ਖਿਆਲ ਹੈ ਕਿ 1934 ਵਿਚ ਮਿਓ ਸਿੰਘ ਤੇ ਕਪੂਰ ਸਿੰਘ ਨੇ ਮਿੱਲ ਨੂੰ ਜਾਣ ਬੁੱਝ ਕੇ ਅੱਗ ਲਗਾ ਦਿੱਤੀ ਸੀ ਜਿਸ ਵਿਚ 400, 000 ਡਾਲਰਾਂ ਦਾ ਨੁਕਸਾਨ ਹੋਇਆ।[27]

1935 ਵਿਚ ਮਿਓ ਸਿੰਘ ਨੇ ਫੇਰ ਮਿੱਲ ਲਗਾ ਲਈ। ਕਪੂਰ ਸਿੰਘ ਨੇ ਵੱਖ ਵੱਖ ਹੋ ਕੇ ਆਪਣੀ ਮਿੱਲ ਲਗਾਈ। ਇਸ ਤੋਂ ਬਾਅਦ ਹੋਰ ਵਿਚ ਪੰਜਾਬੀ ਭਾਰਤੀ ਸਿੱਖਾਂ ਨੇ ਆਪਣੇ ਕਾਰੋਬਾਰ ਸ਼ੁਰੂ ਕੀਤੇ।

* * * * * *


* * *

* *

Sri Satguru Jagjit Singh Ji eLibrary NamdhariElibrary@gmail.com




ਖੱਬੇ ਤੋਂ ਸੱਜ ਚਾਚਾ ਸਿੰਘ, ਕਸਮੀਨਾ ਸਿੰਘ, ਡਾ. ਪਾਰੀਆ, ਕਾਰਨ ਦਾ ਤਾਈ ਕਮਿਸਨਰ ਅਤ ਕਪੂਰ ਸਿੰਘ



ਮਿਓ ਲੰਬਰ ਮਿਲ ਕੰਪਨੀ

Sri Satguru Jagjit Singh Ji eLibrary NamdhariElibrary@gmail.com



ਫੋਟੋ ਦਾ ਵੇਰਵਾ

(ਪਹਿਲੀ ਕਤਾਰ) ਸ. ਹਰਨਾਮ ਸਿੰਘ, ਸ. ਭਾਨ ਸਿੰਘ, ਸ. ਦੁੰਮਣ ਸਿੰਘ – ਪਿੱਛੇ : ਭਾਈ ਘਨਈਆ ਸਿੰਘ ਅਤੇ ਸ. ਸ਼ਾਮ ਸਿੰਘ .

ਇਹ ਫੋਟੋ 1922 ਵਿਚ ਖਿੱਚੀ ਗਈ ਸੀ। ਸ. ਭਾਨ ਸਿੰਘ ਜੋ 1906 ਵਿਚ 21 ਸਾਲ ਦੀ ਉਮਰ ਵਿਚ ਕਨੇਡਾ ਪੁੱਜੇ ਸੀ, ਨਨੌਮ ਨਿਵਾਸੀ ਸ. ਕਰਨੈਲ ਸਿੰਘ ਅਤੇ ਵੈਨਕੂਵਰ ਨਿਵਾਸੀ ਸ. ਜਰਨੈਲ ਸਿੰਘ ਮਿਨਹਾਸ ਦੇ ਸਤਿਕਾਰਯੋਗ ਬਾਬਾ ਜੀ ਸਨ। ਬਾਅਦ ਵਿਚ ਮੇਓ ਲੰਬਰ ਨਾਂ ਨਾਲ ਜਾਣੀ ਜਾਂਦੀ ਕੰਪਨੀ ਦੇ ਪਹਿਲਾਂ ਇਹ 5 ਮੁੱਢਲੇ ਹਿੱਸੇਦਾਰ ਸਨ ਜਦੋਂ ਇਨ੍ਹਾਂ ਆਪਣਾ ਕਾਰੋਬਾਰ ਕੈਸਲਗਾਰ ਤੋਂ ਸ਼ੁਰੂ ਕੀਤਾ ਸੀ। 25 ਸਾਲਾਂ ਵਿਚ ਸ. ਭਾਨ ਸਿੰਘ ਨੇ ਪੰਜਾਬ ਦਾ ਇਕ ਹੀ ਚੱਕਰ ਲਾਇਆ ਸੀ। ਪਰ ਜਦੋਂ ਉਹ 1931 ਵਿਚ ਦੇਸ਼ ਦੀ ਦੂਸਰੀ ਯਾਤਰਾ ਤੇ ਗਏ ਤਾਂ ਉਹਨਾਂ ਦਾ ਦਿਲ ਦਾ ਦੌਰਾ ਪੈਣ ਕਰਕੇ ਦੇਹਾਂਤ ਹੋ ਗਿਆ। ਉਨਾਂ ਦੀ 5ਵੀਂ ਪੀੜ੍ਹੀ ਅੱਜ ਇਸ ਦੇਸ਼ ਦਾ ਨਿੱਘ ਮਾਣ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

ਆਪਣੇ ਕਾਰੋਬਾਰਾਂ ਦੀ ਸਥਾਪਤੀ

ਹਵਾਲੇ ਤੇ ਟਿੱਪਣੀਆਂ:

1.ਵੈਨਕੂਕਵਰ ਪੰਜਾਬੀ ਟ੍ਰਿਬਿਊਨ ਜਿਲਦ ਦੋ, ਅੰਕ 54, ਜੁਲਾਈ 13-20-1995
2. Canadian Sikhs-1, Kesar Singh, P. 42
3. Canadian Sikhs, Narinder Singh, P. 43
4. Canadian Sikhs-1, Kesar Singh, P. 51
5. Ibid. P. 65
6. Hindustani Workers on Pacific Coast, Rajni Kant Dass, 1923, P. 42
7. Status and Migration among Punjabis of Paldi, B.C. and Paldi Punjab, Archana Verma (Ph. D. Thesis, 1994, P. 124
8. Ibid. P. 124
9. Ibid. P. 125
10. Ibid. P. 129
11. Ibid. P. 129
12. ਨਿੱਕੀ ਕਹਾਣੀ ਵੱਡੀਆਂ ਯਾਦਾਂ, ਸੋਹਣ ਸੁਰਿੰਦਰ ਸਕਰੂਲਵੀ, ਪੰਨਾ 51
13. Archana Verma, P. 130
14. Ibid. P. 132
15. India and Canada, Vol. 1, No. 3, P. 3
16. Archana Verma, P. 152
17. Ibid. P. 153
18. Ibid. P. 162
19. Ibid. P. 167
20. Ibid. P. 232-33
21. Ibid. P. 233
22. Ibid. P. 233
23. Ibid. P. 234
24. Ibid. P. 235
25. Ibid. P. 235
26. Ibid. P. 235
27. Ibid. P. 236


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

B-1416

Sri Satguru Jagjit Singh Ji eLibrary NamdhariElibrary@gmail.com



ਸੋਹਣ ਸੁਰਿੰਦਰ ਸਿੰਘ ਸੰਘਾ "ਸਕਰੂਲਵੀ"

ਜਨਮ 14-5-1935

ਪਿੰਡ ਸਕਰੂਲੀ (ਹੁਸ਼ਿਆਰਪੁਰ) ਪੰਜਾਬ

ਭਾਰਤ

ਪਤਾ :- 1307 E - 36AVE ਵੈਨਕੂਵਰ ਬੀ. ਸੀ.

ਕੈਨੇਡਾ

ਫੋਨ :- (604) 321- 2430

ਇਸੇ ਕਲਮ ਤੋਂ

ਨਿੱਕੀ ਕਹਾਣੀ ਤੇ ਵੱਡੀਆਂ ਯਾਦਾਂ - 1994

Sri Satguru Jagjit Singh Ji eLibrary NamdhariElibrary@gmail.com